LADOO MATRIMONIAL
ਰਿਸ਼ਤੇ ਹੀ ਰਿਸ਼ਤੇ RISTHE HI RISTHE
We Provide Worldwide Services
Jetander Sapra
212-470-7175, 516-309-0236
ladoomatrimonial@gmail.com
jetandersapra@gmail.com
217 Bethpage Rd, #20,
Hicksville, NY 11801
www.ladoomatrimonial.com

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
ਬੌਬੀ ਸਿੰਘ
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419

Singh Accounting & Tax Services
Niagara Falls Grand Island, NY
All kinds of accounting work.
*Book keeping *Payroll *Sales Tax
*New business set up *E-file tax return
Go to App store to load our free App
Ph: 716-425-7126
Fax: 716-284-0025
Email: singhtaxservice@yahoo.com
Website: singhtaxservice.com
Sarbjit Singh Khakh (Sabhi)
Accountant



Twentieth Year of Publication
ਨਿਊ ਯਾਰਕ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 20, Issue 26, June 29, 2019 20451 N. Plum Grove Rd., Palatine, IL 60074 Ph:847-359-0746, Fax:847-705-9388


## ਸਬੂਤ ਪੁੱਛ ਕੇ ਆਪ ਹੀ ਫਸਿਆ ਸੁਖਬੀਰ ਬਾਦਲ

### ਝੂਠੇ ਪੁਲਿਸ ਮੁਕਾਬਲੇ ਦੇ ਦੋਸ਼ੀਆਂ ਨਾਲ ਹੇਜ 'ਤੇ ਉਠੇ ਸਵਾਲ

**ਚੰਡੀਗੜ੍ਹ:** ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸਹਾਰਨ ਮਾਜਰਾ ਦੇ ਨੌਜਵਾਨ ਹਰਜੀਤ ਸਿੰਘ ਨੂੰ 1993 ਵਿਚ ਝੂਠੇ ਮੁਕਾਬਲੇ ਵਿਚ ਮਾਰਨ ਦੇ ਦੋਸ਼ ਵਿਚ ਸਜ਼ਾਯਾਫ਼ਤਾ ਚਾਰ ਪੁਲਿਸ ਮੁਲਾਜ਼ਮਾਂ ਦੀ ਰਿਹਾਈ ਉਤੇ ਵੱਡੇ ਸਵਾਲ ਉਠੇ ਹਨ। ਇਨ੍ਹਾਂ ਦੋਸ਼ੀਆਂ ਦੀ ਰਿਹਾਈ ਦੀ ਸਿਫਾਰਸ਼ ਪੰਜਾਬ ਸਰਕਾਰ ਨੇ ਸੂਬੇ ਦੇ ਰਾਜਪਾਲ ਨੂੰ ਕੀਤੀ ਸੀ। ਰਾਜਪਾਲ ਨੇ ਇਸ ਨੂੰ ਮੰਨਦੇ ਹੋਏ ਚਾਰੇ ਦੋਸ਼ੀਆਂ ਦੀ ਸਜਾ ਮੁਆਫੀ ਉਤੇ ਮੋਹਰ ਲਾ ਦਿੱਤੀ।

ਇਸ ਤੋਂ ਵੀ ਵੱਡੀ ਨਮੋਸ਼ੀ ਵਾਲੀ ਗੱਲ ਇਹ ਸਾਹਮਣੇ ਆਈ ਕਿ ਅਕਾਲੀ ਦਲ ਬਾਦਲ ਜਦੋਂ ਕੈਪਟਨ ਅਮਰਿੰਦਰ ਸਿੰਘ ਸਰਕਾਰ ਦੀ ਇਸ ਮੁੱਦੇ ਉਤੇ ਨੁਕਤਾਚੀਨੀ ਕਰ ਹੀ ਰਿਹਾ ਸੀ ਤਾਂ ਇਹ ਗੱਲ ਸਾਹਮਣੇ ਆ ਗਈ ਕਿ ਇਸ ਮੁਆਫੀ ਦੀ ਸਿਫਾਰਸ਼ ਤਾਂ ਅਕਾਲੀ-ਭਾਜਪਾ ਸਰਕਾਰ ਵੇਲੇ ਸੁਖਬੀਰ ਸਿੰਘ ਬਾਦਲ ਨੇ ਕੀਤੀ ਸੀ ਜਦਕਿ ਸੁਖਬੀਰ ਹੁਣ ਇਸ ਬਾਰੇ ਸਬੂਤ ਦੇਣ ਦਾ ਰੌਲਾ ਪਾ ਰਿਹਾ ਹੈ। ਯਾਦ ਰਹੇ ਕਿ ਅਕਾਲੀ ਭਾਜਪਾ ਸਰਕਾਰ ਨੇ ਖਾੜਕੂਵਾਦ ਸਮੇਂ ਸੂਹ ਦੇ ਕੇ ਕਈ ਸਿੱਖ ਨੌਜਵਾਨਾਂ ਨੂੰ ਮਰਵਾਉਣ ਵਾਲੇ ਪਿੰਕੀ ਕੈਟ ਨੂੰ ਵੀ ਇਸੇ ਤਰ੍ਹਾਂ ਰਿਹਾਅ ਕੀਤਾ ਸੀ। ਉਸ ਸਮੇਂ ਜੇਲ੍ਹਾਂ ਵਿਚ ਬੰਦੀ ਸਿੱਖਾਂ ਦੀ ਰਿਹਾਈ ਦਾ ਮੁੱਦਾ ਵੀ ਭਖਿਆ ਹੋਇਆ ਸੀ। ਉਸ ਵੇਲੇ ਸਵਾਲ ਉਠੇ ਸਨ ਕਿ ਬੰਦੀ ਸਿੰਘਾਂ ਦੀ ਰਿਹਾਈ ਵੇਲੇ ਸੂਬਾ ਸਰਕਾਰ ਕੇਂਦਰ ਵੱਲ ਉਂਗਲ ਕਰ ਦਿੰਦੀ ਹੈ ਪਰ ਨਿਰਦੋਸ਼ਾਂ ਨੂੰ ਮਾਰਨ ਵਾਲਿਆਂ ਦੀ ਰਿਹਾਈ ਲਈ ਇੰਨੀ ਸੰਜੀਦਗੀ ਕਿਉਂ ਦਿਖਾ ਰਹੀ ਹੈ?

ਚੇਤੇ ਰਹੇ ਕਿ 1993 ਵਿਚ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸਹਾਰਨ ਮਾਜਰਾ ਦੇ ਨੌਜਵਾਨ ਹਰਜੀਤ ਸਿੰਘ ਨੂੰ ਯੂ.ਪੀ. ਪੁਲਿਸ ਪੁੱਛਗਿੱਛ ਲਈ ਘਰੋਂ ਚੁੱਕ ਕੇ ਲੈ ਗਈ ਸੀ ਤੇ ਝੂਠਾ ਪੁਲਿਸ ਮੁਕਾਬਲਾ ਬਣਾ ਕੇ ਮਾਰ ਦਿੱਤਾ। ਪੀੜਤ ਪਰਿਵਾਰ ਨੂੰ ਇਨਸਾਫ ਲਈ ਲੰਮੀ ਕਾਨੂੰਨੀ ਲੜਾਈ ਲੜਨੀ ਪਈ; ਹਾਲਾਂਕਿ ਪੀੜਤ ਪਰਿਵਾਰ ਨੇ ਦੋਸ਼ੀਆਂ ਲਈ ਮੌਤ ਦੀ ਸਜ਼ਾ ਮੰਗੀ ਸੀ ਪਰ 22 ਸਾਲ ਬਾਅਦ ਪਹਿਲੀ ਦਸੰਬਰ, 2014 ਨੂੰ ਯੂ.ਪੀ. ਪੁਲਿਸ ਦੇ ਐਸ.ਪੀ. ਰਵਿੰਦਰ ਕੁਮਾਰ ਸਿੰਘ, ਇੰਸਪੈਕਟਰ ਬ੍ਰਿਜ ਲਾਲ ਵਰਮਾ, ਸਿਪਾਹੀ ਉਂਕਾਰ ਸਿੰਘ ਅਤੇ ਪੰਜਾਬ



ਪੁਲਿਸ ਦੇ ਇੰਸਪੈਕਟਰ ਹਰਿੰਦਰ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਹੁਣ ਦੋਸ਼ੀਆਂ ਨੂੰ ਸਾਢੇ ਚਾਰ ਸਾਲ ਬਾਅਦ ਹੀ ਰਿਹਾਅ ਕਰ ਦਿੱਤਾ ਗਿਆ।

ਵੱਡਾ ਸਵਾਲ ਇਹ ਵੀ ਹੈ ਕਿ ਸੀ.ਬੀ.ਆਈ. ਅਦਾਲਤ ਵਲੋਂ ਸੁਣਾਈ ਉਮਰ ਕੈਦ ਤੇ ਜੁਰਮਾਨੇ ਦੀ ਸਜ਼ਾ ਨੂੰ ਉਕਤ ਦੋਸ਼ੀਆਂ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਸੀ ਤੇ ਪ੍ਰਮੁੱਖ ਸਕੱਤਰ ਵਲੋਂ ਜਾਰੀ ਹੁਕਮਾਂ 'ਚ ਵੀ ਦਰਜ ਹੈ ਕਿ ਇਹ ਪਟੀਸ਼ਨ ਹਾਲੇ ਬਕਾਇਆ ਪਈ ਹੈ। ਕਾਨੂੰਨ ਇਹ ਕਹਿੰਦਾ ਹੈ ਕਿ ਜਿੰਨਾ ਚਿਰ ਕੋਈ ਕੈਦੀ ਆਪਣੇ ਵਿਰੁਧ ਫੈਸਲੇ ਨੂੰ ਚੁਣੌਤੀ ਦਿੱਤੇ ਜਾਣ ਵਾਲੀ ਪਟੀਸ਼ਨ ਵਾਪਸ ਨਹੀਂ ਲੈਂਦਾ, ਉਸ ਬਾਰੇ ਹਮਦਰਦੀ ਨਾਲ ਵਿਚਾਰਨ ਦੀ ਦਰਖਾਸਤ ਵੀ ਨਹੀਂ ਲਈ ਜਾਂਦੀ।

ਰਾਜਪਾਲ ਨੇ ਇਹ ਫੈਸਲਾ ਪੰਜਾਬ ਸਰਕਾਰ ਵਲੋਂ ਕੀਤੀ ਹਮਦਰਦੀ ਦੀ ਸਿਫਾਰਸ਼ ਉਤੇ ਕੀਤਾ ਹੈ। ਰਾਜਪਾਲ ਦੇ ਇਸ ਫੈਸਲੇ ਤੋਂ ਅਗਲੇ ਦਿਨ ਹੀ ਚੁੱਪ-ਚੁਪੀਤੇ ਇਨ੍ਹਾਂ ਦੋਸ਼ੀਆਂ ਨੂੰ ਜੇਲ੍ਹ ਵਿਚੋਂ ਰਿਹਾਅ ਕਰ ਦਿੱਤਾ ਗਿਆ। ਸਰਕਾਰ ਦੇ ਇਸ ਫੈਸਲੇ ਉਤੇ ਕਾਨੂੰਨ ਮਾਹਿਰ ਵੀ ਸਵਾਲ ਉਠਾ ਰਹੇ ਹਨ ਕਿ 2014 ਵਿਚ ਮਰਹੂਮ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਕਾਤਲਾਂ

*(ਬਾਕੀ ਸਫਾ 6 ਉਤੇ)*

### ਸਿੱਖ ਜਥੇਬੰਦੀਆਂ ਵਲੋਂ ਵਿਰੋਧ

**ਅੰਮ੍ਰਿਤਸਰ:** ਪੁਲਿਸ ਕਰਮਚਾਰੀਆਂ ਦੀ ਸਜ਼ਾ ਮੁਆਫੀ ਦੇ ਫੈਸਲੇ ਨੂੰ ਸਿੱਖ ਜਥੇਬੰਦੀਆਂ ਨੇ ਕਾਨੂੰਨ ਤੇ ਨਿਆਂ ਨਾਲ ਕੋਝਾ ਮਜ਼ਾਕ ਕਰਾਰ ਦਿੱਤਾ ਹੈ। ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਕਿਹਾ ਕਿ ਸਿੱਖ ਕੈਦੀ 20-20 ਸਾਲਾਂ ਤੋਂ ਜੇਲ੍ਹਾਂ ਵਿਚ ਬੰਦ ਹਨ ਅਤੇ ਉਨ੍ਹਾਂ ਦੀ ਸਜ਼ਾ ਦੀ ਮਿਆਦ ਪੂਰੀ ਹੋਣ ਦੇ ਬਾਵਜੂਦ ਵੀ ਜੇਲ੍ਹਾਂ ਤੋਂ ਰਿਹਾਅ ਨਹੀਂ ਕੀਤਾ ਜਾ ਰਿਹਾ। ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਦੀ ਮੁਖੀ ਪਰਮਜੀਤ ਕੌਰ ਖਾਲੜਾ ਨੇ ਆਖਿਆ ਕਿ ਸਰਕਾਰ ਦੀ ਇਸ ਕਾਰਵਾਈ ਨੇ ਪੀੜਤ ਪਰਿਵਾਰ ਨੂੰ ਵੱਡੀ ਸੱਟ ਮਾਰੀ ਹੈ। ਉਧਰ, ਵਿਰੋਧੀ ਧਿਰਾਂ ਨੇ ਵੀ ਸਰਕਾਰ ਨੂੰ ਘੇਰਾ ਪਾ ਲਿਆ ਹੈ। ਉਨ੍ਹਾਂ ਕਿਹਾ ਕਿ ਪਿਛਲੇ ਤਿੰਨ ਦਹਾਕਿਆਂ ਤੋਂ ਕਈ ਸਿੱਖ ਗੈਰਕਾਨੂੰਨੀ ਨਜ਼ਰਬੰਦ ਹਨ ਪਰ ਕਿਸੇ ਸਰਕਾਰ ਨੇ ਉਨ੍ਹਾਂ ਦੀ ਰਿਹਾਈ ਲਈ ਕਾਰਵਾਈ ਨਹੀਂ ਕੀਤੀ। ਇਸੇ ਤਰ੍ਹਾਂ 21 ਸਿੱਖ ਨੌਜਵਾਨ, ਜਿਨ੍ਹਾਂ ਨੂੰ ਕੈਪਟਨ ਅਮਰਿੰਦਰ ਸਿੰਘ ਨੇ ਪੇਸ਼ ਕਰਾਇਆ ਸੀ ਅਤੇ ਬਾਅਦ ਵਿਚ ਮਾਰ ਦਿੱਤੇ ਗਏ, ਦੇ ਮਾਮਲੇ ਵਿਚ ਵੀ ਕੋਈ ਸੁਣਵਾਈ ਨਹੀਂ ਹੋਈ।

## ਭਾਜਪਾ ਰਾਮ ਰਹੀਮ ਨੂੰ ਜੇਲ੍ਹ ਵਿਚੋਂ ਕੱਢਣ ਲਈ ਸਰਗਰਮ

**ਸਿਰਸਾ:** ਬਲਾਤਕਾਰ ਤੇ ਕਤਲ ਦੇ ਦੋਸ਼ਾਂ ਵਿਚ ਸਜ਼ਾਯਾਫਤਾ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਜੇਲ੍ਹ ਵਿਚੋਂ ਕੱਢਣ ਲਈ ਹਰਿਆਣਾ ਦੀ ਭਾਜਪਾ ਸਰਕਾਰ ਸਰਗਰਮ ਹੋ ਗਈ ਹੈ। ਭਾਜਪਾ ਮੰਤਰੀ ਦਾਅਵੇ ਕਰ ਰਹੇ ਹਨ ਕਿ ਜੇਲ੍ਹ ਵਿਚ ਬਾਬੇ ਦਾ 'ਚਰਿੱਤਰ' ਸਹੀ ਹੈ ਤੇ ਉਹ ਪੈਰੋਲ ਉਤੇ ਬਾਹਰ ਆਉਣ ਦਾ ਹੱਕਦਾਰ ਹੈ।

ਖੇਤੀ ਕਰਨ ਖਾਤਰ ਲਾਈ ਪੈਰੋਲ ਅਰਜ਼ੀ ਦੇ ਨਿਬੇੜੇ



ਲਈ ਸਰਕਾਰ ਤੇ ਪ੍ਰਸ਼ਾਸਨ ਦਾ ਪੂਰਾ ਜ਼ੋਰ ਲੱਗਾ ਹੋਇਆ ਹੈ। ਬੇਸ਼ੱਕ ਹਰਿਆਣਾ ਦੇ ਪੈਰੋਲ ਕਾਨੂੰਨ ਮੁਤਾਬਕ ਰਾਮ ਰਹੀਮ ਸਿੱਧੇ ਤੌਰ 'ਤੇ ਇਸ ਦਾ ਹੱਕਦਾਰ ਨਹੀਂ ਬਣਦਾ ਪਰ ਉਂਗਲ ਟੇਢੀ ਕਰਕੇ ਘਿਉ ਕੱਢਣ ਦੀ ਕੋਸ਼ਿਸ਼ ਹੋ ਰਹੀ ਹੈ। ਦਰਅਸਲ, ਹਰਿਆਣਾ ਪ੍ਰਿਜ਼ਨਰ ਐਕਟ 1988 ਮੁਤਾਬਕ ਕਿਸੇ ਕੈਦੀ ਨੂੰ ਖੇਤੀ ਲਈ ਪੈਰੋਲ ਤਾਂ ਹੀ ਮਿਲ ਸਕਦੀ ਹੈ, ਜੇ ਉਹ ਖੁਦ ਜ਼ਮੀਨ ਦਾ ਮਾਲਕ ਹੋਵੇ ਜਾਂ ਆਪਣੇ ਪਿਤਾ ਦੀ ਜ਼ਮੀਨ 'ਤੇ ਖੇਤੀ ਕਰਦਾ ਹੋਵੇ ਪਰ ਗੁਰਮੀਤ ਰਾਮ ਰਹੀਮ ਸਿੱਧੇ ਤੌਰ 'ਤੇ

*(ਬਾਕੀ ਸਫਾ 6 ਉਤੇ)*


Tanya`s Beauty Salon
*Threading/Waxing
*Facial (Men & Women)
*Anti-Aging Facial-Bleach
*Hair Cut-Color and Style
We Specialize in Bridal & Henna
85-03 Roosevelt Ave., Jackson Heights, NY 11373
Ph: 718-205-7832




Nankana Sahib
YATRA 2019
Nov 7 - 16, 2019
To Join, Please Contact us
518-631-2467
NankanaSahibYatra.Com
Limited Seats

# ਗੁਰੂ ਨਾਨਕ ਨਰਸਿੰਗ ਕਾਲਜ ਢਾਹਾਂ ਕਲੇਰਾਂ ਦੇ ਵਿਦਿਆਰਥੀਆਂ ਦਾ ਪਹਿਲਾ ਬੈਚ ਪੜ੍ਹਾਈ ਲਈ ਕੈਨੇਡਾ ਰਵਾਨਾ

**ਬੰਗਾ (ਬਿਊਰੋ):** ਗੁਰੂ ਨਾਨਕ ਕਾਲਜ ਆਫ ਨਰਸਿੰਗ, ਢਾਹਾਂ ਕਲੇਰਾਂ ਦੇ 13 ਵਿਦਿਆਰਥੀਆਂ ਦਾ ਪਹਿਲਾ ਬੈਚ ਕੈਨੇਡਾ ਦੀ ਸੰਸਾਰ ਪ੍ਰਸਿੱਧ ਵਿਦਿਅਕ ਸੰਸਥਾ ਕਾਰਲਟਨ ਯੂਨੀਵਰਸਿਟੀ, ਉਟਾਵਾ ਨਾਲ ਪਿਛਲੇ ਦਿਨੀਂ ਹੋਏ ਵਿਦਿਅਕ ਸਮਝੌਤੇ ਅਧੀਨ ਹੈਲਥ ਕੇਅਰ ਨਰਸਿੰਗ ਕੋਰਸ ਲਈ ਰਵਾਨਾ ਹੋ ਗਿਆ ਹੈ। ਜ਼ਿਕਾਰਯੋਗ ਹੈ ਇਸ ਬੈਚ ਵਿਚ ਬੀ.ਐਸ.ਸੀ ਨਰਸਿੰਗ ਅਤੇ ਜੀ.ਐਨ.ਐਮ. ਨਰਸਿੰਗ ਕੋਰਸ ਦੇ ਵਿਦਿਆਰਥੀ ਸ਼ਾਮਿਲ ਹਨ।

ਵਿਦਿਆਰਥੀਆਂ ਨੂੰ ਕੈਨੇਡਾ ਭੇਜਣ ਤੋਂ ਪਹਿਲਾਂ ਹੋਏ ਸਮਾਗਮ ਵਿਚ ਸ. ਹਰਦੇਵ ਸਿੰਘ ਕਾਹਮਾ, ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਵਿਦਿਆਰਥੀਆਂ ਨੂੰ ਟਰੱਸਟ ਵੱਲੋਂ ਸ਼ੁੱਭਕਾਮਨਾਵਾਂ ਦਿਤੀਆਂ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਵਧੀਆ ਪੜ੍ਹਾਈ ਕਰਕੇ ਆਪਣਾ, ਆਪਣੇ ਮਾਪਿਆਂ ਅਤੇ ਆਪਣੇ ਨਰਸਿੰਗ ਕਾਲਜ ਦਾ ਨਾਂ ਰੋਸ਼ਨ ਕਰਨ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ. ਕਾਹਮਾ ਨੇ ਦੱਸਿਆ ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ ਦਾ ਕਾਰਲਟਨ ਯੂਨੀਵਰਸਿਟੀ ਉਟਾਵਾ ਨਾਲ ਅਪਰੈਲ 2019 ਵਿਚ ਲੈਟਰ ਆਫ ਐਗਰੀਮੈਂਟ ਸਾਈਨ ਹੋਇਆ ਸੀ, ਜਿਸ ਅਧੀਨ ਹਰ ਸਾਲ ਗੁਰੂ ਨਾਨਕ ਕਾਲਜ ਆਫ ਨਰਸਿੰਗ ਦੇ ਵਿਦਿਆਰਥੀ ਕਾਰਲਟਨ ਯੂਨੀਵਰਸਿਟੀ ਜਾ ਕੇ ਪੜ੍ਹਾਈ ਕਰਿਆ ਕਰਨਗੇ। ਉਨ੍ਹਾਂ ਦੱਸਿਆ ਕਿ ਨਰਸਿੰਗ ਵਿਦਿਆਰਥੀਆਂ ਦਾ ਦੂਜਾ ਬੈਚ ਵੀ ਥੋੜ੍ਹੇ ਦਿਨਾਂ ਵਿਚ ਕਾਰਲਟਨ ਯੂਨੀਵਰਸਿਟੀ ਪਹੁੰਚ ਜਾਵੇਗਾ।

ਇਸ ਮੌਕੇ ਨਰਸਿੰਗ ਵਿਦਿਆਰਥੀਆਂ ਨੇ ਕਾਲਜ ਪ੍ਰਬੰਧਕਾਂ ਅਤੇ ਅਧਿਆਪਕਾਂ ਦਾ ਕੈਨੇਡਾ ਵਿਚ ਪੜ੍ਹਾਈ ਕਰਨ ਦਾ ਵੱਡਾ ਮੌਕਾ ਪ੍ਰਦਾਨ ਕਰਨ ਲਈ ਧੰਨਵਾਦ ਕਰਦਿਆਂ ਕਿਹਾ ਕਿ ਉਹ ਕੈਨੇਡਾ ਵਿਚ ਵਧੀਆ ਪੜ੍ਹਾਈ ਕਰਕੇ ਆਪਣੇ ਨਰਸਿੰਗ ਕਾਲਜ ਦਾ ਨਾਂ ਰੋਸ਼ਨ ਕਰਨਗੇ। ਵਿਦਿਆਰਥੀਆਂ ਨੇ ਦਿੱਲੀ ਏਅਰਪੋਰਟ ਜਾਣ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਜਾ ਕੇ ਸਫਲਤਾ ਲਈ ਅਰਦਾਸ ਕੀਤੀ ਅਤੇ ਜੈਕਾਰਿਆਂ ਦੀ ਗੂੰਜ ਵਿਚ ਕੈਨੇਡਾ ਲਈ ਰਵਾਨਾ ਹੋਏ।

ਇਸ ਮੌਕੇ ਨਰਸਿੰਗ ਵਿਦਿਆਰਥੀਆਂ ਨੂੰ ਸ਼ੁਭ ਕਾਮਨਾਵਾਂ ਦੇਣ ਲਈ ਹੋਰਨਾਂ ਤੋਂ ਇਲਾਵਾ ਮਲਕੀਅਤ ਸਿੰਘ ਬਾਹੜੋਵਾਲ ਸੀਨੀਅਰ ਮੀਤ ਪ੍ਰਧਾਨ, ਕੁਲਵਿੰਦਰ ਸਿੰਘ ਢਾਹਾਂ ਸਕੱਤਰ, ਅਮਰਜੀਤ ਸਿੰਘ ਕਲੇਰਾਂ ਖਜਾਨਚੀ ਅਤੇ ਚੇਅਰਮੈਨ ਫਾਈਨਾਂਸ ਕਮੇਟੀ ਟਰੱਸਟ, ਜਗਜੀਤ ਸਿੰਘ ਸੋਢੀ ਮੈਂਬਰ, ਡਾ. ਸੁਰਿੰਦਰ ਜਸਪਾਲ ਪ੍ਰਿੰਸੀਪਲ ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ, ਮੈਡਮ ਸੁਖਮਿੰਦਰ ਕੌਰ, ਮੈਡਮ ਰਮਨਦੀਪ ਕੌਰ, ਰਾਜਿੰਦਰਪਾਲ ਸਿੰਘ, ਮਹਿੰਦਰਪਾਲ ਸਿੰਘ ਸੁਪਰਡੈਂਟ ਅਤੇ ਵਿਦਿਆਰਥੀਆਂ ਦੇ ਮਾਪੇ, ਨਰਸਿੰਗ ਕਾਲਜ ਦੇ ਅਧਿਆਪਕ ਤੇ ਵਿਦਿਆਰਥੀ ਹਾਜ਼ਰ ਸਨ।




*ਕੈਨੇਡਾ ਨਰਸਿੰਗ ਕੋਰਸ ਲਈ ਜਾ ਰਹੇ ਵਿਦਿਆਰਥੀਆਂ ਦੀ ਇਕ ਤਸਵੀਰ*

## ਨਾਬਾਲਗ ਜਬਰ ਜਨਾਹ ਪੀੜਤਾਂ ਲਈ 7,500 ਰੁਪਏ ਮਹੀਨਾ

**ਸ਼ਿਮਲਾ:** ਹਿਮਾਚਲ ਪ੍ਰਦੇਸ਼ ਸਰਕਾਰ ਨੇ ਨਾਬਾਲਗ ਜਬਰ ਜਨਾਹ ਪੀੜਤਾਂ ਤੇ ਸ਼ੋਸ਼ਣ ਦਾ ਸ਼ਿਕਾਰ ਬੱਚਿਆਂ ਨੂੰ 21 ਸਾਲ ਦੀ ਉਮਰ ਤੱਕ ਗੁਜ਼ਾਰਾ ਭੱਤਾ ਦੇਣ ਦਾ ਫੈਸਲਾ ਕੀਤਾ ਹੈ। ਅਜਿਹੇ ਮਾਮਲਿਆਂ ਵਿਚ 7,500 ਰੁਪਏ ਪ੍ਰਤੀ ਮਹੀਨਾ ਵਿੱਤੀ ਮਦਦ ਦਿੱਤੀ ਜਾਵੇਗੀ। ਮੁੱਖ ਮੰਤਰੀ ਜੈ ਰਾਮ ਠਾਕੁਰ ਦੀ ਪ੍ਰਧਾਨਗੀ ਹੇਠ ਹੋਈ ਕੈਬਨਿਟ ਮੀਟਿੰਗ ਵਿਚ ਸੂਬਾ ਸਰਕਾਰ ਨੇ ਇਹ ਫੈਸਲਾ ਕੀਤਾ। ਇਕ ਹੋਰ ਫੈਸਲੇ ਵਿਚ ਕੈਬਨਿਟ ਨੇ ਪੰਚਾਇਤੀ ਰਾਜ ਸੰਸਥਾਵਾਂ ਦੇ ਨੁਮਾਇੰਦਿਆਂ ਦਾ ਮਾਣ-ਭੱਤਾ 500 ਦੀ ਥਾਂ 1000 ਰੁਪਏ ਕਰ ਦਿੱਤਾ ਹੈ। ਜ਼ਿਲ੍ਹਾ ਪ੍ਰੀਸ਼ਦ ਦੇ ਅਹੁਦੇਦਾਰਾਂ ਦਾ ਮਾਣ-ਭੱਤਾ ਵੀ ਵਧਾਇਆ ਗਿਆ ਹੈ।

# ਕਬੱਡੀ ‘ਤੇ ਪਾਬੰਦੀ ਲਾਉਣ ਦੀ ਥਾਂ ਮਿਆਰ ਉਚਾ ਚੁੱਕਣ ਦੇ ਯਤਨ ਕੀਤੇ ਜਾਣ: ਗਾਖਲ

**ਵਾਟਸਨਵਿਲ (ਬਿਊਰੋ):** ਕਬੱਡੀ ‘ਤੇ ਪਾਬੰਦੀਆਂ ਲਾਉਣ ਦੀਆਂ ਕਨਸੋਆਂ ਤੋਂ ਚਿੰਤਿਤ ਪਿਛਲੇ 25 ਸਾਲ ਤੋਂ ਕਬੱਡੀ ਨੂੰ ਪ੍ਰਮੋਟ ਕਰਨ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਯੂਨਾਈਟਡ ਸਪੋਰਟਸ ਕਲੱਬ ਦੇ ਮੁੱਖ ਸਰਪ੍ਰਸਤ ਅਤੇ ਵਿਸ਼ਵ ਕਬੱਡੀ ਕੱਪ ਦੇ ਮੁੱਖ ਪ੍ਰਬੰਧਕ ਸ. ਅਮੋਲਕ ਸਿੰਘ ਗਾਖਲ ਨੇ ਸਮੂਹ ਕਬੱਡੀ ਪ੍ਰੇਮੀਆਂ ਨੂੰ ਬੇਨਤੀ ਕੀਤੀ ਹੈ ਕਿ ਆਓ ਆਪਾਂ ਰਲ ਕੇ ਕਬੱਡੀ ਦੇ ਉਜਲ ਭਵਿਖ ਲਈ ਯਤਨ ਕਰੀਏ ਤੇ ਅਜਿਹਾ ਕੁਝ ਨਾ ਕੀਤਾ ਜਾਵੇ ਜੋ ਦਰਸ਼ਕਾਂ ਅਤੇ ਕਬੱਡੀ ਖਿਡਾਰੀਆਂ ਨੂੰ ਨਿਰਾਸ਼ ਕਰੇ, ਜੋ ਬੇਕਸੂਰ ਹੋਣ।

ਸ. ਗਾਖਲ ਨੇ ਕਿਹਾ ਕਿ ਉਹ ਡਰੱਗ ਦੇ ਪੂਰੀ ਤਰ੍ਹਾਂ ਖਿਲਾਫ ਹਨ ਅਤੇ ਡਰੱਗੀ ਖਿਡਾਰੀਆਂ ਨੂੰ ਸੱਚ-ਮੁੱਚ ਹੀ ਕਬੱਡੀ ਜਗਤ ਤੋਂ ਪਰ੍ਹੇ ਕਰ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਖਿਡਾਰੀਆਂ ਦਾ ਡੋਪ ਟੈਸਟ ਪਾਜ਼ੇਟਿਵ ਆਉਂਦਾ ਹੈ, ਉਨ੍ਹਾਂ ਨੂੰ ਇਕ ਚਿਤਾਵਨੀ ਦੇ ਕੇ ਸੁਧਰਨ ਦਾ ਮੌਕਾ ਦਿੱਤਾ ਜਾਵੇ ਤੇ ਜੇ ਫਿਰ ਵੀ ਉਹ ਖਿਡਾਰੀ ਇਸ ਦਾਗ ਨੂੰ ਧੋ ਨਹੀਂ ਸਕਦੇ ਤਾਂ ਉਨ੍ਹਾਂ ਨੂੰ ਕਬੱਡੀ ਦੇ ਖੇਡ ਮੈਦਾਨ ਵਿਚ ਦਾਖਲ ਨਹੀਂ ਹੋਣ ਦਿੱਤਾ ਜਾਣਾ ਚਾਹੀਦਾ। ਖਿਡਾਰੀ ਬੜੇ ਔਖੇ ਪੈਦਾ ਹੁੰਦੇ ਹਨ, ਇਨ੍ਹਾਂ ਨੂੰ ਰਾਹੇ ਲਿਆਉਣਾ ਅਤੇ ਕੁਰਾਹੇ ਪੈਣ ਤੋਂ ਰੋਕਣਾ ਵੀ ਸਾਡਾ ਹੀ ਫਰਜ਼ ਬਣਦਾ ਹੈ। ਸੰਸਥਾਵਾਂ ਨੂੰ ਆਪਣਾ ਬਣਦਾ ਯੋਗਦਾਨ ਇਸ ਦਾਗ ਨੂੰ ਧੋਣ ਲਈ ਪਾਉਣਾ ਚਾਹੀਦਾ ਹੈ।

ਉਨ੍ਹਾਂ ਆਪਣੇ ਛੋਟੇ ਭਰਾ ਇਕਬਾਲ ਸਿੰਘ ਗਾਖਲ ਨਾਲ ਸਾਂਝੇ ਬਿਆਨ ‘ਚ ਕਿਹਾ ਕਿ ਡਰੱਗੀ ਖਿਡਾਰੀਆਂ ਕਰ ਕੇ ਆਪਾਂ ਖੇਡ ਮੈਦਾਨ ਨੂੰ ਸੁੰਨਾ ਨਾ ਹੋਣ ਦੇਈਏ, ਸਗੋਂ ਉਨ੍ਹਾਂ ਕੁਰੀਤੀਆਂ ਅਤੇ ਅਲਾਮਤਾਂ ਨੂੰ ਗਲੋਂ ਲਾਹੁਣ ਦਾ ਯਤਨ ਕਰੀਏ, ਜੋ ਕਬੱਡੀ ਦੇ ਰਾਹ ਵਿਚ ਰੋੜਾ ਬਣੀਆਂ ਹੋਈਆਂ ਹਨ। ਜੇ ਕਬੱਡੀ ’ਤੇ ਰੋਕਾਂ ਲੱਗਣਗੀਆਂ ਤਾਂ ਹਜ਼ਾਰਾਂ ਨੌਜਵਾਨਾਂ ਦਾ ਹੌਸਲਾ ਡਿਗੇਗਾ, ਪਹਿਲਾਂ ਹੀ ਨਸ਼ਿਆਂ ਦੇ ਰਾਹ ਪਈ ਪੰਜਾਬ ਦੀ ਜਵਾਨੀ ਤੇ ਕੁਝ ਬੇਕਸੂਰ ਕਬੱਡੀ ਖਿਡਾਰੀਆਂ ਨੂੰ ਵੀ ਬਿਨਾ ਗੁਨਾਹ ਇਸ ਦਾ ਖਮਿਆਜ਼ਾ ਭੁਗਤਣਾ ਪੈ ਸਕਦਾ ਹੈ।



*ਅਮੋਲਕ ਸਿੰਘ ਗਾਖਲ*



*ਨਰਿੰਦਰ ਸਿੰਘ ਸਹੋਤਾ*

ਗਾਖਲ ਭਰਾਵਾਂ ਨੇ ਕਿਹਾ ਕਿ ਅਜਿਹੀ ਗਲਤੀ ਨਾ ਕਰੀਏ ਜਿਸ ਨਾਲ ਆਉਣ ਵਾਲੀ ਨੌਜਵਾਨ ਪੀੜ੍ਹੀ ਨੂੰ ਜਵਾਬ ਦੇਣਾ ਔਖਾ ਹੋ ਜਾਵੇ, ਸਗੋਂ ਅਜਿਹੇ ਫੈਸਲੇ ਲਈਏ ਜਿਸ ਨਾਲ ਕਬੱਡੀ ਨੂੰ ਡਰੱਗ ਦਾ ਚਿੰਬੜਿਆ ਕੋਹੜ ਹਮੇਸ਼ਾ ਲਈ ਖਤਮ ਕਰ ਸਕੀਏ। ਬਿਮਾਰੀਆਂ ਦੇ ਇਲਾਜ ਕੀਤੇ ਜਾਂਦੇ ਹਨ, ਮਰੀਜ਼ ਨੂੰ ਮਾਰਿਆ ਨਹੀਂ ਜਾਂਦਾ।

ਯੂਨਾਈਟਡ ਸਪੋਰਟਸ ਕਲੱਬ ਦੇ ਵਿੱਤ ਸਕੱਤਰ ਨਰਿੰਦਰ ਸਿੰਘ ਸਹੋਤਾ ਨੇ ਕਿਹਾ ਕਿ ਕਬੱਡੀ ਵਿਚ ਦਾਖਲ ਹੋ ਚੁੱਕੇ ਨਸ਼ੇ ਦੇ ਖਿਲਾਫ ਝੰਡਾ ਤਾਂ ਬੁਲੰਦ ਕਰਨਾ ਚਾਹੀਦਾ ਹੈ ਪਰ ਸਾਰੇ ਖਿਡਾਰੀਆਂ ਨੂੰ ਇੱਕੋ ਰੱਸੇ ਨਹੀਂ ਬੰਨ੍ਹਣਾ ਚਾਹੀਦਾ। ਉਨ੍ਹਾਂ ਕਿਹਾ ਕਿ ਜਿਹੜੇ ਖਿਡਾਰੀ ਨਸ਼ਾ ਨਹੀਂ ਕਰਦੇ, ਉਨ੍ਹਾਂ ਨੂੰ ਖੇਡਣ ਦੇ ਮੌਕੇ ਪ੍ਰਦਾਨ ਕਰਨੇ ਚਾਹੀਦੇ ਹਨ ਤਾਂ ਜੋ ਉਹ ਨਸ਼ਾ ਕਰਨ ਵਾਲੇ ਖਿਡਾਰੀਆਂ ਲਈ ਚਾਨਣ ਮੁਨਾਰਾ ਬਣ ਸਕਣ।

# ਬੱਚਿਆਂ ਦੀਆਂ ਮੌਤਾਂ: ਸਰਕਾਰੀ ਨੀਤੀਆਂ ‘ਤੇ ਉਠੇ ਸਵਾਲ

**ਪਟਨਾ:** ਬਿਹਾਰ ਦੇ ਮੁਜੱਫਰਪੁਰ ਜ਼ਿਲ੍ਹੇ ਦੇ ਹਸਪਤਾਲਾਂ ਵਿਚ ਬੱਚਿਆਂ ਦੀਆਂ ਮੌਤਾਂ ਨੇ ਸਰਕਾਰਾਂ ਦੇ ਆਮ ਲੋਕਾਂ ਪ੍ਰਤੀ ਰਵੱਈਏ ਦੀ ਪੋਲ ਖੋਲ੍ਹ ਦਿੱਤੀ ਹੈ। ਪਿਛਲੇ ਢਾਈ ਹਫਤਿਆਂ ਦੌਰਾਨ ਦਿਮਾਗੀ ਬੁਖਾਰ ਕਾਰਨ 115 ਬੱਚਿਆਂ ਦੀ ਮੌਤ ਹੋ ਗਈ ਹੈ। 2014 ਵਿਚ ਵੀ ਇਸੇ ਇਲਾਕੇ ਵਿਚ ਇਸੇ ਬਿਮਾਰੀ ਨਾਲ ਬੱਚਿਆਂ ਦੀਆਂ ਮੌਤਾਂ ਹੋਈਆਂ ਸਨ ਅਤੇ ਬਿਮਾਰੀ ਦੀ ਰੋਕਥਾਮ ਤੇ ਚੰਗੀ ਤਰ੍ਹਾਂ ਇਲਾਜ ਕਰਨ ਲਈ ਕਦਮ ਪੁੱਟੇ ਜਾਣ ਦਾ ਐਲਾਨ ਕੀਤਾ ਗਿਆ ਸੀ ਪਰ ਇਹ ਮੌਤਾਂ ਇਸ ਗੱਲ ਦਾ ਸਬੂਤ ਹਨ ਕਿ ਹਾਲਾਤ ਬਦਲੇ ਨਹੀਂ। ਇਸੇ ਕਰਕੇ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਅਤੇ ਕੇਂਦਰੀ ਸਿਹਤ ਮੰਤਰੀ ਡਾ. ਹਰਸ਼ਵਰਧਨ ਦੇ 2014 ਅਤੇ ਹੁਣ ਦੇ ਬਿਆਨ ਬਿਲਕੁਲ ਇਕੋ ਜਿਹੇ ਹਨ। ਹਸਪਤਾਲ ਵਿਚ ਬਿਮਾਰ ਬੱਚਿਆਂ ਦੇ ਇਲਾਜ ਲਈ ਕੀਤੇ ਗਏ ਪ੍ਰਬੰਧ ਬਿਲਕੁਲ ਤਸੱਲੀਬਖਸ਼ ਨਹੀਂ। ਇਕ ਬੈੱਡ ਉਤੇ ਚਾਰ-ਚਾਰ ਬੱਚੇ ਲਿਟਾਏ ਜਾਣਾ ਤੈਅਸ਼ੁਦਾ ਨਿਯਮਾਂ ਦੀ ਘੋਰ ਉਲੰਘਣਾ ਹੈ।

ਮੁਜੱਫਰਪੁਰ ਅਤੇ ਇਸ ਦੇ ਨੇੜਲੇ ਇਲਾਕਿਆਂ ਵਿਚ ਲੀਚੀ ਦੇ ਬਾਗ ਹਨ। ਗਰਮੀ ਦੀਆਂ ਛੁੱਟੀਆਂ ਦੇ ਦਿਨਾਂ ਵਿਚ ਜਦੋਂ ਮਾਪੇ ਲੀਚੀ ਤੋੜਨ ਜਾਂਦੇ ਹਨ ਤਾਂ ਬੱਚੇ ਵੀ ਨਾਲ ਹੀ ਚਲੇ ਜਾਂਦੇ ਹਨ। ਖਾਲੀ ਪੇਟ ਹੋਣ ਕਰਕੇ ਉਥੇ ਉਹ ਲੀਚੀ ਖਾਂਦੇ ਹਨ। ਮਾਹਿਰਾਂ ਨੇ ਸਾਬਤ ਕੀਤਾ ਹੈ ਕਿ ਭੁੱਖੇ ਢਿੱਡ ਲੀਚੀ ਖਾਣ ਕਾਰਨ ਬੱਚਿਆਂ ਦੇ ਸਰੀਰ ਵਿਚ ਖੰਡ/ਚੀਨੀ (ਬਲੱਡ ਸ਼ੂਗਰ) ਬਣਨੀ ਬੰਦ ਹੋ ਜਾਂਦੀ ਹੈ; ਬੱਚਾ ਡੂੰਘੀ ਬੇਹੋਸ਼ੀ ਦੀ ਹਾਲਤ (ਕੋਮਾ) ਵੱਲ ਵਧਦਾ ਹੈ ਅਤੇ ਕੁਝ ਸਮੇਂ ਬਾਅਦ ਉਸ ਦੀ ਮੌਤ ਹੋ ਜਾਂਦੀ ਹੈ। ਇਸ ਬਿਮਾਰੀ ਦਾ ਅਸਰ ਸਰੀਰਕ ਤੌਰ ਉਤੇ ਕਮਜ਼ੋਰ ਬੱਚਿਆਂ ‘ਤੇ ਜ਼ਿਆਦਾ ਹੁੰਦਾ ਹੈ। ਖੋਜ ਰਿਪੋਰਟ ਮੁਤਾਬਕ ਮਾਪਿਆਂ ਨੂੰ ਜਾਗਰੂਕ ਕਰਨ ਲਈ ਮੁਹਿੰਮ ਚਲਾਈ ਜਾਣੀ ਚਾਹੀਦੀ ਸੀ ਤਾਂ ਕਿ ਉਹ ਭੁੱਖੇ ਢਿੱਡ ਬੱਚਿਆਂ ਨੂੰ ਲੀਚੀ ਖਾਣ ਤੋਂ ਵਰਜ ਸਕਣ। ਇਸ ਤੋਂ ਇਲਾਵਾ ਜੇਕਰ ਤੁਰਤ ਡਾਕਟਰੀ ਸਹੂਲਤ ਮਿਲ ਜਾਵੇ ਅਤੇ ਸਬੰਧਤ ਬੱਚੇ ਨੂੰ ਖਾਸ ਮਾਤਰਾ ਵਿਚ ਗੁਲੂਕੋਜ਼ ਚੜ੍ਹਾ ਦਿੱਤਾ ਜਾਵੇ ਤਾਂ ਬੱਚੇ ਦੀ ਜਾਨ ਬਚਾਈ ਜਾ ਸਕਦੀ ਹੈ। ਮੁਜੱਫਰਪੁਰ ਦੇ ਸ੍ਰੀ ਕ੍ਰਿਸ਼ਨਾ ਮੈਡੀਕਲ ਕਾਲਜ ਅਤੇ ਹਸਪਤਾਲ ਵਿਚ ਬੱਚਿਆਂ ਦੇ ਮਾਹਿਰ ਡਾਕਟਰ ਨਹੀਂ ਹਨ ਜਦਕਿ ਪੰਜ ਸਾਲ ਪਹਿਲਾਂ ਬੈੱਡ ਵਧਾਉਣ ਅਤੇ ਮਾਹਿਰ ਡਾਕਟਰਾਂ ਦਾ ਕੋਰਸ ਸ਼ੁਰੂ ਕਰਨ ਦਾ ਵਾਅਦਾ ਕੀਤਾ ਗਿਆ ਸੀ। ਨੇੜਲੇ ਜ਼ਿਲ੍ਹਿਆਂ ਦੇ ਮਰੀਜ਼ ਵੀ ਰੈਫਰ ਹੋ ਕੇ ਇਥੇ ਹੀ ਆ ਰਹੇ ਹਨ ਤੇ ਸਰਕਾਰ ਹੱਥ ਉਤੇ ਹੱਥ ਧਰੀ ਬੈਠੀ ਹੈ।

## ਦਿਮਾਗੀ ਬੁਖਾਰ ਬਾਰੇ ਸਿਹਤ ਮਾਹਿਰਾਂ ਦੀ ਵੱਖ-ਵੱਖ ਰਾਇ

**ਮੁਜੱਫਰਪੁਰ:** ਬਿਹਾਰ ਵਿਚ ਬੱਚਿਆਂ ‘ਚ ਫੈਲੇ ਦਿਮਾਗੀ ਬੁਖਾਰ ਬਾਰੇ ਮੈਡੀਕਲ ਮਾਹਿਰਾਂ ਦੀ ਰਾਏ ਵੰਡੀ ਹੋਈ ਹੈ। ਸ੍ਰੀ ਕ੍ਰਿਸ਼ਨਾ ਮੈਡੀਕਲ ਕਾਲਜ ਤੇ ਹਸਪਤਾਲ ਵਿਚ ਬੱਚਿਆਂ ਦੇ ਵਿਭਾਗ ਦੇ ਮੁਖੀ ਗੋਪਾਲ ਸ਼ੰਕਰ ਸਾਹਨੀ ਦਾ ਕਹਿਣਾ ਹੈ ਕਿ ਉਹ ਕਈ ਸਾਲਾਂ ਤੋਂ ਇਹ ਵਰਤਾਰਾ ਦੇਖ ਰਹੇ ਹਨ ਤੇ ਇਸ ਦਾ ਕਾਰਨ ਜ਼ਿਆਦਾ ਗਰਮੀ ਪੈਣਾ ਤੇ ਨਮੀ ਹੈ। ਇਸ ਵਿਚਾਰ ਦੇ ਉਲਟ ਪ੍ਰਾਈਵੇਟ ਬੱਚਾ ਮਾਹਿਰ ਅਰੁਣ ਸ਼ਾਹ ਕਹਿੰਦੇ ਹਨ ਕਿ ਇਹ ਕੱਚੀਆਂ ਲੀਚੀਆਂ ਖਾਣ ਦਾ ਨਤੀਜਾ ਹੈ। ਉਨ੍ਹਾਂ ਦੀ ਰਿਪੋਰਟ ਮੁਤਾਬਕ ਜੇ ਕੁਪੋਸ਼ਣ ਦਾ ਸ਼ਿਕਾਰ ਬੱਚਾ ਕੱਚੀ ਲੀਚੀ ਖਾਏ ਤਾਂ ਦਿਗਾਮੀ ਬੁਖਾਰ ਹੋ ਸਕਦਾ ਹੈ।

## ਭ੍ਰਿਸ਼ਟ ਅਤੇ ਕੰਮਚੋਰ ਕਰਮਚਾਰੀਆਂ ਦੀ ਛੁੱਟੀ ਕਰਨ ਦੀ ਤਿਆਰੀ


**ਨਵੀਂ ਦਿੱਲੀ :** ਸਰਕਾਰ ਨੇ ਭ੍ਰਿਸ਼ਟਾਚਾਰ ਖਿਲਾਫ ਸਖਤ ਕਦਮ ਚੁੱਕਦਿਆਂ ਭ੍ਰਿਸ਼ਟ ਤੇ ਕੰਮਚੋਰ ਕਰਮਚਾਰੀਆਂ ਨੂੰ ਬਾਹਰ ਦਾ ਰਸਤਾ ਦਿਖਾਉਣ ਲਈ ਬੈਂਕਾਂ, ਜਨਤਕ ਖੇਤਰਾਂ ਤੇ ਸਾਰੇ ਵਿਭਾਗਾਂ ਨੂੰ ਆਪਣੇ ਮੁਲਾਜ਼ਮਾਂ ਦੇ ਸੇਵਾ ਰਿਕਾਰਡ ਦੀ ਸਮੀਖਿਆ ਕਰਨ ਲਈ ਕਿਹਾ ਹੈ।

ਪ੍ਰਸੋਨਲ ਮੰਤਰਾਲੇ ਨੇ ਕੇਂਦਰ ਸਰਕਾਰ ਦੇ ਸਾਰੇ ਵਿਭਾਗਾਂ ਤੋਂ ਹਰੇਕ ਸ਼੍ਰੇਣੀ ਦੇ ਕਰਮਚਾਰੀਆਂ ਦੇ ਕੰਮਕਾਰ ਦੀ ਸਮੀਖਿਆ ਪੂਰੇ ਨਿਯਮਾਂ ਤੇ ਕਾਇਦੇ ਨਾਲ ਕਰਨ ਲਈ ਕਿਹਾ ਹੈ। ਇਸ ਤੋਂ ਇਲਾਵਾ ਇਹ ਵੀ ਕਿਹਾ ਗਿਆ ਹੈ ਕਿ ਕਿਸੇ ਸਰਕਾਰੀ ਮੁਲਾਜ਼ਮ ਖਿਲਾਫ ਜਬਰੀ ਸੇਵਾਮੁਕਤੀ ਦੀ ਕਾਰਵਾਈ ਵਿਚ ਮਨਮਾਨੀ ਨਾ ਕੀਤੀ ਜਾਵੇ। ਪ੍ਰਸੋਨਲ ਮੰਤਰਾਲੇ ਦੇ ਨਿਰਦੇਸ਼ਾਂ ਅਨੁਸਾਰ ਸਾਰੇ ਸਰਕਾਰੀ ਸੰਗਠਨਾਂ ਨੂੰ ਹਰ ਮਹੀਨੇ ਦੀ 15 ਤਰੀਕ ਨੂੰ ਰਿਪੋਰਟ ਦੇਣ ਲਈ ਕਿਹਾ ਗਿਆ ਹੈ। ਇਸ ਦੀ ਸ਼ੁਰੂਆਤ 15 ਜੁਲਾਈ ਨੂੰ ਹੋਵੇਗੀ।

ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ
ਪੰਜਾਬੀ ਢਾਬਾ
1480 N. State Road 1, Cambridge City, IN 47327
ਕੈਬਰਿਜ ਸਿਟੀ (ਇੰਡੀਆਨਾ) ਵਿਚ ਪੰਜਾਬੀ ਢਾਬੇ ਲਈ
ਡਿਸ਼ਵਾਸ਼ਰ, ਹੈਲਪਰ, ਵੇਟਰ ਅਤੇ ਕੁਕ ਚਾਹੀਦੇ ਹਨ
ਚੰਗੀ ਤਨਖਾਹ, ਖਾਣਾ ਮੁਫਤ ਤੇ ਹੋਰ ਸਹੂਲਤਾਂ
ਸੰਪਰਕ ਕਰੋ: ਮਨਜੀਤ ਨਾਗਰਾ
ਫੋਨ: 317-750-1900

# ਕੌਮਾਂਤਰੀ ਯੋਗ ਦਿਵਸ ਮੌਕੇ ਮੋਦੀ ਦਾ 'ਯੋਗ ਮੰਤਰ'

**ਰਾਂਚੀ:** ਕੌਮਾਂਤਰੀ ਯੋਗ ਦਿਵਸ ਮੌਕੇ ਇਥੋਂ ਦੀ ਪ੍ਰਭਾਤ ਤਾਰਾ ਗਰਾਊਂਡ 'ਚ ਤਕਰੀਬਨ 40 ਹਜ਼ਾਰ ਲੋਕਾਂ ਨਾਲ ਵੱਖ-ਵੱਖ ਯੋਗ ਆਸਨਾਂ 'ਚ ਹਿੱਸਾ ਲੈਣ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲੋਕਾਂ ਨੂੰ ਯੋਗ ਸਮਾਜ ਦੇ ਹਰ ਖੇਤਰ 'ਚ ਲੈ



ਕੇ ਜਾਣ ਦੀ ਅਪੀਲ ਕਰਦੇ ਹੋਏ ਕਿਹਾ ਕਿ ਯੋਗ ਸਭ ਤੋਂ ਉਪਰ ਹੈ।

ਪ੍ਰਧਾਨ ਮੰਤਰੀ ਨੇ ਲੋਕਾਂ ਨੂੰ ਯੋਗ ਨੂੰ ਜ਼ਿੰਦਗੀ ਦਾ ਇਕ ਮਹੱਤਵਪੂਰਨ ਹਿੱਸਾ ਬਣਾਉਣ ਦੀ ਵੀ ਅਪੀਲ ਕੀਤੀ। ਉਨ੍ਹਾਂ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਯੋਗ ਨੂੰ ਸ਼ਹਿਰਾਂ ਤੋਂ ਪਿੰਡਾਂ ਤੇ ਕਬਾਇਲੀ ਖੇਤਰਾਂ 'ਚ ਲੈ ਕੇ ਜਾਣ ਦੀਆਂ ਕੋਸ਼ਿਸ਼ਾਂ ਕਰਨੀਆਂ ਚਾਹੀਦੀਆਂ ਹਨ। ਯੋਗ ਧਰਮ, ਜਾਤ, ਰੰਗ, ਲਿੰਗ, ਖੇਤਰ ਤੇ ਹਰੇਕ ਚੀਜ ਤੋਂ ਉੱਪਰ ਹੈ। 5ਵੇਂ ਯੋਗ ਦਿਵਸ ਸਬੰਧੀ ਮੁੱਖ ਸਮਾਗਮ ਝਾਰਖੰਡ ਦੀ ਰਾਜਧਾਨੀ ਰਾਂਚੀ ਵਿਖੇ ਹੋਇਆ। ਇਥੇ ਪ੍ਰਧਾਨ ਮੰਤਰੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਯੋਗ ਸਦੀਆਂ ਤੋਂ ਲਗਾਤਾਰ ਵਿਕਸਿਤ ਹੋ ਰਿਹਾ ਹੈ। ਯੋਗ ਦਾ ਮੂਲ ਸਥਿਰ ਹੈ ਤੇ ਇਹ ਹਮੇਸ਼ਾ ਇਕ ਸਮਾਨ ਰਹਿੰਦਾ ਹੈ। ਯੋਗ ਗਿਆਨ, ਕਰਮ ਤੇ ਭਗਤੀ ਦਾ ਬਹੁਤ ਵਧੀਆ ਸੋਮਾ ਹੈ। ਨੌਜਵਾਨ ਵਰਗ ਵੀ ਦਿਲ ਦੀਆਂ ਬਿਮਾਰੀਆਂ ਤੋਂ ਪੀੜਤ ਹੋ ਰਿਹਾ ਹੈ, ਪਰ ਯੋਗ ਇਨ੍ਹਾਂ ਬਿਮਾਰੀਆਂ ਤੇ ਹੋਰ ਕਈ ਮੁਸ਼ਕਲਾਂ ਨਾਲ ਲੜਨ 'ਚ ਬਹੁਤ ਵੱਡੀ ਭੂਮਿਕਾ ਅਦਾ ਕਰਦਾ ਹੈ।

ਉਨ੍ਹਾਂ ਕਿਹਾ ਇਸ ਸਾਲ ਯੋਗ ਦਿਵਸ ਦਾ ਵਿਸ਼ਾ ਵੀ 'ਦਿਲ ਲਈ ਯੋਗ' ਹੈ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਸਰਕਾਰ ਯੋਗ ਨੂੰ ਸਿਹਤ ਦੇਖਭਾਲ ਦਾ ਇਕ ਸਤੰਭ ਬਣਾਉਣ 'ਚ ਵੀ ਕੰਮ ਕਰ ਰਹੀ ਹੈ। ਭਾਰਤ 'ਚ ਯੋਗ ਬਾਰੇ ਜਾਗਰੂਕਤਾ ਹਰੇਕ ਕੋਨੇ ਤੇ ਖੇਤਰ 'ਚ ਪਹੁੰਚ ਗਈ ਹੈ।

ਉਨ੍ਹਾਂ ਕਿਹਾ ਕਿ ਡਰਾਇੰਗ ਰੂਮ ਤੋਂ ਲੈ ਕੇ ਬੈਡਰੂਮ ਤੱਕ, ਸ਼ਹਿਰ ਦੀਆਂ ਪਾਰਕਾਂ ਤੋਂ ਲੈ ਕੇ ਸਪੋਰਟਸ ਕੰਪਲੈਕਸ ਤੱਕ ਯੋਗ ਦਾ ਹਰੇਕ ਥਾਂ 'ਤੇ ਅਨੁਭਵ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਹੁਣ ਜਦੋਂ ਯੋਗ ਪੂਰੇ ਵਿਸ਼ਵ 'ਚ ਫੈਲ ਚੁੱਕਾ ਹੈ ਤਾਂ ਜਿਵੇਂ ਇਕ ਫੋਨ ਨੂੰ ਨਵੇਂ ਸਾਫਟਵੇਅਰ ਨਾਲ ਅਪਡੇਟ ਕੀਤਾ ਜਾਂਦਾ ਹੈ ਤਾਂ ਯੋਗ ਨੂੰ ਵੀ ਨਵੀਆਂ ਖੋਜਾਂ ਨਾਲ ਅਪਡੇਟ ਕਰਨ 'ਤੇ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ। ਕੌਮਾਂਤਰੀ ਯੋਗ ਦਿਵਸ 2015 ਤੋਂ ਹਰੇਕ ਸਾਲ 21 ਜੂਨ ਨੂੰ ਮਨਾਇਆ ਜਾਂਦਾ ਹੈ।

## ਓਮ ਦੇ ਮੰਤਰਾਂ ਨਾਲ ਗੂੰਜਿਆ ਸੰਯੁਕਤ ਰਾਸ਼ਟਰ

**ਸੰਯੁਕਤ ਰਾਸ਼ਟਰ:** ਪਹਿਲੀ ਵਾਰ ਵੱਖਰੀ ਕਿਸਮ ਨਾਲ ਕੌਮਾਂਤਰੀ ਯੋਗ ਦਿਵਸ ਮਨਾਉਣ ਮੌਕੇ ਸੰਯੁਕਤ ਰਾਸ਼ਟਰ ਮਹਾਸਭਾ ਦਾ ਹਾਲ ਓਮ ਤੇ ਸ਼ਾਂਤੀ ਦੇ ਮੰਤਰਾਂ ਨਾਲ ਗੂੰਜਿਆ, ਜਿਥੇ ਸੰਯੁਕਤ ਰਾਸ਼ਟਰ ਦੇ ਅਧਿਕਾਰੀਆਂ ਤੇ ਕੂਟਨੀਤਿਕਾਂ ਨੇ ਜਲਵਾਯੂ ਤਬਦੀਲੀ 'ਤੇ ਜਾਗਰੂਕਤਾ ਫੈਲਾਉਣ, ਸਹਿਣਸ਼ੀਲਤਾ ਤੇ ਸ਼ਾਂਤੀ ਨੂੰ ਉਤਸ਼ਾਹਿਤ ਕਰਦੇ ਯੋਗ ਦੇ ਸੰਦੇਸ਼ ਨੂੰ ਹਰੇਕ ਦੇਸ਼ 'ਚ ਪਹੁੰਚਾਉਣ ਲਈ ਆਸਨ ਤੇ ਪ੍ਰਾਣਯਾਮ ਵਿਚ ਹਿੱਸਾ ਲਿਆ। ਕੌਮਾਂਤਰੀ ਯੋਗ ਦਿਵਸ ਮਨਾਉਣ ਲਈ ਸੰਯੁਕਤ ਰਾਸ਼ਟਰ 'ਚ ਭਾਰਤ ਦੇ ਸਥਾਈ ਮਿਸ਼ਨ ਵਲੋਂ ਕਰਵਾਏ ਗਏ ਸਮਾਗਮ ਸਬੰਧੀ ਸੰਯੁਕਤ ਰਾਸ਼ਟਰ ਮਹਾਸਭਾ ਦੇ ਹਾਲ, ਜਿਥੇ ਹਰੇਕ ਸਾਲ ਸੰਯੁਕਤ ਰਾਸ਼ਟਰ ਦੇ ਉਚ-ਪੱਧਰੀ ਇਜਲਾਸ 'ਚ ਹਿੱਸਾ ਲੈਣ ਲਈ ਪੂਰੇ ਵਿਸ਼ਵ ਤੋਂ ਨੇਤਾ ਇਕੱਠੇ ਹੁੰਦੇ ਹਨ, ਵਿਚ ਸੰਯੁਕਤ ਰਾਸ਼ਟਰ ਦੇ ਕੂਟਨੀਤਿਕਾਂ, ਅਧਿਕਾਰੀਆਂ, ਯੋਗ ਗੁਰੂਆਂ, ਡਾਕਟਰਾਂ, ਬੱਚਿਆਂ ਤੇ ਵੱਖ-ਵੱਖ ਖੇਤਰਾਂ ਦੇ ਲੋਕਾਂ ਨੇ ਹਿੱਸਾ ਲਿਆ।

## ਵਿਸ਼ਵ ਦੇ ਸਭ ਤੋਂ ਤਾਕਤਵਰ ਵਿਅਕਤੀ ਬਣੇ ਮੋਦੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਵਿਸ਼ਵ ਨੇ ਇਕ ਵਾਰ ਫਿਰ ਤੋਂ ਲੋਹਾ ਮੰਨਿਆ ਹੈ। ਬਰਤਾਨੀਆ ਦੇ ਮਾਸਿਕ ਮੈਗਜ਼ੀਨ ਹੈਰਲਡ ਵੱਲੋਂ ਕਰਵਾਏ ਸਰਵੇਖਣ ਦੌਰਾਨ ਪਾਠਕਾਂ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਸਾਲ 2019 'ਚ ਦੁਨੀਆ ਦਾ ਸਭ ਤੋਂ ਤਾਕਤਵਰ ਇਨਸਾਨ ਚੁਣਿਆ ਹੈ। ਹੈਰਲਡ ਦੇ ਇਸ ਸਰਵੇਖਣ 'ਚ 25 ਤੋਂ ਜ਼ਿਆਦਾ ਹਸਤੀਆਂ ਨੂੰ ਸ਼ਾਮਿਲ ਕੀਤਾ ਗਿਆ ਸੀ, ਜਿਸ 'ਚ ਦੁਨੀਆ ਦੇ ਤਾਕਤਵਰ ਨੇਤਾਵਾਂ ਜਿਵੇਂ ਵਲਾਦੀਮੀਰ ਪੁਤਿਨ, ਡੋਨਾਲਡ ਟਰੰਪ ਤੇ ਸ਼ੀ ਜਿਨਪਿੰਗ ਨੂੰ ਜਗ੍ਹਾ ਦਿੱਤੀ ਗਈ ਸੀ।

ਇਨ੍ਹਾਂ ਸ਼ਖ਼ਸੀਅਤਾਂ ਨੂੰ ਜੱਜ ਕਰਨ ਵਾਲੇ ਪੈਨਲ ਨੇ ਸਭ ਤੋਂ ਤਾਕਤਵਰ ਵਿਅਕਤੀ ਦੀ ਚੋਣ ਲਈ 4 ਉਮੀਦਵਾਰਾਂ ਦੇ ਨਾਂ ਸਾਹਮਣੇ ਰੱਖੇ ਸਨ, ਜਿਨ੍ਹਾਂ ਲਈ ਵੋਟਾਂ ਪਵਾਈਆਂ ਗਈਆਂ। ਮੈਗਜ਼ੀਨ ਵਲੋਂ ਜਾਅਲੀ ਵੋਟਾਂ ਨੂੰ ਰੋਕਣ ਲਈ ਵੋਟਰਾਂ ਨੂੰ ਓ.ਟੀ.ਪੀ. (ਵਨ ਟਾਈਮ ਪਾਸਵਰਡ) ਮੁਹੱਈਆ ਕਰਵਾਏ ਗਏ ਸਨ, ਤਾਂ ਕਿ ਕੋਈ ਵੋਟਰ ਇਕ ਤੋਂ ਜ਼ਿਆਦਾ ਵਾਰ ਵੋਟ ਨਾ ਕਰ ਸਕੇ, ਪਰ ਵੋਟਰਾਂ ਵਲੋਂ ਦਿਖਾਏ ਉਤਸ਼ਾਹ ਕਾਰਨ ਮੈਗਜ਼ੀਨ ਦੀ ਵੈੱਬਸਾਈਟ ਕਰੈਸ਼ ਹੋ ਗਈ। ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਭ ਤੋਂ ਜ਼ਿਆਦਾ 30.9 ਫੀਸਦੀ ਵੋਟਾਂ ਮਿਲੀਆਂ। ਹੈਰਲਡ ਮੈਗਜ਼ੀਨ ਦੇ ਨਵੇਂ ਅੰਕ ਦੇ ਮੁੱਖ ਪੰਨੇ 'ਤੇ ਹੁਣ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤਸਵੀਰ ਪ੍ਰਕਾਸ਼ਿਤ ਕੀਤੀ ਜਾਵੇਗੀ, ਜੋ ਕਿ 15 ਜੁਲਾਈ ਨੂੰ ਜਾਰੀ ਹੋਵੇਗਾ।

# ਓਮ ਬਿਰਲਾ ਸਰਬਸੰਮਤੀ ਨਾਲ ਲੋਕ ਸਭਾ ਦੇ ਸਪੀਕਰ ਬਣੇ

**ਨਵੀਂ ਦਿੱਲੀ:** ਕੌਮੀ ਜਮਹੂਰੀ ਗਠਜੋੜ ਦੇ ਉਮੀਦਵਾਰ ਓਮ ਬਿਰਲਾ ਨੂੰ ਸਰਬਸੰਮਤੀ ਨਾਲ ਲੋਕ ਸਭਾ ਦਾ ਸਪੀਕਰ ਚੁਣ ਲਿਆ ਗਿਆ। ਚੋਣ ਮਗਰੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਵਿਰੋਧੀ ਧਿਰ ਨੇ ਸ੍ਰੀ ਬਿਰਲਾ ਨੂੰ ਯਕੀਨ ਦਿਵਾਇਆ ਕਿ ਉਹ ਸਦਨ ਦੀ ਕਾਰਵਾਈ ਨੂੰ ਸੁਖਾਲੇ ਢੰਗ ਨਾਲ ਚਲਾਉਣ ਲਈ ਹਰ ਸੰਭਵ ਸਹਿਯੋਗ ਦੇਣਗੇ।

ਇਸ ਦੌਰਾਨ ਕਾਂਗਰਸ ਆਗੂ ਅਧੀਰ ਰੰਜਨ ਚੌਧਰੀ, ਡੀ.ਐਮ.ਕੇ. ਆਗੂ ਟੀ.ਆਰ.ਬਾਲੂ ਤੇ ਤ੍ਰਿਣਮੂਲ ਕਾਂਗਰਸ ਦੇ ਸੁਦੀਪ ਬੰਧੋਪਾਧਿਆਏ ਸਮੇਤ ਹੋਰਨਾਂ ਨੇ ਵੀ ਬਿਰਲਾ ਦੀ ਹਮਾਇਤ ਕੀਤੀ। ਉਨ੍ਹਾਂ ਸ੍ਰੀ ਬਿਰਲਾ ਨੂੰ ਹੇਠਲੇ ਸਦਨ ਦੇ ਪ੍ਰਮੁੱਖ ਵਜੋਂ ਨਿਰਪੱਖ ਰਹਿਣ ਦੀ ਅਪੀਲ ਕੀਤੀ। ਇਸ ਤੋਂ ਪਹਿਲਾਂ ਬਿਰਲਾ ਦੀ ਹਮਾਇਤ ਵਿਚ ਕੁੱਲ 13 ਮਤੇ ਪੇਸ਼ ਕੀਤੇ ਗਏ ਤੇ ਪ੍ਰੋ-ਟੈਮ ਸਪੀਕਰ ਵੀਰੇਂਦਰ ਕੁਮਾਰ ਨੇ ਨਵੇਂ ਸਪੀਕਰ ਵਜੋਂ ਬਿਰਲਾ ਦੀ ਨਿਯੁਕਤੀ ਦਾ ਐਲਾਨ ਕਰ ਦਿੱਤਾ। ਸ੍ਰੀ ਮੋਦੀ ਨਵੇਂ ਸਪੀਕਰ ਨੂੰ ਉਨ੍ਹਾਂ ਦੀ ਕੁਰਸੀ ਤੱਕ ਲੈ ਕੇ ਗਏ।

ਭਾਜਪਾ, ਕਾਂਗਰਸ, ਡੀ.ਐਮ.ਕੇ. ਤੇ ਤ੍ਰਿਣਮੂਲ ਕਾਂਗਰਸ ਦੇ ਕਈ ਆਗੂਆਂ ਨੇ ਪੋਡੀਅਮ 'ਤੇ ਜਾ ਕੇ ਨਵੇਂ ਸਪੀਕਰ ਨੂੰ ਵਧਾਈ ਦਿੱਤੀ। ਪ੍ਰਧਾਨ ਮੰਤਰੀ ਮੋਦੀ ਨੇ ਬਿਰਲਾ ਨੂੰ ਮੁਬਾਰਕਬਾਦ ਦਿੰਦਿਆਂ ਉਨ੍ਹਾਂ ਦੇ ਜਨਤਕ ਜੀਵਨ ਤੇ ਸਮਾਜਿਕ ਕੰਮਾਂ ਦਾ ਵੀ ਜ਼ਿਕਰ ਕੀਤਾ।

ਇਸ ਦੌਰਾਨ ਸ੍ਰੀ ਬਿਰਲਾ ਨੇ ਆਪਣੇ ਸੰਬੋਧਨ ਵਿਚ ਸੰਸਦ ਮੈਂਬਰਾਂ ਨੂੰ ਯਕੀਨ ਦਿਵਾਇਆ ਕਿ ਉਹ ਸਦਨ ਦੀ ਕਾਰਵਾਈ ਨੂੰ



ਨਿਰਪੱਖ ਰਹਿ ਕੇ ਚਲਾਉਣਗੇ ਤੇ ਹਰ ਕਿਸੇ ਦੀ ਗੱਲ ਸੁਣੀ ਜਾਵੇਗੀ। ਉਧਰ ਲੋਕ ਸਭਾ ਵਿਚ ਕਾਂਗਰਸ ਪਾਰਟੀ ਦੇ ਆਗੂ ਅਧੀਰ ਰੰਜਨ ਚੌਧਰੀ ਨੇ ਨਵੇਂ ਸਪੀਕਰ ਨੂੰ ਖੁੱਲ੍ਹੇ ਦਿਲ ਨਾਲ ਹਮਾਇਤ ਦੇਣ ਦਾ ਐਲਾਨ ਕਰਦਿਆਂ ਅਪੀਲ ਕੀਤੀ ਕਿ ਉਹ ਇਸ ਜ਼ਿੰਮੇਵਾਰੀ ਦੌਰਾਨ ਨਿਰਪੱਖ ਰਹਿਣ ਤੇ ਵਿਰੋਧੀ ਧਿਰ ਨੂੰ ਲੋਕ ਹਿੱਤ ਨਾਲ ਜੁੜੇ ਮੁੱਦੇ ਚੁੱਕਣ ਲਈ ਲੋੜੀਂਦਾ ਸਮਾਂ ਦੇਣ।


**Franchise Motel, Restaurant & Apartments for Sale**

**ਫਰੈਂਚਾਈਜ਼ ਮੋਟਲ, ਰੈਸਟੋਰੈਂਟ ਅਤੇ ਅਪਾਰਟਮੈਂਟ ਵਿਕਾਊ ਹਨ**

**In North East Pennsylvania**

**50 Rooms Franchise Motel For Sale On I 81**
- + 7 Apartments
- + Restaurant (Seats 250) with Bar
- + Attached to Restaurant, 2 Meeting Rooms with Bars
- + One 3 Bedroom Owner House
- + 3 Bedroom Manager's Apartment.
- + Living room with kitchen on back of main office

**Price $1.4 Million**

**Email: rajenvpatel@comcast.net**

**Ph: 570-313-3440**

26-27



## Matrimonials

### ਲੜਕੇ ਦੀ ਲੋੜ ਹੈ

Well established, affluent, educated Jatt Sikh family seeks professional US born match for beautiful, gracious US born 24 year old daughter, 5'-9", currently completing medical education, pursuing a career in dermatology. Contact: balkar76@gmail.com

ਗਿੱਲ ਜੱਟ ਸਿੱਖ, ਉਮਰ 23 ਸਾਲ, ਕੱਦ 5'-4", ਬੀ. ਏ. ਕੰਪਿਊਟਰ ਡਿਪੋਲਮਾ, ਸੁਸੀਲ, ਸੁੰਦਰ ਲੜਕੀ, ਜੋ ਇਸ ਸਮੇਂ ਅਮਰੀਕਾ ਵਿਚ ਵਿਜ਼ਿਟਰ/ਬਿਜਨਸ ਵੀਜ਼ੇ 'ਤੇ ਪਿਛਲੇ ਕਰੀਬ ਦੋ ਮਹੀਨੇ ਤੋਂ ਹੈ, ਲਈ ਯੋਗ ਵਰ ਦੀ ਲੋੜ ਹੈ। ਸੰਪਰਕ ਕਰੋ: mank86575@gmail.com ਜਾਂ ਫੋਨ: 765-212-9289 20-23

### ਲੜਕੀ ਦੀ ਲੋੜ ਹੈ

Wanted suitable beautiful girl from USA or Canada for Canadian citizen boy, 29 years, 5'-10", double bachelor in IT. Good job with CWB bank. Girl on visitor visa can also considered. Pl. contact with photo, email: chandi.avtar@yahoo.com or Ph: 780-200-8082 24-27

Well established, educated small Jatt Sikh, Sekhon Family seeks a US born, or Green Card holder match for their well educated, hard worker, 23 years old son, 6'-1", currently doing Business Administration in a Private University, on F1 visa. He is in the United States since 2015. Clean record. Contact, Ph: 561-221-7559, 815-276-3557 or e-mail: sherisekhon88@gmail.com


## ਭਾਦਸੋਂ ਤੇ ਤਲਵਾੜਾ ਨਗਰ ਪੰਚਾਇਤਾਂ 'ਤੇ ਕਾਂਗਰਸ ਦਾ ਕਬਜ਼ਾ

**ਚੰਡੀਗੜ੍ਹ :** ਪੰਜਾਬ ਦੀਆਂ ਦੋ ਨਗਰ ਪੰਚਾਇਤਾਂ ਭਾਦਸੋਂ ਅਤੇ ਤਲਵਾੜਾ ਦੀਆਂ ਆਮ ਚੋਣਾਂ 'ਚ ਸੱਤਾਧਾਰੀ ਕਾਂਗਰਸ ਨੇ ਜਿੱਤ ਹਾਸਲ ਕਰਦਿਆਂ ਇਨ੍ਹਾਂ ਦੋਵਾਂ ਸਥਾਨਕ ਸੰਸਥਾਵਾਂ 'ਤੇ ਕਬਜ਼ਾ ਕਰ ਲਿਆ ਹੈ। ਸੂਬਾਈ ਚੋਣ ਕਮਿਸ਼ਨ ਵੱਲੋਂ ਅੰਮ੍ਰਿਤਸਰ, ਫਗਵਾੜਾ, ਬਠਿੰਡਾ, ਮੋਗਾ ਦੀਆਂ ਨਗਰ ਨਿਗਮਾਂ ਅਤੇ 10 ਮਿਊਂਸਿਪਲ ਕਮੇਟੀਆਂ ਦੇ ਵਾਰਡਾਂ ਦੀਆਂ ਜ਼ਿਮਨੀ ਚੋਣਾਂ ਵੀ ਕਰਵਾਈਆਂ ਗਈਆਂ ਸਨ।

ਕਮਿਸ਼ਨ ਮੁਤਾਬਕ ਭਾਦਸੋਂ 'ਚ ਵੋਟਰਾਂ ਨੇ ਤਕੜਾ ਹੁੰਗਾਰਾ ਦਿੱਤਾ ਤੇ ਵੋਟਾਂ 82 ਫੀਸਦ ਤੱਕ ਪਈਆਂ ਜਦਕਿ ਤਲਵਾੜਾ ਵਿਚ ਵੋਟਾਂ ਦੇ ਭੁਗਤਾਨ ਦਾ ਰੁਝਾਨ ਬਹੁਤ ਮੱਠਾ ਰਿਹਾ। ਇਸ ਕਸਬੇ ਦੇ ਮਹਿਜ 58.96 ਫੀਸਦ ਵੋਟਰਾਂ ਨੇ ਹੀ ਵੋਟਾਂ ਪਾਈਆਂ। ਇਨ੍ਹਾਂ ਜ਼ਿਮਨੀ ਚੋਣਾਂ 'ਚ ਵੀ ਬਹੁਤੀਆਂ ਕਾਂਗਰਸ ਨੇ ਹਥਿਆ ਲਈਆਂ ਹਨ।

ਸੂਬਾਈ ਚੋਣ ਕਮਿਸ਼ਨ ਦਾ ਦੱਸਣਾ ਹੈ ਕਿ ਹੁਸ਼ਿਆਰਪੁਰ ਜ਼ਿਲ੍ਹੇ ਦੇ ਕਸਬਾ ਤਲਵਾੜਾ ਦੀ ਨਗਰ ਪੰਚਾਇਤ ਦੇ ਕੁੱਲ 13 ਵਾਰਡਾਂ ਵਿਚੋਂ ਕਾਂਗਰਸ ਦੇ 11 ਉਮੀਦਵਾਰ ਜਿੱਤਣ 'ਚ ਕਾਮਯਾਬ ਰਹੇ ਜਦਕਿ ਭਾਜਪਾ ਨੂੰ ਸਿਰਫ ਇੱਕੋ ਵਾਰਡ 'ਤੇ ਜਿੱਤ ਹਾਸਲ ਹੋਈ ਤੇ ਇੱਕ ਵਾਰਡ 'ਤੇ ਆਜ਼ਾਦ ਉਮੀਦਵਾਰ ਜਿੱਤਿਆ ਹੈ। ਇਸੇ ਤਰ੍ਹਾਂ ਪਟਿਆਲਾ ਜ਼ਿਲ੍ਹੇ ਦੇ ਭਾਦਸੋਂ ਕਸਬੇ ਦੇ 11 ਵਾਰਡਾਂ ਵਿਚੋਂ ਕਾਂਗਰਸ ਨੇ 7 ਵਾਰਡਾਂ 'ਤੇ ਜਿੱਤ ਹਾਸਲ ਕੀਤੀ। ਇਸ ਨਗਰ ਪੰਚਾਇਤ ਦੇ 3 ਵਾਰਡਾਂ 'ਤੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਸਿਰਫ ਇੱਕ ਵਾਰਡ 'ਤੇ ਹੀ ਜਿੱਤ ਹਾਸਲ ਕਰ ਸਕਿਆ ਹੈ।


# ਰੈਸਟੋਰੈਂਟ ਸਟਾਫ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਨਾਉਣ ਵਾਲੇ ਕਾਰੀਗਰ (ਹਲਵਾਈ), ਤੰਦੂਰੀਏ ਤੇ ਵੈਜੀਟੇਰੀਅਨ ਬਫੇ (ਨਾਰਥ ਐਂਡ ਸਾਊਥ ਇੰਡੀਅਨ) ਬਨਾਉਣ ਵਾਲੇ ਸ਼ੈਫ ਦੀ ਲੋੜ ਹੈ।

ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ

ਮੁਖਤਿਆਰ ਸਿੰਘ, ਫੋਨ: 713-884-9547

ਸੁਖਦੇਵ ਸਿੰਘ, ਫੋਨ: 832-724-1635

22+



# Wanted Workers

**Need workers for Restaurant and Gas stations In Eureka, CA.**

*Housing and food provide.*

ਯੂਰੇਕਾ, ਕੈਲੀਫੋਰਨੀਆ ਵਿਚ ਰੈਸਟੋਰੈਂਟ ਅਤੇ ਗੈਸ ਸਟੇਸ਼ਨ ਲਈ ਵਰਕਰਾਂ ਦੀ ਲੋੜ ਹੈ

ਰਿਹਾਇਸ਼ ਅਤੇ ਖਾਣਾ ਮੁਫਤ

**Call, Gurpreet Singh Sohal**

**Ph: 707-498-9325**

redwoodpetroleum@gmail.com

23-26

# ਗੁਰੂ ਨਾਨਕ ਦਾ ਪ੍ਰਕਾਸ਼ ਪੁਰਬ ਸਾਂਝੇ ਤੌਰ 'ਤੇ ਮਨਾਉਣ ਲਈ ਸਹਿਮਤੀ

**ਚੰਡੀਗੜ੍ਹ:** ਪੰਜਾਬ ਸਰਕਾਰ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਸਾਂਝੇ ਤੌਰ 'ਤੇ ਮਨਾਉਣ ਲਈ ਸਹਿਮਤ ਹੋਣ ਦੇ ਆਸਾਰ ਬਣ ਗਏ ਹਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੰਤਰੀਆਂ ਦੀ ਕਮੇਟੀ ਨੂੰ ਕਿਹਾ ਹੈ ਕਿ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਤਾਲਮੇਲ ਕਰਨ ਤਾਂ ਕਿ ਗੁਰਪੁਰਬ ਮੌਕੇ ਕੀਤੇ



ਜਾਣ ਵਾਲੇ ਬਹੁਤ ਵੱਡੇ ਸਮਾਗਮਾਂ ਨੂੰ ਸਾਂਝੇ ਤੌਰ 'ਤੇ ਕੀਤਾ ਜਾ ਸਕੇ। ਇਸ ਤੋਂ ਪਹਿਲਾਂ ਅਕਾਲ ਤਖਤ ਦੇ ਜਥੇਦਾਰ ਨੇ ਕਮੇਟੀ ਦੇ ਪ੍ਰਧਾਨ ਨੂੰ ਪੱਤਰ ਲਿਖ ਕੇ ਕਿਹਾ ਸੀ ਕਿ ਗੁਰੂ ਨਾਨਕ ਦੇਵ ਦੇ 550ਵੇਂ ਗੁਰਪੁਰਬ ਦੇ ਸਮਾਗਮ ਸਾਂਝੇ ਤੌਰ 'ਤੇ ਮਨਾਏ ਜਾਣੇ ਚਾਹੀਦੇ ਹਨ।

ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਪੱਤਰ ਵੀ ਲਿਖਿਆ ਸੀ ਤੇ ਇਸ ਸਿਲਸਿਲੇ 'ਚ ਸਮਾਂ ਵੀ ਮੰਗਿਆ ਸੀ।

ਜਥੇਦਾਰ ਲੌਂਗੋਵਾਲ ਨੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 550ਵੇਂ ਗੁਰਪੁਰਬ ਮੌਕੇ ਸਾਂਝੀ ਸਟੇਜ ਲਾਉਣ ਗੁਰੂ ਨਾਨਕ ਦਾ ਪ੍ਰਕਾਸ਼ ਪੁਰਬ ਸਾਂਝੇ ਤੌਰ 'ਤੇ ਮਨਾਉਣ ਦੇ ਆਸਾਰ ਬਣੇ ਲਈ ਤਿਆਰ ਹੈ ਜਿਸ ਵਿਚ ਪੰਜਾਬ ਸਰਕਾਰ, ਕੇਂਦਰ ਸਰਕਾਰ ਹੋਰ ਸਰਕਾਰਾਂ ਦੇ ਪ੍ਰਤੀਨਿਧ ਅਤੇ ਹੋਰ ਸਿੱਖ ਜਥੇਬੰਦੀਆਂ ਸ਼ਾਮਲ ਹੋਣ। ਉਨ੍ਹਾਂ ਦੱਸਿਆ ਕਿ ਉਹ ਗੁਜਰਾਤ ਦੇ ਮੁੱਖ ਮੰਤਰੀ ਵਿਜੈ ਰੁਪਾਨੀ ਨੂੰ ਸੱਦਾ ਦੇ ਆਏ ਹਨ ਤੇ ਇਸ ਤੋਂ ਪਹਿਲਾਂ ਕੁਝ ਹੋਰ ਮੁੱਖ ਮੰਤਰੀਆਂ ਨੂੰ ਵੀ ਸੱਦਾ ਪੱਤਰ ਦੇ ਚੁੱਕੇ ਹਨ। ਮੁੱਖ ਮੰਤਰੀ ਨੇ ਗੁਰਪੁਰਬ ਸਮਾਗਮਾਂ ਲਈ ਮੰਤਰੀਆਂ ਦੀ ਕਮੇਟੀ ਨੂੰ ਕਿਹਾ ਕਿ ਉਹ ਸ੍ਰੀ ਅਕਾਲ ਤਖਤ ਦੇ ਜਥੇਦਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਬਕਾਇਦਾ ਲਿਖਤੀ ਸੱਦਾ ਪੱਤਰ ਦੇਣ ਅਤੇ ਸਮਾਗਮਾਂ ਦੀ ਸਫਲਤਾ ਲਈ ਅਗਵਾਈ ਤੇ ਸਹਿਯੋਗ ਲਈ ਬੇਨਤੀ ਕਰਨ। ਇਸ ਸਬੰਧੀ ਬਣਾਈ ਮੰਤਰੀਆਂ ਦੀ ਕਮੇਟੀ ਵਿਚ ਸੈਰ ਸਪਾਟਾ ਅਤੇ ਸਭਿਆਚਾਰਕ ਮਾਮਲਿਆਂ ਦੇ ਮੰਤਰੀ ਚਰਨਜੀਤ ਸਿੰਘ ਚੰਨੀ, ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਅਤੇ ਕੈਬਨਿਟ ਮੰਤਰੀ ਓ.ਪੀ. ਸੋਨੀ ਸ਼ਾਮਲ ਹਨ। ਉਨ੍ਹਾਂ ਨੂੰ ਪ੍ਰਬੰਧਾਂ ਦਾ ਹਰ ਰੋਜ਼ ਸਮੀਖਿਆ ਕਰਨ ਲਈ ਵੀ ਕਿਹਾ ਗਿਆ ਹੈ।

ਮੁੱਖ ਮੰਤਰੀ ਨੇ ਮੰਤਰੀਆਂ ਦੀ ਕਮੇਟੀ ਨੂੰ ਗੁਰਪੁਰਬ ਮੌਕੇ ਦਸ ਰੋਜ਼ਾ ਸਮਾਗਮਾਂ ਲਈ ਪੰਜ ਨਵੰਬਰ ਤੋਂ ਲੈ ਕੇ 15 ਨਵੰਬਰ ਤਕ ਰੂਪ ਰੇਖਾ ਤਿਆਰ ਕਰਨ ਲਈ ਵੀ ਕਿਹਾ ਹੈ। ਉਨ੍ਹਾਂ ਨੇ ਮੁੱਖ ਸਕੱਤਰ ਕਰਨ ਅਵਤਾਰ ਨੂੰ ਕਿਹਾ ਕਿ ਉਹ 136 ਕਿਲੋਮੀਟਰ ਲੰਮੇ ਗੁਰੂ ਨਾਨਕ ਦੇਵ ਜੀ ਮਾਰਗ ਦੇ ਨਵੀਨੀਕਰਨ ਦੇ ਪ੍ਰਬੰਧਾਂ ਦੀ ਖੁਦ ਨਿਗਰਾਨੀ ਕਰਨ। ਮੁੱਖ ਮੰਤਰੀ ਨੇ ਸਥਾਨਕ ਸਰਕਾਰਾਂ ਵਿਭਾਗ ਦੇ ਸੀਨੀਅਰ ਅਧਿਕਾਰੀ ਨੂੰ ਕਿਹਾ ਕਿ ਵਿਰਾਸਤੀ ਸ਼ਹਿਰ ਸੁਲਤਾਨਪੁਰ ਲੋਧੀ ਨੂੰ ਸਮਾਰਟ ਸਿਟੀ ਪ੍ਰਾਜੈਕਟ ਤਹਿਤ ਵਿਕਸਿਤ ਕਰਨ ਲਈ ਕੇਂਦਰ ਸਰਕਾਰ ਕੋਲ ਜ਼ੋਰਦਾਰ ਢੰਗ ਨਾਲ ਮਾਮਲਾ ਉਠਾਇਆ ਜਾਵੇ। ਮੁੱਖ ਮੰਤਰੀ ਨੇ ਲੜਕੀਆਂ ਲਈ ਸੁਲਤਾਨਪੁਰ ਲੋਧੀ ਵਿਚ ਬੇਬੇ ਨਾਨਕੀ ਯੂਨੀਵਰਸਿਟੀ ਕਾਲਜ ਦੀਆਂ ਕਲਾਸਾਂ ਵੀ ਇਸੇ ਸੈਸ਼ਨ ਤੋਂ ਸ਼ੁਰੂ ਕਰਨ ਲਈ ਸਹਿਮਤੀ ਦੇ ਦਿੱਤੀ ਹੈ। ਪਹਿਲੇ ਤਿੰਨ ਸਾਲ ਕਾਲਜ ਵਿਚ ਮੁਫਤ ਸਿੱਖਿਆ ਦਿੱਤੀ ਜਾਵੇਗੀ। ਗੁਰਪੁਰਬ ਤੋਂ ਪਹਿਲਾਂ ਤਿਆਰੀਆਂ ਦੇ ਪਾਸਾਰ ਅਤੇ ਪ੍ਰਚਾਰ ਲਈ ਸਾਈਕਲ ਰੈਲੀ, ਕਬੱਡੀ ਚੈਂਪੀਅਨਸ਼ਿਪ ਕਰਵਾਈ ਜਾਵੇਗੀ।

## ਪ੍ਰਕਾਸ਼ ਪੁਰਬ ਇਕ ਮੰਚ ਤੋਂ ਮਨਾਉਣ ਦਾ ਸ਼੍ਰੋਮਣੀ ਕਮੇਟੀ ਵੱਲੋਂ ਸਵਾਗਤ

**ਅੰਮ੍ਰਿਤਸਰ:** ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਾਂਝੇ ਤੌਰ 'ਤੇ ਇਕ ਮੰਚ ਤੋਂ ਮਨਾਉਣ ਬਾਰੇ ਪੰਜਾਬ ਸਰਕਾਰ ਵੱਲੋਂ ਦਿੱਤੇ ਗਏ ਹੁੰਗਾਰੇ ਦਾ ਸ਼੍ਰੋਮਣੀ ਕਮੇਟੀ ਨੇ ਸਵਾਗਤ ਕਰਦਿਆਂ ਕਿਹਾ ਕਿ ਇਸ ਨਾਲ ਗੁਰੂ ਸਾਹਿਬ ਦਾ ਇਕਜੁੱਟਤਾ ਦਾ ਸੰਦੇਸ਼ ਵਿਸ਼ਵ ਭਰ ਵਿਚ ਜਾਵੇਗਾ। ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਸ਼੍ਰੋਮਣੀ ਕਮੇਟੀ ਅਤੇ ਪੰਜਾਬ ਸਰਕਾਰ ਨੂੰ ਆਖਿਆ ਗਿਆ ਸੀ ਕਿ 550 ਸਾਲਾ ਪ੍ਰਕਾਸ਼ ਪੁਰਬ ਸਮਾਗਮ ਵੱਖ ਵੱਖ ਨਾ ਮਨਾਏ ਜਾਣ। ਉਨ੍ਹਾਂ ਇਸ ਸਬੰਧ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੂੰ ਯਤਨ ਕਰਨ ਵਾਸਤੇ ਕਿਹਾ ਸੀ। ਇਸ ਮਗਰੋਂ ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਮੁੱਖ ਮੰਤਰੀ ਨੂੰ ਪੱਤਰ ਵੀ ਭੇਜਿਆ ਗਿਆ ਸੀ। ਹੁਣ ਇਸੇ ਸਬੰਧ ਵਿਚ ਮੁੱਖ ਮੰਤਰੀ ਨੇ ਵੀ ਹੁੰਗਾਰਾ ਦਿੱਤਾ ਹੈ।

## ਜਥੇਦਾਰ ਵੱਲੋਂ ਪ੍ਰਕਾਸ਼ ਪੁਰਬ ਇਕਜੁੱਟਤਾ ਨਾਲ ਮਨਾਉਣ ਦੀ ਅਪੀਲ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਪੁਰਬ ਹਰ ਸਿੱਖ ਨੂੰ ਸਿਆਸਤ ਤੋਂ ਉਪਰ ਉਠ ਕੇ ਇਕਜੁੱਟਤਾ ਨਾਲ ਮਨਾਉਣਾ ਚਾਹੀਦਾ ਹੈ ਤਾਂ ਜੋ ਵਿਸ਼ਵ ਵਿਚ ਇਹ ਸੁਨੇਹਾ ਜਾਵੇ ਕਿ ਸਮੁੱਚਾ ਸਿੱਖ ਭਾਈਚਾਰਾ ਇਕ ਹੈ। ਉਨ੍ਹਾਂ ਆਖਿਆ ਕਿ 550 ਸਾਲਾ ਪ੍ਰਕਾਸ਼ ਪੁਰਬ ਇਕ ਮੰਚ ਤੋਂ ਇਕਜੁੱਟਤਾ ਨਾਲ ਮਨਾਉਣ ਸਬੰਧੀ ਉਨ੍ਹਾਂ ਸ਼੍ਰੋਮਣੀ ਕਮੇਟੀ ਅਤੇ ਪੰਜਾਬ ਸਰਕਾਰ ਦੋਵਾਂ ਨੂੰ ਪੱਤਰ ਜਾਰੀ ਕੀਤੇ ਸਨ। ਇਸ ਸਬੰਧੀ ਸ਼੍ਰੋਮਣੀ ਕਮੇਟੀ ਵੀ ਯਤਨਸ਼ੀਲ ਸੀ ਅਤੇ ਹੁਣ ਪੰਜਾਬ ਸਰਕਾਰ ਨੇ ਹਾਂ ਪੱਖੀ ਹੁੰਗਾਰਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਿੱਖ ਵਿਅਕਤੀ ਚਾਹੇ ਕਾਂਗਰਸ 'ਚ ਹੋਵੇ ਜਾਂ ਅਕਾਲੀ ਦਲ ਵਿਚ, ਉਹ ਪਹਿਲਾਂ ਸਿੱਖ ਹੈ ਅਤੇ ਉਸ ਨੂੰ ਇਹ ਪ੍ਰਕਾਸ਼ ਪੁਰਬ ਸਮਾਗਮ ਸਿਆਸਤ ਤੋਂ ਉਪਰ ਉਠ ਕੇ ਇਕਜੁੱਟਤਾ ਨਾਲ ਮਨਾਉਣਾ ਚਾਹੀਦਾ ਹੈ।

# ਦਿੱਲੀ ਤੋਂ ਨਨਕਾਣਾ ਸਾਹਿਬ ਤੱਕ ਨਗਰ ਕੀਰਤਨ ਸਜਾਉਣ ਦੀ ਮਨਜ਼ੂਰੀ

**ਅੰਮ੍ਰਿਤਸਰ:** ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਕ ਨਗਰ ਕੀਰਤਨ ਦਿੱਲੀ ਤੋਂ ਗੁਰਦੁਆਰਾ ਨਨਕਾਣਾ ਸਾਹਿਬ (ਪਾਕਿਸਤਾਨ) ਤਕ ਸਜਾਇਆ ਜਾਵੇਗਾ। ਇਸ ਸਬੰਧ ਵਿਚ ਪਾਕਿਸਤਾਨ ਸਰਕਾਰ ਵੱਲੋਂ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਦਿੱਲੀ ਅਕਾਲੀ ਦਲ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਇਸ ਦੀ ਪੁਸ਼ਟੀ ਕਰਦਿਆਂ ਸਰਨਾ ਨੇ ਦੱਸਿਆ ਕਿ ਪਾਕਿਸਤਾਨ ਸਰਕਾਰ ਵੱਲੋਂ ਇਹ ਪ੍ਰਵਾਨਗੀ ਭਾਵੇਂ ਪਹਿਲਾਂ ਹੀ ਦੇ ਦਿੱਤੀ ਗਈ ਸੀ ਪਰ ਇਸ ਸਬੰਧੀ ਰਸਮੀ ਪ੍ਰਵਾਨਗੀ ਪੱਤਰ ਅਪਰੈਲ ਮਹੀਨੇ ਜਾਰੀ ਕੀਤਾ ਗਿਆ ਹੈ।

ਇਹ ਪ੍ਰਵਾਨਗੀ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪੱਤਰ ਰਾਹੀਂ ਦਿੱਤੀ ਗਈ ਹੈ, ਜਿਸ ਉਪਰ ਪ੍ਰਧਾਨ ਤਾਰਾ ਸਿੰਘ ਦੇ ਦਸਤਖਤ ਹਨ। ਸ. ਸਰਨਾ ਨੇ ਦੱਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਹ ਨਗਰ ਕੀਰਤਨ 28 ਅਕਤੂਬਰ ਨੂੰ ਦਿੱਲੀ ਸਥਿਤ ਗੁਰਦੁਆਰਾ ਬੰਗਲਾ ਸਾਹਿਬ ਤੋਂ ਰਵਾਨਾ ਹੋਵੇਗਾ। ਅੰਮ੍ਰਿਤਸਰ ਵਿਚ ਠਹਿਰਾਅ ਮਗਰੋਂ ਨਗਰ ਕੀਰਤਨ 31 ਅਕਤੂਬਰ ਨੂੰ ਅਟਾਰੀ ਵਾਹਗਾ ਸਰਹੱਦ ਪਾਰ ਕਰਕੇ ਗੁਰਦੁਆਰਾ ਨਨਕਾਣਾ ਸਾਹਿਬ ਲਈ ਰਵਾਨਾ ਹੋਵੇਗਾ। ਪਾਵਨ ਸਰੂਪ ਵਾਲੀ ਬੱਸ ਸਰਹੱਦ ਪਾਰ ਕਰਕੇ ਨਨਕਾਣਾ ਸਾਹਿਬ ਤਕ ਜਾਵੇਗੀ। ਜਦੋਂਕਿ ਸੁਨਹਿਰੀ ਪਾਲਕੀ ਨੂੰ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਸੁਸ਼ੋਭਿਤ ਕਰਨ ਦੀ ਯੋਜਨਾ ਹੈ। ਉਨ੍ਹਾਂ ਖੁਲਾਸਾ ਕੀਤਾ ਕਿ ਲਗਭਗ 1500 ਵਿਅਕਤੀਆਂ ਨੂੰ ਸੰਗਤ ਦੇ ਰੂਪ ਵਿਚ ਵੀਜ਼ਾ ਦੇਣ ਦੀ ਪ੍ਰਵਾਨਗੀ ਦਿੱਤੀ ਗਈ ਹੈ। ਇਹ ਸੰਗਤ ਦਿੱਲੀ ਤੋਂ ਨਗਰ ਕੀਰਤਨ ਦੇ ਰੂਪ ਵਿਚ ਸਰਹੱਦ ਤਕ ਪੁੱਜੇਗੀ ਅਤੇ ਸਰਹੱਦ ਪਾਰ ਕਰਕੇ ਨਨਕਾਣਾ ਸਾਹਿਬ ਜਾਵੇਗੀ। ਪੀ.ਜੀ.ਪੀ.ਸੀ. ਵੱਲੋਂ ਜਾਰੀ ਕੀਤੇ ਪੱਤਰ ਵਿਚ ਪਰਮਜੀਤ ਸਿੰਘ ਸਰਨਾ ਵਲੋਂ ਪਾਕਿਸਤਾਨ ਸਥਿਤ ਗੁਰਦੁਆਰਿਆਂ ਦੀ ਕੀਤੀ ਗਈ ਕਾਰ ਸੇਵਾ ਦੀ ਸ਼ਲਾਘਾ ਕੀਤੀ ਗਈ ਹੈ।

# ਬਰਗਾੜੀ ਕਾਂਡ ਦੇ ਮੁੱਖ ਮੁਲਜ਼ਮ ਦਾ ਨਾਭਾ ਜੇਲ੍ਹ 'ਚ ਕਤਲ

**ਨਾਭਾ:** ਨਾਭਾ ਦੀ ਨਵੀਂ ਜ਼ਿਲ੍ਹਾ ਜੇਲ੍ਹ ਵਿਚ ਬੰਦ ਬਰਗਾੜੀ ਕਾਂਡ ਦੇ ਮੁੱਖ ਮੁਲਜ਼ਮ ਅਤੇ ਡੇਰਾ ਸੱਚਾ ਸੌਦਾ ਪ੍ਰੇਮੀ ਮਹਿੰਦਰਪਾਲ ਬਿੱਟੂ (49) ਦੀ ਜੇਲ੍ਹ ਵਿਚ ਬੰਦ ਦੋ ਹੋਰ ਕੈਦੀਆਂ ਨੇ ਇੱਟਾਂ ਨਾਲ ਹਮਲਾ ਕਰ ਕੇ ਹੱਤਿਆ ਕਰ ਦਿੱਤੀ। ਬਿੱਟੂ ਨੂੰ



ਤੁਰਤ ਨਾਭਾ ਦੇ ਸਿਵਲ ਹਸਪਤਾਲ ਲੈ ਜਾਇਆ ਗਿਆ, ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ।

ਜਾਣਕਾਰੀ ਅਨੁਸਾਰ ਨਵੀਂ ਜ਼ਿਲ੍ਹਾ ਜੇਲ੍ਹ ਅੰਦਰ ਉਸਾਰੀ ਦਾ ਕੰਮ ਚੱਲ ਰਿਹਾ ਸੀ। ਇਸ ਦੌਰਾਨ ਜੇਲ੍ਹ ਵਿਚ ਕਤਲ ਦੇ ਦੋਸ਼ ਹੇਠ ਸਜ਼ਾ ਕੱਟ ਰਹੇ ਕੈਦੀ ਗੁਰਸੇਵਕ ਸਿੰਘ ਵਾਸੀ ਪਿੰਡ ਝਿਊਰ ਮਾਜਰਾ (ਸੁਹਾਣਾ) ਤੇ ਮਨਿੰਦਰ ਸਿੰਘ ਵਾਸੀ ਪਿੰਡ ਭਗਤਾਣਾ ਥਾਣਾ ਬਡਾਲੀ ਆਲਾ ਸਿੰਘ ਨੇ ਬੇਅਦਬੀ ਦੀਆਂ ਘਟਨਾਵਾਂ ਦੇ ਰੋਸ ਵਜੋਂ ਡੇਰਾ ਪ੍ਰੇਮੀ ਮਹਿੰਦਰਪਾਲ ਬਿੱਟੂ 'ਤੇ ਇੱਟਾਂ ਨਾਲ ਹਮਲਾ ਕਰ ਦਿੱਤਾ। ਕੁਝ ਹੋਰ ਸੂਤਰਾਂ ਅਨੁਸਾਰ ਹਮਲੇ ਵਿਚ ਲੋਹੇ ਦੀਆਂ ਰਾਡਾਂ ਦੀ ਵਰਤੋਂ ਕੀਤੀ ਗਈ ਹੈ। ਇਹ ਰਾਡਾਂ ਹਮਲਾਵਰਾਂ ਨੇ ਉਸਾਰੀ ਵਾਲੀ ਥਾਂ ਤੋਂ ਚੁੱਕੀਆਂ ਸਨ। ਹਮਲੇ ਵਿਚ ਬਿੱਟੂ ਗੰਭੀਰ ਜਖਮੀ ਹੋ ਗਿਆ ਤੇ ਉਸ ਦੇ ਸਿਰ ਵਿਚ ਡੂੰਘੀਆਂ ਸੱਟਾਂ ਲੱਗੀਆਂ।

ਮਹਿੰਦਰਪਾਲ ਬਿੱਟੂ ਖਿਲਾਫ ਬਰਗਾੜੀ ਵਿਖੇ ਗੁਰੂ ਗ੍ਰੰਥ ਸਾਹਿਬ ਦੇ ਅੰਗ ਪਾੜ ਕੇ ਖਿਲਾਰਨ, ਕੋਟਕਪੂਰਾ ਵਿਚ ਧਾਰਮਿਕ ਸਾਖੀ ਦੀ ਬੇਦਅਬੀ ਕਰਨ ਅਤੇ ਮੋਗਾ ਵਿਚ ਡੇਰਾ ਪ੍ਰੇਮੀਆਂ ਨੂੰ ਭੜਕਾ ਕੇ ਰੇਲਵੇ ਲਾਈਨਾਂ ਰੋਕਣ ਦੇ ਕੁੱਲ ਤਿੰਨ ਮਾਮਲੇ ਦਰਜ ਸਨ। ਮਹਿੰਦਰਪਾਲ ਬਿੱਟੂ ਡੇਰਾ ਸੱਚਾ ਸੌਦਾ ਦੇ 'ਸੱਚ ਫੂਡ' ਦੇ ਕਾਰੋਬਾਰ ਨੂੰ ਪੰਜਾਬ ਵਿਚ ਚਲਾ ਰਿਹਾ ਸੀ, ਜਿਸ ਵਿਚੋਂ ਉਸ ਨੂੰ ਹਰ ਮਹੀਨੇ 2-3 ਲੱਖ ਰੁਪਏ ਦੀ ਆਮਦਨ ਹੁੰਦੀ ਸੀ। ਇਸ ਤੋਂ ਇਲਾਵਾ ਉਹ ਡੇਰਾ ਸੱਚਾ ਸੌਦਾ ਦੀ 45 ਮੈਂਬਰੀ ਕਮੇਟੀ ਦਾ ਮੈਂਬਰ ਸੀ। ਬੁਰਜ ਜਵਾਹਰ ਸਿੰਘ ਵਾਲਾ ਵਿਚ ਗੁਰੂ ਗ੍ਰੰਥ ਸਾਹਿਬ ਚੋਰੀ ਹੋਣ ਤੋਂ ਬਾਅਦ ਗੁਰਦੁਆਰਾ ਨੇੜੇ ਕਤਲ ਕੀਤੇ ਗਏ। ਡੇਰਾ ਪ੍ਰੇਮੀ ਗੁਰਦੇਵ ਸਿੰਘ ਦੀ ਮੌਤ ਤੋਂ ਬਾਅਦ ਮਹਿੰਦਰਪਾਲ ਬਿੱਟੂ ਸੁਰਖੀਆਂ ਵਿਚ ਆਇਆ ਸੀ। ਡੇਰਾ ਪ੍ਰੇਮੀ ਗੁਰਦੇਵ ਸਿੰਘ ਦੇ ਕਾਤਲਾਂ ਦੀ ਗ੍ਰਿਫਤਾਰ ਲਈ ਫਰੀਦਕੋਟ ਵਿਚ ਲੱਗੇ ਵਿਸ਼ਾਲ ਰੋਸ ਧਰਨੇ ਤੋਂ ਬਾਅਦ ਮਹਿੰਦਰਪਾਲ ਉਰਫ ਬਿੱਟੂ ਦਾ ਇਕ ਉੱਚ ਪੁਲੀਸ ਅਧਿਕਾਰੀ ਨਾਲ ਟਕਰਾਅ ਵੀ ਹੋ ਗਿਆ ਸੀ।

## ਬੰਬੀਹਾ ਗਰੁੱਪ ਨੇ ਲਈ ਕਤਲ ਦੀ ਜ਼ਿੰਮੇਵਾਰੀ

**ਨਾਭਾ:** ਬੇਅਦਬੀ ਕਾਂਡ ਦੇ ਮੁੱਖ ਮੁਲਜ਼ਮ ਮਹਿੰਦਰਪਾਲ ਬਿੱਟੂ ਦੇ ਨਾਭਾ ਦੀ ਜ਼ਿਲ੍ਹਾ ਜੇਲ੍ਹ ਵਿਚ ਹੋਏ ਕਤਲ ਦੀ ਜ਼ਿੰਮੇਵਾਰੀ ਬੰਬੀਹਾ ਗਰੁੱਪ ਨੇ ਲੈ ਲਈ ਹੈ। ਗੈਂਗਸਟਰ ਬੰਬੀਹਾ ਗਰੁੱਪ ਦੇ ਮੈਂਬਰ ਦਵਿੰਦਰ ਬੰਬੀਹਾ ਨੇ ਫੇਸਬੁੱਕ ਪੋਸਟ 'ਚ ਲਿਖਿਆ ਕਿ ਇਹ ਸਜ਼ਾ ਬਰਗਾੜੀ ਵਿਚ ਬੇਅਦਬੀ ਕਰ ਕੇ ਦਿੱਤੀ ਗਈ ਹੈ। ਪੋਸਟ ਵਿਚ ਜੇਲ੍ਹ ਤੇ ਪੁਲਿਸ ਅਧਿਕਾਰੀਆਂ ਨੂੰ ਦੋਵਾਂ ਨਾਲ ਕੋਈ ਵਧੀਕੀ ਨਾ ਕਰਨ ਦੀ ਚਿਤਾਵਨੀ ਵੀ ਦਿੱਤੀ ਹੈ।

## ਡੇਰਾ ਪ੍ਰੇਮੀਆਂ ਨੂੰ ਪਹਿਲਾਂ ਹੀ ਹਮਲੇ ਬਾਰੇ ਸੀ ਖਦਸ਼ਾ

**ਫਰੀਦਕੋਟ:** ਨਾਭਾ ਜੇਲ੍ਹ ਵਿਚ ਕਤਲ ਕੀਤੇ ਗਏ ਡੇਰਾ ਪ੍ਰੇਮੀ ਮਹਿੰਦਰਪਾਲ ਬਿੱਟੂ ਅਤੇ ਉਸ ਦੇ ਬਾਕੀ ਤਿੰਨ ਸਾਥੀ ਹਵਾਲਾਤੀਆਂ ਨੇ ਆਪਣੇ ਉਪਰ ਕਾਤਲਾਨਾ ਹਮਲਾ ਹੋਣ ਦੀ ਸੰਭਾਵਨਾ ਹਾਦਸੇ ਤੋਂ ਪਹਿਲਾਂ ਹੀ ਜਿਤਾਈ ਸੀ ਅਤੇ ਆਪਣੀ ਸੁਰੱਖਿਆ ਯਕੀਨੀ ਬਣਾਉਣ ਲਈ ਪੁਖਤਾ ਪ੍ਰਬੰਧਾਂ ਦੀ ਮੰਗ ਕੀਤੀ ਸੀ। ਇਸ ਦੇ ਬਾਵਜੂਦ ਪ੍ਰਬੰਧ ਨਾ ਹੋਣ ਕਰਕੇ ਨਾਭਾ ਜੇਲ੍ਹ ਵਿਚ ਮਹਿੰਦਰਪਾਲ ਬਿੱਟੂ ਦਾ ਕਤਲ ਹੋ ਗਿਆ। ਇਸ ਤੋਂ ਪਹਿਲਾਂ ਉਹ ਫਰੀਦਕੋਟ ਜੇਲ੍ਹ ਵਿਚ ਨਜ਼ਰਬੰਦ ਸੀ। ਉਸ ਦੇ ਨਾਲ ਡੇਰਾ ਪ੍ਰੇਮੀ ਸ਼ਕਤੀ ਸਿੰਘ, ਸਨੀ ਅਤੇ ਮਹਿੰਦਰਪਾਲ ਸਿੰਘ ਨਜ਼ਰਬੰਦ ਸਨ। ਫਰੀਦਕੋਟ ਜੇਲ੍ਹ ਨੇ ਸੰਭਾਵੀ ਖਤਰੇ ਨੂੰ ਦੇਖਦਿਆਂ ਬੇਅਦਬੀ ਨਾਲ ਜੁੜੇ ਡੇਰਾ ਪ੍ਰੇਮੀਆਂ ਨੂੰ ਵਿਸ਼ੇਸ਼ ਸੈੱਲ ਵਿਚ ਨਜ਼ਰਬੰਦ ਕੀਤਾ ਹੋਇਆ ਸੀ ਪਰ ਦੋ ਮਹੀਨੇ ਪਹਿਲਾਂ ਮਹਿੰਦਰਪਾਲ ਬਿੱਟੂ ਨੂੰ ਬਾਕੀ ਸਾਥੀਆਂ ਸਮੇਤ ਨਾਭੇ ਜੇਲ੍ਹ ਵਿਚ ਤਬਦੀਲ ਕਰ ਦਿੱਤਾ ਸੀ। ਕਤਲ ਹੋਣ ਤੋਂ ਪਹਿਲਾਂ ਮਹਿੰਦਰਪਾਲ ਬਿੱਟੂ ਨੇ ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਨੂੰ ਛੇ ਅਰਜ਼ੀਆਂ ਲਿਖੀਆਂ ਸਨ ਅਤੇ ਖਦਸ਼ਾ ਜਾਹਰ ਕੀਤਾ ਸੀ ਕਿ ਉਨ੍ਹਾਂ ਉਪਰ ਹਮਲਾ ਸਕਦਾ ਹੈ। ਇਸੇ ਅਧਾਰ 'ਤੇ ਮਹਿੰਦਰਪਾਲ ਬਿੱਟੂ ਨੇ ਜ਼ਮਾਨਤ ਦੀ ਵੀ ਮੰਗ ਕੀਤੀ ਸੀ, ਜਿਸ ਦਾ ਫੈਸਲਾ ਹਾਈਕੋਰਟ ਨੇ ਅਜੇ ਕਰਨਾ ਸੀ।

## ਬੇਅਦਬੀ ਦੇ ਰੋਸ ਵਜੋਂ ਹੋਈ ਡੇਰਾ ਪ੍ਰੇਮੀ ਦੀ ਹੱਤਿਆ: ਸੁਖਬੀਰ ਸਿੰਘ ਬਾਦਲ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਨਾਭਾ ਜੇਲ੍ਹ ਵਿਚ ਡੇਰਾ ਪ੍ਰੇਮੀ ਮਹਿੰਦਰਪਾਲ ਬਿੱਟੂ ਦੀ ਹੱਤਿਆ ਨੂੰ ਬੇਅਦਬੀ ਅਤੇ ਬਰਗਾੜੀ ਕਾਂਡ ਦੇ ਰੋਸ ਦਾ ਸਿੱਟਾ ਦੱਸਿਆ। ਉਨ੍ਹਾਂ ਡੇਰਾ ਪ੍ਰੇਮੀ ਦੀ ਹੱਤਿਆ ਦੀ ਨਿੰਦਾ ਕਰਦਿਆਂ ਇਸ ਦੀ ਜਾਂਚ ਦੀ ਮੰਗ ਕੀਤੀ। ਸਿੱਖ ਨੌਜਵਾਨ ਦੇ ਝੂਠੇ ਪੁਲਿਸ ਮੁਕਾਬਲੇ ਵਿਚ ਸਜ਼ਾ ਯਾਫਤਾ ਚਾਰ ਪੁਲਿਸ ਕਰਮਚਾਰੀਆਂ ਦੀ ਸਜ਼ਾ ਮੁਆਫੀ ਦਾ ਵਿਰੋਧ ਕਰਦਿਆਂ ਉਨ੍ਹਾਂ ਕਿਹਾ ਕਿ ਅਕਾਲੀ ਸਰਕਾਰ ਵੇਲੇ ਕਦੇ ਵੀ ਇਨ੍ਹਾਂ ਦੀ ਰਿਹਾਈ ਸਬੰਧੀ ਸਿਫਾਰਸ਼ ਨਹੀਂ ਕੀਤੀ ਗਈ।

## ਉਤਰੀ ਭਾਰਤ 'ਚ ਜੀ. ਐਨ. ਡੀ. ਯੂ. ਨੂੰ 17ਵਾਂ ਰੈਂਕ

**ਅੰਮ੍ਰਿਤਸਰ:** ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਉਤਰੀ ਭਾਰਤ ਦੀਆਂ ਸਰਕਾਰੀ ਯੂਨੀਵਰਸਿਟੀਆਂ ਵਿਚ ਆਪਣੀ ਸਰਬਉੱਚਤਾ ਕਾਇਮ ਕਰਦਿਆਂ ਇੰਡੀਆ ਟੂਡੇ ਵੱਲੋਂ ਕਰਵਾਏ ਸਰਵੇਖਣ 2019 ਵਿਚ 17ਵਾਂ ਰੈਂਕ ਹਾਸਲ ਕੀਤਾ ਹੈ। ਇਹ ਸਰਵੇਖਣ ਦਿੱਲੀ ਦੀ ਮਾਰਕੀਟਿੰਗ ਤੇ ਖੋਜ ਵਿਕਾਸ 'ਤੇ ਆਧਾਰਿਤ ਏਜੰਸੀ ਵੱਲੋਂ ਕਰਵਾਇਆ ਗਿਆ ਸੀ। ਸਰਵੇਖਣ ਪ੍ਰਬੰਧ, ਅਕਾਦਮਿਕ ਤੇ ਖੋਜ ਉੱਤਮਤਾ, ਬੁਨਿਆਦੀ ਢਾਂਚਾ, ਅਨੁਭਵ, ਸ਼ਖਸੀਅਤ ਆਦਿ ਨੂੰ ਧਿਆਨ 'ਚ ਰੱਖ ਕੇ ਕਰਵਾਇਆ ਗਿਆ।

ਸਰਵੇਖਣ 'ਚ ਯੂਨੀਵਰਸਿਟੀ ਨੂੰ 1422.5 ਅੰਕ ਦਿੱਤੇ ਗਏ, ਜਿਸ ਅਨੁਸਾਰ ਉਸ ਨੂੰ 17ਵੇਂ ਰੈਂਕ 'ਤੇ ਮੰਨਿਆ ਗਿਆ। ਇਸ ਤੋਂ ਪਹਿਲਾਂ ਯੂਨੀਵਰਸਿਟੀ ਨੂੰ ਨੈਕ (ਨੈਸ਼ਨਲ ਅਸੈਸਮੈਂਟ ਐਂਡ ਐਕਰੀਡੀਟੇਸ਼ਨ ਕੌਂਸਲ) ਨੇ ਚਾਰ ਵਿਚੋਂ 3.51 ਪੁਆਇੰਟ ਦਿੰਦਿਆਂ ਏ ++ ਗਰੇਡ ਦਿੱਤਾ ਸੀ। ਯੂਨੀਵਰਸਿਟੀ ਗਰਾਂਟ ਕਮਿਸ਼ਨ ਨੇ ਵੀ ਯੂਨੀਵਰਸਿਟੀ ਨੂੰ ਸ਼੍ਰੇਣੀ-1 ਵਿਚ ਰੱਖਿਆ ਹੈ।

# ਐਸ.ਟੀ.ਐਫ. ਵੱਲੋਂ 100 ਵੱਡੇ ਨਸ਼ਾ ਤਸਕਰਾਂ ਦੀ ਪਛਾਣ ਕਰਨ ਦਾ ਦਾਅਵਾ

**ਮੋਹਾਲੀ:** 31642 ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕਰਨ ਤੋਂ ਬਾਅਦ ਐਸ.ਟੀ.ਐਫ. ਨੇ ਵੱਡਾ ਹੱਥ ਮਾਰਦੇ ਹੋਏ 100 ਵੱਡੇ ਨਸ਼ਾ ਤਸਕਰਾਂ ਦੀ ਸ਼ਨਾਖਤ ਕਰ ਲਈ ਹੈ। ਇਸ ਗੱਲ ਦਾ ਪ੍ਰਗਟਾਵਾ ਐਸ.ਟੀ.ਐਫ. ਦੀ ਏ.ਡੀ.ਜੀ.ਪੀ. ਗੁਰਪ੍ਰੀਤ ਕੌਰ ਦਿਓ ਨੇ ਕੀਤਾ। ਨਸ਼ਾ ਤਸਕਰਾਂ ਨੂੰ ਫੜਨ ਲਈ ਪੁਲਿਸ ਨੇ ਕਾਰਵਾਈ ਤੇਜ਼ ਕਰ ਦਿੱਤੀ ਹੈ।

ਇਥੇ ਏ.ਡੀ.ਜੀ.ਪੀ. ਦਿਓ ਵੱਲੋਂ ਜ਼ਿਲ੍ਹਾ ਮੋਹਾਲੀ ਵਿਚ ਨਸ਼ਿਆਂ ਦੇ ਖਾਤਮੇ ਲਈ ਐਕਸ਼ਨ ਪਲਾਨ ਬਣਾਉਣ ਅਤੇ ਸਮੀਖਿਆ ਕਰਨ ਲਈ ਵੱਖ-ਵੱਖ ਡਿਪਟੀ ਕਮਿਸ਼ਨਰ ਗਿਰੀਸ਼ ਦਿਆਲਨ ਦੀ ਮੌਜੂਦਗੀ ਵਿਚ ਵੱਖ-ਵੱਖ ਪ੍ਰਸ਼ਾਸਨਿਕ ਅਤੇ ਪੁਲਿਸ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਜਿਥੇ ਉਨ੍ਹਾਂ ਦੱਸਿਆ ਕਿ ਪੰਜਾਬ ਪੁਲਿਸ ਦੀ ਸਪੈਸ਼ਲ ਟਾਸਕ ਫੋਰਸ (ਐਸ.ਟੀ.ਐਫ.) ਵੱਲੋਂ ਨਸ਼ਿਆਂ ਖਿਲਾਫ ਵਿੱਢੀ ਵਿਸ਼ੇਸ਼ ਮੁਹਿੰਮ ਦੇ ਤਹਿਤ ਅਪਰੈਲ 2017 ਤੋਂ ਲੈ ਕੇ ਹੁਣ ਤੱਕ 31642 ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਵੱਡੀ ਮਾਤਰਾ ਵਿਚ ਹੈਰੋਇਨ ਅਤੇ ਹੋਰ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ ਹਨ।

ਮੁਲਜ਼ਮਾਂ ਖਿਲਾਫ 26256 ਪੁਲਿਸ ਕੇਸ ਦਰਜ ਕੀਤੇ ਗਏ। ਉਨ੍ਹਾਂ ਦੱਸਿਆ ਕਿ ਨਸ਼ਿਆਂ ਦੀ ਤਸਕਰੀ ਦੇ ਮਾਮਲੇ ਵਿਚ ਗ੍ਰਿਫਤਾਰ ਕੀਤੇ ਜਾ ਚੁੱਕੇ ਮੁਲਜ਼ਮਾਂ ਦੀ 20 ਕਰੋੜ ਰੁਪਏ ਕੀਮਤ ਦੀਆਂ ਜਾਇਦਾਦਾਂ ਨੂੰ ਅਟੈਚ ਕੀਤਾ ਜਾ ਰਿਹਾ ਹੈ।

# ਮੇਘਾਲਿਆ ਸਰਕਾਰ ਵੱਲੋਂ ਸ਼ਿਲੌਂਗ ਦੇ ਸਿੱਖਾਂ ਨੂੰ ਸੁਰੱਖਿਆ ਦਾ ਭਰੋਸਾ

**ਸ਼ਿਲੌਂਗ:** ਉਜਾੜੇ ਦੇ ਖੌਫ ਦਾ ਸਾਹਮਣਾ ਕਰ ਰਹੇ ਸ਼ਿਲੌਂਗ ਦੇ ਸਿੱਖਾਂ ਨੂੰ ਮੇਘਾਲਿਆ ਸਰਕਾਰ ਤੋਂ ਕੁਝ ਰਾਹਤ ਮਿਲੀ ਹੈ। ਮੇਘਾਲਿਆ ਸਰਕਾਰ ਨੇ ਸੂਬੇ 'ਚ ਰਹਿੰਦੇ ਸਿੱਖਾਂ ਦੀ ਸੁਰੱਖਿਆ ਪ੍ਰਤੀ ਵਚਨਬੱਧਤਾ ਦੁਹਰਾਉਂਦਿਆਂ ਪੰਜਾਬੀ ਲੇਨ 'ਚ ਹਾਲਾਤ ਆਮ ਵਰਗੇ ਬਣਾਉਣ ਲਈ ਕਈ ਕਦਮ ਉਠਾਉਣ ਦਾ ਐਲਾਨ ਕੀਤਾ। ਮੇਘਾਲਿਆ ਦੇ ਗ੍ਰਹਿ ਮੰਤਰੀ ਜੇਮਸ ਕੇ ਸੰਗਮਾ ਨੇ ਕਿਹਾ ਕਿ ਸਿੱਖਾਂ ਨੂੰ ਦਹਿਸ਼ਤੀ ਜਥੇਬੰਦੀ ਹਿਨੀਊਟਰੈਪ ਨੈਸ਼ਨਲ ਲਿਬਰੇਸ਼ਨ ਕੌਂਸਲ ਦੀਆਂ ਧਮਕੀਆਂ ਤੋਂ ਡਰਨ ਦੀ ਕੋਈ ਲੋੜ ਨਹੀਂ ਹੈ।

ਪੰਜਾਬ ਦਾ ਉਚ ਪੱਧਰੀ ਵਫਦ ਉਨ੍ਹਾਂ ਨਾਲ ਗੱਲਬਾਤ ਲਈ ਇਥੇ ਪਹੁੰਚਿਆ ਸੀ। ਸ੍ਰੀ ਸੰਗਮਾ ਨੇ ਵਫਦ ਨੂੰ ਦੱਸਿਆ ਕਿ ਪੰਜਾਬੀ ਲੇਨ ਦੇ ਵਸਨੀਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ ਅਤੇ ਪੰਜਾਬੀਆਂ ਦੀ ਕਈ ਮਹੀਨਿਆਂ ਤੋਂ ਬੰਦ ਕਰੀਬ 50 ਦੁਕਾਨਾਂ ਨੂੰ ਛੇਤੀ ਖੋਲ੍ਹਣ ਦੇ ਕਦਮ ਉਠਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਪੰਜਾਬੀਆਂ ਦੀ ਮਾਲਕੀ ਜਾਂ ਹੋਰ ਥਾਂ 'ਤੇ ਵਸਾਉਣ ਦਾ ਮਾਮਲਾ ਗੁੰਝਲਦਾਰ ਹੈ ਜਿਸ ਨੂੰ ਹੱਲ ਕਰਨ ਲਈ ਸਮੇਂ ਦੀ ਲੋੜ ਹੈ। ਸ੍ਰੀ ਸੰਗਮਾ ਨੇ ਕਿਹਾ ਕਿ ਮੈਂ ਭਰੋਸਾ ਦਿੰਦਾ ਹਾਂ ਕਿ ਕਿਸੇ ਨਾਲ ਵੀ ਬੇਇਨਸਾਫੀ ਨਹੀਂ ਕੀਤੀ ਜਾਵੇਗੀ ਅਤੇ ਗੈਰਕਾਨੂੰਨੀ ਢੰਗ ਨਾਲ ਉਸ ਨੂੰ ਉਜਾੜਿਆ ਨਹੀਂ ਜਾਵੇਗਾ। ਉੱਚ ਤਾਕਤੀ ਕਮੇਟੀ ਲੀਜ਼ ਅਤੇ ਮਾਲਕੀ ਨਾਲ ਸਬੰਧਤ ਗੁੰਝਲਦਾਰ ਮਸਲੇ ਨੂੰ ਦੇਖ ਰਹੀ ਹੈ ਤਾਂ ਜੋ ਇਸ ਦਾ ਹਮੇਸ਼ਾ ਲਈ ਨਿਬੇੜਾ ਹੋ ਜਾਵੇ।

ਪੰਜਾਬ ਦੇ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੀ ਅਗਵਾਈ ਹੇਠ ਇਥੇ ਆਏ ਵਫਦ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਮੇਘਾਲਿਆ ਦੇ ਹਮਰੁਤਬਾ ਕੋਨਰਾਡ ਸੰਗਮਾ ਨੂੰ ਲਿਖਿਆ ਪੱਤਰ ਗ੍ਰਹਿ ਮੰਤਰੀ ਨੂੰ ਸੌਂਪਿਆ। ਮੇਘਾਲਿਆ 'ਚ ਰਹਿੰਦੇ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਮੰਗ ਕਰਦਿਆਂ ਸ੍ਰੀ ਰੰਧਾਵਾ ਨੇ ਕਿਹਾ ਕਿ ਸਿੱਖਾਂ ਨੇ ਸੂਬੇ ਦੇ ਵਿਕਾਸ 'ਚ ਅਹਿਮ ਯੋਗਦਾਨ ਪਾਇਆ ਹੈ ਅਤੇ ਹੁਣ ਸੂਬਾ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਭਾਈਚਾਰੇ 'ਚ ਪੈਦਾ ਹੋਏ ਖੌਫ ਨੂੰ ਦੂਰ ਕਰਨ ਲਈ ਵਿਸ਼ਵਾਸ ਬਹਾਲੀ ਦੇ ਕਦਮ ਉਠਾਏ ਜਾਣ। ਦੌਰਾਨ ਵਫਦ ਨੇ ਗ੍ਰਹਿ ਮੰਤਰੀ ਸੰਗਮਾ ਨੂੰ ਪੰਜਾਬ ਆਉਣ ਦਾ ਸੱਦਾ ਵੀ ਦਿੱਤਾ।

## ਅਦਾਲਤ ਵੱਲੋਂ ਰਾਹਤ ਬਰਕਰਾਰ

**ਨਵੀਂ ਦਿੱਲੀ:** ਮੇਘਾਲਿਆ ਵਿਚ ਵੱਸਦੇ ਸਿੱਖਾਂ ਨੂੰ ਅਦਾਲਤ ਵੱਲੋਂ ਦਿੱਤੀ ਗਈ ਰਾਹਤ ਅਗਲੇ ਹੁਕਮਾਂ ਤੱਕ ਬਰਕਰਾਰ ਰਹੇਗੀ। ਸ਼ਿਲੌਂਗ ਹਾਈ ਕੋਰਟ ਨੇ ਸ਼ਿਲੌਂਗ ਮਿਉਂਸਪਲ ਬੋਰਡ ਵੱਲੋਂ ਪੰਜਾਬੀ ਲੇਨ, ਹਰੀਜਨ ਬਸਤੀ ਵਿਚ ਵਸਦੇ ਸਿੱਖਾਂ ਨੂੰ ਭੇਜੇ ਨੋਟਿਸ ਵਿਰੁੱਧ ਹਰੀਜਨ ਪੰਚਾਇਤ ਕਮੇਟੀ ਅਤੇ ਸਿਟੀ ਗੁਰਦੁਆਰਾ ਮੈਨੇਜਮੈਂਟ ਕਮੇਟੀ ਵੱਲੋਂ ਦਾਇਰ ਹੱਤਕ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਸਰਕਾਰ ਤੋਂ ਇਸ ਸਬੰਧੀ ਹਲਫੀਆ ਬਿਆਨ ਰਾਹੀਂ ਜਵਾਬ ਮੰਗਿਆ ਹੈ।

ਸੁਣਵਾਈ ਦੌਰਾਨ ਅਦਾਲਤ ਵਿਚ ਹਾਜ਼ਰ ਮੇਘਾਲਿਆ ਸਰਕਾਰ ਦੇ ਐਡਵੋਕੇਟ ਜਨਰਲ ਨੇ ਕਿਹਾ ਕਿ ਉਹ ਇਨ੍ਹਾਂ (ਸਿੱਖਾਂ) ਨੂੰ ਨਾ ਤਾਂ ਪਰੇਸ਼ਾਨ ਕਰ ਰਹੇ ਹਨ ਅਤੇ ਨਾ ਹੀ ਇਥੋਂ ਹਟਾਇਆ ਜਾ ਰਿਹਾ ਹੈ। ਇਸ ਉਤੇ ਅਦਾਲਤ ਨੇ ਕਿਹਾ ਕਿ ਇਸ ਗੱਲ ਨੂੰ ਜ਼ੁਬਾਨੀ ਕਲਾਮੀ ਨਹੀਂ ਬਲਕਿ ਲਿਖਤ ਰੂਪ ਵਿਚ ਹਲਫੀਆ ਬਿਆਨ ਰਾਹੀਂ ਅਦਾਲਤ ਵਿਚ ਰੱਖਿਆ ਜਾਵੇ। ਸਰਕਾਰ ਵੱਲੋਂ ਦਾਇਰ ਨਜ਼ਰਸਾਨੀ ਪਟੀਸ਼ਨ ਉਤੇ ਵੀ ਸੁਣਵਾਈ ਹੋਈ। ਸੁਣਵਾਈ ਦੌਰਾਨ ਹਰੀਜਨ ਪੰਚਾਇਤ ਕਮੇਟੀ, ਸਿਟੀ ਗੁਰਦੁਆਰਾ ਮੈਨੇਜਮੈਂਟ ਕਮੇਟੀ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਕੀਲ ਰਾਕੇਸ਼ ਖੱਤਰੀ ਨੇ ਬਹਿਸ ਕਰਦਿਆਂ ਕਿਹਾ ਕਿ ਸਰਕਾਰ ਦੀ ਇਹ ਨਜ਼ਰਸਾਨੀ ਪਟੀਸ਼ਨ ਸੁਣਵਾਈ ਯੋਗ ਨਹੀਂ ਹੈ, ਕਿਉਂਕਿ ਇਹ ਜ਼ਮੀਨ ਜਿਸ ਉਪਰ ਪੰਜਾਬੀ ਲੇਨ ਦੀ ਵਸੋਂ ਹੈ, ਸਰਕਾਰ ਦੀ ਨਹੀਂ ਹੈ। ਉਨ੍ਹਾਂ ਦੱਸਿਆ ਕਿ ਇਹ ਜ਼ਮੀਨ ਤਤਕਾਲੀ ਰਾਜੇ ਵੱਲੋਂ ਇਨ੍ਹਾਂ ਲੋਕਾਂ ਨੂੰ ਦਿੱਤੀ ਗਈ ਸੀ। ਇਸ ਲਈ ਸਰਕਾਰ ਇਸ ਜਗ੍ਹਾ ਨੂੰ ਖਾਲੀ ਨਹੀਂ ਕਰਵਾ ਸਕਦੀ।

# ਕਰਤਾਰਪੁਰ ਲਾਂਘਾ: ਭਾਰਤ ਸਰਕਾਰ 'ਤੇ ਅੜਿੱਕੇ ਪਾਉਣ ਦੇ ਦੋਸ਼

**ਬਟਾਲਾ:** ਪਾਕਿਸਤਾਨ ਦੇ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਭਾਰਤ ਵੱਲੋਂ ਉਥੋਂ ਦੀ ਸਰਕਾਰ 'ਤੇ ਪੰਜ ਹਜ਼ਾਰ ਸ਼ਰਧਾਲੂਆਂ ਦੇ ਜਾਣ ਸਮੇਤ ਹੋਰ ਸ਼ਰਤਾਂ ਲਾਉਣ ਉਤੇ ਕਰਤਾਰਪੁਰ ਰਾਵੀ ਦਰਸ਼ਨ ਅਭਿਲਾਸ਼ੀ ਸੰਸਥਾ ਦੇ ਆਗੂਆਂ ਨੇ ਆਖਿਆ ਕਿ ਅਸਲ 'ਚ ਭਾਰਤ ਸਰਕਾਰ ਕਰਤਾਰਪੁਰ ਲਾਂਘੇ ਦੇ ਕੰਮਾਂ 'ਚ ਜਾਣਬੁੱਝ ਕੇ ਅੜਿੱਕੇ ਢਾਹ ਰਹੀ ਹੈ।

ਸੰਸਥਾ ਦੇ ਜਨਰਲ ਸਕੱਤਰ ਗੁਰਿੰਦਰ ਸਿੰਘ ਬਾਜਵਾ ਨੇ ਦੱਸਿਆ ਕਿ ਇਸ ਨੇਕ ਕਾਰਜ ਦੇ ਸ਼ੁਰੂਆਤੀ ਦੌਰ 'ਚ ਸੱਤ ਸੌ ਸ਼ਰਧਾਲੂਆਂ ਦੀ ਪ੍ਰਵਾਨਗੀ ਘੱਟ ਨਹੀਂ ਹੈ। ਇਸੇ ਤਰ੍ਹਾਂ ਡੇਰਾ ਬਾਬਾ ਨਾਨਕ ਤੋਂ ਐਸ.ਜੀ.ਪੀ.ਸੀ. ਮੈਂਬਰ ਜਥੇਦਾਰ ਅਮਰੀਕ ਸਿੰਘ ਸ਼ਾਹਪੁਰ ਨੇ ਆਖਿਆ ਕਿ ਕੇਂਦਰ ਸਰਕਾਰ ਪਾਕਿਸਤਾਨ 'ਤੇ ਵੱਖ-ਵੱਖ ਸ਼ਰਤਾਂ ਲਗਾ ਰਹੀ ਹੈ ਪਰ ਇਹ ਸ਼ਰਤਾਂ ਪ੍ਰੋਜੈਕਟ ਸ਼ੁਰੂ ਕਰਨ ਤੋਂ ਪਹਿਲਾਂ ਕਿਉਂ ਨਹੀਂ ਲਾਈਆਂ ਗਈਆਂ ਤਾਂ ਕਿਸੇ ਤਰ੍ਹਾਂ ਦਾ ਰੌਲਾ ਨਾ ਪੈਂਦਾ। ਇਸੇ ਤਰ੍ਹਾਂ ਨਾਨਕਲੇਵਾ ਸੰਗਤਾਂ ਨੇ ਕਰਤਾਰਪੁਰ ਲਾਂਘੇ 'ਚ ਦੋਵਾਂ ਦੇਸ਼ਾਂ ਵੱਲੋਂ ਸ਼ਰਤਾਂ ਲਗਾਉਣ 'ਤੇ ਵੀ ਹੈਰਾਨੀ ਜਤਾਈ। ਉਨ੍ਹਾਂ ਆਖਿਆ ਕਿ ਭਾਰਤ ਦੇ ਸ਼ਰਧਾਲੂਆਂ ਨੇ ਪਾਕਿਸਤਾਨ ਵਿਚ ਜਾਣਾ ਹੈ, ਇਸ ਲਈ ਉਨ੍ਹਾਂ ਦੀਆਂ ਕੁਝ ਸ਼ਰਤਾਂ ਅਨੁਸਾਰ ਹੀ ਚੱਲਣਾ ਪਵੇਗਾ।

ਦੋਵਾਂ ਦੇਸ਼ਾਂ ਵੱਲੋਂ ਕਰਤਾਰਪੁਰ ਲਾਂਘੇ ਦਾ ਕੰਮ ਜੰਗੀ ਪੱਧਰ 'ਤੇ ਕੀਤਾ ਜਾ ਰਿਹਾ ਹੈ। ਇਸੇ ਦੌਰਾਨ ਭਾਰਤ ਅਤੇ ਪਾਕਿਸਤਾਨ ਦੇ ਉਚ ਅਧਿਕਾਰੀਆਂ ਵੱਲੋਂ ਡੇਰਾ ਬਾਬਾ ਨਾਨਕ ਤੋਂ ਪਾਕਿਸਤਾਨ ਜਾਣ ਵਾਲੇ ਸ਼ਰਧਾਲੂਆਂ ਲਈ ਰੱਖੀਆਂ ਸ਼ਰਤਾਂ ਨੂੰ ਲੈ ਕੇ ਸ਼ਰਧਾਲੂਆਂ ਵਿਚ ਬੇਚੈਨੀ ਪੈਦਾ ਹੋ ਗਈ ਹੈ। ਕਰਤਾਰਪੁਰ ਰਾਵੀ ਦਰਸ਼ਨ ਅਭਿਲਾਸ਼ੀ ਸੰਸਥਾ ਦੇ ਆਗੂ ਸ੍ਰੀ ਬਾਜਵਾ ਨੇ ਦੱਸਿਆ ਕਿ ਭਾਰਤ ਵੱਲੋਂ ਪਾਕਿਸਤਾਨ 'ਤੇ ਇਸ ਮਾਮਲੇ ਉਤੇ ਸ਼ਰਤਾਂ ਰੱਖਣੀਆਂ ਵਾਜਬ ਨਹੀਂ



ਕਿਉਂਕਿ ਇਥੋਂ ਜਾਣ ਵਾਲੇ ਸ਼ਰਧਾਲੂਆਂ ਦੀ ਸੁਰੱਖਿਆ ਸਮੇਤ ਖਾਣ ਪੀਣ ਦਾ ਪ੍ਰਬੰਧ ਪਾਕਿਸਤਾਨ ਸਰਕਾਰ ਵੱਲੋਂ ਕੀਤਾ ਜਾਣਾ ਹੈ। ਉਨ੍ਹਾਂ ਕਿਹਾ ਕਿ ਲਾਂਘੇ ਨੂੰ ਲੈ ਕੇ ਭਾਰਤ ਸਰਕਾਰ ਅੜਿੱਕੇ ਢਾਹ ਰਹੀ ਹੈ। ਉਧਰ, ਜਥੇਦਾਰ ਸ਼ਾਹਪੁਰ ਨੇ ਆਪਣਾ ਸੁਝਾਅ ਦਿੰਦਿਆਂ ਦੱਸਿਆ ਕਿ ਇਸ ਇਤਿਹਾਸਿਕ ਕਦਮ ਲਈ ਦੋਵਾਂ ਦੇਸ਼ਾਂ ਦੇ ਹੁਕਮਰਾਨਾਂ ਵੱਲੋਂ ਸ਼ਰਤਾਂ ਤੈਅ ਕਰਕੇ ਹੀ ਕੰਮ ਦੀ ਸ਼ੁਰੂਆਤ ਕਰਨੀ ਚਾਹੀਦੀ ਸੀ।

# ਨਨਕਾਣਾ ਸਾਹਿਬ 'ਚ ਬਣੇਗਾ ਪਾਕਿਸਤਾਨ ਦਾ ਸਭ ਤੋਂ ਖੂਬਸੂਰਤ ਰੇਲਵੇ ਸਟੇਸ਼ਨ

**ਅੰਮ੍ਰਿਤਸਰ:** ਪਾਕਿਸਤਾਨ 'ਚ ਮਨਾਏ ਜਾ ਰਹੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਮੱਦੇਨਜ਼ਰ ਜ਼ਿਲ੍ਹਾ ਸ੍ਰੀ ਨਨਕਾਣਾ ਸਾਹਿਬ ਦੇ ਰੇਲਵੇ ਸਟੇਸ਼ਨ ਨੂੰ ਦਿਲਖਿਚਵਾਂ ਰੂਪ ਦਿੱਤਾ ਜਾਵੇਗਾ ਅਤੇ ਗੁਰੂ ਨਾਨਕ ਦੇਵ ਜੀ ਦੀ ਜਨਮ ਭੂਮੀ 'ਤੇ ਆਧੁਨਿਕ ਢੰਗ ਨਾਲ ਉਸਾਰਿਆ ਜਾ ਰਿਹਾ ਇਹ ਰੇਲਵੇ ਸਟੇਸ਼ਨ ਪਾਕਿਸਤਾਨ ਦਾ ਸਭ ਤੋਂ ਖੂਬਸੂਰਤ ਤੇ ਵਿਸ਼ਾਲ ਸਟੇਸ਼ਨ ਹੋਵੇਗਾ।



550ਵੇਂ ਪ੍ਰਕਾਸ਼ ਪੁਰਬ ਦੇ ਮੱਦੇਨਜ਼ਰ ਸ੍ਰੀ ਨਨਕਾਣਾ ਸਾਹਿਬ 'ਚ ਕੀਤੀਆਂ ਜਾ ਰਹੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਪਹੁੰਚੇ ਧਾਰਮਿਕ ਸੈਰ-ਸਪਾਟਾ ਤੇ ਹੈਰੀਟੇਜ ਕਮੇਟੀ ਦੇ ਮੁਖੀ ਅਤੇ ਪੰਜਾਬ ਦੇ ਗਵਰਨਰ ਚੌਧਰੀ ਮੁਹੰਮਦ ਸਰਵਰ ਨੇ ਨਵੇਂ ਉਸਾਰੇ ਜਾ ਰਹੇ ਰੇਲਵੇ ਸਟੇਸ਼ਨ ਦਾ ਦੌਰਾ ਕਰਨ ਉਪਰੰਤ ਉਕਤ ਵਿਚਾਰ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਉਕਤ ਰੇਲਵੇ ਸਟੇਸ਼ਨ 'ਤੇ ਯਾਤਰੂਆਂ ਦੀ ਅਸਥਾਈ ਰਿਹਾਇਸ਼ ਅਤੇ ਆਰਾਮ ਕਰਨ ਲਈ ਵੇਟਿੰਗ ਹਾਲ ਅਤੇ ਸਰਾਂ ਵੀ ਬਣਾਈ ਜਾ ਰਹੀ ਹੈ।

ਗਵਰਨਰ ਨੇ ਰੇਲਵੇ ਸਟੇਸ਼ਨ ਤੋਂ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਤੱਕ ਉਸਾਰੀ ਜਾਣ ਵਾਲੀ ਸੁਰੰਗ ਦੇ ਚੱਲ ਰਹੇ ਨਿਰਮਾਣ ਕਾਰਜਾਂ ਦਾ ਵੀ ਦੌਰਾ ਕੀਤਾ। ਉਨ੍ਹਾਂ ਦੱਸਿਆ ਕਿ ਇਸ ਸੁਰੰਗ ਰਾਹੀਂ ਯਾਤਰੂ ਰੇਲਵੇ ਸਟੇਸ਼ਨ ਤੋਂ ਸਿੱਧੇ ਗੁਰਦੁਆਰਾ ਸਾਹਿਬ ਪਹੁੰਚ ਸਕਣਗੇ ਤੇ ਉਨ੍ਹਾਂ ਦੀ ਆਮਦ ਦੌਰਾਨ ਸ਼ਹਿਰ 'ਚ ਜਾਮ ਨਹੀਂ ਲੱਗੇਗਾ।

ਗਵਰਨਰ ਚੌਧਰੀ ਮੁਹੰਮਦ ਸਰਵਰ ਦਾ ਗੁਰਦੁਆਰਾ ਸ੍ਰੀ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਪਹੁੰਚ ਕੇ ਹਾਜ਼ਰ ਸੰਗਤ 'ਚ ਬੈਠ ਕੇ ਲੰਗਰ ਛਕਿਆ ਤੇ ਉਥੇ ਨਤਮਸਤਕ ਹੋਣ ਤੋਂ ਬਾਅਦ ਲੰਗਰ ਹਾਲ ਦੀ ਚੱਲ ਰਹੀ ਉਸਾਰੀ, ਸਰਾਵਾਂ ਅਤੇ ਜੋੜਾ ਘਰ ਆਦਿ ਸਮੇਤ ਹੋਰ ਇੰਤਜ਼ਾਮਾਂ ਦਾ ਜਾਇਜ਼ਾ ਲਿਆ। ਇਸ ਉਪਰੰਤ ਉਹ ਸ੍ਰੀ ਨਨਕਾਣਾ ਸਾਹਿਬ 'ਚ ਗੁਰਪੁਰਬ ਮੌਕੇ ਪਹੁੰਚਣ ਵਾਲੀ ਸੰਗਤ ਦੀ ਅਸਥਾਈ ਰਿਹਾਇਸ਼ ਲਈ ਕਾਇਮ ਕੀਤੀ ਜਾਣ ਵਾਲੀ ਟੈਂਟ ਸਿਟੀ ਵਿਖੇ ਵੀ ਪਹੁੰਚੇ। ਉਨ੍ਹਾਂ ਗੁਰਪੁਰਬ ਮੌਕੇ ਸਜਾਏ ਜਾਣ ਵਾਲੇ ਨਗਰ ਕੀਰਤਨ ਦੇ ਰਸਤੇ ਦਾ ਵੀ ਦੌਰਾ ਕੀਤਾ। ਗਵਰਨਰ ਨੇ ਦੱਸਿਆ ਕਿ ਗੁਰਪੁਰਬ ਮੌਕੇ 10 ਹਜ਼ਾਰ ਯਾਤਰੂਆਂ ਲਈ ਵੀਜ਼ਾ ਜਾਰੀ ਕੀਤਾ ਜਾਵੇਗਾ ਤੇ ਪ੍ਰਕਾਸ਼ ਪੁਰਬ ਤੋਂ ਪਹਿਲਾਂ-ਪਹਿਲਾਂ ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਦੀ ਉਸਾਰੀ ਦਾ ਪਹਿਲਾ ਪੜਾਅ ਵੀ ਪੂਰੀ ਤਰ੍ਹਾਂ ਨਾਲ ਮੁਕੰਮਲ ਕਰ ਲਿਆ ਜਾਵੇਗਾ।

# ਕਰਤਾਰਪੁਰ ਲਾਂਘੇ ਲਈ ਪਾਕਿਸਤਾਨ ਨੇ ਲਾਈਆਂ ਸ਼ਰਤਾਂ

**ਨਵੀਂ ਦਿੱਲੀ:** ਪਾਕਿਸਤਾਨ ਨੇ ਕਰਤਾਰਪੁਰ ਲਾਂਘਾ ਚਾਲੂ ਕਰਨ ਲਈ ਕਈ ਸ਼ਰਤਾਂ ਲਾ ਦਿੱਤੀਆਂ ਹਨ ਅਤੇ ਭਾਰਤ ਵੱਲੋਂ ਪੇਸ਼ ਕੀਤੀਆਂ ਸਾਰੀਆਂ ਪੇਸ਼ਕਸ਼ਾਂ ਜਿਨ੍ਹਾਂ ਵਿਚ ਲਾਂਘਾ ਸਿੱਖ ਸ਼ਰਧਾਲੂਆਂ ਲਈ ਸਾਰਾ ਸਾਲ ਖੋਲ੍ਹਣ ਦੀ ਤਜਵੀਜ਼ ਵੀ ਸ਼ਾਮਲ ਹੈ, ਦਾ ਵਿਰੋਧ ਕੀਤਾ ਹੈ।

ਸਰਕਾਰੀ ਅਧਿਕਾਰੀਆਂ ਅਨੁਸਾਰ ਲਾਂਘਾ ਖੋਲ੍ਹਣ ਲਈ ਪਾਕਿਸਤਾਨ ਜਾਂ ਤਾਂ ਸ਼ਰਤਾਂ ਲਾ ਰਿਹਾ ਹੈ ਜਾਂ ਫਿਰ ਭਾਰਤ ਵੱਲੋਂ ਪੇਸ਼ ਕੀਤੀਆਂ ਜਾਂਦੀਆਂ ਤਜਵੀਜ਼ਾਂ ਦਾ ਵਿਰੋਧ ਕਰਦਾ ਹੈ। ਪਾਕਿਸਤਾਨ ਦੇ ਅਧਿਕਾਰੀ ਇਸ ਗੱਲ ਉਤੇ ਜ਼ੋਰ ਦੇ ਰਹੇ ਹਨ ਕਿ ਇਕ ਦਿਨ ਵਿਚ ਸਿਰਫ ਸੱਤ ਸੌ ਸ਼ਰਧਾਲੂਆਂ ਨੂੰ ਹੀ ਦਰਬਾਰ ਸਾਹਿਬ ਕਰਤਾਰਪੁਰ ਦੇ ਦਰਸ਼ਨ ਕਰਨ ਦੀ ਆਗਿਆ ਦਿੱਤੀ ਜਾ ਸਕਦੀ ਹੈ। ਜ਼ਿਕਰਯੋਗ ਹੈ ਕਿ ਕਰਤਾਰਪੁਰ ਵਿਚ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਉਮਰ ਦਾ ਆਖਰੀ ਸਮਾਂ ਬਤੀਤ ਕੀਤਾ ਸੀ ਅਤੇ ਉਨ੍ਹਾਂ ਪ੍ਰਤੀ ਹਰ ਧਰਮ ਦੇ ਲੋਕਾਂ ਦੀ ਅਥਾਹ ਸ਼ਰਧਾ ਹੈ।

ਇਸ ਤੋਂ ਇਲਾਵਾ ਪਾਕਿਸਤਾਨ ਦੀ ਸ਼ਰਤ ਹੈ ਕਿ ਸ਼ਰਧਾਲੂ ਵਿਸ਼ੇਸ਼ ਪਰਮਿਟ ਲੈ ਕੇ ਆਉਣ ਅਤੇ ਵੀਜ਼ਾ ਫੀਸ ਵੀ ਅਦਾ ਕਰਨ ਜਦੋਂ ਕਿ ਭਾਰਤ ਚਾਹੁੰਦਾ ਹੈ ਕਿ ਇਹ ਯਾਤਰਾ ਵੀਜ਼ੇ ਤੋਂ ਬਿਨਾਂ ਅਤੇ ਬਿਨਾਂ ਫੀਸ ਦੇ ਹੀ ਹੋਣੀ ਚਾਹੀਦੀ ਹੈ। ਭਾਰਤ ਦੇ ਅਧਿਕਾਰੀਆਂ ਨੇ ਇਹ ਤਜਵੀਜ਼ ਰੱਖੀ ਹੈ ਕਿ ਨਾ ਸਿਰਫ ਭਾਰਤੀ ਸ਼ਰਧਾਲੂਆਂ ਸਗੋਂ ਵਿਦੇਸ਼ ਤੋਂ ਆਉਣ ਵਾਲੇ ਭਾਰਤੀ ਕਾਰਡ ਵਾਲੇ ਸ਼ਰਧਾਲੂਆਂ ਨੂੰ ਵੀ ਯਾਤਰਾ ਕਰਨ ਦੀ ਆਗਿਆ ਦਿੱਤੀ ਜਾਵੇ। ਇਸ ਤੋਂ ਇਲਾਵਾ ਭਾਰਤ ਚਾਹੁੰਦਾ ਹੈ ਕਿ ਲਾਂਘਾ ਹਫਤੇ ਵਿਚ ਸੱਤ ਦਿਨ ਅਤੇ ਸਾਰਾ ਸਾਲ ਖੁੱਲ੍ਹਾ ਰਹਿਣਾ ਚਾਹੀਦਾ ਹੈ ਪਰ ਪਾਕਿਸਤਾਨ ਦਾ ਕਹਿਣਾ ਹੈ ਕਿ ਲਾਂਘਾ ਵਿਸ਼ੇਸ਼ ਤੈਅ ਦਿਨਾਂ ਉਤੇ ਹੀ ਖੁੱਲ੍ਹਣਾ ਚਾਹੀਦਾ ਹੈ। ਭਾਰਤ ਦੀ ਤਜਵੀਜ਼ ਹੈ ਕਿ ਰੋਜ਼ਾਨਾ ਪੰਜ ਹਜ਼ਾਰ ਸ਼ਰਧਾਲੂਆਂ ਨੂੰ ਦਰਸ਼ਨ ਕਰਨ ਦੀ ਆਗਿਆ ਦਿੱਤੀ ਜਾਵੇ ਪਰ ਪਾਕਿਸਤਾਨ ਦਾ ਕਹਿਣਾ ਹੈ ਕਿ ਇਹ ਗਿਣਤੀ ਸੱਤ ਸੌ ਤੋਂ ਵੱਧ ਨਹੀਂ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ ਵਿਸ਼ੇਸ਼ ਦਿਨਾਂ ਉਤੇ ਦਸ ਹਜ਼ਾਰ ਤੱਕ ਸ਼ਰਧਾਲੂ ਭੇਜਣ ਦੀ ਤਜਵੀਜ਼ ਵੀ ਪਾਕਿਸਤਾਨ ਨੇ ਨਹੀਂ ਮੰਨੀ। ਭਾਰਤ ਨੇ ਤਜਵੀਜ਼ ਦਿੱਤੀ ਸੀ ਕਿ ਦਰਸ਼ਨ ਕਰਨ ਜਾਣ ਲਈ ਸ਼ਰਧਾਲੂਆਂ ਨੂੰ ਵਿਅਕਤੀਗਤ ਅਤੇ ਜਥਿਆਂ ਦੋਵਾਂ ਰੂਪਾਂ ਵਿਚ ਹੀ ਆਗਿਆ ਦਿੱਤੀ ਜਾਵੇ ਪਰ ਪਾਕਿਸਤਾਨ ਦਾ ਕਹਿਣਾ ਹੈ ਕਿ ਵਿਅਕਤੀਗਤ ਤੌਰ ਉਤੇ ਆਗਿਆ ਨਹੀਂ ਦਿੱਤੀ ਜਾ ਸਕਦੀ ਅਤੇ ਜਥਾ ਵੀ ਘੱਟੋ ਘੱਟ 15 ਵਿਅਕਤੀਆਂ ਦਾ ਹੀ ਹੋਣਾ ਚਾਹੀਦਾ ਹੈ।

ਇਸ ਤੋਂ ਇਲਾਵਾ ਪਾਕਿਸਤਾਨ, ਭਾਰਤ ਦੀ ਰਾਵੀ ਦਰਿਆ ਉਤੇ ਪੁਲ ਉਸਾਰਨ ਦੀ ਤਜਵੀਜ਼ ਨਾਲ ਵੀ ਸਹਿਮਤ ਨਹੀਂ ਹੈ ਅਤੇ ਨਾ ਹੀ ਭਾਰਤ ਦੇ ਵੱਲੋਂ ਸ਼ਰਧਾਲੂਆਂ ਦੀ ਪੈਦਲ ਜਾਣ ਦੀ ਤਜਵੀਜ਼ ਬਾਰੇ ਉਸ ਵੱਲੋਂ ਕੋਈ ਹੁੰਗਾਰਾ ਭੇਜਿਆ ਗਿਆ ਹੈ। ਸਰਕਾਰੀ ਅਧਿਕਾਰੀਆਂ ਨੇ ਕਿਹਾ ਹੈ ਕਿ ਭਾਵੇਂ ਪਾਕਿਸਤਾਨ ਵੱਲੋਂ ਕਰਤਾਰਪੁਰ ਲਾਂਘੇ ਪ੍ਰਤੀ ਨਾਮਿਲਵਰਤਨ ਵਾਲੀ ਨੀਤੀ ਅਪਣਾਈ ਜਾ ਰਹੀ ਹੈ ਪਰ ਫਿਰ ਵੀ ਭਾਰਤ ਲਾਂਘੇ ਦੀ ਉਸਾਰੀ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਤੈਅਸ਼ੁਦਾ ਤਰੀਕ 12 ਨਵੰਬਰ 2019 ਤੋਂ ਪਹਿਲਾਂ ਲਾਂਘਾ ਤਿਆਰ ਕਰਨ ਲਈ ਵਚਨਬੱਧ ਹੈ। ਲਾਂਘੇ ਦੀ ਉਸਾਰੀ ਲਈ ਕੁੱਲ 53 ਏਕੜ ਜ਼ਮੀਨ ਐਕੁਆਇਰ ਕੀਤੀ ਗਈ ਹੈ ਅਤੇ ਹੁਣ ਤੱਕ 45 ਫੀਸਦੀ ਕੰਮ ਪੂਰਾ ਕੀਤਾ ਜਾ ਚੁੱਕਾ ਹੈ। ਅਧਿਕਾਰੀਆਂ ਅਨੁਸਾਰ ਫੋਰਲੇਨ ਹਾਈਵੇ ਦਾ ਕਾਰਜ 30 ਸਤੰਬਰ 2019 ਤੱਕ ਮੁਕੰਮਲ ਕਰ ਲਿਆ ਜਾਵੇਗਾ।

# ਸਿੱਖ ਚਾਲਕ ਦੀ ਕੁੱਟਮਾਰ: ਹਾਈ ਕੋਰਟ ਵੱਲੋਂ ਦਿੱਲੀ ਪੁਲਿਸ ਦੀ ਖਿਚਾਈ

**ਨਵੀਂ ਦਿੱਲੀ:** ਇਥੋਂ ਦੇ ਮੁਖਰਜੀ ਨਗਰ 'ਚ ਗ੍ਰਾਮੀਣ ਸੇਵਾ ਵਾਲੇ ਆਟੋ ਚਾਲਕ ਸਰਬਜੀਤ ਸਿੰਘ ਅਤੇ ਉਸ ਦੇ ਨਾਬਾਲਗ ਪੁੱਤਰ ਦੀ ਕੁੱਟਮਾਰ ਦੇ ਮਾਮਲੇ 'ਚ ਹਾਈ ਕੋਰਟ ਨੇ ਦਿੱਲੀ ਪੁਲਿਸ ਦੀ ਲਾਹ-ਪਾਹ ਕਰਦਿਆਂ ਕਿਹਾ ਕਿ 'ਵੀਡੀਓ ਪੁਲਿਸ ਦੀ ਦਰਿੰਦਗੀ ਦਾ ਸਬੂਤ ਹੈ ਕਿ ਵਰਦੀਧਾਰੀ ਬਲ ਨੂੰ ਅਜਿਹਾ ਕਾਰਾ ਨਹੀਂ ਕਰਨਾ ਚਾਹੀਦਾ ਸੀ।'

ਜਸਟਿਸ ਜਯੰਤ ਨਾਥ ਅਤੇ ਜਸਟਿਸ ਨਜਮੀ ਵਜ਼ੀਰੀ ਦੇ ਬੈਂਚ ਨੇ ਸਰਬਜੀਤ ਸਿੰਘ ਅਤੇ ਉਸ ਦੇ ਪੁੱਤਰ ਨਾਲ ਕੁੱਟਮਾਰ ਦਾ ਵੀਡੀਓ ਦੇਖਣ ਮਗਰੋਂ ਕਿਹਾ ਕਿ ਤੁਸੀਂ 15 ਸਾਲਾਂ ਦੇ ਲੜਕੇ ਨੂੰ ਕੁੱਟਣ ਦੇ ਮਾਮਲੇ ਨੂੰ ਕਿਵੇਂ ਜਾਇਜ਼ ਠਹਿਰਾ ਸਕਦੇ ਹੋ? ਜੇਕਰ ਇਹ ਪੁਲਿਸ ਦੀ ਦਰਿੰਦਗੀ ਦਾ ਸਬੂਤ ਨਹੀਂ ਹੈ ਤਾਂ ਫਿਰ ਤੁਹਾਨੂੰ ਹੋਰ ਕੀ ਚਾਹੀਦਾ ਹੈ। ਬੈਂਚ ਨੇ ਕਿਹਾ ਕਿ ਜੇਕਰ ਵਰਦੀਧਾਰੀ ਬਲ ਅਜਿਹੇ ਢੰਗ ਨਾਲ ਕੰਮ ਕਰਨਗੇ ਤਾਂ ਇਸ ਨਾਲ ਨਾਗਰਿਕਾਂ 'ਚ ਖੌਫ ਪੈਦਾ ਹੋਵੇਗਾ ਜਦਕਿ ਉਨ੍ਹਾਂ ਨੂੰ ਇਹ ਮਹਿਸੂਸ ਕਰਾਉਣ ਦੀ ਲੋੜ ਹੈ ਕਿ ਪੁਲਿਸ ਉਨ੍ਹਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਹੈ। ਪੁਲਿਸ ਨੂੰ ਦਰਸਾਉਣਾ ਪਵੇਗਾ ਕਿ ਉਹ ਨਾਗਰਿਕਾਂ ਨਾਲ ਹੈ। ਬੱਚਿਆਂ ਸਮੇਤ ਸਾਰੇ ਨਾਗਰਿਕ ਇਹੋ ਚਾਹੁੰਦੇ ਹਨ। ਘਟਨਾ ਦੀ ਸੀ.ਬੀ.ਆਈ. ਤੋਂ ਜਾਂਚ ਕਰਾਉਣ ਬਾਰੇ ਦਾਖਲ ਜਨਹਿਤ ਪਟੀਸ਼ਨ 'ਤੇ ਕੇਂਦਰ, 'ਆਪ' ਸਰਕਾਰ ਅਤੇ ਦਿੱਲੀ ਪੁਲਿਸ ਨੂੰ ਨੋਟਿਸ ਜਾਰੀ ਕਰਦਿਆਂ ਹਾਈ ਕੋਰਟ ਨੇ ਉਨ੍ਹਾਂ ਤੋਂ ਜਵਾਬ ਮੰਗਿਆ ਹੈ। ਬੈਂਚ ਨੇ ਜੁਆਇੰਟ ਕਮਿਸ਼ਨਰ ਪੁਲਿਸ ਰੈਂਕ ਦੇ ਅਧਿਕਾਰੀ ਤੋਂ ਘਟਨਾ ਬਾਬਤ ਨਿਰਪੱਖ ਰਿਪੋਰਟ ਹਫਤੇ ਅੰਦਰ ਮੰਗਦਿਆਂ ਕੇਸ ਦੀ ਸੁਣਵਾਈ 2 ਜੁਲਾਈ ਲਈ ਨਿਰਧਾਰਤ ਕਰ ਦਿੱਤੀ।

ਪੁਲਿਸ ਵੱਲੋਂ ਪੇਸ਼ ਹੋਏ ਦਿੱਲੀ ਸਰਕਾਰ ਦੇ ਵਧੀਕ ਸਟੈਂਡਿੰਗ ਵਕੀਲ ਸਤਿਆਕਾਮ ਨੇ ਕਿਹਾ ਕਿ ਉਹ ਅਧਿਕਾਰੀਆਂ ਦੇ ਕਾਰੇ ਦਾ ਬਚਾਅ ਨਹੀਂ ਕਰ ਰਿਹਾ ਹੈ। ਉਸ ਨੇ ਕਿਹਾ ਕਿ ਦੋਵੇਂ ਧਿਰਾਂ ਵੱਲੋਂ ਇਕ-ਦੂਜੇ ਖਿਲਾਫ ਸ਼ਿਕਾਇਤਾਂ ਦੇ ਆਧਾਰ 'ਤੇ ਐਫ.ਆਈ.ਆਰ. ਦਰਜ ਕੀਤੀਆਂ ਗਈਆਂ ਹਨ ਅਤੇ ਉਨ੍ਹਾਂ ਨੂੰ ਜਾਂਚ ਲਈ ਕ੍ਰਾਈਮ ਬਰਾਂਚ ਕੋਲ ਭੇਜਿਆ ਗਿਆ ਹੈ। ਅਦਾਲਤ ਨੂੰ ਦੱਸਿਆ ਕਿ ਵੀਡੀਓ ਤੋਂ ਪਛਾਣੇ ਗਏ ਤਿੰਨ ਅਧਿਕਾਰੀਆਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ ਅਤੇ ਜੁਆਇੰਟ ਕਮਿਸ਼ਨਰ ਪੁਲਿਸ ਦੀ ਅਗਵਾਈ ਹੇਠ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ।

# ਓਕਲਾਹੋਮਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚਾਲੇ ਸਮਝੌਤਾ

**ਅੰਮ੍ਰਿਤਸਰ:** ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਓਕਲਾਹੋਮਾ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ (ਉੱਤਰੀ ਅਮਰੀਕਾ) ਵਿਚਾਲੇ ਇੱਕ ਮਹੱਤਵਪੂਰਨ ਸਮਝੌਤਾ ਕੀਤਾ ਗਿਆ ਹੈ। ਓਕਲਾਹੋਮਾ ਯੂਨੀਵਰਸਿਟੀ ਦੇ ਨਿਰਦੇਸ਼ਕ ਪ੍ਰੋਫੈਸਰ ਸਕੌਟ ਡੇਵਿਸ ਅਤੇ ਜੀ.ਐਨ.ਡੀ.ਯੂ. ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਪ੍ਰੋਫੈਸਰ ਜਸਪਾਲ ਸਿੰਘ ਸੰਧੂ ਵਿਚਕਾਰ ਰਸਮੀ ਤੌਰ 'ਤੇ ਇਹ ਸਮਝੌਤਾ ਹੋਇਆ ਹੈ। ਸਮਝੌਤੇ ਦਾ ਮੁੱਖ ਉਦੇਸ਼ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੀ.ਐਚ.ਡੀ. ਅਤੇ ਮਾਸਟਰ ਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਥੀਸਿਜ਼ ਦੇ ਹਿੱਸੇ ਵਜੋਂ ਸਿਖਲਾਈ ਦੇ ਮੌਕੇ ਮੁਹੱਈਆ ਹੋਣਗੇ।

ਇਸ ਸਮਝੌਤੇ ਨਾਲ ਦੋਵਾਂ ਸੰਸਥਾਵਾਂ ਦੇ ਵਿਚਾਲੇ ਅਕਾਦਮਿਕ ਅਤੇ ਵਿਦਿਆਰਥੀ ਐਕਸਚੇਂਜ ਦੇ ਮੌਕੇ ਵਧਣਗੇ। ਵਾਈਸ-ਚਾਂਸਲਰ ਪ੍ਰੋ. ਸੰਧੂ ਨੇ ਕਿਹਾ ਕਿ ਬਹੁਤ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਯੂਨੀਵਰਸਿਟੀ ਨੇ ਕੌਮਾਂਤਰੀ ਖੇਤਰ ਵਿਚ ਇਕ ਕਦਮ ਪੁੱਟਿਆ ਹੈ, ਜਿਸ ਨਾਲ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਬਹੁਤ ਲਾਭ ਮਿਲੇਗਾ ਅਤੇ ਯੂਨੀਵਰਸਿਟੀ ਦਾ ਨਾਂ ਕੌਮਾਂਤਰੀ ਪੱਧਰ ਉਪਰ ਜਾਵੇਗਾ। ਉਨ੍ਹਾਂ ਕਿਹਾ ਕਿ ਮੈਂ ਇਸ ਸਮਝੌਤੇ ਤੋਂ ਇਹ ਆਸ ਕਰਦਾ ਹਾਂ ਕਿ ਇਹ ਸਹਿਯੋਗ ਇਕ ਚੰਗੇ ਅਕਾਦਮਿਕ ਅਤੇ ਖੋਜ ਦਾ ਨਤੀਜਾ ਵੀ ਹੋਵੇਗਾ। ਉਨ੍ਹਾਂ ਕਿਹਾ ਕਿ ਵਿਸ਼ਵੀਕਰਨ ਦੇ ਦੌਰ ਵਿਚ ਇਹ ਜ਼ਰੂਰੀ ਹੋ ਗਿਆ ਹੈ ਕਿ 'ਵਰਸਿਟੀ ਇਸ ਸਮੇਂ ਭਾਰਤੀ ਵਿਦਿਆਰਥੀਆਂ ਨੂੰ ਕੌਮਾਂਤਰੀ ਵਪਾਰਕ ਵਾਤਾਵਰਣ ਦੇ ਵੱਧ ਤੋਂ ਵੱਧ ਸੰਪਰਕ ਮੁਹੱਈਆ ਕਰੇ।

ਓਕਲਾਹੋਮਾ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼, ਅਮਰੀਕਾ ਦੇ ਇਕ ਉੱਚ ਪੱਧਰੀ ਵਫਦ ਨੇ ਯੂਨੀਵਰਸਿਟੀ ਦੇ ਓਕਲਾਹੋਮਾ ਹੈਲਥ ਸਾਇੰਸ ਸੈਂਟਰ, ਜੇਨੇਟਿਕ ਐਪੀਡੈਮੀਓਲੋਜੀ ਲੈਬਾਰਟਰੀ ਦੇ ਡਾਇਰੈਕਟਰ ਡਾ. ਧਰਮਬੀਰ ਕੇ ਸੰਘੇੜਾ ਦੀ ਅਗਵਾਈ ਵਿਚ ਪਿਛਲੇ ਮਹੀਨੇ ਯੂਨੀਵਰਸਿਟੀ ਦਾ ਦੌਰਾ ਕੀਤਾ ਸੀ। ਇਸ ਮੌਕੇ ਸਹਿਯੋਗ ਲਈ ਵੱਖ-ਵੱਖ ਮੌਕਿਆਂ 'ਤੇ ਚਰਚਾ ਹੋਈ ਸੀ।

**Punjab Times**

**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਖਾਲਿਸਤਾਨੀਆਂ ਦੇ ਮੁੱਦੇ 'ਤੇ ਕੈਪਟਨ ਨੇ ਮੁੜ ਲਾਇਆ ਕੈਨੇਡਾ ਸਰਕਾਰ ਨਾਲ ਆਢਾ

ਚੰਡੀਗੜ੍ਹ: ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਖਾਲਿਸਤਾਨੀ ਲਹਿਰ ਨੂੰ ਸਮਰਥਨ ਦੇਣ ਲਈ ਕੈਨੇਡਾ ਸਰਕਾਰ ਦੀ ਆਲੋਚਨਾ ਕੀਤੀ ਹੈ। ਉਨ੍ਹਾਂ ਨੇ ਚਿਤਾਵਨੀ ਦਿੰਦੇ ਹੋਏ ਕਿਹਾ ਹੈ ਕਿ ਜੇ ਕੈਨੇਡਾ ਭਾਰਤ ਵਿਰੋਧੀ ਸਰਗਰਮੀਆਂ ਨੂੰ ਰੋਕਣ 'ਚ ਅਸਫਲ ਰਿਹਾ ਤਾਂ ਇਹ ਲੰਮੇ ਸਮੇਂ 'ਚ ਉਸ ਦੀ ਆਪਣੀ ਸੁਰੱਖਿਆ ਅਤੇ ਹਿੱਤਾਂ ਲਈ ਵੀ ਨੁਕਸਾਨਦੇਹ ਹੋਵੇਗਾ। ਉਨ੍ਹਾਂ ਕਿਹਾ ਕਿ ਕੈਨੇਡਾ ਆਪਣੀ ਧਰਤੀ ਤੋਂ ਖਾਲਿਸਤਾਨੀ ਸਰਗਰਮੀਆਂ ਵਿਰੁੱਧ ਕਾਰਵਾਈ ਕਰਨ 'ਚ ਅਸਫਲ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਪਿਛਲੇ ਸਾਲ ਭਾਰਤ ਦੌਰੇ ਦੌਰਾਨ ਉਨ੍ਹਾਂ ਨੂੰ ਲੋੜੀਂਦੇ ਅਤਿਵਾਦੀਆਂ ਦੀ ਸੂਚੀ ਦਿੱਤੀ ਗਈ ਸੀ ਪਰ ਉਨ੍ਹਾਂ ਦੀ ਸਰਕਾਰ ਦਾ ਹੁੰਗਾਰਾ ਢਿੱਲਾ ਰਿਹਾ, ਜਿਸ ਨਾਲ ਉਨ੍ਹਾਂ ਦੀ ਮਨਸ਼ਾ ਪੂਰੀ ਤਰ੍ਹਾਂ ਨੰਗੀ ਹੋ ਗਈ ਹੈ। ਮੁੱਖ ਮੰਤਰੀ ਨੇ ਕੈਨੇਡੀਅਨ ਸਕਿਉਰਿਟੀ ਇੰਟੈਲੀਜੈਂਸ ਸਰਵਿਸ ਵੱਲੋਂ ਜਾਰੀ ਕੀਤੀ 2018 ਦੀ ਪਬਲਿਕ ਰਿਪੋਰਟ ਦੇ ਤੱਥਾਂ 'ਤੇ ਚਿੰਤਾ ਪ੍ਰਗਟ ਕੀਤੀ ਕਿ ਕੈਨੇਡਾ ਵਿਚ ਭਾਰਤ ਵਿਰੋਧੀ ਸਰਗਰਮੀਆਂ ਵਧੀਆਂ ਹਨ। ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਇਨ੍ਹਾਂ ਰਿਪੋਰਟਾਂ ਨੂੰ ਗੰਭੀਰਤਾ ਨਾਲ ਲੈਣ।

## ਨੋਇਡਾ ਵਿਚ ਮਹਿਲਾ ਪੱਤਰਕਾਰ 'ਤੇ ਹਮਲਾ

**ਨਵੀਂ ਦਿੱਲੀ:** ਪੂਰਬੀ ਦਿੱਲੀ ਦੇ ਅਸ਼ੋਕ ਨਗਰ ਇਲਾਕੇ ਵਿਚ ਦੋ ਨਕਾਬਪੋਸ਼ਾਂ ਨੇ ਮਹਿਲਾ ਪੱਤਰਕਾਰ ਉਪਰ ਗੋਲੀਆਂ ਚਲਾਈਆਂ ਤੇ ਉਸ ਦੀ ਕਾਰ ਉਪਰ ਅੰਡੇ ਸੁੱਟੇ ਗਏ। ਉਸ ਦੀ ਬਾਂਹ 'ਤੇ ਗੋਲੀ ਲੱਗੀ ਹੈ ਤੇ ਉਹ ਜੇਰੇ ਇਲਾਜ ਹੈ।

ਨੋਇਡਾ ਵਿਚ ਇਕ ਟੀ.ਵੀ. ਚੈਨਲ ਵਿਚ ਕੰਮ ਕਰਦੀ ਮਿਤਾਲੀ ਚੰਦੋਲਾ ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਕਿ ਰਾਤ ਕਰੀਬ 12.30 ਵਜੇ ਜਦੋਂ ਉਹ ਆਪਣੀ ਕਾਰ 'ਤੇ ਅਸ਼ੋਕ ਨਗਰ ਵੱਲ ਜਾ ਰਹੀ ਸੀ ਤਾਂ ਇਕ ਮਾਰੂਤੀ ਸਵਿਫਟ ਕਾਰ ਪਿੱਛੋਂ ਤੇਜ਼ੀ ਨਾਲ ਆਈ ਤੇ ਉਸ ਦੀ ਕਾਰ ਅੱਗੇ ਆ ਗਈ।

# ਬੇਅਦਬੀ ਕਾਂਡ: ਸੀ.ਬੀ.ਆਈ. ਜਾਂਚ ਦੀ ਸੁਸਤ ਰਫਤਾਰ 'ਤੇ ਸਵਾਲ

**ਫਰੀਦਕੋਟ:** ਪੰਜਾਬ ਸਰਕਾਰ ਵੱਲੋਂ 2015 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਸਬੰਧੀ ਵਾਪਰੀਆਂ ਤਿੰਨ ਘਟਨਾਵਾਂ ਦੇ ਮਾਮਲਿਆਂ ਦੀ ਜਾਂਚ ਸੀ.ਬੀ.ਆਈ. ਨੂੰ ਸੌਂਪਣ ਤੋਂ ਚਾਰ ਸਾਲ ਬਾਅਦ ਵੀ ਸੀ.ਬੀ.ਆਈ. ਨੇ ਇਸ ਮਾਮਲੇ ਵਿਚ ਅਜੇ ਤੱਕ ਕੋਈ ਪ੍ਰਗਤੀ ਨਹੀਂ ਦਿਖਾਈ।

ਪਿਛਲੇ ਛੇ ਮਹੀਨਿਆਂ ਤੋਂ ਸੀ.ਬੀ.ਆਈ. ਦਾ ਕੋਈ ਵੀ ਅਧਿਕਾਰੀ ਕੈਂਪ ਦਫਤਰ ਵਿਚ ਨਹੀਂ ਆਇਆ। ਜ਼ਿਲ੍ਹਾ ਪੁਲਿਸ ਹਰ ਮਹੀਨੇ ਸੀ.ਬੀ.ਆਈ. ਦੇ ਕੈਂਪ ਦਫਤਰ ਉਪਰ ਇਕ ਲੱਖ ਰੁਪਏ ਖਰਚ ਕਰ ਰਹੀ ਹੈ। ਮਿਲੀ ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਨੇ 2 ਨਵੰਬਰ 2015 ਨੂੰ ਪਿੰਡ ਬੁਰਜ ਜਵਾਹਰ ਸਿੰਘ ਵਾਲਾ 'ਚੋਂ ਗੁਰੂ ਗ੍ਰੰਥ ਸਾਹਿਬ ਚੋਰੀ ਹੋਣ ਸਬੰਧੀ ਅਤੇ 25 ਸਤੰਬਰ 2015 ਨੂੰ ਪਿੰਡ ਬਰਗਾੜੀ ਵਿਚ ਲਾਏ ਇਤਰਾਜ਼ਯੋਗ ਪੋਸਟਰ ਸਬੰਧੀ ਅਤੇ 12 ਅਕਤੂਬਰ ਨੂੰ ਪਿੰਡ ਬਰਗਾੜੀ ਦੀਆਂ ਗਲੀਆਂ ਵਿਚ ਗੁਰੂ ਗ੍ਰੰਥ ਸਾਹਿਬ ਦੇ ਅੰਗ ਖਿਲਾਰਨ ਬਾਰੇ ਦਰਜ ਕੀਤੇ ਗਏ ਮੁਕੱਦਮਿਆਂ ਦੀ ਪੜਤਾਲ ਸੀ.ਬੀ.ਆਈ. ਨੂੰ ਸੌਂਪ ਦਿੱਤੀ ਸੀ। ਸੀ.ਬੀ.ਆਈ. ਦੀ ਚਾਰ ਮੈਂਬਰੀ ਟੀਮ ਨੇ ਇਨ੍ਹਾਂ ਤਿੰਨਾਂ ਮੁਕੱਦਮਿਆਂ ਦੀ ਪੜਤਾਲ ਸ਼ੁਰੂ ਕਰ ਦਿੱਤੀ ਸੀ ਅਤੇ 400 ਤੋਂ ਵੱਧ ਵਿਅਕਤੀਆਂ ਦੀਆਂ ਹੱਥ ਲਿਖਤਾਂ ਨਮੂਨੇ ਅਤੇ ਫਿੰਗਰ ਪ੍ਰਿੰਟ ਹਾਸਲ ਕੀਤੇ ਸਨ।

ਸੀ.ਬੀ.ਆਈ. ਨੇ ਫਰੀਦਕੋਟ ਦੇ ਨਹਿਰੀ ਵਿਭਾਗ ਦੇ ਰੈਸਟ ਹਾਊਸ 'ਚ ਕੈਂਪ ਦਫਤਰ ਵੀ ਸਥਾਪਤ ਕਰ ਲਿਆ ਸੀ ਪਰ ਪਿਛਲੇ ਛੇ ਮਹੀਨਿਆਂ ਤੋਂ ਸੀ.ਬੀ.ਆਈ. ਦੀ ਟੀਮ ਇਕ ਵਾਰ ਵੀ ਦਫਤਰ ਨਹੀਂ ਆਈ। 13 ਜੂਨ 2018 ਨੂੰ ਮਹਿੰਦਰਪਾਲ ਬਿੱਟੂ ਨੂੰ ਕੋਟਕਪੂਰਾ ਪੁਲਿਸ ਨੇ ਬੇਅਦਬੀ ਮਾਮਲੇ ਵਿਚ ਗ੍ਰਿਫਤਾਰ ਕੀਤਾ ਸੀ, ਬਿੱਟੂ ਦੀ ਅਜੇ ਇਸ ਮਾਮਲੇ ਵਿਚ ਪੁੱਛਗਿੱਛ ਤੇ ਗ੍ਰਿਫਤਾਰੀ ਬਾਕੀ ਸੀ ਅਤੇ ਇਸ ਤੋਂ ਪਹਿਲਾਂ ਹੀ ਉਸ ਦਾ ਕਤਲ ਹੋ ਗਿਆ। ਬਿੱਟੂ ਦੀ ਮੌਤ ਨਾਲ ਸੀ.ਬੀ.ਆਈ. ਦੀ ਜਾਂਚ ਨੂੰ ਵੱਡਾ ਝਟਕਾ ਲੱਗਿਆ ਹੈ।

## ਮਾਰਕ ਐਸਪਰ ਅਮਰੀਕਾ ਦੇ ਰੱਖਿਆ ਸਕੱਤਰ ਨਾਮਜ਼ਦ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਰੱਖਿਆ ਸਕੱਤਰ ਦੇ ਅਹੁਦੇ ਲਈ ਮਾਰਕ ਐਸਪਰ ਨੂੰ ਨਾਮਜ਼ਦ ਕੀਤਾ ਹੈ। ਵ੍ਹਾਈਟ ਹਾਊਸ ਨੇ ਇਸ ਸਬੰਧੀ ਜਾਣਕਾਰੀ ਦਿੱਤੀ। ਜਿਮ ਮੈਟਿਸ ਦੇ ਪਿਛਲੇ ਸਾਲ ਦੇ ਅੰਤ 'ਚ ਅਚਾਨਕ ਅਸਤੀਫਾ ਦੇਣ ਤੋਂ ਬਾਅਦ ਸੰਸਦ ਮੈਂਬਰਾਂ ਵਲੋਂ ਰਾਸ਼ਟਰਪਤੀ 'ਤੇ ਪੈਂਟਾਗਨ ਵਿਚ ਸਥਿਰ ਨਾਗਰਿਕ ਅਗਵਾਈ ਲਿਆਉਣ ਦੇ ਦਬਾਅ ਦੇ ਚਲਦਿਆਂ ਇਹ ਫੈਸਲਾ ਲਿਆ ਗਿਆ ਹੈ। ਐਸਪਰ ਅਜੇ ਸੈਨਾ ਦੇ ਸਕੱਤਰ ਹਨ।

ਕਾਰਜਕਾਰੀ ਰੱਖਿਆ ਮੰਤਰੀ ਪੈਟ੍ਰਿਕ ਸ਼ੈਨਹਨ ਨੇ ਪਰਿਵਾਰਕ ਕਾਰਨਾਂ ਦਾ ਹਵਾਲਾ ਦਿੰਦਿਆਂ ਇਸ ਹਫਤੇ ਆਪਣਾ ਨਾਂ ਵਾਪਸ ਲੈ ਲਿਆ ਸੀ। ਅਮਰੀਕੀ ਸੈਨੇਟ ਤੋਂ ਨਾਮਜ਼ਦਗੀ ਨੂੰ ਝੰਡੀ ਮਿਲਣ ਤੋਂ ਬਾਅਦ ਹੀ ਐਸਪਰ ਰੱਖਿਆ ਸਕੱਤਰ ਵਜੋਂ ਸਹੁੰ ਚੁੱਕ ਸਕਣਗੇ। ਅਹੁਦਾ ਸੰਭਾਲਣ ਤੋਂ ਬਾਅਦ ਐਸਪਰ ਦਾ ਪਹਿਲਾ ਤੇ ਮਹੱਤਵਪੂਰਨ ਕੰਮ ਪੱਛਮੀ ਏਸ਼ੀਆ 'ਚ ਦੇਸ਼ ਦੀ ਮੌਜੂਦਗੀ ਨੂੰ ਵਧਾਉਣਾ ਹੋਵੇਗਾ।

## ਰਿਜ਼ਰਵ ਬੈਂਕ ਦੇ ਡਿਪਟੀ ਗਵਰਨਰ ਵੱਲੋਂ ਅਸਤੀਫਾ

**ਨਵੀਂ ਦਿੱਲੀ:** ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਦੇ ਡਿਪਟੀ ਗਵਰਨਰ ਵਿਰਲ ਅਚਾਰੀਆ ਨੇ ਆਪਣੇ 3 ਸਾਲ ਦੇ ਕਾਰਜਕਾਲ ਦੇ ਪੂਰਾ ਹੋਣ ਤੋਂ 6 ਮਹੀਨੇ ਪਹਿਲਾਂ ਹੀ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ ਅਤੇ ਉਹ ਹੁਣ 23 ਜੁਲਾਈ, 2019 ਤੋਂ ਬਾਅਦ ਆਪਣੀਆਂ ਸੇਵਾਵਾਂ ਨੂੰ ਜਾਰੀ ਨਹੀਂ ਰੱਖ ਸਕਣਗੇ।

ਆਰ.ਬੀ.ਆਈ. ਵੱਲੋਂ ਜਾਰੀ ਬਿਆਨ 'ਚ ਕਿਹਾ ਗਿਆ ਹੈ ਕਿ ਕੁਝ ਹਫਤੇ ਪਹਿਲਾਂ ਡਾ. ਅਚਾਰੀਆ ਨੇ ਆਰ.ਬੀ.ਆਈ. ਨੂੰ ਪੱਤਰ ਲਿਖ ਕੇ ਸੂਚਿਤ ਕੀਤਾ ਸੀ ਕਿ ਉਹ ਕੁਝ ਨਾ-ਟਾਲਣਯੋਗ ਨਿੱਜੀ ਕਾਰਨਾਂ ਦੇ ਚੱਲਦਿਆਂ ਡਿਪਟੀ ਗਵਰਨਰ ਵਜੋਂ ਆਪਣੀਆਂ ਸੇਵਾਵਾਂ ਨੂੰ 23 ਜੁਲਾਈ, 2019 ਤੋਂ ਬਾਅਦ ਜਾਰੀ ਨਹੀਂ ਰੱਖ ਸਕਣਗੇ। ਦੱਸਣਯੋਗ ਹੈ ਕਿ ਅਚਾਰੀਆ ਦੀ ਨਿਯੁਕਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਨਿਯੁਕਤੀ ਕਮੇਟੀ ਵੱਲੋਂ ਕੀਤੀ ਗਈ ਸੀ ਅਤੇ ਹੁਣ ਉਨ੍ਹਾਂ ਦਾ ਅਸਤੀਫਾ ਵੀ ਉਹੀ ਕਮੇਟੀ ਪ੍ਰਵਾਨ ਕਰ ਸਕਦੀ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਬੀਤੇ ਸਾਲ ਦਸੰਬਰ 'ਚ ਆਰ.ਬੀ.ਆਈ. ਦੇ ਗਵਰਨਰ ਵੱਲੋਂ ਵੀ ਆਪਣੇ ਕਾਰਜਕਾਲ ਦੇ 9 ਮਹੀਨੇ ਪਹਿਲਾਂ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਗਿਆ ਸੀ। ਇਸ ਤਰ੍ਹਾਂ 7 ਮਹੀਨਿਆਂ ਦੌਰਾਨ ਕੇਂਦਰੀ ਬੈਂਕ ਦੇ 2 ਵੱਡੇ ਅਧਿਕਾਰੀਆਂ ਵੱਲੋਂ ਅਸਤੀਫੇ ਦਿੱਤੇ ਗਏ ਹਨ।

# ਸਬੂਤ ਪੁੱਛ ਕੇ ਆਪ ਹੀ ਫਸਿਆ ਸੁਖਬੀਰ ਬਾਦਲ

*(ਸਫਾ ਇਕ ਦੀ ਬਾਕੀ)*

ਨੂੰ ਉਮਰ ਕੈਦ ਦੇ 14 ਸਾਲ ਭੁਗਤ ਲੈਣ ਬਾਅਦ ਤਾਮਿਲਨਾਡੂ ਦੀ ਸਰਕਾਰ ਨੇ ਰਿਹਾਅ ਕਰਨ ਦਾ ਹੁਕਮ ਜਾਰੀ ਕਰ ਦਿੱਤਾ ਸੀ ਪਰ ਕੇਂਦਰ ਸਰਕਾਰ ਨੇ ਇਸ ਹੁਕਮ 'ਤੇ ਅਮਲ ਹੋਣ ਤੋਂ ਪਹਿਲਾਂ ਹੀ ਰਾਤ ਨੂੰ ਸੁਪਰੀਮ ਕੋਰਟ ਦਾ ਜਾ ਕੁੰਡਾ ਖੜਕਾਇਆ ਤੇ ਦੋਸ਼ੀਆਂ ਦੀ ਰਿਹਾਈ 'ਤੇ ਰੋਕ ਲਗਾ ਦਿੱਤੀ ਗਈ। ਇਸ ਮਾਮਲੇ ਦੀ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਦੇ ਪੰਜ ਮੈਂਬਰੀ ਬੈਂਚ ਨੇ 264 ਪੰਨਿਆਂ ਦਾ ਵਿਸਥਾਰਤ ਹੁਕਮ ਲਿਖਦਿਆਂ ਸਪਸ਼ਟ ਕੀਤਾ ਸੀ ਕਿ ਟਾਡਾ ਤੇ ਸੀ.ਬੀ.ਆਈ. ਅਧੀਨ ਬਣੀਆਂ ਅਦਾਲਤਾਂ ਵਲੋਂ ਸੁਣਾਈ ਸਜ਼ਾ ਬਾਰੇ ਸੂਬਾਈ ਸਰਕਾਰਾਂ (ਸੰਵਿਧਾਨਕ ਤੌਰ 'ਤੇ ਰਾਜਪਾਲ) ਕੇਂਦਰ ਸਰਕਾਰ ਦੀ ਮੁਕੰਮਲ ਪ੍ਰਵਾਨਗੀ 'ਤੇ ਸਹਿਮਤੀ ਬਾਅਦ ਹੀ ਕੋਈ ਕਦਮ ਚੁੱਕ ਸਕਣਗੀਆਂ। ਹੁਣ ਸਵਾਲ ਇਹ ਉਠ ਰਿਹਾ ਹੈ ਕਿ ਸਿੱਖ ਨੌਜਵਾਨ ਦੇ ਕਾਤਲਾਂ ਨੂੰ ਸਜ਼ਾ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਨੇ ਸੁਣਾਈ ਸੀ। ਫਿਰ ਕੇਂਦਰ ਦੀ ਪ੍ਰਵਾਨਗੀ ਬਿਨਾਂ ਉਹ ਰਿਹਾ ਕਿਵੇਂ ਹੋ ਗਏ। ਰਾਜਪਾਲ ਵਲੋਂ ਸਜ਼ਾ ਮੁਆਫੀ ਦੇ ਜਾਰੀ ਪੱਤਰ ਵਿਚ ਏ.ਡੀ.ਜੀ.ਪੀ. ਜੇਲ੍ਹਾਂ ਤੇ ਡੀ.ਜੀ.ਪੀ. ਦੀ ਸਿਫਾਰਸ਼ 'ਤੇ ਵਰਨਣ ਕੀਤੇ ਹਾਲਾਤ ਦਾ ਤਾਂ ਜ਼ਿਕਰ ਕੀਤਾ ਗਿਆ ਹੈ, ਪਰ ਕੇਂਦਰ ਸਰਕਾਰ ਦੀ ਸਹਿਮਤੀ ਦਾ ਕੋਈ ਜ਼ਿਕਰ ਨਹੀਂ।

ਹਰਜੀਤ ਸਿੰਘ ਦੇ ਅਗਵਾ ਤੇ ਕਤਲ ਦੀ ਸ਼ਿਕਾਇਤ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਉਸ ਦੇ ਪਿਤਾ ਮਹਿੰਦਰ ਸਿੰਘ ਨੇ ਕੀਤੀ ਸੀ ਤੇ 1996 ਵਿਚ ਅਦਾਲਤ ਨੇ ਜਾਂਚ ਸੀ.ਬੀ.ਆਈ. ਨੂੰ ਸੌਂਪੀ ਸੀ। ਸੀ.ਬੀ.ਆਈ. ਦੀ ਜਾਂਚ ਮੁਤਾਬਕ ਏ.ਐਸ.ਆਈ. ਹਰਿੰਦਰ ਸਿੰਘ 6 ਅਕਤੂਬਰ, 1993 ਨੂੰ ਹਰਜੀਤ ਸਿੰਘ ਨੂੰ ਅਗਵਾ ਕਰਕੇ ਲੈ ਗਿਆ ਸੀ ਤੇ ਫਿਰ 12 ਅਕਤੂਬਰ, 1993 ਨੂੰ ਉਸ ਨੂੰ ਉਤਰ ਪ੍ਰਦੇਸ਼ ਪੁਲਿਸ ਨੇ ਮੁਕਾਬਲੇ ਵਿਚ ਮਾਰਿਆ ਗਿਆ ਦਿਖਾਇਆ ਸੀ। ਹਰਜੀਤ ਸਿੰਘ 'ਤੇ ਪੁਲਿਸ ਨੇ ਇਕ ਕਤਲ ਦੇ ਮਾਮਲੇ 'ਚ ਸ਼ਾਮਲ ਹੋਣ ਦਾ ਦੋਸ਼ ਲਗਾਇਆ ਸੀ ਜੋ ਜਾਂਚ ਦੌਰਾਨ ਝੂਠਾ ਨਿਕਲਿਆ। ਉਕਤ ਚਾਰਾਂ ਦੋਸ਼ੀਆਂ ਨੂੰ ਸਜ਼ਾ ਮਿਲਿਆਂ ਸਾਢੇ ਚਾਰ ਸਾਲ ਤੋਂ ਵੱਧ ਸਮਾਂ ਹੋ ਗਿਆ, ਪਰ ਉਨ੍ਹਾਂ ਵਿਚੋਂ ਕਿਸੇ ਨੇ ਵੀ ਦੋ ਸਾਲ ਤੋਂ ਵੱਧ ਸਜ਼ਾ ਨਹੀਂ ਭੁਗਤੀ। ਉਹ ਬਹੁਤ ਸਮਾਂ ਪੈਰੋਲ 'ਤੇ ਵੀ ਰਹਿੰਦੇ ਆ ਰਹੇ ਹਨ। ਹੁਣ ਰਿਹਾਈ ਸਮੇਂ ਵੀ ਹਰਿੰਦਰ ਸਿੰਘ ਤੇ ਉਂਕਾਰ ਸਿੰਘ ਪੈਰੋਲ 'ਤੇ ਜੇਲ੍ਹ ਤੋਂ ਬਾਹਰ ਹੀ ਸਨ।

# ਅਮਰੀਕੀ ਲੇਖਕਾ ਨੇ ਟਰੰਪ 'ਤੇ ਲਗਾਏ ਜਿਨਸੀ ਸ਼ੋਸ਼ਣ ਦੇ ਦੋਸ਼

**ਵਾਸ਼ਿੰਗਟਨ:** ਨਿਊ ਯਾਰਕ 'ਚ ਰਹਿਣ ਵਾਲੀ ਲੇਖਕਾ ਤੇ ਕਾਲਮਨਵੀਸ ਨੇ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ 'ਤੇ ਜਿਨਸੀ ਸ਼ੋਸ਼ਣ ਦਾ ਦੋਸ਼ ਲਗਾਇਆ ਹੈ, ਹਾਲਾਂਕਿ ਰਾਸ਼ਟਰਪਤੀ ਨੇ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕਰਦਿਆਂ ਇਨ੍ਹਾਂ ਨੂੰ ਫਰਜੀ ਖਬਰ ਦੱਸਿਆ ਹੈ।

ਈ. ਜੀਨ ਕੈਰੋਲ ਨੇ ਨਵੀਂ ਕਿਤਾਬ 'ਵ੍ਹੱਟ ਡੂ ਵੀ ਨੀਡ ਮੈਨ ਫਾਰ?' ਵਿਚ ਲਿਖਿਆ ਹੈ ਕਿ ਕਰੀਬ ਦੋ ਦਹਾਕੇ ਪਹਿਲਾਂ 1990ਵਿਆਂ 'ਚ ਡੋਨਲਡ ਟਰੰਪ ਨੇ ਨਿਊ ਯਾਰਕ ਦੇ ਬੈਗਰਡੌਰਫ ਗੁਡਮੈਨ ਡਿਪਾਰਟਮੈਂਟ ਸਟੋਰ 'ਚ ਉਸ ਦਾ ਜਿਨਸੀ ਸ਼ੋਸ਼ਣ ਕੀਤਾ ਸੀ। ਇਸ ਕਿਤਾਬ ਦੇ ਅੰਸ਼ ਸਭ ਤੋਂ ਪਹਿਲਾਂ 'ਨਿਊ ਯਾਰਕ' ਮੈਗਜ਼ੀਨ ਦੀ ਵੈੱਬਸਾਈਟ 'ਤੇ ਪ੍ਰਕਾਸ਼ਿਤ ਹੋਏ ਸਨ। ਕੈਰੋਲ ਹਾਲਾਂਕਿ ਪੁਸਤਕ ਦੇ ਪ੍ਰਕਾਸ਼ਿਤ ਅੰਸ਼ 'ਚ ਟਰੰਪ ਦਾ ਨਾਂ ਨਹੀਂ ਲੈ ਰਹੀ, ਪਰ ਇਸ ਦੀ ਹੈੱਡਲਾਈਨ 'ਚ ਉਨ੍ਹਾਂ ਦਾ ਨਾਂ ਜ਼ਰੂਰ ਹੈ। ਇਹ ਹੈਡਲਾਈਨ ਹੈ 'ਘਟੀਆ ਆਦਮੀ ਡੋਨਲਡ ਟਰੰਪ ਨੇ 23 ਸਾਲ ਪਹਿਲਾਂ ਬੈਗਰਡੌਰਫ ਗੁਡਮੈਟ ਡਿਪਾਪਰਟਮੈਂਟ ਸਟੋਰ 'ਚ ਮੇਰਾ ਜਿਨਸੀ ਸ਼ੋਸ਼ਣ ਕੀਤਾ, ਪਰ ਮੇਰੇ ਜੀਵਨ ਦੇ ਖਰਾਬ ਮਰਦਾਂ ਦੀ ਸੂਚੀ 'ਚ ਉਹ ਇਕੱਲੇ ਹੀ ਨਹੀਂ ਹਨ।'

ਲੰਮਾ ਸਮਾਂ 'ਐਲੇ' ਮੈਗਜ਼ੀਨ ਵਿਚ ਕਾਲਮਨਵੀਸ ਰਹੀ 75 ਸਾਲਾ ਕੈਰੋਲ ਸਮੇਤ 16 ਮਹਿਲਾਵਾਂ ਨੇ ਪਿਛਲੇ ਕੁਝ ਦਹਾਕਿਆਂ 'ਚ ਟਰੰਪ 'ਤੇ ਜਿਨਸੀ ਸ਼ੋਸ਼ਣ ਦਾ ਦੋਸ਼ ਲਗਾਇਆ ਹੈ। ਇਨ੍ਹਾਂ 'ਚੋਂ ਵਧੇਰੇ ਦੋਸ਼ 2016 ਦੀਆਂ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਲਗਾਏ ਗਏ ਸੀ। ਦੂਜੇ ਪਾਸੇ ਟਰੰਪ ਨੇ ਕਿਹਾ ਉਹ ਕੈਰੋਲ ਨੂੰ ਕਦੀ ਨਹੀਂ ਮਿਲੇ। ਉਹ ਬੱਸ ਆਪਣੀਆਂ ਕਿਤਾਬਾਂ ਵੇਚਣ ਦੀ ਕੋਸ਼ਿਸ਼ ਕਰ ਰਹੀ ਹੈ।

## ਜਦੋਂ ਜਹਾਜ ਵਿਚ ਹੀ ਸੁੱਤੀ ਰਹਿ ਗਈ ਮਹਿਲਾ ਯਾਤਰੀ

**ਟੋਰਾਂਟੋ:** ਏਅਰ ਕੈਨੇਡਾ ਦੀ ਇਕ ਮਹਿਲਾ ਯਾਤਰੀ ਦਾ ਕਹਿਣਾ ਹੈ ਕਿ ਇਕ ਘਰੇਲੂ ਉਡਾਣ ਦੌਰਾਨ ਨੀਂਦ ਆ ਜਾਣ ਕਾਰਨ ਏਅਰ ਲਾਈਨ ਦਾ ਅਮਲਾ ਉਸ ਨੂੰ ਜਹਾਜ 'ਚ ਹੀ ਭੁੱਲ ਗਿਆ, ਜਿਸ ਕਰ ਕੇ ਉਸ ਨੂੰ ਠੰਢ ਤੇ ਹਨੇਰੇ ਵਾਲੇ ਜਹਾਜ 'ਚ ਇਕੱਲੇ ਰਹਿਣਾ ਪਿਆ। ਏਅਰ ਲਾਈਨ ਨੇ ਮਾਮਲੇ ਦੀ ਜਾਂਚ ਅਰੰਭ ਦਿੱਤੀ ਹੈ। ਟਿਫਨੀ ਐਡਮਜ਼ ਨਾਂ ਦੀ ਇਸ ਮਹਿਲਾ ਯਾਤਰੀ ਨੂੰ 9 ਜੂਨ ਨੂੰ ਕਿਊਬੈੱਕ ਤੋਂ ਟੋਰਾਂਟੋ ਜਾ ਰਹੇ ਏਅਰ ਕੈਨੇਡਾ ਦੇ ਹਵਾਈ ਜਹਾਜ 'ਚ ਨੀਂਦ ਆ ਗਈ।

## ਭਾਜਪਾ ਰਾਮ ਰਹੀਮ ਨੂੰ ਜੇਲ੍ਹ ਵਿਚੋਂ ਕੱਢਣ ਲਈ ਸਰਗਰਮ

*(ਸਫਾ ਇਕ ਦੀ ਬਾਕੀ)*

ਜ਼ਮੀਨ ਦਾ ਮਾਲਕ ਨਹੀਂ।

ਯਾਦ ਰਹੇ ਕਿ ਹਰਿਆਣੇ ਵਿਚ ਵਿਧਾਨ ਸਭਾ ਚੋਣਾਂ ਸਿਰ ਉਤੇ ਹਨ ਤੇ ਸੂਬੇ ਵਿਚ ਡੇਰਾ ਪ੍ਰੇਮੀਆਂ ਦਾ ਵੱਡਾ ਵੋਟ ਬੈਂਕ ਹੈ। ਹੁਣ ਜਦੋਂ ਪੈਰੋਲ ਦਾ ਮਾਮਲਾ ਭਖ ਗਿਆ ਤਾਂ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਬਿਆਨ ਦੇਣਾ ਪਿਆ ਕਿ ਅਸੀਂ ਕਿਸੇ ਨੂੰ ਪੈਰੋਲ ਮੰਗਣ ਤੋਂ ਰੋਕ ਨਹੀਂ ਸਕਦੇ। ਇਸ ਤੋਂ ਪਹਿਲਾਂ ਉਨ੍ਹਾਂ ਦੇ ਮੰਤਰੀ ਵੀ ਰਾਮ ਰਹੀਮ ਦੀ ਪੈਰੋਲ 'ਤੇ ਰਿਹਾਈ ਦਾ ਪੁਰਜ਼ੋਰ ਸਮਰਥਨ ਕਰ ਚੁੱਕੇ ਹਨ। ਕੈਬਨਿਟ ਮੰਤਰੀ ਅਨਿਲ ਵਿੱਜ ਇਥੋਂ ਤੱਕ ਆਖ ਗਏ ਕਿ ਜੇਕਰ ਫਾਂਸੀ ਲਈ ਸਜ਼ਾਯਾਫ਼ਤਾ ਪੈਰੋਲ ਲੈ ਸਕਦੇ ਹਨ ਤਾਂ ਰਾਮ ਰਹੀਮ ਵੀ ਹੱਕਦਾਰ ਹੈ। ਦੂਜੇ ਪਾਸੇ, ਰਾਮ ਰਹੀਮ ਵੱਲੋਂ ਕਤਲ ਕੀਤੇ ਗਏ ਪੱਤਰਕਾਰ ਰਾਮ ਚੰਦਰ ਛੱਤਰਪਤੀ ਦੇ ਪੁੱਤਰ ਅੰਸ਼ੁਲ ਛੱਤਰਪਤੀ ਦਾ ਕਹਿਣਾ ਹੈ ਕਿ ਡੇਰਾ ਸਿਰਸਾ ਮੁਖੀ ਜੇਲ੍ਹ ਤੋਂ ਬਾਹਰ ਆ ਕੇ ਪੰਜਾਬ ਤੇ ਹਰਿਆਣਾ ਦੇ ਅਮਨ-ਕਾਨੂੰਨ ਲਈ ਖਤਰਾ ਬਣ ਸਕਦਾ ਹੈ। ਉਨ੍ਹਾਂ ਆਪਣੀ ਤੇ ਪਰਿਵਾਰ ਦੀ ਜਾਨ ਨੂੰ ਵੀ ਖਤਰਾ ਦੱਸਿਆ। ਜੇ ਰਾਮ ਰਹੀਮ ਨੂੰ ਪੈਰੋਲ ਮਿਲਦੀ ਹੈ ਤਾਂ ਉਹ ਅਦਾਲਤ ਦਾ ਦਰਵਾਜ਼ਾ ਖੜਕਾਉਣਗੇ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਡਾ. ਗੁਰਚਰਨ ਸਿੰਘ ਗਰੇਵਾਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਬਲਵਿੰਦਰ ਸਿੰਘ ਸੰਧੂ | ਅਯੁਧਿਆ ਸਲਵਾਨ | ਰਾਜਿੰਦਰ ਸਿੰਘ ਬੈਂਸ |
| ਸਵਰਨਜੀਤ ਸਿੰਘ ਢਿਲੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਅਮੋਲਕ ਸਿੰਘ ਗਾਖਲ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਦਰਸ਼ਨ ਸਿੰਘ ਗਰੇਵਾਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |

# ਪੰਜਾਬ 'ਚ ਔਰਤਾਂ ਖਿਲਾਫ ਜ਼ੁਲਮਾਂ ਦੇ ਡਰਾਉਣੇ ਅੰਕੜੇ

**ਚੰਡੀਗੜ੍ਹ:** ਪੰਜਾਬ ਵਿਚ ਔਰਤਾਂ ਖਿਲਾਫ ਹੁੰਦੇ ਅਪਰਾਧਾਂ ਖਾਸ ਕਰ ਕੇ ਜਬਰ ਜਨਾਹ ਤੇ ਜਿਸਮਾਨੀ ਛੇੜਛਾੜ ਦੇ ਅੰਕੜੇ ਹੈਰਾਨ ਕਰਨ ਵਾਲੇ ਹਨ। ਸੂਬੇ 'ਚ ਰੋਜ਼ਾਨਾ 2 ਤੋਂ ਵੱਧ ਔਰਤਾਂ ਨਾਲ ਬਲਾਤਕਾਰ ਹੁੰਦੇ ਹਨ ਤੇ 7 ਔਰਤਾਂ ਛੇੜਛਾੜ, ਦਹੇਜ ਹਿੰਸਾ, ਘਰੇਲੂ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ।

ਪੁਲਿਸ ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਸੂਬੇ ਵਿਚ ਸਾਲ 2012 ਤੋਂ 15 ਜੂਨ 2019 ਤੱਕ (ਤਕਰੀਬਨ 2,730 ਦਿਨਾਂ ਦੌਰਾਨ) ਬਲਾਤਕਾਰ ਦੇ 6,060 ਤੋਂ ਵੱਧ ਮਾਮਲੇ ਸਾਹਮਣੇ ਆਏ ਹਨ ਜਦਕਿ ਇਸੇ ਸਮੇਂ ਦੌਰਾਨ ਦਹੇਜ ਲਈ ਤਸ਼ੱਦਦ ਢਾਹੁਣ, ਘਰੇਲੂ ਹਿੰਸਾ ਅਤੇ ਜਿਸਮਾਨੀ ਛੇੜਛਾੜ ਦੀਆਂ 19 ਹਜ਼ਾਰ ਦੇ ਕਰੀਬ ਘਟਨਾਵਾਂ ਵਾਪਰ ਚੁੱਕੀਆਂ ਹਨ। ਜਦਕਿ ਮਹਿਲਾ ਪੁਲਿਸ ਅਧਿਕਾਰੀਆਂ ਦਾ ਦੱਸਣਾ ਹੈ ਕਿ ਜਬਰ ਜਨਾਹ ਤੇ ਛੇੜਛਾੜ ਦੀਆਂ ਬਹੁਤ ਸਾਰੀਆਂ ਘਟਨਾਵਾਂ 'ਇੱਜ਼ਤ ਖਾਤਰ ਪਰਦਾ ਪਾਈ ਰੱਖਣ' ਦੀ ਰਵਾਇਤ ਕਰ ਕੇ ਪੁਲਿਸ ਦੇ ਰਿਕਾਰਡ ਵਿਚ ਆਉਂਦੀਆਂ ਹੀ ਨਹੀਂ। ਪੰਜਾਬ ਸਰਕਾਰ ਵੱਲੋਂ ਮਹਿਲਾਵਾਂ 'ਤੇ ਹੁੰਦੇ ਅਤਿਆਚਾਰ ਦੇ ਮਾਮਲਿਆਂ ਵਿਚ ਸਖਤ ਕਾਰਵਾਈ ਦੇ ਦਾਅਵੇ ਤਾਂ ਕੀਤੇ ਜਾਂਦੇ ਹਨ ਪਰ ਫਿਰ ਵੀ ਘਟਨਾਵਾਂ ਲਗਾਤਾਰ ਵਾਪਰ ਰਹੀਆਂ ਹਨ। ਪੁਲਿਸ ਰਿਕਾਰਡ ਮੁਤਾਬਕ ਵੀ ਅਜਿਹੇ ਮਾਮਲਿਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਦਹੇਜ ਅਤੇ ਜਿਸਮਾਨੀ ਛੇੜਛਾੜ ਦੀਆਂ ਘਟਨਾਵਾਂ ਲੁਧਿਆਣਾ, ਪਟਿਆਲਾ, ਅੰਮ੍ਰਿਤਸਰ, ਜਲੰਧਰ ਅਤੇ ਬਠਿੰਡਾ ਵਿਚ ਜ਼ਿਆਦਾ ਵਾਪਰੀਆਂ ਹਨ।

ਸੂਤਰਾਂ ਦਾ ਕਹਿਣਾ ਹੈ ਕਿ ਘਰੇਲੂ ਹਿੰਸਾ ਦੇ ਮਾਮਲੇ ਆਮ ਤੌਰ 'ਤੇ ਪੁਲਿਸ ਰਿਕਾਰਡ ਵਿਚ ਨਹੀਂ ਆਉਂਦੇ। ਕਈ ਮੌਕਿਆਂ 'ਤੇ ਇਹ ਗੱਲ ਸਾਹਮਣੇ ਆ ਚੁੱਕੀ ਹੈ ਕਿ ਹੋਰਨਾਂ ਰਾਜਾਂ ਦੇ ਮੁਕਾਬਲੇ ਪੰਜਾਬ 'ਚ ਘਰੇਲੂ ਹਿੰਸਾ ਕਾਨੂੰਨ ਨੂੰ ਲਾਗੂ ਕਰਨ ਲਈ ਠੋਸ ਕਦਮ ਨਹੀਂ ਚੁੱਕੇ ਗਏ। ਕੰਮਕਾਜੀ ਔਰਤਾਂ ਨੂੰ ਛੇੜਛਾੜ ਵਰਗੀਆਂ ਘਟਨਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਪੁਲਿਸ ਵੱਲੋਂ ਵੀ ਢਿੱਲ ਵਰਤਣ ਦੇ ਮਾਮਲੇ ਸਾਹਮਣੇ ਆਏ ਹਨ ਤੇ ਘਰੇਲੂ ਹਿੰਸਾ ਦੇ ਕਿਸੇ ਵੀ ਕੇਸ ਵਿਚ ਸਜ਼ਾ ਨਹੀਂ ਸੁਣਾਈ ਗਈ। ਕੌਮਾਂਤਰੀ ਪੱਧਰ 'ਤੇ ਹੋਏ ਇਕ ਸਰਵੇਖਣ ਵਿਚ ਵੀ ਭਾਰਤ ਔਰਤਾਂ ਵਿਰੁੱਧ ਹੁੰਦੇ ਅਪਰਾਧਾਂ ਦੇ ਮਾਮਲਿਆਂ ਵਿਚ ਦੁਨੀਆਂ 'ਚੋਂ ਪਹਿਲੇ ਨੰਬਰ ਉਤੇ ਹੈ। ਸਰਕਾਰ ਦਾ ਕਹਿਣਾ ਹੈ ਕਿ ਹਿੰਸਾ ਦਾ ਸ਼ਿਕਾਰ ਜੋ ਔਰਤਾਂ ਥਾਣੇ ਜਾਣ ਤੋਂ ਝਿਜਕ ਮਹਿਸੂਸ ਕਰਦੀਆਂ ਹਨ, ਉਹ ਟੋਲ ਫਰੀ ਨੰਬਰ 'ਤੇ ਆਪਣੀ ਸ਼ਿਕਾਇਤ ਦਰਜ ਕਰਾ ਸਕਦੀਆਂ ਹਨ। ਔਰਤਾਂ ਵਿਰੁੱਧ ਅਪਰਾਧਾਂ ਦੀ ਰੋਜ਼ਾਨਾ ਏ.ਡੀ.ਜੀ.ਪੀ. ਪੱਧਰ 'ਤੇ ਨਿਗਰਾਨੀ ਹੁੰਦੀ ਹੈ। ਔਰਤਾਂ ਦੀ ਸਹਾਇਤਾ ਲਈ ਡੀ.ਐਸ.ਪੀ. ਪੱਧਰ ਤੱਕ ਮਹਿਲਾਵਾਂ ਦੀ ਭਰਤੀ ਕੀਤੀ ਗਈ ਹੈ।

ਇਹ ਵੀ ਜ਼ਿਕਰਯੋਗ ਹੈ ਕਿ ਕੁਝ ਮਹੀਨੇ ਪਹਿਲਾਂ ਲੁਧਿਆਣਾ (ਦਿਹਾਤੀ) ਜ਼ਿਲ੍ਹੇ ਵਿਚ ਇਕ ਲੜਕੀ ਨਾਲ ਸਮੂਹਿਕ ਬਲਾਤਕਾਰ ਦੀ ਘਟਨਾ ਵਾਪਰੀ ਸੀ। ਇਸ ਸੰਗੀਨ ਅਪਰਾਧ ਦੀ ਤਫਤੀਸ਼ ਦੌਰਾਨ ਇਹ ਤੱਥ ਸਾਹਮਣੇ ਆਏ ਸਨ ਕਿ ਸਮੂਹਿਕ ਬਲਾਤਕਾਰ ਵਰਗੀ ਘਟਨਾ ਦਾ ਸ਼ਿਕਾਰ ਹੋਣ ਵਾਲੀਆਂ ਮਹਿਲਾਵਾਂ ਜਾਂ ਲੜਕੀਆਂ ਆਪਣੇ ਨਾਲ ਹੁੰਦੀ ਜ਼ਿਆਦਤੀ ਨੂੰ ਪੁਲਿਸ ਦੇ ਰਿਕਾਰਡ ਵਿਚ ਨਹੀਂ ਲਿਆਉਂਦੀਆਂ ਤੇ ਪਰਿਵਾਰ ਦੀ ਇੱਜ਼ਤ ਬਚਾਉਣ ਲਈ ਪਰਦਾ ਪਾਈ ਰੱਖਣ ਵਿਚ ਹੀ ਭਲਾ ਸਮਝਦੀਆਂ ਹਨ।

### ਮਾਲਵੇ 'ਚ ਵਾਪਰੀਆਂ ਜ਼ਿਆਦਾਤਰ ਘਟਨਾਵਾਂ

ਜਬਰ ਜਨਾਹ ਦੀਆਂ ਘਟਨਾਵਾਂ ਮਾਲਵੇ ਦੇ ਜ਼ਿਲ੍ਹਿਆਂ ਲੁਧਿਆਣਾ ਸ਼ਹਿਰ, ਪਟਿਆਲਾ, ਸੰਗਰੂਰ ਅਤੇ ਬਠਿੰਡਾ ਵਿਚ ਸਭ ਤੋਂ ਜ਼ਿਆਦਾ ਵਾਪਰੀਆਂ ਹਨ। ਲੁਧਿਆਣਾ (ਦਿਹਾਤੀ) ਤੇ ਪਠਾਨਕੋਟ ਦੋ ਅਜਿਹੇ ਜ਼ਿਲ੍ਹੇ ਹਨ ਜਿਥੇ ਜਬਰ ਜਨਾਹ ਦੀਆਂ ਘਟਨਾਵਾਂ ਹੋਰਨਾਂ ਜ਼ਿਲ੍ਹਿਆਂ ਦੇ ਮੁਕਾਬਲੇ ਬਹੁਤ ਘੱਟ ਵਾਪਰੀਆਂ ਹਨ। ਪੰਜਾਬ ਵਿਚ 2012 ਦੌਰਾਨ ਬਲਾਤਕਾਰ ਦੀਆਂ 680, ਸਾਲ 2013 ਦੌਰਾਨ 888, ਸਾਲ 2014 ਦੌਰਾਨ 981 ਅਤੇ ਸਾਲ 2015 ਦੌਰਾਨ 800 ਦੇ ਕਰੀਬ, 2016 ਦੌਰਾਨ 783, 2017 ਦੌਰਾਨ 682, ਸਾਲ 2018 ਦੌਰਾਨ 839 ਅਤੇ ਸਾਲ 2019 ਦੌਰਾਨ 15 ਜੂਨ ਤੱਕ 407 ਘਟਨਾਵਾਂ ਵਾਪਰ ਚੁੱਕੀਆਂ ਹਨ।

# ਦੋ ਫੁਟ ਜ਼ਮੀਨ ਲਈ ਪਰਿਵਾਰ ਦੇ ਪੰਜ ਜੀਆਂ ਦਾ ਕਤਲ

**ਸਾਗਰ (ਮੱਧ ਪ੍ਰਦੇਸ਼):** ਬੀਨਾ ਕਸਬੇ 'ਚ ਦੋ ਫੁੱਟ ਜ਼ਮੀਨ ਦੇ ਵਿਵਾਦ ਕਾਰਨ ਰਿਸ਼ਤੇਦਾਰਾਂ ਨੇ ਇਕ ਪਰਿਵਾਰ ਦੇ ਪੰਜ ਲੋਕਾਂ ਨੂੰ ਗੋਲੀ ਮਾਰ ਕੇ ਕਤਲ ਕਰ ਦਿੱਤਾ। ਬੀਨਾ ਥਾਣੇ ਦੇ ਇੰਚਾਰਜ ਅਨਿਲ ਮੌਰਿਆ ਨੇ ਦੱਸਿਆ ਕਿ ਇਸ ਘਟਨਾ 'ਚ ਚਾਰ ਲੋਕਾਂ ਦੀ ਮੌਕੇ 'ਤੇ ਮੌਤ ਹੋ ਗਈ ਜਦਕਿ ਇਕ ਜ਼ਖਮੀ ਦੀ ਸਾਗਰ ਮੈਡੀਕਲ ਕਾਲਜ 'ਚ ਇਲਾਜ ਦੌਰਾਨ ਮੌਤ ਹੋ ਗਈ।

ਮ੍ਰਿਤਕਾਂ 'ਚ ਇਕ 12 ਸਾਲਾ ਬੱਚਾ ਵੀ ਸ਼ਾਮਲ ਹੈ। ਉਨ੍ਹਾਂ ਦੱਸਿਆ ਕਿ ਇਸ ਮਾਮਲੇ 'ਚ ਮੁੱਖ ਦੋਸ਼ੀ ਮਨੋਹਰ ਅਹਿਰਵਾਰ ਨੂੰ ਉਸ ਦੀ ਲਾਇਸੈਂਸੀ ਬੰਦੂਕ ਸਣੇ ਗ੍ਰਿਫਤਾਰ ਕਰ ਲਿਆ ਗਿਆ ਹੈ ਜਦਕਿ ਉਸ ਦੇ ਦੋ ਪੁੱਤਰ ਪ੍ਰਵੀਣ ਤੇ ਪ੍ਰਸ਼ਾਂਤ ਫਰਾਰ ਹਨ। ਦੋਵਾਂ ਧਿਰਾਂ 'ਚ ਜ਼ਮੀਨ ਦੇ ਵਿਵਾਦ ਕਾਰਨ ਇਹ ਘਟਨਾ ਵਾਪਰੀ ਹੈ। ਉਨ੍ਹਾਂ ਦੱਸਿਆ ਕਿ ਮਨੋਹਰ ਤੇ ਉਸ ਦੇ ਦੋ ਪੁੱਤਰਾਂ ਨੇ ਗਣੇਸ਼ ਵਾਰਡ 'ਚ ਆਪਣੇ ਗੁਆਂਢ 'ਚ ਰਹਿੰਦੇ ਆਪਣੇ ਰਿਸ਼ਤੇਦਾਰਾਂ ਉਤੇ ਲਾਇਸੈਂਸੀ ਬੰਦੂਕ ਨਾਲ ਹਮਲਾ ਕਰ ਦਿੱਤਾ।

ਇਸ ਹਮਲੇ 'ਚ ਚਾਰ ਵਿਅਕਤੀਆਂ ਮਨੋਜ ਅਹਿਰਵਾਰ (45), ਸੰਜੀਵ ਅਹਿਰਵਾਰ (35), ਰਾਜਕੁਮਾਰੀ (30) ਅਤੇ ਸੰਜੀਵ ਦਾ ਪੁੱਤਰ ਯਸ਼ਵੰਤ (12) ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦਕਿ ਸੰਜੀਵ ਦੀ ਚਾਚੀ ਤਾਰਾਬਾਈ (55) ਨੂੰ ਗੰਭੀਰ ਜ਼ਖਮੀ ਹਾਲਤ 'ਚ ਸਾਗਰ ਦੇ ਮੈਡੀਕਲ ਕਾਲਜ 'ਚ ਇਲਾਜ ਲਈ ਲਿਜਾਇਆ ਗਿਆ ਜਿਥੇ ਉਸ ਦੀ ਮੌਤ ਹੋ ਗਈ।

## ਕੈਪਟਨ ਸਰਕਾਰ ਨੇ ਭਾਸ਼ਾ ਵਿਭਾਗ ਦੀ ਨਾ ਲਈ ਸਾਰ

**ਪਟਿਆਲਾ:** ਕੈਪਟਨ ਅਮਰਿੰਦਰ ਸਿੰਘ ਸਰਕਾਰ ਵੱਲੋਂ ਭਾਸ਼ਾ ਵਿਭਾਗ ਦੀ ਸਾਰ ਨਹੀਂ ਲਈ ਜਾ ਰਹੀ, ਜਿਸ ਕਾਰਨ ਵਿਭਾਗ ਦੇ ਬਹੁਤੇ ਪ੍ਰੋਜੈਕਟ ਖਾਸ ਕਰ ਭਾਸ਼ਾਈ ਖੋਜ ਮਿਸ਼ਨ ਅਧਵਾਟੇ ਲਟਕ ਗਿਆ ਹੈ। ਸਰਵੋਤਮ ਸ਼੍ਰੋਮਣੀ ਪੁਰਸਕਾਰ ਦੇਣ ਦੀ ਵਡਮੁੱਲੀ ਸਾਹਿਤਕ ਰਵਾਇਤ ਦਾ ਵੀ ਪਿਛਲੇ ਕਈ ਸਾਲਾਂ ਤੋਂ ਭੋਗ ਪੈ ਚੁੱਕਾ।

ਦੱਸਣਯੋਗ ਹੈ ਕਿ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਦੇ ਮੋਢਿਆਂ 'ਤੇ ਰਾਜ ਭਾਸ਼ਾ ਪੰਜਾਬੀ ਦੇ ਵਿਕਾਸ ਤੇ ਪ੍ਰਚਾਰ ਦਾ ਅਹਿਮ ਜ਼ਿੰਮਾ ਹੈ। ਪੰਜਾਬੀ, ਹਿੰਦੀ, ਉਰਦੂ, ਸੰਸਕ੍ਰਿਤ ਤੇ ਫਾਰਸੀ ਆਦਿ ਭਾਸ਼ਾਵਾਂ ਦੀ ਖੋਜ ਕਰਨ ਵਾਲਾ ਅਦਾਰਾ ਅੱਜ ਵਿੱਤੀ ਸੰਕਟ ਵਿਚ ਹੈ। ਸਰਕਾਰਾਂ ਦੀ ਅਣਦੇਖੀ ਦੇ ਇਵਜ਼ ਕੌਮੀ ਪੱਧਰ ਦੇ ਕਵੀ ਦਰਬਾਰ ਸਮਾਗਮ ਬੰਦ ਹੋ ਗਏ ਹਨ। ਪੁਸਤਕਾਂ 'ਤੇ ਦਿੱਤੇ ਜਾਣ ਵਾਲੇ ਸਰਵੋਤਮ ਪੁਰਸਕਾਰ ਵੀ ਫਾਈਲਾਂ 'ਚ ਦੱਬ ਕੇ ਰਹਿ ਗਏ ਹਨ। ਵਿਭਾਗੀ ਰਸਾਲਿਆਂ ਦੀ ਪ੍ਰਕਾਸ਼ਨਾਂ ਵੀ ਆਏ ਦਿਨ ਮੂਧੇ ਮੂੰਹ ਡਿੱਗ ਰਹੀ ਹੈ। ਵੇਰਵਿਆਂ ਮੁਤਾਬਕ ਵੱਖ ਵੱਖ ਅਹੁਦਿਆਂ ਦੀਆਂ ਕਰੀਬ 80 ਅਸਾਮੀਆਂ 'ਚੋਂ ਸਿਰਫ 30 ਹੀ ਰਹਿ ਗਈਆਂ ਹਨ। ਇਸ ਤੋਂ ਇਲਾਵਾ ਵਧੀਕ ਡਾਇਰੈਕਟਰ ਦੀ ਇਕੋ ਅਸਾਮੀ ਖਾਲੀ ਹੈ।

## ਇੰਟਰਪੋਲ ਦੇ ਸਾਬਕਾ ਮੁਖੀ ਨੇ ਰਿਸ਼ਵਤ ਦੇ ਦੋਸ਼ ਕਬੂਲੇ

**ਪੇਈਚਿੰਗ:** ਇੰਟਰਪੋਲ ਦੇ ਸਾਬਕਾ ਮੁਖੀ ਮੈਂਗ ਹੋਂਗਵੇਈ ਨੇ ਚੀਨ ਦੀ ਅਦਾਲਤ ਵਿਚ 2.1 ਮਿਲੀਅਨ ਅਮਰੀਕੀ ਡਾਲਰ ਰਿਸ਼ਵਤ ਲੈਣ ਦਾ ਦੋਸ਼ ਕਬੂਲ ਕੀਤਾ ਹੈ। ਅਦਾਲਤ ਵਿਚ ਸੁਣਵਾਈ ਦੌਰਾਨ ਮੈਂਗ ਨੇ ਆਪਣੇ ਗੁਨਾਹਾਂ 'ਤੇ ਪਛਤਾਵਾ ਕੀਤਾ। ਅਦਾਲਤ ਕੇਸ ਸਬੰਧੀ ਸਜ਼ਾ 'ਕਿਸੇ ਨਿਰਧਾਰਿਤ ਤਰੀਕ ਜਾਂ ਸਮੇਂ' 'ਤੇ ਸੁਣਾਏਗੀ।

# ਬਿਜਲੀ ਸਬਸਿਡੀ ਛੱਡਣ ਲਈ ਖਹਿਰਾ ਤੇ ਕਾਂਗੜ ਦਾ ਮਨ ਡੋਲਿਆ

**ਬਠਿੰਡਾ:** ਮਾਲ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਨੇ ਬਿਜਲੀ ਸਬਸਿਡੀ ਛੱਡ ਕੇ ਸਿਆਸੀ ਮੁਹਾਜ਼ 'ਤੇ ਭੱਲ ਤਾਂ ਖੱਟ ਲਈ ਹੈ ਪਰ ਅੱਠ ਮਹੀਨੇ ਤੋਂ ਖੇਤੀ ਮੋਟਰਾਂ ਦਾ ਕੋਈ ਬਿੱਲ ਨਹੀਂ ਤਾਰਿਆ। ਇਸੇ ਤਰ੍ਹਾਂ ਪੰਜਾਬ ਏਕਤਾ ਪਾਰਟੀ ਦੇ ਪ੍ਰਧਾਨ ਸੁਖਪਾਲ ਖਹਿਰਾ ਵੀ 'ਬਿਜਲੀ ਸਬਸਿਡੀ' ਛੱਡਣ ਦੇ ਆਪਣੇ ਵਚਨਾਂ 'ਤੇ ਪੂਰੇ ਨਹੀਂ ਉਤਰੇ। ਖਹਿਰਾ ਪਰਿਵਾਰ ਕੋਲ ਕੁੱਲ 9 ਖੇਤੀ ਮੋਟਰਾਂ ਹਨ ਜਿਨ੍ਹਾਂ 'ਤੇ ਉਹ ਸਬਸਿਡੀ ਲੈ ਰਹੇ ਹਨ।

ਸੂਬੇ ਦੇ ਅਜਿਹੇ 25 ਕਿਸਾਨਾਂ ਦੀ ਸ਼ਨਾਖਤ ਕੀਤੀ ਗਈ ਹੈ ਜਿਨ੍ਹਾਂ ਕੋਲ ਸਭ ਤੋਂ ਵੱਧ ਖੇਤੀ ਮੋਟਰਾਂ ਇੱਕੋ ਨਾਮ 'ਤੇ ਹਨ, ਉਨ੍ਹਾਂ 'ਚ ਸੁਖਪਾਲ ਖਹਿਰਾ ਵੀ ਸ਼ਾਮਲ ਹਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਰਦੇ ਪੁੱਜਦਿਆਂ ਨੂੰ 'ਬਿਜਲੀ ਸਬਸਿਡੀ' ਛੱਡਣ ਦੀ ਅਪੀਲ ਕੀਤੀ ਸੀ। ਪਾਵਰਕੌਮ ਨੇ ਫਰਵਰੀ 2018 ਵਿਚ ਨੋਟੀਫਿਕੇਸ਼ਨ ਜਾਰੀ ਕਰਕੇ ਖੇਤੀ ਮੋਟਰਾਂ ਦਾ ਪ੍ਰਤੀ ਹਾਰਸ ਪਾਵਰ 403 ਰੁਪਏ ਤੈਅ ਕੀਤਾ ਸੀ। ਸੂਬੇ 'ਚੋਂ ਸਿਰਫ 10 ਖੇਤੀ ਕੁਨੈਕਸ਼ਨ 'ਬਿਜਲੀ ਸਬਸਿਡੀ' ਤੋਂ ਮੁਕਤ ਹੋਏ ਹਨ। ਕਾਂਗਰਸ ਆਗੂ ਸੁਨੀਲ ਜਾਖੜ ਨੇ 9 ਮਈ 2017 ਨੂੰ ਲਿਖਤੀ ਸਹਿਮਤੀ ਦੇ ਕੇ ਸਬਸਿਡੀ ਛੱਡਣ ਦੀ ਪਹਿਲ ਕੀਤੀ ਸੀ। ਮੌਜੂਦਾ ਮਾਲ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਨੇ ਪਹਿਲਾਂ ਬਤੌਰ ਬਿਜਲੀ ਮੰਤਰੀ ਦੋ ਮੋਟਰਾਂ ਦੀ ਬਿਜਲੀ ਸਬਸਿਡੀ ਛੱਡਣ ਲਈ 29 ਸਤੰਬਰ 2018 ਨੂੰ ਲਿਖਤੀ ਸਹਿਮਤੀ ਦਿੱਤੀ ਸੀ। ਗੁਰਪ੍ਰੀਤ ਕਾਂਗੜ ਨੇ ਖਾਤਾ ਨੰਬਰ ਏਪੀ 19/40



ਅਤੇ ਉਨ੍ਹਾਂ ਦੀ ਪਤਨੀ ਸੁਖਪ੍ਰੀਤ ਕੌਰ ਨੇ ਖਾਤਾ ਨੰਬਰ ਏਪੀ 19/183 ਤਹਿਤ ਖੇਤੀ ਮੋਟਰਾਂ ਦੀ ਸਬਸਿਡੀ ਤਿਆਗ ਦਿੱਤੀ ਹੈ। 7.5-7.5 ਹਾਰਸ ਪਾਵਰ ਦੀਆਂ ਦੋਵੇਂ ਮੋਟਰਾਂ ਦਾ ਬਿੱਲ ਪ੍ਰਤੀ ਮਹੀਨਾ 6044 ਰੁਪਏ ਹੈ ਜੋ ਛੇ ਮਹੀਨਿਆਂ ਦਾ ਕਰੀਬ 36,264 ਰੁਪਏ ਬਿੱਲ ਬਣਦਾ ਹੈ। ਕਾਂਗੜ ਨੇ ਸਹਿਮਤੀ ਦੇ ਅੱਠ ਮਹੀਨੇ ਮਗਰੋਂ ਵੀ ਇਹ ਬਿੱਲ ਨਹੀਂ ਤਾਰਿਆ ਹੈ ਜਦੋਂ ਕਿ ਬਾਕੀ ਸਭਨਾਂ ਨੇ ਬਿੱਲ ਤਾਰੇ ਹਨ।

ਖਜ਼ਾਨਾ ਮੰਤਰੀ ਮਨਪ੍ਰੀਤ ਬਾਦਲ ਨੇ ਤਿੰਨ ਮੋਟਰਾਂ ਦਾ 1.24 ਲੱਖ ਰੁਪਏ, ਸਹਿਕਾਰਤਾ ਮੰਤਰੀ ਸੁਖਜਿੰਦਰ ਰੰਧਾਵਾ ਨੇ ਦੋ ਮੋਟਰਾਂ ਦਾ 30,640 ਰੁਪਏ, ਜਾਖੜ ਪਰਿਵਾਰ ਨੇ ਦੋ ਮੋਟਰਾਂ ਦਾ 72,750 ਰੁਪਏ ਤੇ ਮਹਿਰਾਜ ਦੇ ਕਮਲਜੀਤ ਢਿਲੋਂ ਨੇ ਵੀ ਆਪਣਾ ਬਿੱਲ ਭਰਿਆ ਹੈ। ਜ਼ਿਕਰਯੋਗ ਹੈ ਕਿ ਸਭ ਤੋਂ ਪਹਿਲਾਂ ਸੁਖਪਾਲ ਖਹਿਰਾ ਨੇ ਬਿਜਲੀ ਸਬਸਿਡੀ ਛੱਡਣ ਦਾ ਜਨਤਕ ਤੌਰ 'ਤੇ ਐਲਾਨ ਕੀਤਾ ਸੀ ਪ੍ਰੰਤੂ ਉਨ੍ਹਾਂ ਅੱਜ ਤੱਕ ਬਿਜਲੀ ਸਬਸਿਡੀ ਨਹੀਂ ਛੱਡੀ ਹੈ। ਕਪੂਰਥਲਾ ਦੇ ਪਿੰਡ ਰਾਮਗੜ੍ਹ ਵਿਚ ਸੁਖਪਾਲ ਖਹਿਰਾ ਦੇ ਨਾਮ 'ਤੇ 4, ਉਨ੍ਹਾਂ ਦੇ ਪਿਤਾ ਦੇ ਨਾਮ 'ਤੇ ਵੀ ਚਾਰ ਅਤੇ ਇੱਕ ਟਿਊਬਵੈੱਲ ਕੁਨੈਕਸ਼ਨ ਉਨ੍ਹਾਂ ਦੀ ਮਾਤਾ ਦੇ ਨਾਮ 'ਤੇ ਹਨ। ਭੁਲੱਥ ਸਬ ਡਵੀਜ਼ਨ ਨੇ ਖਹਿਰਾ ਪਰਿਵਾਰ ਨੂੰ ਸਬਸਿਡੀ ਬਾਰੇ 9 ਨੋਟਿਸ ਵੀ ਭੇਜੇ ਪ੍ਰੰਤੂ ਖਹਿਰਾ ਨੇ ਕੋਈ ਲਿਖਤੀ ਜੁਆਬ ਅੱਜ ਤੱਕ ਨਹੀਂ ਦਿੱਤਾ। ਦੱਸ ਦੇਈਏ ਕਿ ਬਾਦਲ ਪਰਿਵਾਰ ਕੋਲ ਵੀ ਤਿੰਨ ਖੇਤੀ ਕੁਨੈਕਸ਼ਨ ਹਨ ਜਿਨ੍ਹਾਂ 'ਤੇ ਸਬਸਿਡੀ ਮਿਲਦੀ ਹੈ।


ਮੈਡੀਸਨ, ਵਿਸਕਾਨਸਿਨ ਵਿਚ

ਵੇਟਰ, ਹੈਲਪਰ ਅਤੇ ਤੰਦੂਰੀਏ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਇੰਡੀਅਨ ਰੈਸਟੋਰੈਂਟ ਲਈ ਵੇਟਰ, ਕਿਚਨ ਹੈਲਪਰ ਅਤੇ ਤੰਦੂਰੀਏ ਦੀ ਲੋੜ ਹੈ।

ਚੰਗੀ ਤਨਖਾਹ ਅਤੇ ਰਿਹਾਇਸ਼ ਮੁਫਤ

ਸੰਪਰਕ ਕਰੋ, ਦਵਿੰਦਰ ਸਿੰਘ

ਫੋਨ: 262-391-7666

25-28



ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

Gurdip Singh Sandhu

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
Saturday 9:30AM and Sunday 4PM (Pacific Time)

Email:
Homeomedicine@yahoo.com

7021 Village Park Way, Dublin, CA 94568



Michigan Truck Driving School

6405 Middlebelt Road, Romulus, MI 48174

ਖੁਸ਼ਖਬਰੀ ! ਖੁਸ਼ਖਬਰੀ ! ! ਖੁਸ਼ਖਬਰੀ ! ! !
ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Raj Jamarai Cell:734-644-1010 Office:734-747-4298

## ਅੰਮ੍ਰਿਤਸਰ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਸੰਯੁਕਤ ਰਾਸ਼ਟਰ ਨੇ ਸੰਭਾਲੀ ਕਮਾਨ

**ਅੰਮ੍ਰਿਤਸਰ:** ਸੰਯੁਕਤ ਰਾਸ਼ਟਰ ਨੇ ਅੰਮ੍ਰਿਤਸਰ ਸਮੇਤ ਤਿੰਨ ਸ਼ਹਿਰਾਂ- ਗੁਰੂ ਗਰਾਮ ਤੇ ਵਾਰਾਨਸੀ 'ਚ ਹਵਾ ਦਾ ਪ੍ਰਦੂਸ਼ਣ ਦੂਰ ਕਰਨ ਵਾਲੀ ਆਪਣੀ ਯੋਜਨਾ 'ਚ ਸ਼ਾਮਲ ਕਰ ਲਿਆ ਹੈ, ਜਿਨ੍ਹਾਂ ਦਾ ਦੌਰਾ ਕਰਕੇ ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ ਮਿਸ਼ਨ ਦੀ ਟੀਮ ਨਾ ਸਿਰਫ ਹਵਾ ਦੇ ਪ੍ਰਦੂਸ਼ਣ ਦੇ ਕਾਰਨਾਂ ਦਾ ਪਤਾ ਲਗਾਏਗੀ, ਸਗੋਂ ਉਸ ਨੂੰ ਦੂਰ ਕਰਨ ਲਈ ਵਿਸ਼ੇਸ਼ ਯੋਜਨਾ ਤਿਆਰ ਕੀਤੀ ਜਾਵੇਗੀ।

ਸੰਯੁਕਤ ਰਾਸ਼ਟਰ ਸੰਸਾਰ ਭਰ 'ਚ ਉਨ੍ਹਾਂ ਸ਼ਹਿਰਾਂ ਦੇ ਹਵਾ ਦੇ ਵਧ ਰਹੇ ਪ੍ਰਦੂਸ਼ਣ 'ਤੇ ਕਾਫੀ ਚਿੰਤਤ ਹੈ, ਜਿਨ੍ਹਾਂ 'ਚ ਹਵਾ ਦੇ ਪ੍ਰਦੂਸ਼ਣ ਕਰਕੇ ਇਤਿਹਾਸਕ ਇਮਾਰਤਾਂ ਨੂੰ ਨੁਕਸਾਨ ਪੁੱਜ ਰਿਹਾ ਹੈ। ਮਿਲੀਆਂ ਰਿਪੋਰਟਾਂ ਤੋਂ ਬਾਅਦ ਹੁਣ ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ ਮਿਸ਼ਨ ਟੀਮ ਨੇ ਕੇਂਦਰੀ ਵਾਤਾਵਰਨ ਮੰਤਰਾਲੇ ਸਮੇਤ ਹੋਰ ਵਿਭਾਗਾਂ ਨਾਲ ਮਿਲ ਕੇ ਹਵਾ ਦੇ ਪ੍ਰਦੂਸ਼ਣ ਨੂੰ ਦੂਰ ਕਰਨ ਲਈ ਯੋਜਨਾ ਬਣਾਈ ਹੈ। ਦੇਸ਼ ਦੇ ਤਿੰਨ ਵੱਡੇ ਸ਼ਹਿਰਾਂ ਦੀ ਚੋਣ ਕੀਤੀ ਗਈ ਹੈ, ਜਿਨ੍ਹਾਂ 'ਚ ਅੰਮ੍ਰਿਤਸਰ ਅਤੇ ਵਾਰਾਨਸੀ ਤਾਂ ਇਤਿਹਾਸਕ ਪੱਖੋਂ ਕਾਫੀ ਅਹਿਮੀਅਤ ਰੱਖਦੇ ਹਨ। ਇਹ ਯੋਜਨਾ ਸੰਯੁਕਤ ਰਾਸ਼ਟਰ ਪਹਿਲਾਂ ਹੀ ਕਈ ਦੇਸ਼ਾਂ 'ਚ ਸਫਲਤਾਪੂਰਵਕ ਲਾਗੂ ਕਰ ਚੁੱਕਾ ਹੈ। ਦੋਵੇਂ ਟੀਮਾਂ ਸਾਂਝੇ ਤੌਰ 'ਤੇ ਪੰਜਾਬ ਦੇ ਅੰਮ੍ਰਿਤਸਰ, ਹਰਿਆਣਾ ਦੇ ਗੁਰੂ ਗਰਾਮ, ਉਤਰ ਪ੍ਰਦੇਸ਼ ਦੇ ਵਾਰਾਨਸੀ 'ਚ ਹਵਾ ਦੇ ਪ੍ਰਦੂਸ਼ਣ ਨੂੰ ਦੂਰ ਕਰਨ ਦੀ ਯੋਜਨਾ ਲਈ ਜਲਦੀ ਹੀ ਕੰਮ ਕਰ ਸਕਦੀਆਂ ਹਨ।

ਇਸ ਮਿਸ਼ਨ ਤਹਿਤ 24 ਜੂਨ ਤੋਂ ਲੈ ਕੇ 29 ਜੂਨ ਤੱਕ ਇਨ੍ਹਾਂ ਸ਼ਹਿਰਾਂ ਦਾ ਦੌਰਾ ਕਰਨ ਤੋਂ ਇਲਾਵਾ ਪ੍ਰਦੂਸ਼ਣ ਕੰਟਰੋਲ ਬੋਰਡ ਤੋਂ ਇਲਾਵਾ ਅਲੱਗ-ਅਲੱਗ ਵਿਭਾਗਾਂ ਨਾਲ ਮੀਟਿੰਗਾਂ ਕਰਕੇ ਮਸਲੇ ਦਾ ਹੱਲ ਲੱਭਣ ਲਈ ਗੱਲ ਕਰਨਗੀਆਂ। ਇਸ ਮਿਸ਼ਨ 'ਚ ਸੰਸਾਰ ਦੀਆਂ ਕਈ ਪ੍ਰਸਿੱਧ ਜਥੇਬੰਦੀਆਂ ਨੂੰ ਸ਼ਾਮਲ ਕੀਤਾ ਗਿਆ ਹੈ। ਟੀਮ



ਵੱਲੋਂ ਪਹਿਲਾਂ 26 ਜੂਨ ਨੂੰ ਅੰਮ੍ਰਿਤਸਰ ਸ਼ਹਿਰ ਦਾ ਦੌਰਾ ਕਰਕੇ ਸਾਰੀ ਜਾਣਕਾਰੀ ਲਈ ਗਈ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਅੰਮ੍ਰਿਤਸਰ ਵਰਗੇ ਇਤਿਹਾਸਕ ਸ਼ਹਿਰ ਦੇ ਹਵਾ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਲਈ ਪਹਿਲਾਂ ਹੀ ਨਿਗਰਾਨੀ ਸੈੱਲ ਸਥਾਪਤ ਕੀਤੇ ਗਏ ਹਨ ਪਰ ਕੁਝ ਸਮੇਂ ਤੋਂ ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ ਤਹਿਤ ਇਨ੍ਹਾਂ ਤਿੰਨ ਪ੍ਰਸਿੱਧ ਸ਼ਹਿਰਾਂ ਦੇ ਹਵਾ ਪ੍ਰਦੂਸ਼ਣ 'ਤੇ ਨਜ਼ਰਾਂ ਰੱਖੀਆਂ ਹਨ। ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ ਦੀ ਮਿਸ਼ਨ ਟੀਮ ਹਵਾ ਤੋਂ ਪ੍ਰਦੂਸ਼ਣ ਦੂਰ ਕਰਨ ਲਈ ਜਿਸ ਯੋਜਨਾ 'ਤੇ ਕੰਮ ਕਰਨਗੀਆਂ, ਉਸ ਲਈ ਖਰਚਾ ਕਰਨ ਲਈ ਸੰਯੁਕਤ ਰਾਸ਼ਟਰ ਤੋਂ ਇਲਾਵਾ ਵਿਸ਼ਵ ਬੈਂਕ ਵਲੋਂ ਵੀ ਫੰਡ ਖਰਚ ਕੀਤਾ ਜਾਵੇਗਾ।

ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਕਈ ਅਧਿਕਾਰੀ ਇਸ ਮਿਸ਼ਨ ਦੀ ਟੀਮ ਦੇ ਨਾਲ ਹਾਜ਼ਰ ਰਹਿਣਗੇ। ਬੋਰਡ ਦੇ ਸੂਤਰਾਂ ਦਾ ਕਹਿਣਾ ਹੈ ਕਿ ਇਹ ਮਾਣ ਵਾਲੀ ਗੱਲ ਹੈ ਕਿ ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ ਮਿਸ਼ਨ ਟੀਮ ਨੇ ਦੇਸ਼ ਦੇ ਬਾਕੀ ਦੋ ਸ਼ਹਿਰਾਂ ਤੋਂ ਇਲਾਵਾ ਪੰਜਾਬ ਦੇ ਅੰਮ੍ਰਿਤਸਰ 'ਚ ਹਵਾ ਪ੍ਰਦੂਸ਼ਣ ਨੂੰ ਦੂਰ ਕਰਨ ਲਈ ਆਪਣੇ ਪ੍ਰੋਗਰਾਮ 'ਚ ਸ਼ਾਮਲ ਕੀਤਾ ਹੈ। ਮਿਸ਼ਨ ਟੀਮ ਇਸ ਸ਼ਹਿਰ ਵਿਚ ਹਵਾ ਵਿਚ ਪ੍ਰਦੂਸ਼ਣ ਦੂਰ ਕਰਨ ਲਈ ਜਿਹੜਾ ਕੰਮ ਕਰੇਗੀ, ਉਸ ਨੂੰ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ ਬਾਕੀ ਸ਼ਹਿਰਾਂ ਦੇ ਹਵਾ ਪ੍ਰਦੂਸ਼ਣ ਨੂੰ ਦੂਰ ਕਰਨ ਲਈ ਸਹਾਇਤਾ ਮਿਲੇਗੀ, ਕਿਉਂਕਿ ਅੰਮ੍ਰਿਤਸਰ ਦੀ ਹਵਾ ਨੂੰ ਸਾਫ ਰੱਖਣ ਲਈ ਬਾਕੀ ਸ਼ਹਿਰਾਂ 'ਚ ਵੀ ਉਪਾਅ ਲਾਗੂ ਕੀਤੇ ਜਾਣਗੇ। ਰਾਜ ਸਰਕਾਰ ਪਹਿਲਾਂ ਹੀ ਅੰਮ੍ਰਿਤਸਰ ਨੂੰ ਪਲਾਸਟਿਕ ਮੁਕਤ ਕਰਨ ਲਈ ਕਈ ਥਾਵਾਂ 'ਤੇ ਮੱਕੀ ਤੋਂ ਬਣੇ ਲਿਫਾਫਿਆਂ ਦੀ ਵਿਕਰੀ ਨੂੰ ਉਤਸ਼ਾਹਿਤ ਕਰ ਰਹੀ ਹੈ।

## ਸਰਕਾਰੀ ਨਾਲਾਇਕੀ ਪੰਜਾਬ ਨੂੰ ਤੋਰ ਰਹੀ ਹੈ ਸੋਕੇ ਵਾਲੇ ਰਾਹ

**ਜੈਪੁਰ:** ਦੇਸ਼ ਵਿਚ ਪਾਣੀ ਕਾਰਨ ਜਿਥੇ ਹਾਹਾਕਾਰ ਮਚੀ ਹੋਈ ਹੈ, ਉਥੇ ਦੂਜੇ ਪਾਸੇ ਹਾਲਤ ਇਹ ਹੈ ਕਿ ਰਾਜਸਥਾਨ ਅਤੇ ਪੰਜਾਬ ਵਿਚ ਖੇਤਾਂ ਦੀ ਸਿੰਜਾਈ ਦੇ ਕੰਮ ਆ ਸਕਣ ਵਾਲਾ ਹਜ਼ਾਰਾਂ ਕਿਊਸਿਕ ਪਾਣੀ ਸਿਰਫ ਇਸ ਲਈ ਪਾਕਿਸਤਾਨ ਵੱਲ ਵਗ ਰਿਹਾ ਹੈ ਕਿਉਂਕਿ ਸਾਡੀਆਂ ਨਹਿਰਾਂ ਕਮਜ਼ੋਰ ਹੋਣ ਕਾਰਨ ਆਪਣੀ ਪੂਰੀ ਸਮਰੱਥਾ ਅਨੁਸਾਰ ਪਾਣੀ ਖੇਤਾਂ ਤੱਕ ਨਹੀਂ ਪਹੁੰਚਾ ਰਹੀਆਂ। ਅਜਿਹਾ ਹਰ ਸਾਲ ਹੁੰਦਾ ਹੈ। ਰਾਜਸਥਾਨ ਸਰਕਾਰ ਨੇ ਇਸ ਸਬੰਧੀ ਸਥਿਤੀ ਰਿਪੋਰਟ ਮੰਗੀ ਹੈ।

ਕਿਸਾਨ ਆਗੂਆਂ ਅਨੁਸਾਰ ਇਕ ਮਹੀਨੇ ਤੋਂ ਔਸਤਨ ਹਰ ਦਿਨ ਪੰਜ ਤੋਂ ਛੇ ਹਜ਼ਾਰ ਕਿਊਸਿਕ ਪਾਣੀ ਪਾਕਿਸਤਾਨ ਜਾ ਰਿਹਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਇਥੋਂ ਬਿਨਾਂ ਵਜ੍ਹਾ ਪਾਕਿਸਤਾਨ ਜਾਣ ਵਾਲੇ ਪਾਣੀ ਨੂੰ ਭਾਵੇਂ ਪੂਰੀ ਤਰ੍ਹਾਂ ਨਹੀਂ ਰੋਕਿਆ ਜਾ ਸਕਦਾ ਪਰ ਨਹਿਰਾਂ ਦੀ ਹਾਲਤ ਵਿਚ ਸੁਧਾਰ ਕਰ ਕੇ ਇਸ ਨੂੰ ਘਟਾਇਆ ਜ਼ਰੂਰ ਜਾ ਸਕਦਾ ਹੈ। ਪਾਕਿਸਤਾਨ ਜਾਣ ਵਾਲਾ ਪਾਣੀ ਅਸਲ ਵਿਚ ਪੰਜਾਬ ਵਿਚ ਬਿਆਸ ਅਤੇ ਸਤਲੁਜ ਨਦੀ 'ਤੇ ਬਣੇ ਹਰੀਕੇ ਬੈਰਾਜ ਤੋਂ ਛੱਡਿਆ ਜਾਂਦਾ ਹੈ। ਇਹ ਪਾਣੀ ਹੁਸੈਨੀਵਾਲਾ ਹੈੱਡ ਤੋਂ ਹੁੰਦਾ ਹੋਇਆ ਪਾਕਿਸਤਾਨ ਚਲਾ ਜਾਂਦਾ ਹੈ।

ਅਧਿਕਾਰੀਆਂ ਦਾ ਕਹਿਣਾ ਹੈ ਕਿ ਪੰਜਾਬ ਵਿਚ ਝੋਨੇ ਦੀ ਲਵਾਈ ਸ਼ੁਰੂ ਹੋਣ ਬਾਅਦ ਹਾਲਾਤ ਆਮ ਵਰਗੇ ਹਨ। ਕਿਸਾਨ ਸੰਘਰਸ਼ ਸਮਿਤੀ ਦੇ ਬੁਲਾਰੇ ਸੁਭਾਸ਼ ਸਹਿਗਲ ਅਨੁਸਾਰ ਪਾਣੀ ਲਗਾਤਾਰ ਉਧਰ ਛੱਡਿਆ ਜਾ ਰਿਹਾ ਹੈ। ਇਸੇ ਸ਼ੁੱਕਰਵਾਰ ਨੂੰ 2065 ਕਿਊਸਿਕ ਪਾਣੀ ਹਰੀਕੇ ਪੱਤਣ ਤੋਂ ਪਾਕਿਸਤਾਨ ਛੱਡਿਆ ਗਿਆ। ਜ਼ਿਕਰਯੋਗ ਹੈ ਕਿ ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਗੰਗਨਹਿਰ ਅਤੇ ਭਾਖੜਾ ਨਹਿਰ ਨੂੰ ਪਾਣੀ ਦੇਣ ਵਾਲੇ ਫਿਰੋਜ਼ਪੁਰ ਫੀਡਰ ਦੀ ਮੁਰੰਮਤ ਲਈ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਚਿੱਠੀ ਲਿਖੀ ਹੈ। ਉਨ੍ਹਾਂ ਇਸ ਫੀਡਰ ਦੀ ਰੀਲਾਈਨਿੰਗ ਦਾ ਕੰਮ ਛੇਤੀ ਕਰਵਾਉਣ ਦੀ ਮੰਗ ਕੀਤੀ ਹੈ। ਫਿਰੋਜ਼ਪੁਰ ਫੀਡਰ ਨੂੰ ਪੰਜਾਬ ਅਤੇ ਰਾਜਸਥਾਨ ਦੇ ਕਿਸਾਨਾਂ ਦੀ 'ਜੀਵਨ ਰੇਖਾ' ਮੰਨਿਆ ਜਾਂਦਾ ਹੈ। ਇਹੀ ਹਾਲਤ ਇੰਦਰਾ ਗਾਂਧੀ ਨਹਿਰ ਦੀ ਹੈ। ਨਹਿਰ ਦੀ ਰੀਲਾਈਨਿੰਗ ਦਾ ਕੰਮ ਚਲ ਰਿਹਾ ਹੈ।

## ਪ੍ਰਦੂਸ਼ਣ ਕੰਟਰੋਲ ਬੋਰਡ ਕਰਵਾਏਗਾ 9 ਸ਼ਹਿਰਾਂ ਦੇ ਹਵਾ ਪ੍ਰਦੂਸ਼ਣ ਦੀ ਜਾਂਚ

**ਜਲੰਧਰ:** ਹਰ ਸਾਲ ਰਾਜ 'ਚ ਪ੍ਰਦੂਸ਼ਣ ਦੇ ਲਗਾਤਾਰ ਵਧ ਰਹੇ ਮਸਲਿਆਂ ਤੋਂ ਚਿੰਤਤ ਕੇਂਦਰ ਸਰਕਾਰ ਦੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਇਸ ਨੂੰ ਗੰਭੀਰਤਾ ਨਾਲ ਲੈਂਦੇ ਹੋਏ 9 ਉਨ੍ਹਾਂ ਸ਼ਹਿਰਾਂ 'ਚ ਹਵਾ ਦੇ ਪ੍ਰਦੂਸ਼ਣ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਰਾਜ ਦੇ ਬੋਰਡ ਨੂੰ ਹਦਾਇਤ ਦਿੱਤੀ ਹੈ ਕਿ ਇਸ ਬਾਰੇ ਸਾਰੀ ਜਾਂਚ ਕਰਵਾ ਕੇ ਰਿਪੋਰਟ ਤਿਆਰ ਕੀਤੀ ਜਾਵੇ ਤਾਂ ਜੋ ਹਵਾ ਨੂੰ ਖਰਾਬ ਕਰਨ ਵਾਲੇ ਪ੍ਰਦੂਸ਼ਣ ਨੂੰ ਖਰਾਬ ਕਰਨ ਲਈ ਕਾਰਜ ਯੋਜਨਾ ਤਿਆਰ ਕੀਤੀ ਜਾ ਸਕੇ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਰਾਜ ਦੇ ਕਰੀਬ 9 ਸ਼ਹਿਰਾਂ ਦੀ ਹਵਾ ਨੂੰ ਖਰਾਬ ਪਾਇਆ ਸੀ ਤੇ ਇਨ੍ਹਾਂ ਦੀ ਸੂਚੀ ਤਿਆਰ ਕੀਤੀ ਹੈ। ਇਨ੍ਹਾਂ ਸ਼ਹਿਰਾਂ 'ਚ ਹਵਾ ਦੂਸ਼ਿਤ ਹੋਣ ਦੇ ਮਾਮਲੇ ਸਾਹਮਣੇ ਆਉਂਦੇ ਰਹੇ ਹਨ। ਇਨ੍ਹਾਂ ਸ਼ਹਿਰਾਂ 'ਚ ਲੁਧਿਆਣਾ, ਜਲੰਧਰ, ਅੰਮ੍ਰਿਤਸਰ, ਮੰਡੀ ਗੋਬਿੰਦਗੜ੍ਹ, ਡੇਰਾ ਬਾਬਾ ਨਾਨਕ ਸਮੇਤ ਹੋਰ ਸ਼ਹਿਰ ਸ਼ਾਮਿਲ ਹੈ।

ਮੰਡੀ ਗੋਬਿੰਦਗੜ੍ਹ 'ਚ ਤਾਂ ਕਈ ਲੋਹੇ ਦੀਆਂ ਸਨਅਤੀ ਇਕਾਈਆਂ ਕਰਕੇ ਹਵਾ 'ਚ ਪ੍ਰਦੂਸ਼ਣ ਦੀ ਮਾਤਰਾ ਆਉਂਦੀ ਰਹੀ ਹੈ ਜਦਕਿ ਅੰਮ੍ਰਿਤਸਰ, ਲੁਧਿਆਣਾ ਦੀ ਹਵਾ 'ਚ ਵੀ ਪ੍ਰਦੂਸ਼ਣ ਦਾ ਪਤਾ ਲਗਾਇਆ ਜਾ ਚੁੱਕਾ ਹੈ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਹੁਣ ਤੱਕ ਤਾਂ ਇਨ੍ਹਾਂ ਸ਼ਹਿਰਾਂ 'ਚ ਹਵਾ ਦੇ ਪ੍ਰਦੂਸ਼ਣ ਦੀ ਮਾਤਰਾ ਪਤਾ ਲਗਾਉਣ ਲਈ ਆਪਣੇ ਉਪਕਰਨ ਕਾਫੀ ਸਮਾਂ ਪਹਿਲਾਂ ਲਗਾਏ ਸਨ।

ਪ੍ਰਦੂਸ਼ਣ ਕੰਟਰੋਲ ਬੋਰਡ ਦੇ ਸੂਤਰਾਂ ਦਾ ਕਹਿਣਾ ਸੀ ਕਿ ਹੁਣ ਤੱਕ ਤਾਂ ਹਵਾ 'ਚ ਪ੍ਰਦੂਸ਼ਣ ਦੀ ਮਾਤਰਾ ਦੀ ਜਾਂਚ ਹੁੰਦੀ ਰਹੀ ਹੈ ਪਰ ਹੁਣ 9 ਸ਼ਹਿਰਾਂ 'ਚ ਕੰਪਨੀਆਂ ਤੋਂ ਜਿਹੜਾ ਸਰਵੇਖਣ ਕਰਵਾਇਆ ਜਾ ਰਿਹਾ ਹੈ, ਉਹ ਹਵਾ ਦੇ ਪ੍ਰਦੂਸ਼ਣ ਦੇ ਕਾਰਨਾਂ ਬਾਰੇ ਪਤਾ ਲਗਾਇਆ ਜਾਣ ਵਾਲਾ ਹੈ। ਕੰਪਨੀਆਂ ਇਸ ਗੱਲ ਦੀ ਜਾਂਚ ਕਰਨਗੀਆਂ ਕਿ ਹਵਾ ਨੂੰ ਜ਼ਿਆਦਾ ਪ੍ਰਦੂਸ਼ਿਤ ਕਰਨ ਲਈ ਆਖ਼ਰ ਕੌਣ ਜ਼ਿੰਮੇਵਾਰ ਹੈ। 9 ਸ਼ਹਿਰਾਂ ਦੇ ਹਵਾ 'ਚ ਪ੍ਰਦੂਸ਼ਣ ਦਾ ਕਾਰਨ ਬਣਨ ਵਾਲੀਆਂ ਚੀਜ਼ਾਂ ਦੀ ਪਛਾਣ ਹੋ ਜਾਵੇਗੀ ਤਾਂ ਹੀ ਇਸ ਬਾਰੇ ਕਾਰਜ ਯੋਜਨਾ 'ਤੇ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ।

ਬੋਰਡ ਦਾ ਮੰਨਣਾ ਹੈ ਕਿ ਇਸ ਵੇਲੇ ਕਈ ਤੇਲ ਨਾਲ ਚਲਾਏ ਜਾਣ ਵਾਲੇ ਆਟੋ ਹੋਣ ਜਾਂ ਫਿਰ ਕਈ ਸਨਅਤੀ ਇਕਾਈਆਂ ਹੋਣ, ਉਨ੍ਹਾਂ ਦਾ ਧੂੰਆਂ ਕਈ ਸ਼ਹਿਰਾਂ ਦੀ ਹਵਾ ਖਰਾਬ ਕਰ ਰਿਹਾ ਹੈ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਪਹਿਲਾਂ ਹੀ ਨਿਗਰਾਨੀ ਕੇਂਦਰ ਰਾਹੀਂ ਸ਼ਹਿਰਾਂ 'ਚ ਪ੍ਰਦੂਸ਼ਣ ਮਾਪਕ ਲੱਗੇ ਯੰਤਰਾਂ ਰਾਹੀਂ ਆਨਲਾਈਨ ਨਿਗਰਾਨੀ ਕਰ ਰਹੇ ਹਨ।

## ਕੇਂਦਰੀ ਯੋਜਨਾ ਤਹਿਤ ਜਲ੍ਹਿਆਂਵਾਲਾ ਬਾਗ ਦੀ ਸੰਭਾਲ ਦਾ ਕੰਮ ਸ਼ੁਰੂ

**ਅੰਮ੍ਰਿਤਸਰ:** ਇਤਿਹਾਸਕ ਜਲ੍ਹਿਆਂਵਾਲਾ ਬਾਗ ਸਾਕੇ ਦੀ ਸ਼ਤਾਬਦੀ ਮੌਕੇ ਕੇਂਦਰ ਸਰਕਾਰ ਵੱਲੋਂ ਇਸ ਦੇ ਵਿਕਾਸ ਲਈ ਐਲਾਨੀ ਗਈ ਯੋਜਨਾ ਮੁਤਾਬਕ ਇਸ ਇਤਿਹਾਸਕ ਯਾਦਗਾਰ ਦੀ ਸੰਭਾਲ ਅਤੇ ਨਵ-ਉਸਾਰੀ ਦਾ ਕੰਮ ਭਾਰਤੀ ਪੁਰਾਤਤਵ ਵਿਭਾਗ ਦੀ ਨਿਗਰਾਨੀ ਹੇਠ ਸ਼ੁਰੂ ਹੋ ਗਿਆ ਹੈ। ਜਲ੍ਹਿਆਂਵਾਲਾ ਬਾਗ ਵਿਚ ਸਥਾਪਿਤ ਸ਼ਹੀਦੀ ਖੂਹ ਜਿੱਥੇ 13 ਅਪਰੈਲ, 1919 ਨੂੰ ਸੈਂਕੜੇ ਲੋਕਾਂ ਨੇ ਆਪਣੀ ਜਾਨ ਬਚਾਉਣ ਵਾਸਤੇ ਛਾਲਾਂ ਮਾਰ ਦਿੱਤੀਆਂ ਸਨ ਅਤੇ ਮਾਰੇ ਗਏ ਸਨ, ਨੂੰ ਨਵੀਂ ਵਿਰਾਸਤੀ ਦਿਖ ਦਿੱਤੀ ਜਾਵੇਗੀ। ਹੁਣ ਚੱਲ ਰਹੇ ਕੰਮ ਦੌਰਾਨ ਇਸ ਦੇ ਮੌਜੂਦਾ ਢਾਂਚੇ ਨੂੰ ਹਟਾ ਦਿੱਤਾ ਗਿਆ ਹੈ।

ਨਵੀਂ ਯੋਜਨਾ ਮੁਤਾਬਿਕ ਇਸ ਸ਼ਹੀਦੀ ਖੂਹ ਦੇ ਆਲੇ ਦੁਆਲੇ ਪਾਰਦਰਸ਼ੀ ਗੁੰਬਦ ਬਣਾਇਆ ਜਾਵੇਗਾ, ਜਿੱਥੋਂ ਯਾਤਰੀ ਇਸ ਨੂੰ ਚੰਗੀ ਤਰ੍ਹਾਂ ਦੇਖ ਸਕਣਗੇ। ਇਹ ਗੁੰਬਦ ਲਗਭਗ 20 ਫੁੱਟ ਘੇਰੇ ਦਾ ਹੋਵੇਗਾ, ਜਿਸ ਦੇ ਆਲੇ-ਦੁਆਲੇ ਪਾਰਦਰਸ਼ੀ ਫਾਈਬਰਨੁਮਾ ਸ਼ੀਸ਼ਾ ਲਾਇਆ ਜਾਵੇਗਾ। ਇਸ ਤੋਂ ਪਹਿਲਾਂ ਸ਼ਹੀਦੀ ਖੂਹ ਦੇ ਆਲੇ-ਦੁਆਲੇ ਇੱਟਾਂ ਦੀ ਉਸਾਰੀ ਕੀਤੀ ਹੋਈ ਸੀ, ਜਿਸ ਰਾਹੀਂ ਯਾਤਰੂ ਇਸ ਨੂੰ ਪੂਰੀ ਤਰ੍ਹਾਂ ਨਹੀਂ ਦੇਖ ਸਕਦੇ ਸਨ। ਯਾਤਰੂ ਇਸ ਵਿਚ ਪੈਸੇ ਵੀ ਸੁੱਟ ਦਿੰਦੇ ਸਨ। ਇਸ ਦਾ ਇਕ ਹਿੱਸਾ ਟੁੱਟਾ ਹੋਇਆ ਸੀ, ਜਿਸ ਰਾਹੀਂ ਚੋਰ ਨੇ ਇੱਥੇ ਸੁੱਟੇ ਪੈਸੇ ਚੋਰੀ ਕਰ ਲਏ ਸਨ। ਇਸ ਸਬੰਧੀ ਪੁਲਿਸ ਵੱਲੋਂ ਕੇਸ ਵੀ ਦਰਜ ਕੀਤਾ ਗਿਆ ਸੀ। ਇਸੇ ਤਰ੍ਹਾਂ ਗੋਲੀਆਂ ਦੇ ਨਿਸ਼ਾਨਾਂ ਵਾਲੀਆਂ ਕੰਧਾਂ ਨੂੰ ਵੀ ਚੰਗੇ ਤਰੀਕੇ ਨਾਲ ਸੰਭਾਲਿਆ ਜਾਵੇਗਾ। ਪਹਿਲਾਂ ਇੱਥੇ ਇਨ੍ਹਾਂ ਨਿਸ਼ਾਨਾਂ ਦੇ ਅੱਗੇ ਸ਼ੀਸ਼ਾ ਲਾਇਆ ਗਿਆ ਸੀ ਪਰ ਕੰਧ ਖਸਤਾ ਹਾਲ ਹੋ ਚੁੱਕੀ ਹੈ ਅਤੇ ਇਹ ਨਿਸ਼ਾਨ ਖ਼ਤਮ ਹੁੰਦੇ ਜਾ ਰਹੇ ਹਨ।

ਰਾਜ ਸਭਾ ਮੈਂਬਰ ਅਤੇ ਜਲ੍ਹਿਆਂਵਾਲਾ ਬਾਗ ਯਾਦਗਾਰੀ ਟਰੱਸਟ ਦੇ ਮੈਂਬਰ ਸ਼ਵੇਤ ਮਲਿਕ ਨੇ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਐਲਾਨੀ ਗਈ ਯੋਜਨਾ ਤਹਿਤ 20 ਕਰੋੜ ਰੁਪਏ ਦੀ ਲਾਗਤ




ਨਾਲ ਇਸ ਦੀ ਸਾਂਭ-ਸੰਭਾਲ ਦਾ ਕੰਮ ਹੋਵੇਗਾ। ਇੱਥੇ ਆਵਾਜ਼ ਅਤੇ ਰੌਸ਼ਨੀ 'ਤੇ ਆਧਾਰਿਤ ਡਿਜੀਟਲ ਸ਼ੋਅ ਸ਼ੁਰੂ ਕੀਤਾ ਜਾਵੇਗਾ, ਜਿਸ ਰਾਹੀਂ ਯਾਤਰੀਆਂ ਨੂੰ ਸਾਕਾ ਜੱਲ੍ਹਿਆਂਵਾਲਾ ਬਾਗ ਦੇ ਇਤਿਹਾਸ ਬਾਰੇ ਜਾਣੂ ਕਰਾਇਆ ਜਾਵੇਗਾ। ਇਸੇ ਤਰ੍ਹਾਂ ਇੱਥੇ ਅਜਾਇਬ ਘਰ ਸਥਾਪਿਤ ਹੋਵੇਗਾ। ਸ਼ਹੀਦੀ ਖੂਹ ਦੀ ਬੇਹਤਰ ਢੰਗ ਨਾਲ ਸਾਂਭ ਸੰਭਾਲ ਕੀਤੀ ਜਾਵੇਗੀ ਤੇ ਗੋਲੀਆਂ ਲੱਗੀਆਂ ਕੰਧਾਂ ਦੀ ਵੀ ਸਾਂਭ ਸੰਭਾਲ ਕੀਤੀ ਜਾਵੇਗੀ। ਇਸੇ ਤਰ੍ਹਾਂ ਥ੍ਰੀ-ਡੀ ਡਿਜੀਟਲ ਥੀਏਟਰ ਬਣਾਇਆ ਜਾਵੇਗਾ, ਜਿੱਥੇ ਸਾਕੇ ਬਾਰੇ 20 ਮਿੰਟ ਦਾ ਸ਼ੋਅ ਦਿਖਾਇਆ ਜਾਵੇਗਾ। ਯਾਦਗਾਰ ਦੀ ਸੁੰਦਰਤਾ ਲਈ ਇੱਥੇ ਸੁੰਦਰ ਲੈਂਡ ਸਕੇਪਿੰਗ ਕੀਤੀ ਜਾਵੇਗੀ।

ਇਸ ਸਬੰਧੀ ਅਪਰੈਲ ਮਹੀਨੇ ਭਾਰਤੀ ਪੁਰਾਤਤਵ ਵਿਭਾਗ ਦੀ ਇਕ ਟੀਮ ਨੇ ਦੌਰਾ ਵੀ ਕੀਤਾ ਸੀ, ਜਿਸ ਦੀ ਅਗਵਾਈ ਡਾਇਰੈਕਟਰ ਜਨਰਲ ਊਸ਼ਾ ਸ਼ਰਮਾ ਨੇ ਕੀਤੀ ਸੀ। ਉਨ੍ਹਾਂ ਦੱਸਿਆ ਕਿ ਹੁਣ ਭਾਰਤੀ ਪੁਰਾਤਤਵ ਵਿਭਾਗ ਦੀ ਨਿਗਰਾਨੀ ਹੇਠ ਹੀ ਕੰਮ ਸ਼ੁਰੂ ਕੀਤਾ ਗਿਆ ਹੈ। ਇਸ ਵਰ੍ਹੇ ਜੱਲ੍ਹਿਆਂਵਾਲਾ ਬਾਗ ਸਾਕੇ ਦੀ ਸ਼ਤਾਬਦੀ ਮਨਾਈ ਜਾ ਰਹੀ ਹੈ। ਕੇਂਦਰ ਸਰਕਾਰ ਵੱਲੋਂ ਇਸ ਸਬੰਧੀ ਸਾਰਾ ਵਰ੍ਹਾ ਸਮਾਗਮ ਕਰਨ ਦਾ ਐਲਾਨ ਕੀਤਾ ਗਿਆ ਸੀ ਪਰ ਮੁੱਖ ਸਮਾਗਮ ਤੋਂ ਬਾਅਦ ਹੁਣ ਤਕ ਕੋਈ ਹੋਰ ਸਮਾਗਮ ਨਹੀਂ ਹੋਇਆ। ਇੱਥੇ ਅਮਿਤਾਬ ਬੱਚਨ ਦੀ ਆਵਾਜ਼ ਵਿਚ ਲਾਈਟ ਐਂਡ ਸਾਊਂਡ ਸ਼ੋਅ ਵੀ ਸ਼ੁਰੂ ਕੀਤਾ ਗਿਆ ਸੀ, ਜੋ ਲੰਮੇ ਸਮੇਂ ਤੋਂ ਤਕਨੀਕੀ ਖਰਾਬੀ ਕਾਰਨ ਬੰਦ ਪਿਆ ਹੈ।

## ਦਰਬਾਰ ਸਾਹਿਬ ਦੀ ਪਰਿਕਰਮਾ ਨੂੰ ਹਰਿਆ ਭਰਿਆ ਬਣਾਉਣ ਦੀ ਯੋਜਨਾ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਨੂੰ ਹਰਿਆਵਲ ਭਰਪੂਰ ਬਣਾਉਣ ਲਈ ਯੋਜਨਾ ਬਣਾਈ ਗਈ ਹੈ। ਇਸੇ ਤਰ੍ਹਾਂ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਕੰਧਾਂ ਤੇ ਛੱਤਾਂ 'ਤੇ ਲਾਏ ਜਾਣ ਵਾਲੇ ਵੇਲ-ਬੂਟੇ (ਵਰਟੀਕਲ ਗਾਰਡਨ) ਯੋਜਨਾ ਹੇਠ ਪੈਂਤੀ ਹਜ਼ਾਰ ਬੂਟੇ ਲਗਾਏ ਜਾ ਚੁੱਕੇ ਹਨ ਅਤੇ ਰੂਫ ਗਾਰਡਨ (ਛੱਤ ਤੇ ਬਾਗ) ਯੋਜਨਾ ਹੇਠ ਵੱਖ-ਵੱਖ ਇਮਾਰਤਾਂ 'ਤੇ ਪੌਦੇ ਲਾਉਣ ਲਈ ਪ੍ਰਬੰਧ ਕੀਤੇ ਜਾ ਰਹੇ ਹਨ। ਵਰਤੇ ਗਏ ਜਲ ਨੂੰ ਬਚਾਉਣ ਅਤੇ ਦੁਬਾਰਾ ਵਰਤਣ ਲਈ ਕਈ ਯੋਜਨਾਵਾਂ ਬਣਾਈਆਂ ਗਈਆਂ ਹਨ। ਕਈ ਹੋਰ ਥਾਵਾਂ 'ਤੇ ਵੀ ਗੁਰੂ ਨਾਨਕ ਦੇਵ ਜੀ ਦੇ ਸਾਢੇ ਪੰਜ ਸੌ-ਸਾਲਾ ਉਤਸਵ ਸਬੰਧੀ ਗੁਰੂ ਨਾਨਕ ਸੇਕਰਡ ਫਾਰੈਸਟ ਲਗਾਏ ਜਾ ਰਹੇ ਹਨ।

ਇਕ ਮਹੀਨੇ ਵਿਚ ਪਰਿਕਰਮਾ ਦੇ ਵਰਾਂਡਿਆਂ 'ਤੇ ਲਗਭਗ 400 ਵੇਲਾਂ ਲਾਈਆਂ ਜਾਣਗੀਆਂ, ਜੋ ਸੁੰਦਰ ਤੇ ਸੁਗੰਧੀ ਭਰਪੂਰ ਫੁੱਲ ਤੇ ਹਰਿਆਵਲ ਦੇਣਗੀਆਂ। ਸ਼੍ਰੋਮਣੀ ਕਮੇਟੀ ਵੱਲੋਂ ਪਹਿਲਾਂ ਹੀ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ 'ਵਰਟੀਕਲ ਗਾਰਡਨ' ਯੋਜਨਾ ਹੇਠ ਲਗਭਗ 35 ਹਜ਼ਾਰ ਬੂਟੇ ਲਾਏ ਜਾ ਚੁੱਕੇ ਹਨ ਅਤੇ ਹੁਣ ਰੂਫ ਗਾਰਡਨ (ਛੱਤ 'ਤੇ ਬਗੀਚਾ) ਯੋਜਨਾ ਹੇਠ ਵੱਖ ਵੱਖ ਇਮਾਰਤਾਂ 'ਤੇ ਵੱਡੀਆਂ ਖੁਰਲੀਆਂ ਵਰਗੇ 4-4 ਫੁੱਟ ਉਚੇ ਤੇ ਚੌੜੇ ਖਾਲੇ ਬਣਾ ਕੇ ਬੂਟੇ ਲਾਏ ਜਾ ਰਹੇ ਹਨ। ਹੁਣ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਨੂੰ ਹਰਿਆ-ਭਰਿਆ ਬਣਾਉਣ ਵਾਸਤੇ ਮਾਹਿਰਾਂ ਦੀ ਰਾਇ ਨਾਲ ਪਰਿਕਰਮਾ ਦੇ ਵਰਾਂਡਿਆਂ ਦੀਆਂ ਦੋਹਰੀਆਂ ਛੱਤਾਂ ਉੱਪਰ ਵੇਲਾਂ ਅਤੇ ਹੋਰ ਪੱਕੇ ਬੂਟੇ ਲਾਉਣ ਦੀ ਯੋਜਨਾ ਉਲੀਕੀ ਗਈ ਹੈ। ਇਹ ਵੇਲਾਂ ਹੇਠਾਂ ਨੂੰ ਲਟਕਾਈਆਂ ਜਾਣਗੀਆਂ, ਜਿਸ ਨਾਲ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਪਰਿਕਰਮਾ ਦਾ ਉੱਪਰਲਾ ਹਿੱਸਾ ਚਾਰੇ ਪਾਸਿਉਂ ਹਰਿਆ-ਭਰਿਆ ਦਿਖਾਈ ਦੇਵੇਗਾ।

ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਦੱਸਿਆ ਕਿ ਜੁਲਾਈ ਮਹੀਨੇ ਬਰਸਾਤਾਂ ਦੌਰਾਨ ਪਰਿਕਰਮਾ ਦੇ ਵਰਾਂਡਿਆਂ ਦੀ ਉੱਪਰਲੀ ਛੱਤ 'ਤੇ 400 ਵੇਲਾਂ ਲਾਉਣ ਦੀ ਯੋਜਨਾ ਹੈ। ਇਹ ਵੇਲਾਂ ਕੋਲਕਾਤਾ, ਸਹਾਰਨਪੁਰ ਤੇ ਹੋਰ ਥਾਵਾਂ ਤੋਂ ਮੰਗਵਾਈਆਂ ਗਈਆਂ ਹਨ, ਜਿਨ੍ਹਾਂ ਨੂੰ ਸੁਗੰਧੀ ਭਰਪੂਰ ਫੁੱਲ ਲੱਗਣਗੇ ਅਤੇ ਹਰਿਆਵਲ ਵੀ ਹੋਵੇਗੀ। ਇਸ ਲਈ ਵਿਸ਼ੇਸ਼ ਕਿਸਮ ਦੇ ਗਮਲੇ ਅਤੇ ਚਾਰ-ਚਾਰ ਫੁੱਟ ਉੱਚੇ ਖਾਲੇ ਤਿਆਰ ਕੀਤੇ ਗਏ ਹਨ। ਇਸ ਸਬੰਧੀ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਅਤੇ ਹੋਰ ਬਾਗਬਾਨੀ ਮਾਹਿਰਾਂ ਦੀ ਰਾਇ ਲਈ ਗਈ ਹੈ। ਉਨ੍ਹਾਂ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਨੂੰ ਹਰਿਆਵਲ ਭਰਪੂਰ ਬਣਾਉਣ ਪਿੱਛੇ ਮੁੱਖ ਉਦੇਸ਼ ਇਥੇ ਗਰਮੀ ਦੇ ਦਿਨਾਂ ਵਿਚ ਸੰਗਮਰਮਰ ਦੀ ਅੱਖਾਂ ਵਿਚ ਪੈਂਦੀ ਚਮਕ ਅਤੇ ਤਪਸ਼ ਨੂੰ ਰੋਕਣਾ ਹੈ।

ਉਨ੍ਹਾਂ ਦੱਸਿਆ ਕਿ ਪਹਿਲੇ ਪੜਾਅ ਵਿਚ ਪਰਿਕਰਮਾ ਦੇ ਵਰਾਂਡਿਆਂ ਦੀਆਂ ਉੱਪਰਲੀਆਂ ਛੱਤਾਂ ਤੋਂ ਹੇਠਾਂ ਵੇਲਾਂ ਲਟਕਾਉਣ ਦੀ ਯੋਜਨਾ ਹੈ ਅਤੇ ਦੂਜੇ ਪੜਾਅ ਵਿਚ ਵਰਾਂਡੇ ਦੀ ਹੇਠਲੀ ਛੱਤ 'ਤੇ ਪੱਕੇ ਬੂਟੇ ਲਾਏ ਜਾਣਗੇ। ਇਹ ਸਾਰੇ ਬੂਟੇ ਇਕੋ ਰੰਗ ਦੇ ਫੁੱਲਾਂ ਵਾਲੇ ਹੋਣਗੇ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਕਮੇਟੀ ਪਹਿਲਾਂ ਹੀ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਪ੍ਰਦੂਸ਼ਣ ਰੋਕਣ ਲਈ ਯਤਨਸ਼ੀਲ ਹੈ, ਜਿਸ ਤਹਿਤ ਸਮੂਹ ਕਰਮਚਾਰੀਆਂ ਤੇ ਅਧਿਕਾਰੀਆਂ ਵੱਲੋਂ ਆਪਣੇ ਚਾਰ ਪਹੀਆ ਵਾਹਨ ਇਥੇ ਸ੍ਰੀ ਹਰਿਮੰਦਰ ਸਾਹਿਬ ਲਿਆਉਣੋਂ ਰੋਕ ਦਿੱਤੇ ਗਏ ਹਨ। ਹਰਿਮੰਦਰ ਸਾਹਿਬ ਸਮੂਹ ਵਿਚ ਵਰਟੀਕਲ ਗਾਰਡਨ ਸਥਾਪਤ ਕੀਤਾ ਹੈ, ਜਿਸ ਤਹਿਤ 35 ਹਜ਼ਾਰ ਬੂਟੇ ਲਾਏ ਗਏ ਹਨ। ਇਸ ਤੋਂ ਬਾਅਦ ਗੁਰੂ ਅਰਜਨ ਦੇਵ ਨਿਵਾਸ, ਗੁਰੂ ਹਰਿਗੋਬਿੰਦ ਨਿਵਾਸ ਤੇ ਹੋਰ ਸਰਾਵਾਂ ਦੀਆਂ ਛੱਤਾਂ 'ਤੇ ਵੀ ਰੂਫ ਗਾਰਡਨ ਬਣਾਏ ਜਾਣਗੇ।

### ਕੁੱਲੂ ਵਿਚ ਬੱਸ ਖੱਡ 'ਚ ਡਿੱਗੀ, 44 ਮੌਤਾਂ

**ਸ਼ਿਮਲਾ:** ਹਿਮਾਚਲ ਪ੍ਰਦੇਸ਼ ਦੇ ਕੁੱਲੂ ਜ਼ਿਲ੍ਹੇ 'ਚ ਇਕ ਪ੍ਰਾਈਵੇਟ ਬੱਸ ਡੂੰਘੇ ਨਾਲੇ 'ਚ ਡਿੱਗ ਜਾਣ ਕਰਕੇ 44 ਜਣਿਆਂ ਦੀ ਮੌਤ ਹੋ ਗਈ ਅਤੇ 35 ਜਣੇ ਜਖ਼ਮੀ ਹੋ ਗਏ। ਬੱਸ ਵਿਚ 79 ਸਵਾਰੀਆਂ ਸਨ। ਮ੍ਰਿਤਕਾਂ ਵਿਚ ਵਧੇਰੇ ਕੁੱਲੂ ਜ਼ਿਲ੍ਹੇ ਨਾਲ ਸਬੰਧਤ ਹਨ। ਕੁੱਲੂ ਦੀ ਐਸ.ਪੀ. ਸ਼ਾਲਿਨੀ ਅਗਨੀਹੋਤਰੀ ਨੇ ਦੱਸਿਆ ਕਿ ਪ੍ਰਾਈਵੇਟ ਬੱਸ ਕੁੱਲੂ ਤੋਂ 50 ਕਿਲੋਮੀਟਰ ਦੂਰ ਬੰਜਾਰ ਤਹਿਸੀਲ 'ਚ ਢੋਥ ਮੋੜ ਨੇੜੇ 300 ਮੀਟਰ ਡੂੰਘੀ ਖੱਡ, ਜਿਸ 'ਚ ਨਾਲਾ ਵਗਦਾ ਹੈ, ਵਿਚ ਡਿੱਗ ਗਈ।

# ਹਾਰ ਤੋਂ ਬਾਅਦ ਵੀ ਅੰਦਰੂਨੀ ਖਿਲਾਰਾ ਸਮੇਟਣ ਦੇ ਰਾਹ ਨਾ ਤੁਰੀ 'ਆਪ' ਲੀਡਰਸ਼ਿਪ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਤੋਂ ਬਾਅਦ ਇਕ ਵਾਰ ਵੀ ਆਮ ਆਦਮੀ ਪਾਰਟੀ (ਆਪ) ਦੀ ਸਮੁੱਚੀ ਲੀਡਰਸ਼ਿਪ ਨੇ ਸਿਰ ਜੋੜ ਕੇ ਚੋਣਾਂ ਵਿਚ ਹੋਈ ਸ਼ਰਮਨਾਕ ਹਾਰ ਦਾ ਮੰਥਨ ਨਹੀਂ ਕੀਤਾ। ਪਾਰਟੀ ਦੀ ਕੋਰ ਕਮੇਟੀ ਦੀ ਚੰਡੀਗੜ੍ਹ ਵਿਚ ਹੋਈ ਮੀਟਿੰਗ ਵਿਚ ਪੰਜਾਬ ਦੇ ਪ੍ਰਧਾਨ ਭਗਵੰਤ ਮਾਨ ਸਣੇ ਕੋਈ ਵੀ ਜ਼ੋਨਲ ਪ੍ਰਧਾਨ ਨਹੀਂ ਆਇਆ।

ਪਾਰਟੀ ਨੇ ਪ੍ਰਧਾਨ ਦੀ ਮੌਜੂਦਗੀ ਤੋਂ ਬਿਨਾਂ ਹੀ ਪੰਜਾਬ ਵਿਚ 24 ਜੂਨ ਤੋਂ ਬਿਜਲੀ ਅੰਦੋਲਨ ਚਲਾਉਣ ਸਮੇਤ ਹੋਰ ਕਈ ਫੈਸਲੇ ਲਏ। ਵਿਧਾਇਕ ਅਮਨ ਅਰੋੜਾ ਨੇ ਆਪਣੇ ਪੱਧਰ 'ਤੇ ਹੀ ਇਸ ਸਬੰਧੀ ਮੁੱਖ ਮੰਤਰੀ ਨੂੰ ਪੱਤਰ ਲਿਖ ਦਿੱਤਾ ਹੈ। ਦੱਸਣਯੋਗ ਹੈ ਕਿ ਇਕ ਪਾਸੇ ਚੰਡੀਗੜ੍ਹ ਵਿਚ ਕੋਰ ਕਮੇਟੀ ਦੀ ਮੀਟਿੰਗ ਚੱਲ ਰਹੀ ਸੀ ਅਤੇ ਦੂਸਰੇ ਪਾਸੇ ਪਾਰਟੀ ਦੇ ਸੂਬਾਈ ਪ੍ਰਧਾਨ ਭਗਵੰਤ ਮਾਨ ਆਪਣੇ ਹਲਕੇ ਸੰਗਰੂਰ ਵਿਚ ਲੋਕਾਂ ਨਾਲ ਮੁਲਾਕਾਤਾਂ ਦਾ ਦੌਰ ਚਲਾ ਰਹੇ ਸਨ। ਇਸੇ ਤਰ੍ਹਾਂ ਮੀਟਿੰਗ ਵਿਚ ਚਾਰੇ ਜ਼ੋਨਲ ਪ੍ਰਧਾਨ ਮਾਲਵਾ ਤਿੰਨ ਦੇ ਪ੍ਰਧਾਨ ਦਲਬੀਰ ਢਿੱਲੋਂ, ਮਾਲਵਾ ਇਕ ਦੇ ਪ੍ਰਧਾਨ ਗੁਰਦਿੱਤ ਸੇਖੋਂ, ਦੋਆਬੇ ਦੇ ਪ੍ਰਧਾਨ ਡਾ. ਰਵਜੋਤ ਸਿੰਘ ਅਤੇ ਮਾਝੇ ਦੇ ਪ੍ਰਧਾਨ ਕੁਲਦੀਪ ਧਾਲੀਵਾਲ ਸ਼ਾਮਲ ਨਹੀਂ ਹੋਏ। ਇਸ ਤੋਂ ਇਲਾਵਾ ਡਾ. ਬਲਬੀਰ ਸਿੰਘ ਪਟਿਆਲਾ ਅਤੇ ਦੋ ਵਿਧਾਇਕ ਬੀਬੀ ਸਰਵਜੀਤ ਕੌਰ ਮਾਣੂਕੇ ਤੇ ਮਨਜੀਤ ਸਿੰਘ ਬਿਲਾਸਪੁਰ ਵੀ ਮੀਟਿੰਗ ਵਿਚ ਨਹੀਂ ਆਏ। ਮੁੱਖ ਤੌਰ 'ਤੇ ਪਾਰਟੀ ਨਾਲ ਚਲਦੇ 11 ਵਿਧਾਇਕਾਂ ਵਿਚੋਂ 9 ਵਿਧਾਇਕ ਹੀ ਪਾਰਟੀ ਵਿਚ ਸ਼ਾਮਲ ਸਨ ਜਿਸ ਤੋਂ ਜਾਪਦਾ ਹੈ ਕਿ ਜਥੇਬੰਦੀ ਦੀ ਕਮਾਂਡ ਵੀ ਪ੍ਰਧਾਨਾਂ ਦੀ ਅਣਹੋਂਦ ਕਾਰਨ ਵਿਧਾਇਕਾਂ ਨੂੰ ਹੀ ਸੰਭਾਲਣੀ ਪੈ ਰਹੀ ਹੈ।

ਦਰਅਸਲ, ਲੋਕ ਸਭਾ ਦੀ ਚੋਣ ਤੋਂ ਬਾਅਦ ਪਾਰਟੀ ਦੀਆਂ ਹੋਈਆਂ ਤਿੰਨ ਅਹਿਮ ਮੀਟਿੰਗਾਂ ਵਿਚੋਂ ਇਕ ਵਿਚ ਵੀ ਪ੍ਰਧਾਨ ਭਗਵੰਤ ਮਾਨ ਸ਼ਾਮਲ ਨਹੀਂ ਹੋਏ। ਚੋਣਾਂ ਤੋਂ ਬਾਅਦ ਕੋਰ ਕਮੇਟੀ ਦੀ ਪਹਿਲੀ ਮੀਟਿੰਗ ਚੰਡੀਗੜ੍ਹ ਵਿਚ ਹੋਈ ਸੀ ਜਿਸ ਵਿਚ ਉਮੀਦਵਾਰਾਂ ਨੂੰ ਵੀ ਹਾਰ ਦੇ ਕਾਰਨਾਂ ਦਾ ਮੰਥਨ ਕਰਨ ਲਈ ਸੱਦਿਆ ਗਿਆ ਸੀ। ਇਸ ਤੋਂ ਬਾਅਦ ਪਾਰਟੀ ਦੇ ਕੌਮੀ ਪ੍ਰਧਾਨ ਅਰਵਿੰਦ ਕੇਜਰੀਵਾਲ ਨੇ ਦਿੱਲੀ ਵਿਚ ਸ੍ਰੀ ਮਾਨ ਸਮੇਤ ਪੰਜਾਬ ਦੇ ਸਾਰੇ ਵਿਧਾਇਕਾਂ ਦੀ ਮੀਟਿੰਗ ਸੱਦੀ ਸੀ। ਇਸ ਮੀਟਿੰਗ ਵਿਚ ਵੀ ਸ੍ਰੀ ਮਾਨ ਸ਼ਾਮਲ ਨਹੀਂ ਹੋ ਸਕੇ ਸਨ। ਦਰਅਸਲ, ਸ੍ਰੀ ਮਾਨ ਦੀ ਚੋਣ ਜਿੱਤਣ ਤੋਂ ਬਾਅਦ ਅੱਜ ਤੱਕ ਕੇਜਰੀਵਾਲ ਨਾਲ ਮੁਲਾਕਾਤ ਹੀ ਨਹੀਂ ਹੋ ਸਕੀ। ਇਸ ਮੀਟਿੰਗ ਵਿਚ ਕੇਜਰੀਵਾਲ ਨੇ ਹਾਰੇ ਉਮੀਦਵਾਰਾਂ ਨੂੰ ਸੱਦਿਆ ਹੀ ਨਹੀਂ ਸੀ ਜਿਸ ਕਾਰਨ ਇਹ ਮੀਟਿੰਗ ਵੀ ਹਾਰ ਦਾ ਕੋਈ ਕਾਰਨ ਲੱਭਣ ਤੋਂ ਬਿਨਾਂ ਹੀ ਸਮਾਪਤ ਹੋ ਗਈ ਸੀ। ਕੇਜਰੀਵਾਲ ਨੇ ਪਿਛੋਂ ਉਮੀਦਵਾਰਾਂ ਨਾਲ ਵੀ ਮੀਟਿੰਗ ਕਰਨ ਦੀ ਗੱਲ ਕਹੀ ਸੀ ਪਰ ਅੱਜ ਤੱਕ ਅਜਿਹੀ ਮੀਟਿੰਗ ਨਹੀਂ ਕੀਤੀ ਗਈ ਜਿਸ ਤੋਂ ਸਾਫ ਹੈ ਕਿ ਪਾਰਟੀ ਵਿਧਾਨ ਸਭਾ ਚੋਣਾਂ ਵਾਂਗ ਹੁਣ ਲੋਕ ਸਭਾ ਚੋਣਾਂ ਦੀ ਹਾਰ ਦੇ ਕਾਰਨਾਂ ਨੂੰ ਜਾਣਨ ਲਈ ਗੰਭੀਰ ਨਹੀਂ ਹੈ।

## ਬਾਗੀ ਵਿਧਾਇਕਾਂ ਦੀ ਮੁਅੱਤਲੀ ਲਈ ਦਿੱਲੀ ਸਪੀਕਰ ਕੋਲ ਪੁੱਜੀ 'ਆਪ'

**ਨਵੀਂ ਦਿੱਲੀ:** ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ 'ਚ ਸ਼ਾਮਿਲ ਹੋਏ 'ਆਪ' ਦੇ 2 ਬਾਗੀ ਵਿਧਾਇਕਾਂ ਦੀ ਮੁਅੱਤਲੀ ਦੀ ਮੰਗ ਨੂੰ ਲੈ ਕੇ 'ਆਪ' ਨੇ ਦਿੱਲੀ ਵਿਧਾਨ ਸਭਾ ਦੇ ਸਪੀਕਰ ਕੋਲ ਪਹੁੰਚ ਕੀਤੀ ਹੈ। ਪਾਰਟੀ ਦੇ ਬੁਲਾਰੇ ਸੌਰਭ ਭਾਰਦਵਾਜ ਨੇ ਇਹ ਜਾਣਕਾਰੀ ਦਿੱਤੀ।ਦੱਸਣਯੋਗ ਹੈ ਕਿ ਦੋ ਵਿਧਾਇਕ ਅਨਿਲ ਵਾਜਪਾਈ ਅਤੇ ਦੇਵਿੰਦਰ ਸ਼ਹਿਰਾਵਤ ਖੁੱਲ੍ਹੇਆਮ ਪਾਰਟੀ ਦੇ ਆਲੋਚਕ ਸਨ ਅਤੇ ਉਹ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ 'ਚ ਸ਼ਾਮਿਲ ਹੋ ਗਏ ਸਨ। ਭਾਰਦਵਾਜ ਨੇ ਪੁਸ਼ਟੀ ਕਰਦਿਆਂ ਕਿਹਾ ਕਿ ਇਨ੍ਹਾਂ ਬਾਗੀ ਵਿਧਾਇਕਾਂ ਨੂੰ ਵਿਧਾਨ ਸਭਾ ਤੋਂ ਮੁਅੱਤਲ ਕਰਵਾਉਣ ਲਈ ਇਨ੍ਹਾਂ ਖਿਲਾਫ ਇਕ ਪਟੀਸ਼ਨ ਦਾਇਰ ਕਰਵਾਈ ਗਈ ਹੈ।

# ਕਾਂਗਰਸ ਅੰਦਰੂਨੀ ਕਲੇਸ਼ ਨਿਬੇੜਨ ਵਿਚ ਨਾਕਾਮ

**ਚੰਡੀਗੜ੍ਹ:** ਲੋਕ ਸਭਾ ਮੈਂਬਰ ਰਾਹੁਲ ਗਾਂਧੀ ਵੱਲੋਂ ਕਾਂਗਰਸ ਪਾਰਟੀ ਦੀ ਪ੍ਰਧਾਨਗੀ ਦਾ ਅਹੁਦਾ ਨਾ ਸੰਭਾਲੇ ਜਾਣ ਕਰਕੇ ਕਾਂਗਰਸ ਹਾਈਕਮਾਂਡ ਵਿਚ ਅਨਿਸਚਤਾ ਦਾ ਮਾਹੌਲ ਹੈ, ਜਿਸ ਦੇ ਚੱਲਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਵੱਲੋਂ ਬਿਜਲੀ ਵਿਭਾਗ ਦਾ ਚਾਰਜ ਸੰਭਾਲਣ ਉਤੇ ਵੀ ਸੁਆਲੀਆ ਨਿਸ਼ਾਨ ਹੀ ਹੈ।




ਕਾਂਗਰਸ ਪਾਰਟੀ ਦੇ ਇਕ ਸੀਨੀਅਰ ਆਗੂ ਨਾਲ ਇਸ ਮਾਮਲੇ ਬਾਰੇ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਵਿਚ ਚਾਰੇ ਪਾਸੇ ਅਨਿਸਚਤਾ ਦਾ ਮਾਹੌਲ ਬਣ ਗਿਆ ਹੈ। ਜਦੋਂ ਕਾਂਗਰਸ ਪ੍ਰਧਾਨ ਹੀ ਆਪਦਾ ਅਹੁਦਾ ਸੰਭਾਲਣ ਲਈ ਤਿਆਰ ਨਹੀਂ ਹੈ ਤੇ ਤੜਿੰਗ ਹੋ ਗਿਆ ਹੈ ਤਾਂ ਇਸ ਸਥਿਤੀ ਵਿਚ ਕੌਣ ਕਿਸੇ ਨੂੰ ਦਿਸ਼ਾ ਦੇ ਸਕਦਾ ਹੈ। ਜੇਕਰ ਕਾਂਗਰਸ ਪ੍ਰਧਾਨ ਨੇ ਅਹੁਦਾ ਨਹੀਂ ਸੰਭਾਲਣਾ ਸੀ ਤਾਂ ਉਹ ਘੱਟੋ ਘੱਟ ਕੋਈ ਕਮੇਟੀ ਬਣਾ ਦਿੰਦਾ, ਜਿਹੜੀ ਰੋਜ਼ਾਨਾ ਦਾ ਕੰਮ-ਕਾਜ ਚਲਾਉਂਦੀ। ਇਸ ਹਾਲਤ ਵਿਚ ਕੁਝ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਕੈਬਨਿਟ ਮੰਤਰੀ ਸਿੱਧੂ ਬਾਰੇ ਕੋਈ ਦਖਲ ਦੇਣ ਦੀ ਸਥਿਤੀ ਵਿਚ ਨਹੀਂ ਹੈ। ਸਿੱਧੂ ਦੇ ਕਰੀਬੀਆਂ ਦਾ ਕਹਿਣਾ ਹੈ ਕਿ ਉਹ ਨਾ ਕਿਸੇ ਦਾ ਫੋਨ ਚੁੱਕਦੇ ਹਨ ਤੇ ਨਾ ਹੀ ਕੋਈ ਸੰਪਰਕ ਹੈ। ਇਸ ਲਈ ਉਹ ਕੀ ਫੈਸਲਾ ਕਰਨਗੇ, ਕਹਿਣਾ ਮੁਸ਼ਕਲ ਹੈ।

ਇਹ ਪੁੱਛੇ ਜਾਣ ਉਤੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਗੁਰਦਾਸਪੁਰ ਲੋਕ ਸਭਾ ਹਲਕੇ ਦੀ ਚੋਣ ਹਾਰ ਜਾਣ ਤੋਂ ਬਾਅਦ ਪੰਜਾਬ ਪ੍ਰਦੇਸ਼ ਕਾਂਗਰਸ ਦੀ ਪ੍ਰਧਾਨਗੀ ਤੋਂ ਅਸਤੀਫਾ ਦੇ ਦਿੱਤਾ ਸੀ ਤੇ ਉਨ੍ਹਾਂ ਦੇ ਅਸਤੀਫੇ ਦਾ ਕੀ ਬਣੂਗਾ ਤਾਂ ਉਨ੍ਹਾਂ ਕਿਹਾ ਕਿ ਇਹ ਸਾਰੇ ਮਾਮਲੇ ਉਸ ਵੇਲੇ ਹੀ ਹੱਲ ਹੋਣਗੇ ਜਦੋਂ ਕਾਂਗਰਸ ਪਾਰਟੀ ਦੀ ਪ੍ਰਧਾਨਗੀ ਦਾ ਫੈਸਲਾ ਹੋ ਜਾਵੇਗਾ, ਉਸ ਤੋਂ ਪਹਿਲਾਂ ਕੁਝ ਨਹੀਂ ਕਿਹਾ ਜਾ ਸਕਦਾ। ਉਨ੍ਹਾਂ ਕਿਹਾ ਕਿ ਭਾਵੇਂ ਮੁੱਖ ਮੰਤਰੀ, ਮੰਤਰੀਆਂ, ਵਿਧਾਇਕਾਂ ਨੇ ਮਤਾ ਪਾਸ ਕਰਕੇ ਜਾਖੜ ਦਾ ਅਸਤੀਫਾ ਰੱਦ ਕਰ ਦਿੱਤਾ ਸੀ ਤੇ ਕਾਂਗਰਸ ਹਾਈਕਮਾਂਡ ਨੂੰ ਕਿਹਾ ਸੀ ਕਿ ਜਾਖੜ ਨੂੰ ਹੀ ਇਸ ਅਹੁਦੇ 'ਤੇ ਬਹਾਲ ਰੱਖਿਆ ਜਾਵੇ। ਇਹ ਮਤਾ ਕਾਂਗਰਸ ਪ੍ਰਧਾਨ ਨੂੰ ਭੇਜਿਆ ਗਿਆ ਸੀ ਤੇ ਜੇ ਕੌਮੀ ਪ੍ਰਧਾਨ ਖੁਦ ਹੀ ਆਪ ਦੇ ਅਹੁਦੇ ਉਤੇ ਬਿਰਾਜਮਾਨ ਨਹੀਂ ਹੈ ਤੇ ਇਸ ਲਈ ਸੂਬਾਈ ਕਾਂਗਰਸ ਦੇ ਪ੍ਰਧਾਨ ਦਾ ਭਵਿੱਖ ਵੀ ਨਵੇਂ ਪ੍ਰਧਾਨ 'ਤੇ ਹੀ ਟਿਕਿਆ ਹੈ।

## ਸਿੱਧੂ ਦੇ ਅਸਤੀਫੇ ਸਬੰਧੀ ਲੱਗੇ ਪੋਸਟਰ

**ਮੁਹਾਲੀ:** ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਦੇ ਅਸਤੀਫੇ ਦੀ ਮੰਗ ਨੇ ਜ਼ੋਰ ਫੜ ਲਿਆ ਹੈ। ਪੰਜਾਬ ਵਿਚ ਜਨਤਕ ਥਾਵਾਂ 'ਤੇ ਸ੍ਰੀ ਸਿੱਧੂ ਦੇ ਅਸਤੀਫੇ ਬਾਰੇ ਗੁੰਮਨਾਮ ਪੋਸਟਰ ਲਗਾਏ ਗਏ। ਅੰਗਰੇਜ਼ੀ ਅਤੇ ਪੰਜਾਬੀ ਭਾਸ਼ਾ ਵਿਚ ਲੱਗੇ ਇਨ੍ਹਾਂ ਇਸ਼ਤਿਹਾਰਾਂ 'ਤੇ ਲਿਖਿਆ ਗਿਆ ਹੈ ਕਿ 'ਮੈਂ ਰਾਜਨੀਤੀ ਛੱਡਾਂਗਾ', ਜੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਅਮੇਠੀ ਨੂੰ ਗੁਆ ਦਿੱਤਾ। ਨਵਜੋਤ ਸਿੰਘ ਸਿੱਧੂ ਤੁਸੀਂ ਕਦੋਂ ਰਾਜਨੀਤੀ ਛੱਡੋਗੇ? ਹੁਣ ਸਮਾਂ ਆ ਗਿਆ ਹੈ, ਤੁਹਾਡੇ ਸ਼ਬਦਾਂ ਨੂੰ ਪੁਗਾਉਣ ਦਾ, ਅਸੀਂ ਤੁਹਾਡੇ ਅਸਤੀਫੇ ਦੀ ਉਡੀਕ ਕਰ ਰਹੇ ਹਾਂ'। ਜ਼ਿਕਰਯੋਗ ਹੈ ਕਿ ਲੋਕ ਸਭਾ ਚੋਣਾਂ ਤੋਂ ਬਾਅਦ ਸ੍ਰੀ ਸਿੱਧੂ ਆਪਣੀ ਪਾਰਟੀ ਦੇ ਆਗੂਆਂ ਅਤੇ ਵਿਰੋਧੀ ਧਿਰ ਦੇ ਨਿਸ਼ਾਨੇ 'ਤੇ ਹਨ।

## 14 ਸਾਲਾ ਮੁੰਡੇ ਵੱਲੋਂ ਚਾਰ ਸਾਲਾ ਬੱਚੀ ਨਾਲ ਜਬਰ ਜਨਾਹ

**ਸੰਗਤ ਮੰਡੀ:** ਨੇੜਲੇ ਪਿੰਡ ਪਥਰਾਲਾ ਵਿਚ ਇਕ ਚਾਰ ਸਾਲਾ ਬੱਚੀ ਨਾਲ ਗੁਆਂਢੀ ਲੜਕੇ ਵੱਲੋਂ ਹੀ ਜਬਰ ਜਨਾਹ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਬੱਚੀ ਦੇ ਪਿਤਾ ਨੇ ਦੱਸਿਆ ਕਿ ਦੁਪਹਿਰੇ ਉਨ੍ਹਾਂ ਦੀ ਲੜਕੀ ਘਰੋਂ ਖੇਡਣ ਲਈ ਗੁਆਂਢੀਆਂ ਦੇ ਘਰ ਚਲੀ ਗਈ। ਜਦ ਉਹ ਕਾਫੀ ਸਮਾਂ ਘਰ ਨਾ ਪਰਤੀ ਤਾਂ ਉਸ ਦੀ ਮਾਂ ਉਸ ਨੂੰ ਭਾਲਣ ਗਈ।

ਇਸੇ ਦੌਰਾਨ ਜਦ ਉਸ ਨੇ ਗੁਆਂਢੀਆਂ ਦੇ ਘਰ ਜਾ ਕੇ ਦੇਖਿਆ ਤਾਂ ਉਨ੍ਹਾਂ ਦਾ ਲੜਕਾ ਜਿਸ ਦੀ ਉਮਰ 14 ਸਾਲ ਹੈ, ਨੇ ਬੱਚੀ ਨੂੰ ਘਰ ਦੇ ਕਮਰੇ 'ਚੋਂ ਧੱਕਾ ਮਾਰ ਕੇ ਬਾਹਰ ਕੱਢ ਦਿੱਤਾ। ਬੱਚੀ ਨਿਰਵਸਤਰ ਸੀ ਤੇ ਉਸ ਨੂੰ ਬਾਅਦ 'ਚ ਹਸਪਤਾਲ ਲਿਜਾਇਆ ਗਿਆ। ਇਲਾਕੇ ਦੇ ਲੋਕਾਂ ਮੁਤਾਬਕ ਲੜਕੇ ਨੇ ਘਟਨਾ ਤੋਂ ਬਾਅਦ ਕੋਈ ਜ਼ਹਿਰੀਲੀ ਚੀਜ਼ ਨਿਗਲ ਲਈ ਹੈ ਤੇ ਉਹ ਡੱਬਵਾਲੀ ਹਸਪਤਾਲ ਦਾਖਲ ਹੈ। ਥਾਣਾ ਸੰਗਤ ਮੁਲਜ਼ਮ ਲੜਕੇ ਖਿਲਾਫ ਬੱਚੀ ਦੀ ਮਾਂ ਦੇ ਬਿਆਨਾਂ ਦੇ ਆਧਾਰ 'ਤੇ ਧਾਰਾ 376, ਪੋਸਕੋ ਐਕਟ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ। ਲੜਕੇ ਦੇ ਹਸਪਤਾਲ ਦਾਖ਼ਲ ਹੋਣ ਕਾਰਨ ਉਸ ਨੂੰ ਗ੍ਰਿਫਤਾਰ ਨਹੀਂ ਕੀਤਾ ਜਾ ਸਕਿਆ।

# ਕੈਪਟਨ ਸਰਕਾਰ ਨੇ ਨੀਲੇ ਕਾਰਡਾਂ ਤੋਂ ਬਾਦਲ ਦੀ ਫੋਟੋ ਲਾਹੁਣ ਲਈ ਲਾਈ ਸਕੀਮ

**ਚੰਡੀਗੜ੍ਹ:** ਪੰਜਾਬ ਵਿਚ ਪਿਛਲੀ ਅਕਾਲੀ-ਭਾਜਪਾ ਸਰਕਾਰ ਵੱਲੋਂ ਜਾਰੀ ਨੀਲੇ ਕਾਰਡ ਯੋਜਨਾ 'ਤੇ ਆਪਣੀ ਮੋਹਰ ਲਗਾਉਣ ਲਈ ਯਤਨਸ਼ੀਲ ਮੌਜੂਦਾ ਕੈਪਟਨ ਸਰਕਾਰ ਨੇ ਆਖਰਕਾਰ ਇਨ੍ਹਾਂ ਕਾਰਡਾਂ ਨੂੰ ਸਮਾਰਟ ਰਾਸ਼ਨ ਕਾਰਡ ਯੋਜਨਾ 'ਚ ਤਬਦੀਲ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ ਜਿਸ ਨਾਲ ਜਲਦ ਹੀ ਪੰਜਾਬ ਦੇ 28 ਲੱਖ ਤੋਂ ਵਧੇਰੇ ਕਾਰਡ ਧਾਰਕਾਂ ਹੱਥੋਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ



ਤਸਵੀਰ ਵਾਲੇ ਨੀਲੇ ਕਾਰਡ ਛੁੱਟ ਜਾਣਗੇ।


ਚੇਤੇ ਰਹੇ ਕਿ ਮੌਜੂਦਾ ਸਮੇਂ 28 ਲੱਖ ਤੋਂ ਵਧੇਰੇ ਨੀਲੇ ਕਾਰਡ ਮੁਖੀਆਂ ਪਿੱਛੇ 31 ਕਰੋੜ 95 ਲੱਖ 4 ਸੌ 87 ਲੋਕ ਸਸਤੀ ਕਣਕ ਪ੍ਰਾਪਤ ਕਰ ਰਹੇ ਹਨ ਜਦਕਿ ਅੰਨਤੋਦਿਆ ਰਾਸ਼ਨ ਕਾਰਡ ਯੋਜਨਾ ਅਧੀਨ 26882 ਕਾਰਡਾਂ 'ਤੇ 8 ਲੱਖ 20 ਹਜ਼ਾਰ 80 ਲੋਕਾਂ ਨੂੰ ਸਸਤਾ ਰਾਸ਼ਨ ਦੇਣਾ ਜਾਰੀ ਹੈ। ਭਾਵੇਂ ਕੁਝ ਦਿਨ ਪਹਿਲਾਂ ਸਰਕਾਰ ਵੱਲੋਂ ਲੋਕਾਂ ਨੂੰ ਅਪਰੈਲ ਤੋਂ ਸਤੰਬਰ 2019 ਤੱਕ (6 ਮਹੀਨਿਆਂ ਦੀ) ਕਣਕ ਦਾ ਕੋਟਾ ਜਾਰੀ ਕਰ ਦਿੱਤਾ ਗਿਆ ਹੈ ਪਰ ਇਹ ਕਣਕ ਲੋਕਾਂ ਨੂੰ ਈ-ਪੋਸ ਮਸ਼ੀਨਾਂ 'ਤੇ ਵੇਰਵੇ ਤੇ ਆਧਾਰ ਕਾਰਡ ਦਰਜ ਕਰਦਿਆਂ ਅੰਗੂਠਾ ਲਗਾ ਕੇ ਹੀ ਦਿੱਤੀ ਜਾਵੇਗੀ, ਜਦਕਿ ਭਵਿੱਖ 'ਚ ਮਸ਼ੀਨ ਦੁਆਰਾ ਸਮਾਰਟ ਕਾਰਡ ਨੂੰ ਸਵੈਪ ਕਰਨ ਦੀ ਵਿਉਂਤਬੰਦੀ ਦੱਸੀ ਜਾ ਰਹੀ ਹੈ। ਪ੍ਰਮੁੱਖ ਸਕੱਤਰ, ਖੁਰਾਕ, ਸਿਵਲ ਸਪਲਾਈਜ਼ ਤੇ ਖਪਤਕਾਰ ਮਾਮਲੇ ਵਿਭਾਗ ਪੰਜਾਬ ਵੱਲੋਂ 7 ਜਨਵਰੀ 2019 ਨੂੰ ਜਾਰੀ ਪੱਤਰ ਦੇ ਹਵਾਲੇ ਨਾਲ ਮੁੜ ਸਮੂਹ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰ ਨੂੰ ਆਦੇਸ਼ ਜਾਰੀ ਕੀਤੇ ਗਏ ਹਨ ਕਿ ਨੀਲੇ ਕਾਰਡ ਯੋਜਨਾ ਅਧੀਨ ਜਾਰੀ ਸਾਰੇ ਕਾਰਡ ਖਤਮ ਸਮਝੇ ਜਾਣ ਪਰ ਇਨ੍ਹਾਂ ਦੇ ਅਸਲ ਲਾਭਪਾਤਰੀਆਂ ਲਈ ਮੁੜ ਤੋਂ ਨਵੇਂ ਸਿਰਿਉਂ ਪੜਤਾਲ ਦਾ ਕੰਮ ਸ਼ੁਰੂ ਕੀਤਾ ਜਾਵੇ।

ਸਕੱਤਰ, ਵਿਭਾਗ ਨੇ ਇਸ ਕੰਮ ਨੂੰ ਪਹਿਲਾਂ 18 ਜੂਨ 2019 ਤੱਕ ਮੁਕੰਮਲ ਕਰਨ ਦੀ ਪ੍ਰਕਿਰਿਆ ਦੇ ਮੱਦੇਨਜ਼ਰ ਫਿਰ ਤੋਂ ਹਦਾਇਤ ਕਰਦਿਆਂ ਕਿਹਾ ਕਿ ਪਟਵਾਰੀ, ਬੀ.ਡੀ.ਪੀ.ਓ. ਜਾਂ ਉਸ ਦਾ ਪ੍ਰਤੀਨਿਧ/ਕਾਰਜ ਸਾਧਕ ਅਧਿਕਾਰੀ, ਵਿਭਾਗੀ ਪ੍ਰਤੀਨਿਧ ਮਿਤੀ 5 ਜੁਲਾਈ ਤੱਕ ਆਪਣੀ ਪੜਤਾਲ ਮੁਕੰਮਲ ਕਰਨ ਦੇ ਪਾਬੰਦ ਰਹਿਣਗੇ। ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਵੱਲੋਂ ਲਾਭਪਾਤਰੀ ਸੂਚੀਆਂ ਦੀ ਮੁਕੰਮਲ ਜਾਂਚ 15 ਜੁਲਾਈ ਤੱਕ ਕਰਨ ਉਪਰੰਤ 30 ਜੁਲਾਈ ਤੱਕ ਜ਼ਿਲ੍ਹੇ ਨਾਲ ਸਬੰਧਤ ਸਾਰੇ ਲਾਭਪਾਤਰੀਆਂ ਦਾ ਵੇਰਵਾ ਵਿਭਾਗ ਦੇ ਪੋਰਟਲ 'ਤੇ ਪਾਇਆ ਜਾਵੇਗਾ, ਜਦਕਿ ਲਾਭਪਾਤਰੀਆਂ ਨੂੰ ਯੋਗ-ਅਯੋਗ ਕਰਾਰ ਦੇਣ ਲਈ ਜ਼ਿਲ੍ਹਾ ਖੁਰਾਕ ਕੰਟਰੋਲਰ ਸਮਰੱਥ ਅਧਿਕਾਰੀ ਹੋਵੇਗਾ। ਦੂਜੇ ਪਾਸੇ ਲਾਭਪਾਤਰੀਆਂ ਦੀ ਪਛਾਣ ਉਪਰੰਤ 10 ਪ੍ਰਤੀਸ਼ਤ ਐਸ.ਡੀ.ਐਮ. ਅਤੇ 5 ਪ੍ਰਤੀਸ਼ਤ ਡਿਪਟੀ ਕਮਿਸ਼ਨਰ ਵੱਲੋਂ ਆਪਣੇ ਪੱਧਰ 'ਤੇ ਗਠਿਤ ਕੀਤੀਆਂ ਕਮੇਟੀਆਂ ਵੱਲੋਂ ਜਾਂਚ ਕਰਵਾਈ ਜਾਵੇਗੀ।

ਇਸ ਸੰਦਰਭ 'ਚ ਵਿਭਾਗੀ ਅਧਿਕਾਰੀ ਭੰਬਲਭੂਸੇ 'ਚ ਹਨ ਕਿ ਜਿਹੜੇ ਫਾਰਮ ਕੁਝ ਦਿਨ ਪਹਿਲਾਂ ਲੋਕਾਂ ਪਾਸੋਂ ਪ੍ਰਾਪਤ ਕੀਤੇ ਹਨ, ਉਨ੍ਹਾਂ 'ਤੇ ਹੀ ਪੜਤਾਲ ਕੀਤੀ ਜਾਵੇ ਜਾਂ ਕਿ ਮੁੜ ਨਵੇਂ ਸਿਰਿਉਂ ਲਏ ਜਾਣੇ ਹਨ ਪਰ ਵਿਭਾਗ ਵੱਲੋਂ ਕੋਈ ਵੀ ਸਥਿਤੀ ਸਪੱਸ਼ਟ ਨਹੀਂ ਕੀਤੀ ਗਈ। ਉਨ੍ਹਾਂ ਇੰਨੇ ਘੱਟ ਸਮੇਂ 'ਚ ਇਸ ਕੰਮ ਨੂੰ ਨਿਪਟਾਉਣ ਤੋਂ ਵੀ ਅਸਮਰਥਤਾ ਪ੍ਰਗਟਾਈ ਹੈ। ਜੇਕਰ ਕਿਸੇ ਅਰਜ਼ੀਕਰਤਾ ਨੂੰ ਅਯੋਗ ਕਰਾਰ ਦਿੱਤਾ ਜਾਂਦਾ ਹੈ ਤਾਂ ਉਹ ਆਪਣਾ ਪੱਖ ਕਿਸ ਅਧਿਕਾਰੀ ਪਾਸ ਰੱਖੇਗਾ ਅਤੇ ਨਾ ਹੀ ਕਿਸੇ ਨਾਗਰਿਕ ਨੂੰ ਕਿਸੇ ਤਰ੍ਹਾਂ ਦਾ ਇਤਰਾਜ਼ ਪੇਸ਼ ਕਰਨ ਲਈ ਸਮਾਂ ਜਾਂ ਅਧਿਕਾਰੀ ਬਾਰੇ ਵੀ ਨਹੀਂ ਦੱਸਿਆ ਗਿਆ ਹੈ। ਵਿਭਾਗ ਦੀ ਇਸ ਤਰ੍ਹਾਂ ਦੀ ਕਾਰਗੁਜ਼ਾਰੀ ਨੂੰ ਲੋਕ ਸਰਕਾਰ ਦੇ ਇਸ਼ਾਰੇ 'ਤੇ ਸਿਆਸੀ ਵਿਤਕਰੇ ਦਾ ਸ਼ਿਕਾਰ ਹੋਣਾ ਮਹਿਸੂਸ ਕਰ ਰਹੇ ਹਨ।

# ਲੋਕ ਸਭਾ ਚੋਣਾਂ 'ਚ ਖਰਚੇ ਪੱਖੋਂ ਚੌਧਰੀ ਸੰਤੋਖ ਸਿੰਘ ਦੀ ਝੰਡੀ

**ਜਲੰਧਰ:** ਲੋਕ ਸਭਾ ਚੋਣਾਂ ਦੌਰਾਨ ਖਰਚਾ ਕਰਨ ਦੇ ਮਾਮਲੇ ਵਿਚ ਵੀ ਜੇਤੂ ਰਹੇ ਉਮੀਦਵਾਰ ਚੌਧਰੀ ਸੰਤੋਖ ਸਿੰਘ ਦੀ ਝੰਡੀ ਰਹੀ। ਚੌਧਰੀ ਸੰਤੋਖ ਸਿੰਘ ਨੇ ਚੋਣ ਕਮਿਸ਼ਨ ਵੱਲੋਂ 70 ਲੱਖ ਰੁਪਏ ਖਰਚਣ ਦੀ ਮਿਥੀ ਹੱਦ ਨੂੰ ਲਗਭਗ ਛੂਹ



ਹੀ ਲਿਆ ਸੀ। ਉਨ੍ਹਾਂ ਵੱਲੋਂ ਦਿਖਾਏ ਗਏ ਖਰਚੇ ਅਨੁਸਾਰ ਚੋਣਾਂ 'ਚ ਉਨ੍ਹਾਂ ਨੇ 68.90 ਲੱਖ ਰੁਪਏ ਖਰਚ ਕੀਤੇ ਹਨ। ਉਨ੍ਹਾਂ ਦੇ ਵਿਰੋਧੀ ਚਰਨਜੀਤ ਸਿੰਘ ਅਟਵਾਲ ਖਰਚਾ ਕਰਨ ਵਿਚ ਦੂਜੇ ਨੰਬਰ 'ਤੇ ਰਹੇ। ਜਲੰਧਰ ਲੋਕ ਸਭਾ ਹਲਕੇ ਤੋਂ 19 ਉਮੀਦਵਾਰਾਂ ਨੇ ਚੋਣ ਲੜੀ ਸੀ। ਇਨ੍ਹਾਂ ਵਿਚੋਂ ਸਭ ਤੋਂ ਘੱਟ ਖਰਚਾ ਨੈਸ਼ਨਲਿਸਟ ਜਸਟਿਸ ਪਾਰਟੀ ਦੇ ਉਮੀਦਵਾਰ ਬਲਜਿੰਦਰ ਸੋਢੀ ਨੇ 18,590 ਰੁਪਏ ਕੀਤਾ ਹੈ। ਹਲਫੀਆ ਬਿਆਨ ਵਿਚ ਆਪਣੇ ਕੋਲ ਸਭ ਤੋਂ ਘੱਟ ਨਕਦੀ 270 ਰੁਪਏ ਦੱਸਣ ਵਾਲੀ ਉਰਮਿਲਾ ਨੇ ਵੀ ਆਪਣਾ ਚੋਣ ਖਰਚਾ 94,190 ਰੁਪਏ ਦਰਸਾਇਆ ਹੈ।

ਲੋਕ ਸਭਾ ਚੋਣਾਂ ਵਿਚ ਖਰਚਿਆਂ ਦੀ ਨਿਗਰਾਨੀ ਕਰਨ ਵਾਲੀ ਕਮੇਟੀ ਵਿਚ ਡਿਪਟੀ ਕਮਿਸ਼ਨਰ ਕਮ ਜ਼ਿਲ੍ਹਾ ਚੋਣ ਅਫਸਰ ਵਰਿੰਦਰ ਕੁਮਾਰ ਸ਼ਰਮਾ, ਖਰਚਾ ਆਬਜ਼ਰਵਰ ਪ੍ਰੀਤੀ ਚੌਧਰੀ ਤੇ ਅਮਿਤ ਸ਼ੁਕਲਾ ਅਤੇ ਸਮਾਰਟ ਸਿਟੀ ਪ੍ਰਾਜੈਕਟ ਦੇ ਮੁੱਖ ਕਾਰਜਕਾਰੀ ਅਧਿਕਾਰੀ ਜਤਿੰਦਰ ਜ਼ੋਰਵਾਲ ਸ਼ਾਮਿਲ ਹਨ। ਕਮੇਟੀ ਨੇ ਮੀਟਿੰਗ ਕਰਕੇ ਉਮੀਦਵਾਰ ਵੱਲੋਂ ਕੀਤੇ ਖਰਚ ਦੇ ਵੇਰਵਿਆਂ ਨੂੰ ਸ਼ੈਡੋ ਰਜਿਸਟਰ ਨਾਲ ਮਿਲਾਨ ਕਰਕੇ ਅੰਤਿਮ ਖਰਚ ਰਿਪੋਰਟ ਤਿਆਰ ਕੀਤੀ ਹੈ।

ਰਿਪੋਰਟ ਅਨੁਸਾਰ ਅਕਾਲੀ-ਭਾਜਪਾ ਦੇ ਉਮੀਦਵਾਰ ਚਰਨਜੀਤ ਸਿੰਘ ਅਟਵਾਲ ਵੱਲੋਂ 50.07 ਲੱਖ, ਆਮ ਆਦਮੀ ਪਾਰਟੀ ਦੇ ਉਮੀਦਵਾਰ ਜਸਟਿਸ ਜ਼ੋਰਾ ਸਿੰਘ ਵੱਲੋਂ 20.37 ਲੱਖ, ਬਸਪਾ ਦੇ ਉਮੀਦਵਾਰ ਬਲਵਿੰਦਰ ਕੁਮਾਰ ਵੱਲੋਂ 31.11 ਲੱਖ, ਸ਼ਿਵ ਸੈਨਾ ਦੇ ਉਮੀਦਵਾਰ ਸੁਭਾਸ਼ ਗੋਰੀਆ ਵੱਲੋਂ 1.63 ਲੱਖ, ਪੀਪਲਜ਼ ਪਾਰਟੀ ਆਫ ਇੰਡੀਆ (ਡੈਮੋਕਰੈਟਿਕ) ਦੇ ਹਰੀ ਮਿੱਤਰ ਵੱਲੋਂ 46,141, ਭਾਰਤ ਪ੍ਰਭਾਤ ਪਾਰਟੀ ਦੇ ਗੁਰਪਾਲ ਸਿੰਘ ਵੱਲੋਂ 48,200, ਹਮ ਭਾਰਤੀਆ ਪਾਰਟੀ ਦੇ ਜਗਨ ਨਾਥ ਬਾਜਵਾ ਵੱਲੋਂ 1.11 ਲੱਖ, ਬਹੁਜਨ ਸਮਾਜ ਪਾਰਟੀ (ਅੰਬੇਦਕਰ) ਦੇ ਤਾਰਾ ਸਿੰਘ ਗਿੱਲ ਵੱਲੋਂ 1.61 ਲੱਖ, ਰਿਪਬਲਿਕਨ ਪਾਰਟੀ ਆਫ ਇੰਡੀਆ (ਏ) ਦੇ ਪ੍ਰਕਾਸ਼ ਚੰਦ ਜੱਸਲ ਵੱਲੋਂ 1.28 ਲੱਖ, ਬਹੁਜਨ ਮੁਕਤੀ ਪਾਰਟੀ ਦੇ ਰਮੇਸ਼ ਲਾਲ ਕਾਲਾ ਵਲੋਂ 38,093, ਆਜ਼ਾਦ ਉਮੀਦਵਾਰ ਉਪਕਾਰ ਸਿੰਘ ਬਖਸ਼ੀ ਵੱਲੋਂ 1.72 ਲੱਖ, ਅਮਰੀਸ਼ ਕੁਮਾਰ ਵੱਲੋਂ 1.22 ਲੱਖ, ਸੁਖਦੇਵ ਸਿੰਘ ਵੱਲੋਂ 47,166, ਕਸ਼ਮੀਰ ਸਿੰਘ ਘੁੱਗਸ਼ੋਰ ਵੱਲੋਂ 1.48 ਲੱਖ, ਨੀਟੂ ਸ਼ਟਰਾਂ ਵਾਲਾ ਵੱਲੋਂ 44,800 ਰੁਪਏ ਖਰਚ ਕੀਤੇ ਗਏ।

## ਵੱਧ ਖਰਚ ਸਬੰਧੀ ਸਨੀ ਦਿਓਲ ਨੂੰ ਨੋਟਿਸ ਜਾਰੀ

**ਗੁਰਦਾਸਪੁਰ:** ਸੰਸਦ ਮੈਂਬਰ ਬਣਨ ਤੋਂ ਬਾਅਦ ਵੀ ਸਨੀ ਦਿਓਲ ਦੀਆਂ ਮੁਸ਼ਕਲਾਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ। ਸਨੀ ਦਿਓਲ ਵੱਲੋਂ ਲੋਕ ਸਭਾ ਚੋਣਾਂ ਦੌਰਾਨ ਕੀਤੇ ਖਰਚ ਸਬੰਧੀ



ਡਿਪਟੀ ਕਮਿਸ਼ਨਰ ਕਮ ਰਿਟਰਨਿੰਗ ਅਫਸਰ ਵਿਪੁਲ ਉੱਜਵਲ ਵੱਲੋਂ ਨੋਟਿਸ ਜਾਰੀ ਕਰ ਕੇ ਸਪੱਸ਼ਟੀਕਰਨ ਮੰਗਿਆ ਗਿਆ ਹੈ। ਇਹ ਨੋਟਿਸ ਚੋਣਾਂ ਦੌਰਾਨ ਉਮੀਦਵਾਰ ਵੱਲੋਂ ਕੀਤਾ ਖਰਚਾ ਚੈੱਕ ਕਰਨ ਵਾਲੇ ਦੋ ਅਬਜ਼ਰਵਰਾਂ ਵੱਲੋਂ ਕੀਤੀ ਪੜਤਾਲ ਮਗਰੋਂ ਜਾਰੀ ਕੀਤਾ ਗਿਆ ਹੈ। ਦੱਸਿਆ ਗਿਆ ਹੈ ਕਿ ਸਨੀ ਦਿਓਲ ਨੇ ਆਪਣੀ ਚੋਣ ਮੁਹਿੰਮ ਦੌਰਾਨ 80 ਲੱਖ ਰੁਪਏ ਤੋਂ ਵੱਧ ਖਰਚਾ ਕੀਤਾ ਹੈ ਜਦਕਿ ਭਾਰਤੀ ਚੋਣ ਕਮਿਸ਼ਨ ਵੱਲੋਂ ਖਰਚੇ ਦੀ ਸੀਮਾ 70 ਲੱਖ ਰੁਪਏ ਨਿਰਧਾਰਿਤ ਕੀਤੀ ਗਈ ਸੀ। ਡਿਪਟੀ ਕਮਿਸ਼ਨਰ ਵਿਪੁਲ ਉੱਜਵਲ ਨੇ ਕਿਹਾ ਕਿ ਖਰਚ ਸਬੰਧੀ ਸਿਰਫ ਸਨੀ ਦਿਓਲ ਨੂੰ ਹੀ ਸਵਾਲ ਨਹੀਂ ਕੀਤਾ ਗਿਆ ਬਲਕਿ ਪੂਰੇ ਦੇਸ਼ ਅੰਦਰ ਅਜਿਹੇ ਉਮੀਦਵਾਰਾਂ ਨੂੰ ਨੋਟਿਸ ਜਾਰੀ ਹੋ ਰਹੇ ਹਨ, ਜਿਨ੍ਹਾਂ ਨੇ ਨਿਰਧਾਰਿਤ ਤੋਂ ਵੱਧ ਚੋਣ ਖਰਚਾ ਕੀਤਾ ਹੈ।

# ਭਾਰਤੀ ਸਮਾਜ ਦਾ ਮੌਜੂਦਾ ਰਾਜਸੀ ਤੇ ਸਮਾਜੀ ਸੰਕਟ

**ਗੁਰਬਚਨ ਸਿੰਘ**
**ਫੋਨ: 91-98156-98451**

ਇਹ ਗੱਲ ਪੜ੍ਹਨ-ਸੁਣਨ ਨੂੰ ਭਾਵੇਂ ਕੁਝ ਓਪਰੀ ਜਾਪੇ, ਪਰ ਸੱਚਾਈ ਇਹੀ ਹੈ ਕਿ ਭਾਰਤੀ ਸਮਾਜ ਨੂੰ ਦਰਪੇਸ਼ ਅਜੋਕਾ ਰਾਜਸੀ ਅਤੇ ਸਮਾਜੀ ਸੰਕਟ, ਜਿਸ ਦਾ ਕੇਂਦ੍ਰਿਤ ਪ੍ਰਗਟਾਵਾ ਮੋਦੀ ਸਰਕਾਰ ਦੇ ਹੋਂਦ ਵਿਚ ਆਉਣ ਨਾਲ ਹੋਇਆ ਹੈ, ਡਾ. ਭੀਮ ਰਾਓ ਅੰਬੇਡਕਰ ਦੇ 1935 ਵਿਚ ਧਰਮ ਬਦਲੀ ਦੇ ਲਏ ਗਏ ਫੈਸਲੇ ਦੀ ਦੇਣ ਹੈ। ਅਸਲ ਵਿਚ ਡਾ. ਅੰਬੇਡਕਰ ਦਾ ਇਹ ਫੈਸਲਾ ਏਨਾ ਅਹਿਮ ਤੇ ਦ੍ਰਿੜ ਸੀ ਕਿ ਇਸ ਨੇ ਇਕ ਵਾਰ ਸਮੁਚੇ ਹਿੰਦੂ ਸਮਾਜ ਅਤੇ ਇਸ ਰਾਹੀਂ ਹਿੰਦੁਸਤਾਨ ਦੇ ਬਾਕੀ ਸਾਰੇ ਸਮਾਜਾਂ ਨੂੰ ਪੂਰੀ ਤਰ੍ਹਾਂ ਝੰਜੋੜ ਕੇ ਰੱਖ ਦਿਤਾ। ਦਰਅਸਲ ਡਾ. ਅੰਬੇਡਕਰ ਨੇ ਦੇਸ਼ ਦੇ ਇਤਿਹਾਸ ਵਿਚ ਪਹਿਲੀ ਵਾਰ ਸਦੀਆਂ ਤੋਂ ਬ੍ਰਾਹਮਣਵਾਦ ਦੀ ਫੈਲਾਈ ਹੋਈ ਭਾਰਤੀ ਸਮਾਜ ਵਿਚਲੀ ਜਾਤਪਾਤੀ ਨਾ-ਬਰਾਬਰੀ ਨੂੰ ਦ੍ਰਿੜ ਚੁਣੌਤੀ ਦਿਤੀ ਅਤੇ 'ਇਕ ਵਿਅਕਤੀ, ਇਕ ਵੋਟ' ਦਾ ਐਲਾਨ ਕਰਕੇ ਅਛੂਤਾਂ ਦੀ ਰਾਜਸੀ ਬਰਾਬਰੀ ਦਾ ਐਲਾਨ ਕਰ ਦਿਤਾ।

ਗੁਰਮਤਿ ਤੋਂ ਬਾਅਦ ਭਾਰਤੀ ਬ੍ਰਾਹਮਣਵਾਦ ਨੂੰ ਮਿਲੀ ਇਹ ਸਭ ਤੋਂ ਵੱਡੀ ਚੁਣੌਤੀ ਸੀ। ਮਹਾਤਮਾ ਗਾਂਧੀ, ਸਰਦਾਰ ਪਟੇਲ ਤੇ ਆਰੀਆ ਸਮਾਜ ਦੇ ਰੂਪ ਵਿਚ ਬ੍ਰਾਹਮਣਵਾਦੀਆਂ ਨੇ ਡਾ. ਅੰਬੇਡਕਰ ਦੇ ਇਸ ਯਤਨ ਦਾ ਡਟ ਕੇ ਵਿਰੋਧ ਕੀਤਾ, ਜਿਸ ਕਰਕੇ ਉਨ੍ਹਾਂ ਨੂੰ ਧਰਮ ਬਦਲੀ ਦਾ ਫੈਸਲਾ ਲੈਣਾ ਪਿਆ। ਅੱਜ ਇਹੀ ਬ੍ਰਾਹਮਣਵਾਦ ਸਾਮਰਾਜੀ ਪੂੰਜੀਵਾਦ ਨਾਲ ਗਠਜੋੜ ਕਰਕੇ ਮੋਦੀ-ਸ਼ਾਹ ਜੋੜੀ ਦੇ ਰੂਪ ਵਿਚ ਧੱਕੇ ਨਾਲ ਇਸ ਮੁਲਕ ਦਾ ਮਾਲਕ ਬਣ ਬੈਠਾ ਹੈ।

ਧਰਮ ਬਦਲੀ ਦਾ ਇਹ ਝੰਜੋੜਾ ਕਿੰਨਾ ਵੱਡਾ ਸੀ, ਇਸ ਦਾ ਅੰਦਾਜ਼ਾ ਕਰੀਬ 8 ਦਹਾਕੇ ਬੀਤ ਜਾਣ ਪਿਛੋਂ ਵੀ ਸਿੱਖ ਸਮਾਜ ਵਿਚ ਚਲ ਰਹੀ ਇਸ ਬਹਿਸ ਤੋਂ ਲਾਇਆ ਜਾ ਸਕਦਾ ਹੈ ਕਿ ਡਾ. ਅੰਬੇਡਕਰ ਸਿੱਖ ਕਿਉਂ ਨਾ ਬਣੇ? ਇਸ ਸੁਆਲ ਦੀ ਗੰਭੀਰਤਾ ਨੇ ਅਜੇ ਤਕ ਕੁਝ ਸੁਹਿਰਦ ਸਿੱਖ ਬੁਧੀਜੀਵੀਆਂ ਨੂੰ ਇਸ ਮਸਲੇ ਬਾਰੇ ਸੋਚਣ ਲਾਇਆ ਹੋਇਆ ਹੈ ਕਿ ਉਹ ਕਿਹੜੇ ਕਾਰਨ ਸਨ, ਜਿਨ੍ਹਾਂ ਨੇ ਡਾ. ਅੰਬੇਡਕਰ ਦੇ ਸਿੱਖ ਬਣਨ ਵਿਚ ਰੁਕਾਵਟ ਪਾਈ? ਇਨ੍ਹਾਂ ਸੋਚਵਾਨ ਸਿੱਖਾਂ ਨੂੰ ਜਾਪਦਾ ਹੈ ਕਿ ਜੇ ਡਾ. ਅੰਬੇਡਕਰ ਉਦੋਂ ਸਿੱਖ ਬਣੇ ਹੁੰਦੇ ਤਾਂ ਸ਼ਾਇਦ ਅੱਜ ਜੋ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਉਨ੍ਹਾਂ ਨੂੰ ਕਰਨਾ ਪੈ ਰਿਹਾ ਹੈ, ਉਹ ਉਸ ਰੂਪ ਵਿਚ ਦਰਪੇਸ਼ ਨਾ ਹੁੰਦੀਆਂ। ਉਨ੍ਹਾਂ ਨੂੰ ਹੁਣ ਇਹ ਵੀ ਜਾਪਦਾ ਹੈ ਕਿ ਸ਼ਾਇਦ ਇਸ ਤਰ੍ਹਾਂ ਹੋਣ ਨਾਲ ਸਿੱਖਾਂ ਦੀ ਗਿਣਤੀ ਵਧ ਜਾਂਦੀ ਤੇ ਸਿੱਟੇ ਵਜੋਂ ਕੇਂਦਰ ਸਰਕਾਰ ਉਨ੍ਹਾਂ ਨੂੰ ਹੁਣ ਵਾਂਗ ਰਾਜਸੀ ਅਤੇ ਆਰਥਕ ਜਬਰ ਦਾ ਸ਼ਿਕਾਰ ਨਾ ਬਣਾ ਸਕਦੀ।

ਡਾ. ਅੰਬੇਡਕਰ ਦੇ ਇਸ ਫੈਸਲੇ ਦੀ ਅਹਿਮੀਅਤ ਨੂੰ ਜਾਣਨ ਲਈ ਸਾਨੂੰ ਇਸ ਫੈਸਲੇ ਦੇ ਪਿਛੋਕੜ ਵਿਚ ਜਾਣ ਦੀ ਲੋੜ ਹੈ। 13 ਅਕਤੂਬਰ 1935 ਨੂੰ ਯਿਓਲਾ 'ਚ ਹੋਈ ਇਕ ਵੱਡੀ ਅਛੂਤ ਕਾਨਫਰੰਸ ਵਿਚ ਉਨ੍ਹਾਂ ਐਲਾਨ ਕੀਤਾ ਕਿ 'ਬਦਕਿਸਮਤੀ ਨਾਲ ਮੈਂ ਇਕ ਅਛੂਤ ਹਿੰਦੂ ਵਜੋਂ ਪੈਦਾ ਹੋਇਆ ਹਾਂ, ਇਹ ਮੇਰੇ ਵੱਸ ਵਿਚ ਨਹੀਂ ਸੀ, ਪਰ ਮੈਂ ਸਹੁੰ ਖਾ ਕੇ ਤੁਹਾਨੂੰ ਯਕੀਨ ਦੁਆਉਂਦਾ ਹਾਂ ਕਿ ਮੈਂ ਇਕ ਹਿੰਦੂ ਵਜੋਂ ਮਰਾਂਗਾ ਨਹੀਂ।' ਡਾ. ਅੰਬੇਡਕਰ ਦਾ ਮੰਨਣਾ ਸੀ ਕਿ ਹਿੰਦੂ ਧਰਮ ਵਿਚ ਰਹਿ ਕੇ ਜਾਤਪਾਤ ਦਾ ਕੋਹੜ ਖਤਮ ਨਹੀਂ ਕੀਤਾ ਜਾ ਸਕਦਾ। ਇਸ ਤੋਂ ਪਹਿਲਾਂ ਉਨ੍ਹਾਂ ਨੇ ਅਛੂਤਾਂ ਦੇ ਵਖਰੇ ਚੋਣ ਹਲਕਿਆਂ ਰਾਹੀਂ ਦਲਿਤਾਂ ਦੀ ਰਾਜਸੀ ਬਰਾਬਰੀ ਲਈ ਸੰਘਰਸ਼ ਕਰਕੇ ਵੇਖ ਲਿਆ ਸੀ, ਜਿਸ ਦਾ ਮਹਾਤਮਾ ਗਾਂਧੀ ਨੇ ਡਟ ਕੇ ਵਿਰੋਧ ਕੀਤਾ ਸੀ। ਇਥੋਂ ਤਕ ਕਿ ਡਾ. ਅੰਬੇਡਕਰ ਦੀ ਇਸ ਮੰਗ ਦਾ ਵਿਰੋਧ ਕਰਨ ਲਈ ਮਹਾਤਮਾ ਗਾਂਧੀ ਨੇ ਪੂਨਾ ਵਿਖੇ ਮਰਨ ਵਰਤ ਵੀ ਰਖ ਦਿਤਾ ਸੀ।

ਮਹਾਤਮਾ ਗਾਂਧੀ ਅਛੂਤਾਂ ਨੂੰ ਮਿਲਣ ਵਾਲੀ ਇਸ ਰਾਜਸੀ ਸਹੂਲਤ ਦਾ ਕਿੰਨਾ ਕੱਟੜ ਵਿਰੋਧੀ ਸੀ, ਇਸ ਦੀ ਕੁਝ ਕੁ ਜਾਣਕਾਰੀ 21 ਸਤੰਬਰ 1932 ਨੂੰ ਸਰਦਾਰ ਵਲਭ ਭਾਈ ਪਟੇਲ ਨਾਲ ਹੋਈ ਉਸ ਦੀ ਹੇਠ ਲਿਖੀ ਗੱਲਬਾਤ ਤੋਂ ਮਿਲਦੀ ਹੈ, "ਹਰੀਜਨਾਂ ਲਈ ਵਖਰੇ ਚੋਣ ਹਲਕਿਆਂ ਦੇ ਨਿਕਲਣ ਵਾਲੇ ਸੰਭਾਵੀ ਸਿਟਿਆਂ ਬਾਰੇ ਸੋਚ ਕੇ ਮੈਂ ਕੰਬ ਜਾਂਦਾ ਹਾਂ। ਦੂਜੇ ਸਾਰੇ ਭਾਈਚਾਰਿਆਂ ਲਈ ਵਖਰੇ ਚੋਣ ਹਲਕਿਆਂ ਬਾਰੇ ਫਿਰ ਵੀ ਮੈਂ ਕੁਝ ਸੋਚ ਸਕਦਾ ਹਾਂ ਪਰ 'ਅਛੂਤਾਂ' ਲਈ ਵਖਰੇ ਚੋਣ ਹਲਕੇ ਮੇਰੀ ਸੋਚ ਤੋਂ ਬਾਹਰ ਹਨ। ਇਹ ਗਰੀਬ ਲੋਕ ਪੁਛ ਸਕਦੇ ਹਨ ਕਿ ਮੈਂ ਜਿਹੜਾ ਉਨ੍ਹਾਂ ਦਾ ਮਿੱਤਰ ਹੋਣ ਦਾ ਦਾਅਵਾ ਕਰਦਾ ਹਾਂ, ਸਿਰਫ ਉਨ੍ਹਾਂ ਨੂੰ ਮਿਲਣ ਵਾਲੀ ਸਹੂਲਤ ਕਿ ਉਹ ਆਪਣਾ ਵੋਟ ਮੇਰੇ ਨਾਲ ਪਰ ਵਖਰੇ ਪਾਉਣਗੇ, ਬਦਲੇ ਸਤਿਆਗ੍ਰਹਿ ਕਿਉਂ ਕਰਨ ਜਾ ਰਿਹਾ ਹਾਂ? ਉਹ ਇਸ ਗੱਲ ਦਾ ਅਹਿਸਾਸ ਨਹੀਂ ਕਰ ਸਕਦੇ ਕਿ ਵਖਰੇ ਚੋਣ ਹਲਕੇ ਹਿੰਦੂਆਂ ਵਿਚ ਇਕ ਅਜਿਹੀ ਵੰਡ ਪੈਦਾ ਕਰ ਦੇਣਗੇ ਕਿ ਇਹ ਵੰਡ ਉਨ੍ਹਾਂ ਨੂੰ ਕਤਲੋਗਾਰਤ ਵਲ ਲੈ ਜਾਵੇਗੀ। 'ਅਛੂਤ' ਗੁੰਡੇ (ਇਹ ਸ਼ਬਦ ਗਾਂਧੀ ਦਾ ਹੈ) ਮੁਸਲਮਾਨ ਗੁੰਡਿਆਂ ਨਾਲ ਮਿਲ ਕੇ ਉਚ ਜਾਤੀ ਹਿੰਦੂਆਂ ਦੇ ਕਤਲ ਕਰਿਆ ਕਰਨਗੇ।" (ਹਵਾਲਾ 'ਅੰਬੇਡਕਰ, ਗਾਂਧੀ ਅਤੇ ਪਟੇਲ', ਲੇਖਕ ਰਾਜਾ ਸੇਖਰ ਵੂੰਡਰੂ)

ਅਛੂਤਾਂ ਲਈ ਵਖਰੇ ਚੋਣ ਹਲਕਿਆਂ ਦੀ ਮੰਗ ਨਾ ਮੰਨੇ ਜਾਣ ਪਿਛੋਂ ਡਾ. ਅੰਬੇਡਕਰ ਨੇ ਅਛੂਤਾਂ ਦੇ ਹਿੰਦੂ ਮੰਦਿਰਾਂ ਵਿਚ ਦਾਖਲੇ ਲਈ ਲੰਬਾ ਸੰਘਰਸ਼ ਕੀਤਾ, ਪਰ ਜਦੋਂ ਇਸ ਮੁਹਿੰਮ ਵਿਚ ਵੀ ਸਫਲਤਾ ਨਾ ਮਿਲੀ ਤਾਂ ਉਨ੍ਹਾਂ ਧਰਮ ਬਦਲੀ ਦਾ ਫੈਸਲਾ ਲਿਆ, ਜਿਸ ਦਾ ਕਾਂਗਰਸ ਪਾਰਟੀ ਤੇ ਹਿੰਦੂ ਮਹਾਂ ਸਭਾ ਨੇ ਡਟ ਕੇ ਵਿਰੋਧ ਕੀਤਾ। ਉਨ੍ਹਾਂ ਦਾ ਕਹਿਣਾ ਸੀ ਕਿ 'ਜੇ ਦਲਿਤ ਵਰਗ ਇਸਲਾਮ ਜਾਂ ਇਸਾਈ ਧਰਮ ਵਿਚ ਸ਼ਾਮਿਲ ਹੁੰਦੇ ਹਨ ਤਾਂ ਉਹ ਨਾ ਸਿਰਫ ਹਿੰਦੂ ਧਰਮ ਦੇ ਦਾਇਰੇ ਵਿਚੋਂ ਬਾਹਰ ਚਲੇ ਜਾਣਗੇ, ਬਲਕਿ ਉਹ ਹਿੰਦੂ ਸਭਿਆਚਾਰ ਦੇ ਘੇਰੇ ਵਿਚੋਂ ਵੀ ਬਾਹਰ ਨਿਕਲ ਜਾਣਗੇ। ਇਸਲਾਮ ਜਾਂ ਇਸਾਈ ਮਤਿ ਵਿਚ ਧਰਮ ਬਦਲੀ ਦਲਿਤ ਵਰਗਾਂ ਦਾ ਅਰਾਸ਼ਟਰੀਕਰਨ ਕਰ ਦੇਵੇਗੀ। ਜੇ ਉਹ ਇਸਲਾਮ ਵਿਚ ਜਾਂਦੇ ਹਨ ਤਾਂ ਮੁਸਲਮਾਨਾਂ ਦੀ ਗਿਣਤੀ ਦੁਗਣੀ ਹੋ ਜਾਵੇਗੀ ਅਤੇ ਮੁਸਲਮਾਨਾਂ ਦੇ ਭਾਰੂ ਹੋਣ ਦਾ ਖਤਰਾ ਅਮਲੀ ਰੂਪ ਧਾਰਨ ਕਰ ਜਾਏਗਾ।'

ਡਾ. ਅੰਬੇਡਕਰ ਖੁਦ ਇਸ ਪ੍ਰਤੀ ਸੁਚੇਤ ਸਨ ਕਿ 'ਅਛੂਤਾਂ ਵਿਚ ਲਗਾਤਾਰ ਜੋਰ ਫੜ ਰਹੀ ਧਰਮ ਬਦਲੀ ਦੀ ਲਹਿਰ ਨੂੰ ਹਿੰਦੂ ਅਣਗੌਲਿਆ ਨਹੀਂ ਕਰ ਸਕਦੇ...ਕਿਉਂਕਿ ਇਸ ਦੇ ਹਿੰਦੂਆਂ ਅਤੇ ਦੇਸ਼ ਦੇ ਭਵਿਖ ਉਤੇ ਬਹੁਤ ਗਹਿਰੇ ਪ੍ਰਭਾਵ ਪੈਣੇ ਲਾਜ਼ਮੀ ਹਨ।'

ਯਕੀਨਨ ਗਾਂਧੀ, ਪਟੇਲ ਅਤੇ ਹਿੰਦੂ ਮਹਾਂਸਭਾ ਦੀ ਮੁਸਲਮਾਨਾਂ ਦੇ ਭਾਰੂ ਹੋਣ ਦੀ ਇਸ ਫਿਰਕੂ ਸੋਚ ਨੇ ਹੀ ਹਿੰਦ-ਪਾਕਿ ਵੰਡ ਕਰਵਾਈ, ਜਿਸ ਵਿਚ ਲੱਖਾਂ ਸਿੱਖ, ਮੁਸਲਮਾਨ ਤੇ ਹਿੰਦੂ ਕਤਲ ਹੋਏ ਅਤੇ ਕਰੋੜਾਂ ਲੋਕਾਂ ਦਾ ਉਜਾੜਾ ਹੋਇਆ। ਦੋ ਦੇਸ਼ ਹਿੰਦੁਸਤਾਨ ਤੇ ਪਾਕਿਸਤਾਨ ਬਣੇ, ਜੋ ਹੁਣ ਤਕ ਇਕ-ਦੂਜੇ ਦੇ ਵਿਰੋਧ ਵਿਚ ਖੜ੍ਹੇ ਹਨ ਅਤੇ ਦੋਵੇਂ ਦੇਸ਼ ਕਰੋੜਾਂ ਲੋਕਾਂ ਦੀ ਗਰੀਬੀ ਦੀ ਕੀਮਤ ਉਤੇ ਖੂਨ-ਪਸੀਨੇ ਦੀ ਕਮਾਈ ਅਰਬਾਂ ਰੁਪਏ ਦੀ ਦੌਲਤ ਖਤਰਨਾਕ ਹਥਿਆਰ ਖਰੀਦਣ ਉਤੇ ਖਰਚ ਕਰ ਰਹੇ ਹਨ।

***ਗੁਰਮਤਿ ਰਾਮ ਤੇ ਕ੍ਰਿਸ਼ਨ ਨੂੰ ਨਾ ਅਵਤਾਰ ਮੰਨਦੀ ਹੈ ਤੇ ਨਾ ਹੀ ਉਨ੍ਹਾਂ ਨੂੰ ਪੂਜਦੀ ਹੈ। ਗੁਰਮਤਿ ਸਾਰੇ ਹਿੰਦੂ ਦੇਵੀ ਦੇਵਤਿਆਂ ਦੇ ਨਾਂ ਲੈ ਕੇ ਉਨ੍ਹਾਂ ਦੀ ਦੈਵੀ ਹੋਂਦ ਤੋਂ ਇਨਕਾਰੀ ਹੈ। ਗੁਰਮਤਿ ਆਪਣੇ ਆਲੇ ਦੁਆਲੇ ਪਸਰੇ ਏਕੋ ਬ੍ਰਹਮ ਭਾਵ ਬ੍ਰਹਿਮੰਡੀ ਕੁਦਰਤ ਦੀ ਹੋਂਦ ਤੋਂ ਬਿਨਾ ਕਿਸੇ ਵੀ ਦੂਜੀ ਰੱਬੀ ਹੋਂਦ ਨੂੰ ਮੰਨਣ ਤੋਂ ਇਨਕਾਰੀ ਹੈ। ਜਦੋਂ ਗੁਰਮਤਿ ਵਿਸ਼ਨੂੰ ਦੇ ਅਵਤਾਰੀ ਰੂਪ ਤੋਂ ਹੀ ਇਨਕਾਰੀ ਹੈ ਤਾਂ ਭਗਵਾਨ ਬੁਧ ਨੂੰ ਵਿਸ਼ਨੂੰ ਦਾ ਅਵਤਾਰ ਮੰਨਣ ਦਾ ਤਾਂ ਸੁਆਲ ਹੀ ਪੈਦਾ ਨਹੀਂ ਹੁੰਦਾ। ਸਰਾਧ ਤੇ ਪਿੰਡ ਦਾਨ ਕਰਨ ਸਮੇਤ ਗੁਰਮਤਿ ਹਰ ਕਿਸਮ ਦੇ ਕਰਮ ਕਾਂਡ ਦੀ ਵਿਰੋਧੀ ਹੈ। ਸਾਰਾ ਗੁਰੂ ਗ੍ਰੰਥ ਸਾਹਿਬ ਬ੍ਰਾਹਮਣਵਾਦ ਦਾ ਕੱਟੜ ਵਿਰੋਧੀ ਹੈ। 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਰਾਹੀਂ ਗੁਰਮਤਿ ਹਰ ਕਿਸਮ ਦੀ ਮਨੁਖੀ ਬਰਾਬਰੀ ਦਾ ਬੁਲੰਦ ਐਲਾਨ ਕਰਦੀ ਹੈ। ਫਿਰ ਡਾ. ਅੰਬੇਡਕਰ ਦੇ ਇਨ੍ਹਾਂ ਬੋਧੀ ਪ੍ਰਣਾਂ ਤੇ ਗੁਰਮਤਿ ਵਿਚ ਨਿਖੇੜਾ ਕਿਵੇਂ ਕੀਤਾ ਜਾ ਸਕਦਾ ਹੈ? ਬਲਕਿ ਗੁਰਮਤਿ ਸਮੁਚੀ ਮਨੁਖੀ ਜ਼ਿੰਦਗੀ ਨੂੰ ਇਸ ਤੋਂ ਵੀ ਕਿਤੇ ਅੱਗੇ ਜਾ ਕੇ ਅਗਵਾਈ ਦਿੰਦੀ ਹੈ। ਹੁਣ ਪਰਖਣ ਵਾਲਾ ਨੁਕਤਾ ਇਹ ਨਹੀਂ ਹੈ ਕਿ ਡਾ. ਅੰਬੇਡਕਰ ਸਿੱਖ ਕਿਉਂ ਨਹੀਂ ਬਣੇ, ਸਗੋਂ ਵੇਖਣ ਵਾਲਾ ਨੁਕਤਾ ਇਹ ਹੈ ਕਿ ਡਾ. ਅੰਬੇਡਕਰ ਦੀ ਬ੍ਰਾਹਮਣਵਾਦ ਵਿਰੋਧੀ ਸੋਚ ਗੁਰਮਤਿ ਦੇ ਕਿੰਨੀ ਨੇੜੇ ਹੈ।***

ਦਿਲਚਸਪ ਗੱਲ ਇਹ ਹੈ ਕਿ ਡਾ. ਅੰਬੇਡਕਰ ਦੀ ਸਿੱਖ ਧਰਮ ਵਿਚ ਬਦਲੀ ਦੀ ਪ੍ਰਵਾਨਗੀ ਹਿੰਦੂ ਮਹਾਂਸਭਾ ਦੇ ਪ੍ਰਧਾਨ ਡਾ. ਬਾਲਕ੍ਰਿਸ਼ਨ ਸ਼ਿਵਰਾਮ ਮੂੰਜੇ ਨੇ ਇਕ ਲਿਖਤੀ ਸਮਝੌਤੇ ਵਿਚ ਦਿਤੀ ਸੀ ਤੇ ਇਸ ਦਾ ਸਭ ਤੋਂ ਤਿਖਾ ਵਿਰੋਧ ਪੰਜਾਬ ਦੇ ਆਰੀਆ ਸਮਾਜੀ ਲੀਡਰਾਂ ਤੇ ਮਹਾਤਮਾ ਗਾਂਧੀ ਨੇ ਕੀਤਾ ਸੀ। ਵੀਹਵੀਂ ਸਦੀ ਦੇ ਪਹਿਲੇ ਦੋ ਦਹਾਕਿਆਂ ਵਿਚ ਡਾ. ਬਾਲਕ੍ਰਿਸ਼ਨ ਸ਼ਿਵਰਾਮ ਮੂੰਜੇ ਨਾਗਪੁਰ ਖੇਤਰ ਦੇ ਕੇਂਦਰੀ ਸੂਬੇ ਅੰਦਰ ਬਾਲ ਗੰਗਾਧਰ ਤਿਲਕ ਦੇ ਸਭ ਤੋਂ ਨੇੜਲੇ ਰਾਜਸੀ ਸਾਥੀ ਸਨ। ਵੀਹਵਿਆਂ ਵਿਚ ਉਹ ਕੁਲ ਹਿੰਦ ਪੱਧਰ 'ਤੇ ਕਾਂਗਰਸ ਦੇ ਵੱਡੇ ਖਿਡਾਰੀਆਂ ਵਿਚੋਂ ਇਕ ਸਨ। ਮਦਨ ਮੋਹਨ ਮਾਲਵੀਆ ਦੀ ਕਾਂਗਰਸ ਨੈਸ਼ਨਲਿਸਟ ਪਾਰਟੀ ਰਾਹੀਂ ਉਹ ਇੰਡੀਅਨ ਨੈਸ਼ਨਲ ਕਾਂਗਰਸ ਵਿਚ ਲਗਾਤਾਰ ਦਖਲਅੰਦਾਜ਼ੀ ਕਰਦੇ ਰਹੇ।

1936 ਤਕ ਉਨ੍ਹਾਂ ਨੇ ਹਿੰਦੂ ਮਹਾਂਸਭਾ ਨੂੰ ਆਪਣਾ ਮੁਖ ਸਮਾਜੀ ਤੇ ਰਾਜਸੀ ਖੇਤਰ ਮਿਥ ਲਿਆ। 1936 ਵਿਚ ਹੀ ਉਨ੍ਹਾਂ ਹਿੰਦੂ ਮਹਾਂਸਭਾ ਵਲੋਂ ਡਾ. ਅੰਬੇਡਕਰ ਨਾਲ ਧਰਮ ਬਦਲੀ ਬਾਰੇ ਗੱਲਬਾਤ ਕੀਤੀ ਅਤੇ ਇਕ ਲਿਖਤੀ ਸਮਝੌਤਾ ਕੀਤਾ। ਸਮਝੌਤੇ ਵਿਚ ਉਨ੍ਹਾਂ ਨੇ ਡਾ. ਅੰਬੇਡਕਰ ਨੂੰ ਸਿੱਖ ਧਰਮ ਅਪਨਾਉਣ ਲਈ ਸਹਿਮਤ ਕਰ ਲਿਆ। ਉਨ੍ਹਾਂ ਦਾ ਤਰਕ ਸੀ ਕਿ 'ਜੇ ਦਲਿਤ ਵਰਗ ਇਸਲਾਮ ਜਾਂ ਇਸਾਈ ਧਰਮ ਵਿਚ ਸ਼ਾਮਿਲ ਹੁੰਦੇ ਹਨ ਤਾਂ ਉਹ ਨਾ ਸਿਰਫ ਹਿੰਦੂ ਧਰਮ ਦੇ ਦਾਇਰੇ ਵਿਚੋਂ ਬਾਹਰ ਚਲੇ ਜਾਣਗੇ, ਸਗੋਂ ਹਿੰਦੂ ਸਭਿਆਚਾਰ ਦੇ ਘੇਰੇ ਵਿਚੋਂ ਵੀ ਬਾਹਰ ਨਿਕਲ ਜਾਣਗੇ; ਪਰ ਜੇ ਉਹ ਸਿੱਖ ਬਣਦੇ ਹਨ ਤਾਂ ਉਹ ਹਿੰਦੂ ਸਭਿਆਚਾਰ ਦੇ ਘੇਰੇ ਵਿਚ ਹੀ ਰਹਿਣਗੇ। ਇਹ ਹਿੰਦੂਆਂ ਲਈ ਕਿਸੇ ਵੀ ਤਰ੍ਹਾਂ ਘਟ ਲਾਹੇਵੰਦ ਸੌਦਾ ਨਹੀਂ।'

ਡਾ. ਸ਼ਿਵਰਾਮ ਮੂੰਜੇ ਦੀ ਲਿਖਤੀ ਡਾਇਰੀ ਅਨੁਸਾਰ ਬਾਬਾ ਸਾਹਿਬ ਨੇ ਉਨ੍ਹਾਂ ਨੂੰ ਇਸ ਲਈ ਸਹਿਮਤ ਕਰ ਲਿਆ ਕਿ ਜਦੋਂ ਉਹ ਸਿੱਖ ਧਰਮ ਅਪਨਾਉਣ ਅੰਮ੍ਰਿਤਸਰ ਜਾਣਗੇ ਤਾਂ ਡਾ. ਮੂੰਜੇ ਉਨ੍ਹਾਂ ਦੇ ਨਾਲ ਜਾਣਗੇ। ਡਾ. ਮੂੰਜੇ ਦੀ ਡਾਇਰੀ ਅਨੁਸਾਰ ਡਾ. ਅੰਬੇਡਕਰ ਦੇ ਸਿੱਖ ਧਰਮ ਵਿਚ ਸ਼ਾਮਿਲ ਹੋਣ ਦਾ ਸਭ ਤੋਂ ਡਟਵਾਂ ਵਿਰੋਧ ਪੰਜਾਬ ਦੇ ਹਿੰਦੂ ਮਹਾਂਸਭਾਈ (ਆਰੀਆ ਸਮਾਜੀ) ਆਗੂਆਂ ਨੇ ਕੀਤਾ, ਜਿਨ੍ਹਾਂ ਵਿਚ ਉਸ ਨੇ ਭਾਈ ਪਰਮਾਨੰਦ, ਡਾ. ਗੋਕਲ ਚੰਦ ਨਾਰੰਗ ਤੇ ਰਾਜਾ ਨਰਿੰਦਰ ਨਾਥ ਦਾ ਨਾਂ ਲਿਆ ਹੈ। ਡਾ. ਮੂੰਜੇ ਨੇ ਇਹ ਵੀ ਲਿਖਿਆ ਹੈ ਕਿ ਇਨ੍ਹਾਂ ਆਗੂਆਂ ਨੂੰ ਸਿੱਖ ਧਰਮ ਨਾਲ ਈਰਖਾ ਸੀ।

ਭਾਰਤ ਦੇ ਸਮਾਜੀ ਤੇ ਰਾਜਸੀ ਇਤਿਹਾਸ ਵਿਚ ਅਛੂਤਾਂ ਦੀ ਧਰਮ ਬਦਲੀ ਦੀ ਇਹ ਬਹਿਸ 1956 ਤਕ ਚਲਦੀ ਰਹੀ। 1956 ਵਿਚ ਡਾ. ਅੰਬੇਡਕਰ ਨੇ ਇਕ ਬੜੀ ਵੱਡੀ ਕਾਨਫਰੰਸ ਕਰਕੇ ਬੁਧ ਧਰਮ ਅਪਨਾ ਲਿਆ। ਬੁਧ ਧਰਮ ਅਪਨਾਉਣ ਲੱਗਿਆਂ ਡਾ. ਅੰਬੇਡਕਰ ਨੇ ਐਲਾਨ ਕੀਤਾ ਕਿ 'ਮੈਂ ਮਨੁਖ ਮਾਤਰ ਦੀ ਤਰਕੀ ਲਈ ਹਾਨੀਕਾਰਕ ਅਤੇ ਮਨੁਖ ਮਾਤਰ ਵਿਚ ਊਚ-ਨੀਚ ਮੰਨਣ ਵਾਲੇ ਆਪਣੇ ਪੁਰਾਣੇ ਹਿੰਦੂ ਧਰਮ ਨੂੰ ਪੂਰੀ ਤਰ੍ਹਾਂ ਤਿਆਗਦਾ ਹਾਂ ਅਤੇ ਬੁਧ ਧਰਮ ਨੂੰ ਸਵੀਕਾਰ ਕਰਦਾ ਹਾਂ।'

ਡਾ. ਅੰਬੇਡਕਰ ਨੇ ਬੁਧ ਧਰਮ ਅਪਨਾਉਣ ਲੱਗਿਆਂ ਇਹ ਪ੍ਰਣ ਕੀਤੇ,

1. ਮੈਂ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਨੂੰ ਕਦੇ ਈਸ਼ਵਰ ਨਹੀਂ ਮੰਨਾਂਗਾ ਤੇ ਨਾ ਹੀ ਉਨ੍ਹਾਂ ਦੀ ਪੂਜਾ ਕਰਾਂਗਾ।

2. ਮੈਂ ਰਾਮ ਤੇ ਕ੍ਰਿਸ਼ਨ ਨੂੰ ਨਹੀਂ ਮੰਨਾਂਗਾ ਅਤੇ ਨਾ ਹੀ ਉਨ੍ਹਾਂ ਦੀ ਪੂਜਾ ਕਰਾਂਗਾ।

3. ਮੈਂ ਗੌਰੀ ਗਣਪਤ ਆਦਿ ਹਿੰਦੂ ਧਰਮ ਦੇ ਕਿਸੇ ਵੀ ਦੇਵੀ-ਦੇਵਤੇ ਨੂੰ ਨਹੀਂ ਮੰਨਾਂਗਾ ਅਤੇ ਨਾ ਹੀ ਉਨ੍ਹਾਂ ਦੀ ਪੂਜਾ ਕਰਾਂਗਾ।

4. ਇਹ ਮੇਰਾ ਵਿਸ਼ਵਾਸ ਨਹੀਂ ਕਿ ਈਸ਼ਵਰ ਨੇ ਅਵਤਾਰ ਲਿਆ।

5. ਮੈਂ ਅਜਿਹਾ ਕਦੀ ਨਹੀਂ ਮੰਨਾਂਗਾ ਕਿ ਭਗਵਾਨ ਬੁਧ ਵਿਸ਼ਨੂੰ ਦਾ ਅਵਤਾਰ ਹਨ।

6. ਮੈਂ ਸਰਾਧ ਕਦੀ ਨਹੀਂ ਕਰਵਾਵਾਂਗਾ ਅਤੇ ਨਾ ਹੀ ਕਦੇ ਪਿੰਡ ਦਾਨ ਕਰਾਂਗਾ।

7. ਮੈਂ ਕੋਈ ਵੀ ਕ੍ਰਿਆ ਕਰਮ ਬ੍ਰਾਹਮਣਾਂ ਦੇ ਹੱਥੋਂ ਨਹੀਂ ਕਰਵਾਵਾਂਗਾ।

8. ਮੈਂ ਇਸ ਸਿਧਾਂਤ ਨੂੰ ਮੰਨਾਂਗਾ ਕਿ ਸਾਰੇ ਮਨੁਖ ਬਰਾਬਰ ਹਨ।



**ਡਾ. ਅੰਬੇਡਕਰ**

ਉਨ੍ਹਾਂ ਦੇ ਕਥਨ ਅਨੁਸਾਰ ਉਪਰੋਕਤ ਪ੍ਰਣ ਮਹਾਤਮਾ ਬੁਧ ਦੀਆਂ ਸਿਖਿਆਵਾਂ ਵਿਚੋਂ ਆਸਾਨੀ ਨਾਲ ਲੱਭੇ ਜਾ ਸਕਦੇ ਹਨ। ਉਨ੍ਹਾਂ ਦਾ ਸਮਾਜ ਦਰਸ਼ਨ ਇਸ ਧਾਰਨਾ ਨੂੰ ਸਪਸ਼ਟ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਇਨ੍ਹਾਂ ਸਾਰੇ ਪ੍ਰਣਾਂ ਨਾਲ ਸਹਿਮਤ ਹੈ।

ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਨੂੰ ਈਸ਼ਵਰ ਨਾ ਮੰਨਦੀ ਗੁਰਮਤਿ ਇਨ੍ਹਾਂ ਦੀ ਸਿਰਜਕ ਹੋਂਦ ਤੋਂ ਮੂਲੋਂ ਹੀ ਇਨਕਾਰੀ ਹੈ। ਬ੍ਰਾਹਮਣਵਾਦ ਸਾਡੇ ਆਲੇ-ਦੁਆਲੇ ਪਸਰੇ ਏਕੋ 'ਬ੍ਰਹਮ' ਦੇ ਵਿਅਕਤੀ ਰੂਪ ਨੂੰ ਬ੍ਰਹਮਾ ਚਿਤਵ ਕੇ ਸਾਰੀ ਸ੍ਰਿਸ਼ਟੀ ਦੀ ਰਚਨਾ ਇਸ ਬ੍ਰਹਮਾ ਰਾਹੀਂ ਹੋਈ ਮੰਨਦਾ ਹੈ। ਇਸੇ ਮਨੋਕਲਪਿਤ ਬ੍ਰਹਮਾ ਦੀ ਹੋਂਦ ਰਾਹੀਂ ਉਹ ਚਾਰ ਵਰਣਾਂ ਦੀ ਪੈਦਾਇਸ਼ ਕਰਵਾਉਂਦਾ ਹੈ। ਇਸੇ ਮਨੋਕਲਪਿਤ ਬ੍ਰਹਮਾ ਦੀ ਹੋਂਦ ਰਾਹੀਂ ਉਹ ਆਪਣਾ ਸਾਰਾ ਕਰਮਕਾਂਡੀ ਭਰਮਜਾਲ ਫੈਲਾਉਂਦਾ ਹੈ।

ਗੁਰਮਤਿ ਬ੍ਰਹਮਾ ਦੀ ਇਸ ਧਾਰਨਾ ਨੂੰ ਮੂਲੋ ਹੀ ਨਕਾਰ ਦਿੰਦੀ ਹੈ,

ਬ੍ਰਹਮਾ ਬਿਸਨੁ ਮਹੇਸ ਨ ਕੋਈ॥ ਅਵਰ ਨ ਦੀਸੈ ਏਕੋ ਸੋਈ॥ (ਗੁਰੂ ਗ੍ਰੰਥ ਸਾਹਿਬ, ਪੰਨਾ 1035)

ਭਾਵ ਬ੍ਰਹਮਾ ਵਿਸ਼ਨੂੰ ਅਤੇ ਮਹੇਸ਼ ਦੀ ਕੋਈ ਹੋਂਦ ਨਹੀਂ, ਸਭ ਥਾਂ ਇਸ ਏਕੋ ਬ੍ਰਹਮ ਦਾ ਹੀ ਪਸਾਰਾ ਹੈ।

ਗੁਰਮਤਿ ਨੇ ਬ੍ਰਹਮ ਅਤੇ ਬ੍ਰਾਹਮਣ ਮਤਿ ਵਲੋਂ ਵਰਤੇ ਜਾਂਦੇ ਅਖਰ ਬ੍ਰਹਮਾ ਵਿਚਕਾਰ ਵੀ ਸਪਸ਼ਟ ਨਿਖੇੜਾ ਕੀਤਾ ਹੈ। ਗੁਰਮਤਿ ਸੁਆਲ ਕਰਦੀ ਹੈ,

ਬ੍ਰਹਮਾ ਬਡਾ ਕਿ ਜਾਸ ਉਪਾਇਆ॥ (ਪੰਨਾ 331)

ਬ੍ਰਹਮੈ ਬੇਦ ਬਾਣੀ ਪਰਗਾਸੀ ਮਾਇਆ ਮੋਹ ਪਸਾਰਾ॥ (ਪੰਨਾ 559)

ਬ੍ਰਹਮੈ ਵੱਡਾ ਕਹਾਇ ਅੰਤ ਨ ਪਾਇਆ॥ (ਪੰਨਾ 1279)

ਬ੍ਰਹਮੈ ਇੰਦ੍ਰਿ ਮਹੇਸਿ ਨ ਜਾਨੀ॥ (ਪੰਨਾ 1032)

ਭਾਵ ਬ੍ਰਹਮਾ ਵੱਡਾ ਹੈ ਜਾਂ ਜਿਸ ਬ੍ਰਹਮ ਤੋਂ ਸਾਰਿਆਂ ਦੀ ਉਤਪਤੀ ਹੋਈ ਹੈ, ਉਹ ਵੱਡਾ ਹੈ। ਫਿਰ ਗੁਰਮਤਿ ਇਹ ਵੀ ਦਸਦੀ ਹੈ ਕਿ ਬ੍ਰਹਮਾ ਦੇ ਨਾਂ ਉਤੇ ਜੋ ਕਥਿਤ ਵੇਦਾਂ ਦਾ ਗਿਆਨ ਦਿਤਾ ਜਾਂਦਾ ਹੈ, ਉਹ ਸਾਰਾ ਮੋਹ ਮਾਇਆ ਦਾ ਪਸਾਰਾ ਭਾਵ ਮਨੋਕਲਪਿਤ ਭਰਮਜਾਲ ਹੈ। ਬ੍ਰਹਮਾ ਆਪਣੇ-ਆਪ ਨੂੰ ਵੱਡਾ ਕਹਾਉਂਦਾ ਹੈ, ਪਰ ਉਹ ਬ੍ਰਹਮ ਦਾ ਅੰਤ ਨਹੀਂ ਪਾ ਸਕਿਆ। ਬ੍ਰਹਮਾ, ਇੰਦਰ ਤੇ ਮਹੇਸ਼ ਨੂੰ ਬ੍ਰਹਮ ਦਾ ਕੋਈ ਗਿਆਨ ਨਹੀਂ।

ਚੌਪਈ ਵਿਚ ਸਿੱਖ ਹਰ ਰੋਜ ਪੜ੍ਹਦੇ ਹਨ,

ਕਾਲ ਪਾਇ ਬ੍ਰਹਮਾ ਬਪੁ ਧਰਾ॥
ਕਾਲ ਪਾਇ ਸਿਵਜੂ ਅਵਤਰਾ॥
ਕਾਲ ਪਾਇ ਕਰ ਬਿਸਨ ਪ੍ਰਕਾਸਾ॥
ਸਗਲ ਕਾਲ ਕਾ ਕੀਆ ਤਮਾਸਾ॥

ਭਾਵ ਬ੍ਰਹਮਾ ਵੀ ਕਾਲ ਵਸ ਹੈ। ਅਵਤਾਰ ਕਿਹਾ ਜਾਂਦਾ ਸ਼ਿਵਜੀ ਵੀ ਕਾਲ ਵਸ ਹੈ। ਬਿਸਨ ਵੀ ਕਾਲ ਵਸ ਹੈ। ਅਰਥਾਤ ਕਹੇ ਜਾਂਦੇ ਤਿੰਨੇ ਦੇਵਤੇ ਕਾਲ ਵਸ ਹਨ, ਇਸ ਲਈ ਇਹ ਅਵਤਾਰ ਨਹੀਂ ਹੋ ਸਕਦੇ। ਇਹ ਤਿੰਨੇ ਵੀ ਕਾਲ ਭਾਵ ਸਮੇਂ ਦਾ ਤਮਾਸਾ ਹਨ।

ਜਾਤਿ ਬਰਨ ਕੁਲ ਸਹਸਾ ਚੂਕਾ ਗੁਰਮਤਿ ਸਬਦਿ ਵਿਚਾਰੀ॥ (ਪੰਨਾ 1198)

ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥
ਇਸ ਗਰਬ ਤੇ ਚਲਹਿ ਬਹੁਤੁ ਵਿਕਾਰਾ॥ (ਪੰਨਾ 1128)

ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਬਹੁਤ ਸਪਸ਼ਟ ਹੈ ਕਿ ਗੁਰਮਤਿ ਦਾ ਵਿਚਾਰ ਕਰਨ ਨਾਲ ਜਾਤ-ਵਰਣ ਦਾ ਸਾਰਾ ਸ਼ੰਕਾ ਮਿਟ ਜਾਂਦਾ ਹੈ। ਗੁਰਮਤਿ ਜਾਤ ਦਾ ਹੰਕਾਰ ਕਰਨ ਵਾਲੇ ਮਨੁਖ ਨੂੰ ਮੂਰਖ ਕਰਾਰ ਦਿੰਦੀ ਹੈ, ਕਿਉਂਕਿ ਜਾਤ ਪਾਤ ਦਾ ਹੰਕਾਰ ਕਰਨ ਨਾਲ ਮਨੁਖੀ ਮਨ ਵਿਚ ਅਨੇਕ ਵਿਕਾਰ ਭਾਵ ਉਲਝਣਾਂ ਪੈਦਾ ਹੁੰਦੀਆਂ ਹਨ ਅਤੇ ਇਨ੍ਹਾਂ ਉਲਝਣਾਂ ਸਦਕਾ ਸਰਬਸਾਂਝੀਵਾਲਤਾ ਤੇ ਸਰਬਤ ਦੇ ਭਲੇ ਦੀ ਭਾਵਨਾ ਮਰ ਜਾਂਦੀ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਹਿੰਦੂ ਧਰਮ ਬਾਰੇ ਬੜਾ ਸਪਸ਼ਟ ਫਤਵਾ ਦਿਤਾ ਗਿਆ ਹੈ,

ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ॥
ਨਾਰਦਿ ਕਹਿਆ ਸਿ ਪੂਜ ਕਰਾਂਹੀ॥
ਅੰਧੇ ਗੁੰਗੇ ਅੰਧ ਅੰਧਾਰੁ॥
ਪਾਥਰੁ ਲੇ ਪੂਜਹਿ ਮੁਗਧ ਗਵਾਰ॥
ਓਹਿ ਜਾ ਆਪਿ ਡੁਬੇ ਤੁਮ ਕਹਾ ਤਾਰਣਹਾਰੁ॥ (ਪੰਨਾ 556)

ਭਾਵ ਜੋ ਹਿੰਦੂ ਆਪ ਹੀ ਮੂਲੋਂ ਕੁਰਾਹੇ ਪਏ ਹੋਏ ਹਨ, ਨਾਰਦ ਦੇ ਕਹਿਣ ਉਤੇ ਜੋ ਕਿਸੇ ਦੀ ਵੀ ਪੂਜਾ ਕਰ ਸਕਦੇ ਹਨ, ਮਨ ਦੀਆਂ ਅੱਖਾਂ ਤੋਂ ਅੰਨ੍ਹੇ ਅਤੇ ਆਤਮਿਕ ਗਿਆਨ ਤੋਂ ਗੂੰਗੇ ਭਾਵ ਅਗਿਆਨ ਦੇ ਹਨੇਰੇ ਵਿਚ ਭਟਕ ਰਹੇ, ਜੋ ਮੂਰਖ ਤੇ ਗਵਾਰ ਲੋਕ ਖੁਦ ਪੱਥਰਾਂ ਦੀ ਪੂਜਾ ਕਰਦੇ ਹਨ, ਉਹ ਭਲਾ ਤੁਹਾਨੂੰ ਕਿਵੇਂ ਤਾਰ ਦੇਣਗੇ?

ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ॥
ਗਲੀ ਜਿਨ੍ਹਾ ਜਪਮਾਲੀਆ ਲੋਟੇ ਹਥਿ ਨਿਬਗ॥
ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ॥ (ਪੰਨਾ 776)

ਗੁਰਮਤਿ ਬ੍ਰਾਹਮਣੀ ਕਰਮਕਾਂਡ ਉਤੇ ਤਿਖਾ ਵਾਰ ਕਰਦਿਆਂ ਫੁਰਮਾਉਂਦੀ ਹੈ ਕਿ ਸਾਢੇ ਤਿੰਨ-ਤਿੰਨ ਗਜ ਦੀਆਂ ਧੋਤੀਆਂ ਪਹਿਨ ਕੇ ਤੇ ਤਿੰਨ-ਤਿੰਨ ਧਾਗਿਆਂ ਵਾਲੇ ਜਨੇਊ ਪਾ ਕੇ ਜਿਨ੍ਹਾਂ ਨੇ ਗਲਾਂ ਵਿਚ ਕਈ-ਕਈ ਮਾਲਾਂ ਪਾਈਆਂ ਹੋਈਆਂ ਹਨ ਅਤੇ ਹੱਥਾਂ ਵਿਚ ਲਿਸ਼ਕਦੇ ਲੋਟੇ ਫੜੇ ਹੋਏ ਹਨ, ਦਰਅਸਲ ਇਹ ਸੰਤ ਨਹੀਂ, ਸਗੋਂ ਬਨਾਰਸ ਦੇ ਅਸਲੀ ਠੱਗ ਹਨ।

ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੁ ਨਾਹਿ॥
ਅਰਝਿ ਉਰਝਿ ਕੈ ਪਚਿ ਮੂਆ ਚਾਰਉ ਬੇਦਹੁ ਮਾਹਿ॥ (ਪੰਨਾ 1377)

ਭਾਵ ਬ੍ਰਾਹਮਣ ਜਗਤ ਗੁਰੂ ਹੋਣ ਦਾ ਦਾਅਵਾ ਕਰਦਾ ਹੈ, ਪਰ ਭਗਤ ਉਸ ਨੂੰ ਆਪਣਾ ਗੁਰੂ ਨਹੀਂ ਮੰਨਦੇ, ਕਿਉਂਕਿ ਉਹ ਚਾਰਾਂ ਵੇਦਾਂ ਵਿਚ ਹੀ ਉਲਝਿਆ ਹੋਇਆ ਹੈ ਅਤੇ ਇਸ ਉਲਝਣ ਵਿਚ ਹੀ ਆਪਣੀ ਜ਼ਿੰਦਗੀ ਬਿਤਾ ਕੇ ਮਰ ਜਾਂਦਾ ਹੈ।

ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥

ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ਹ ਪੜਿਆ ਮੁਕਤਿ ਨ ਹੋਈ॥

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥ (ਪੰਨਾ 747-48)


ਗੁਰਮਤਿ ਅਨੁਸਾਰ ਧਰਮ ਦੇ ਨਾਂ ਉਤੇ ਕੀਤਾ ਜਾ ਰਿਹਾ ਇਹ ਸਾਰਾ ਪਖੰਡ ਤੇ ਕਰਮਕਾਂਡ ਜਮਾਂ ਦੀ ਨਿਆਈਂ ਸਾਰੇ ਸੰਸਾਰ ਨੂੰ ਲੁਟ ਰਿਹਾ ਹੈ। ਬੇਦ ਕਤੇਬ ਸਿਮ੍ਰਿਤੀਆਂ ਅਤੇ ਸਾਰੇ ਸ਼ਾਸਤਰ ਪੜ੍ਹ ਕੇ ਵੀ ਇਨ੍ਹਾਂ ਨਾਲ ਮਨ ਦੀ ਮੁਕਤੀ ਨਹੀਂ ਮਿਲਦੀ ਅਤੇ ਇਹ ਉਪਦੇਸ਼ ਚਾਰੇ ਵਰਣਾਂ-ਖਤਰੀ, ਬ੍ਰਾਹਮਣ, ਸ਼ੂਦਰ ਤੇ ਵੈਸ਼, ਸਭ ਲਈ ਸਾਂਝਾ ਹੈ:

ਦਰੋਗ ਪੜਿ ਪੜਿ ਖੁਸੀ ਹੋਇ ਬੇਖਬਰ ਬਾਦੁ

***(ਬਾਕੀ ਅਗਲੇ ਸਫੇ 'ਤੇ)***

# 'ਯੋਗ ਦੀ ਨੀਤੀ' ਨਾਲੋਂ ਯੋਗਨੀਤੀ ਅਪਨਾਉਣ ਦੀ ਲੋੜ

## ਸਿਆਸਤ ਦਾ ਪਿੜ




ਜਤਿੰਦਰ ਪਨੂੰ
ਫੋਨ: 91-98140-68455

ਸਾਡੇ ਲਈ ਇਹ ਗੱਲ ਖੁਸ਼ੀ ਵਾਲੀ ਹੋ ਸਕਦੀ ਹੈ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪਹਿਲ ਉਤੇ ਯੂ. ਐਨ. ਓ. ਨੇ ਸਾਲ ਦਾ ਇਕ ਦਿਨ ਯੋਗ ਲਈ ਤੈਅ ਕਰ ਦਿੱਤਾ ਹੈ। ਇਸ ਦਿਨ ਇੱਕੀ ਜੂਨ ਨੂੰ ਸੰਸਾਰ ਭਰ ਵਿਚ ਜਦੋਂ ਯੋਗ ਕੀਤਾ ਜਾ ਰਿਹਾ ਸੀ, ਭਾਰਤ ਤੋਂ ਇਹ ਗੱਲ ਸ਼ੁਰੂ ਹੋਈ ਹੋਣ ਕਾਰਨ ਇਥੋਂ ਦੇ ਪ੍ਰਧਾਨ ਮੰਤਰੀ ਤੇ ਰਾਜਾਂ ਵਿਚਲੇ ਬਹੁਤ ਸਾਰੇ ਮੁੱਖ ਮੰਤਰੀਆਂ ਦੀ ਅਗਵਾਈ ਹੇਠ ਉਸੇ ਦਿਨ ਯੋਗ ਕੈਂਪ ਲਾਏ ਜਾ ਰਹੇ ਸਨ। ਉਥੇ ਲੋਕਾਂ ਨੂੰ ਦੱਸਿਆ ਜਾ ਰਿਹਾ ਸੀ ਕਿ ਬਿਮਾਰੀਆਂ ਤੋਂ ਬਚਣ ਅਤੇ ਸਿਹਤਮੰਦ ਰਹਿਣ ਲਈ ਯੋਗ ਬਹੁਤ ਜ਼ਰੂਰੀ ਹੈ, ਪਰ ਜੇ ਸਿਰਫ ਯੋਗ ਕਰਨ ਨਾਲ ਸਾਰੇ ਦੁੱਖ ਦੂਰ ਕੀਤੇ ਜਾ ਸਕਦੇ ਹਨ ਤਾਂ ਹਸਪਤਾਲਾਂ ਵਿਚ ਮਾਹਰ ਡਾਕਟਰਾਂ ਦੀ ਥਾਂ ਯੋਗੀ ਰਾਮਦੇਵ ਦੀ ਯੋਗ ਕਰਾਉਣ ਵਾਲੀ ਮੰਡਲੀ ਦੇ ਲੋਕ ਬਿਠਾ ਦੇਣ ਬਾਰੇ ਸੋਚ ਲੈਣਾ ਚਾਹੀਦਾ ਹੈ।

ਯੋਗ ਦਾ ਇੱਕ ਆਪਣਾ ਮਹੱਤਵ ਹੈ, ਪਰ ਇਹ ਸਾਰੇ ਦੁੱਖਾਂ ਦਾ ਦਾਰੂ ਨਹੀਂ ਹੋ ਸਕਦਾ। ਬਿਹਾਰ ਵਿਚ ਚਮਕੀ ਬੁਖਾਰ ਨਾਲ ਮਰਨ ਵਾਲੇ ਬੱਚਿਆਂ ਦਾ ਇਲਾਜ ਯੋਗ ਨਹੀਂ ਹੋ ਸਕਦਾ ਅਤੇ ਉਨ੍ਹਾਂ ਪਰਿਵਾਰਾਂ ਵਿਚ ਬਾਕੀ ਬਚੇ ਜੀਆਂ ਨੂੰ ਸਿਰਫ ਯੋਗ ਕਰਵਾ ਕੇ ਇਸ ਬਿਮਾਰੀ ਤੋਂ ਬਚਾ ਲੈਣ ਦਾ ਹਿੱਕ ਠੋਕੂ ਦਾਅਵਾ ਕਰਨ ਵਾਲਾ ਵੀ ਕੋਈ ਨਹੀਂ ਲੱਭੇਗਾ। ਯੋਗ ਕਰਨ ਨੂੰ ਜਿਨ੍ਹਾਂ ਦਾ ਮਨ ਕਰਦਾ ਹੈ, ਜ਼ਰੂਰ ਕਰਨ, ਪਰ ਇਸ ਤੋਂ ਥੋੜ੍ਹਾ ਹਟ ਕੇ ਇਹ ਸੋਚਣ ਦਾ ਵੀ ਵਕਤ ਕੱਢ ਲੈਣ ਕਿ ਇਸ ਦੇਸ਼ ਵਿਚ ਬੀਤੇ ਬਹੱਤਰ ਸਾਲਾਂ ਵਿਚ ਜਿੰਨੇ ਫਾਰਮੂਲੇ ਵੀ ਵਰਤੇ ਗਏ ਹਨ, ਉਹ ਅਜੇ ਤੱਕ ਕਦੇ ਕਾਰਗਰ ਸਾਬਤ ਨਹੀਂ ਹੋਏ। 'ਮਰਜ਼ ਬੜ੍ਹਤਾ ਗਿਆ, ਜਿਉਂ ਜਿਉਂ ਦਵਾ ਕੀ।'

ਸਾਡੇ ਦੇਸ਼ ਦੇ ਮਾਹਰ ਇਹ ਕਹਿੰਦੇ ਹਨ ਕਿ ਬਹੁਤ ਸਾਰੀਆਂ ਬਿਮਾਰੀਆਂ ਦੀ ਜੜ੍ਹ ਪ੍ਰਦੂਸ਼ਣ ਹੈ ਅਤੇ ਪ੍ਰਦੂਸ਼ਣ ਹਵਾ ਵਿਚ ਵੀ ਹੈ, ਪਾਣੀ ਵਿਚ ਵੀ ਅਤੇ ਗਾਂ ਤੇ ਮਾਂ ਦੇ ਦੁੱਧ ਤੱਕ ਵੀ ਪਹੁੰਚ ਗਿਆ ਹੈ। ਹਵਾ ਵਿਚ ਪ੍ਰਦੂਸ਼ਣ ਸਭ ਨੂੰ ਦਿੱਸ ਸਕਦਾ ਹੈ, ਪਾਣੀ ਵਿਚ ਗੰਦਗੀ ਆਉਣ ਪਿੱਛੋਂ ਘਰਾਂ ਤੇ ਸੰਸਥਾਵਾਂ ਵਿਚ ਇਸ ਨੂੰ ਸਾਫ ਕਰਨ ਦੇ ਸਿਸਟਮ ਲਾਉਣੇ ਪੈ ਰਹੇ ਹਨ। ਸਬਜ਼ੀਆਂ ਦੇ ਬੂਟੇ ਨੂੰ ਛੇਤੀ ਅਤੇ ਬਹੁਤਾ ਝਾੜ ਦੇਣ ਵਾਲਾ ਟੀਕਾ ਲਾਇਆ ਜਾਣ ਨਾਲ ਉਨ੍ਹਾਂ ਵਿਚ ਕੈਮੀਕਲ ਦਾ ਪ੍ਰਦੂਸ਼ਣ ਹੈ। ਗਾਂਵਾਂ ਦਾ ਦੁੱਧ ਕੁਦਰਤੀ ਤਰੀਕੇ ਨਾਲ ਲੈਣ ਦੀ ਥਾਂ ਟੀਕੇ ਲਾ ਕੇ ਕੱਢਿਆ ਜਾਂਦਾ ਹੈ, ਇਸ ਬਾਰੇ ਸਾਰੇ ਲੋਕ ਜਾਣਦੇ ਹਨ, ਕਿਸੇ ਨੂੰ ਦੱਸਣ ਦੀ ਲੋੜ ਨਹੀਂ। ਸਾਡੇ ਕੋਲ ਦੂਜੇ ਰਾਜਾਂ ਤੋਂ ਜੋ ਫਲ ਪਹੁੰਚਦਾ ਹੈ, ਅੰਬ ਤੋਂ ਕੇਲੇ ਤੱਕ, ਉਥੇ ਉਸ ਦੀਆਂ ਪੇਟੀਆਂ ਬੰਦ ਕਰਨ ਵੇਲੇ ਦਵਾਈ ਲਾਈ ਜਾਂਦੀ ਹੈ, ਜੋ ਸਾਡੇ ਤੱਕ ਪਹੁੰਚਣ ਦੌਰਾਨ ਉਸ ਫਲ ਦੇ ਅੰਦਰ ਤੱਕ ਰਚ-ਮਿਚ ਜਾਂਦੀ ਹੈ।

ਪੰਜਾਬ ਵਿਚ ਹਦਵਾਣਾ ਅਤੇ ਖਰਬੂਜ਼ਾ ਬਚੇ ਹੋਏ ਸਮਝੇ ਜਾਂਦੇ ਸਨ, ਪਰ ਇਨ੍ਹਾਂ ਨੂੰ ਵੀ ਅੱਜਕੱਲ੍ਹ ਦਵਾਈਆਂ ਨਾਲ ਛੇਤੀ ਵਧਾਇਆ,



ਮਿੱਠਾ ਕੀਤਾ ਤੇ ਪਕਾਇਆ ਜਾਣ ਲੱਗਾ ਹੈ। ਇਸ ਲਈ ਇਨ੍ਹਾਂ ਵਿਚ ਵੀ ਪ੍ਰਦੂਸ਼ਣ ਹੈ। ਜਦੋਂ ਫਲਾਂ ਤੋਂ ਲੈ ਕੇ ਗਾਂ ਦੇ ਦੁੱਧ ਤੱਕ ਪ੍ਰਦੂਸ਼ਣ ਹੈ ਤਾਂ ਬੱਚੇ ਨੂੰ ਜੋ ਦੁੱਧ ਉਸ ਦੀ ਮਾਂ ਪਿਆ ਸਕਦੀ ਹੈ, ਜੋ ਹਮੇਸ਼ਾ ਤੋਂ ਉਸ ਲਈ ਸਰਬ ਉੱਤਮ ਸਮਝਿਆ ਜਾਂਦਾ ਰਿਹਾ ਹੈ, ਉਸ 'ਤੇ ਵੀ ਫਲਾਂ ਅਤੇ ਗਾਂ ਵਾਲੇ ਦੁੱਧ ਦੇ ਪ੍ਰਦੂਸ਼ਣ ਕਾਰਨ ਇਹੋ ਅਸਰ ਪਹੁੰਚਣ ਲੱਗ ਪਿਆ ਹੈ। ਸਾਨੂੰ ਇਹ ਗੱਲ ਇੱਕ ਡਾਈਟੀਸ਼ਨ ਨੇ ਦੱਸੀ ਹੈ।

ਕਿਸੇ ਨੂੰ ਕੋਈ ਰੋਗ ਲੱਗ ਜਾਵੇ, ਉਹ ਡਾਕਟਰ ਕੋਲ ਜਾਂਦਾ ਹੈ ਤਾਂ ਲਗਭਗ ਹਰ ਡਾਕਟਰ ਕੋਲ ਆਪਣੀ ਦੁਕਾਨ ਤੋਂ ਦਵਾਈਆਂ ਵੇਚਣ ਦਾ ਪ੍ਰਬੰਧ ਹੁੰਦਾ ਹੈ। ਬਹੁਤੇ ਡਾਕਟਰ ਜੋ ਦਵਾਈ ਲਿਖ ਕੇ ਦਿੰਦੇ ਹਨ, ਉਹ ਏਨੀ ਵਿਸ਼ੇਸ਼ ਹੁੰਦੀ ਹੈ ਕਿ ਉਸ ਸ਼ਹਿਰ ਵਿਚੋਂ ਸਿਰਫ ਉਸੇ ਡਾਕਟਰ ਦੀ ਦੁਕਾਨ ਤੋਂ ਮਿਲੇਗੀ। ਇਸ ਦਾ ਕਾਰਨ ਸਮਝ ਆ ਜਾਂਦਾ ਹੈ। ਤੁਸੀਂ ਸੋਚੋ ਕਿ ਇੱਕ ਦਵਾਈ ਡਿਸਪਰੀਨ ਹੈ, ਉਸ ਡਾਕਟਰ ਨੇ ਉਹ ਦਵਾਈ ਪਰਚੀ 'ਤੇ ਡਿਸਪਰੀਨ ਨਹੀਂ ਲਿਖਣੀ, ਡਾਕਟਰ ਦਾ ਨਾਂ ਬਿਸ਼ਨ ਚੰਦਰ ਹੋਵੇ ਤਾਂ ਬਿਸ਼ਨ ਚੰਦਰ ਵਾਲੀ 'ਬੀ' ਨਾਲ ਜੋੜ ਕੇ 'ਬਸਪਰੀਨ' ਬਣਾ ਦਿੱਤੀ ਹੋਵੇਗੀ ਅਤੇ ਫਿਰ ਉਹ ਉਸੇ ਹਸਪਤਾਲ ਦੇ ਅੰਦਰ ਚੱਲਦੀ ਦੁਕਾਨ ਤੋਂ ਮਿਲੇਗੀ।

ਦਵਾਈ ਕੰਪਨੀਆਂ ਡਾਕਟਰਾਂ ਨਾਲ ਮਿਲ ਕੇ ਫਰਾਡ ਕਰ ਰਹੀਆਂ ਹਨ ਤੇ ਸਿਹਤ ਵਿਭਾਗ ਦੇ ਵੱਡੇ ਅਫਸਰਾਂ ਨੂੰ ਪਤਾ ਹੋਣ ਦੇ ਬਾਵਜੂਦ ਉਹ ਰੋਕਦੇ ਨਹੀਂ, ਕਿਉਂਕਿ 'ਮੂੰਹ ਖਾਂਦਾ ਤੇ ਅੱਖਾਂ ਸ਼ਰਮਾਉਂਦੀਆਂ' ਹਨ। ਏਦਾਂ ਦੀ ਦਵਾਈ ਵਿਚ ਸਿਰਫ ਲੋੜ ਵਾਲਾ ਇੱਕੋ ਤੱਤ ਨਹੀਂ ਹੁੰਦਾ, ਉਸ ਦੇ ਨਾਲ ਪੰਜ-ਚਾਰ ਹੋਰ ਤੱਤ ਮਿਲੇ ਹੁੰਦੇ ਹਨ ਅਤੇ ਉਹ ਬਿਨਾ ਲੋੜ ਤੋਂ ਜਿਸ ਮਰੀਜ਼ ਦੇ ਢਿੱਡ ਵਿਚ ਚਲੇ ਜਾਂਦੇ ਹਨ, ਉਸ ਦਾ ਇਲਾਜ ਯੋਗ ਨਾਲ ਕਦੇ ਨਹੀਂ ਹੋ ਸਕਣਾ ਹੁੰਦਾ। ਉਸ ਮਰੀਜ਼ ਦੇ ਇਲਾਜ ਲਈ ਸਰਕਾਰ ਨੂੰ ਸਰਕਾਰ ਵਾਲੇ ਫਰਜ਼ ਨਿਭਾਉਣ ਦੀ ਲੋੜ ਹੈ।

ਸਾਨੂੰ ਕਈ ਸਾਲਾਂ ਤੱਕ ਇਹ ਸਿਖਾਇਆ ਜਾਂਦਾ ਰਿਹਾ ਕਿ ਪੱਛਮ ਦੇ ਵਿਕਸਿਤ ਦੇਸ਼ਾਂ ਤੋਂ ਇਹ ਗੱਲਾਂ ਸਿੱਖਣ ਦੀ ਲੋੜ ਹੈ ਕਿ ਸਮਾਜ ਪ੍ਰਤੀ ਫਰਜ਼ ਕੀ ਹੁੰਦੇ ਹਨ ਤੇ ਗਲਤ ਗੱਲਾਂ ਹੋਣ ਤੋਂ ਕਿਵੇਂ ਰੋਕਣੀਆਂ ਹਨ? ਸਿਆਸੀ ਲੀਡਰ ਆਪ ਆਪਣੇ ਇਲਾਜ ਅਤੇ ਆਪਣੇ ਪਰਿਵਾਰਕ ਜੀਆਂ ਦੇ ਸਰਕਾਰੀ ਖਰਚ 'ਤੇ ਇਲਾਜ ਲਈ ਜਿਹੜੇ ਦੇਸ਼ਾਂ ਵੱਲ ਦੌੜੇ ਜਾਂਦੇ ਹਨ, ਉਥੋਂ ਵਾਪਸ ਆ ਕੇ ਕਦੇ ਉਥੋਂ ਵਰਗਾ ਸਿਸਟਮ ਲਾਗੂ ਕਰਨ ਦਾ ਕੋਈ ਯਤਨ ਨਹੀਂ ਕਰਦੇ। ਕੁਰਸੀਆਂ ਲਈ ਦੌੜ ਤੱਕ ਸਾਰੇ ਯਤਨ ਸੀਮਤ ਹੋ ਜਾਣ ਪਿੱਛੋਂ ਭਾਰਤ ਅਸਮਾਨ ਟੱਪ ਕੇ ਪੁਲਾੜ ਵਿਚ ਭਾਵੇਂ ਪੱਕਾ ਸਟੇਸ਼ਨ ਬਣਾਉਣ ਵਾਲਾ ਵੀ ਬਣ ਗਿਆ ਹੈ, ਪਰ ਆਪਣੇ ਪੈਰਾਂ ਹੇਠ ਪਿਆ ਗੰਦ ਇਸ ਨੂੰ ਅਜੇ ਤੱਕ ਨਹੀਂ ਦਿੱਸ ਸਕਿਆ।

ਲੋਕ ਬਿਮਾਰੀਆਂ ਨਾਲ ਵੀ ਮਰਦੇ ਹਨ, ਭੀੜ ਦੀ ਭਾਜੜ ਵਿਚ ਕੁਚਲ ਕੇ ਵੀ ਤੇ ਹੜ੍ਹਾਂ ਵਿਚ ਗੋਤੇ ਖਾ ਕੇ ਵੀ ਮਰਦੇ ਹਨ। ਜਦੋਂ ਕਸਰ ਰਹੀ ਜਾਪਦੀ ਹੈ ਤਾਂ ਕਿਸੇ ਨਾ ਕਿਸੇ ਰਾਜ ਵਿਚ ਸੋਕਾ ਪੈ ਜਾਂਦਾ ਹੈ। ਆਗੂ ਲੋਕ ਰਾਹਤ ਦੇ ਨਾਂ 'ਤੇ ਬਜਟ ਫੂਕਦੇ ਤੇ ਵਿਚੋਂ ਆਪਣਾ ਹਿੱਸਾ ਵਸੂਲਦੇ ਹਨ, ਪਰ ਇਹੋ ਜਿਹਾ ਪੱਕਾ ਪ੍ਰਬੰਧ ਕਰਨ ਦਾ ਕੋਈ ਯਤਨ ਨਹੀਂ ਕਰਦੇ ਕਿ ਫਿਰ ਕਦੀ ਉਸ ਰਾਜ ਵਿਚ ਸੋਕਾ ਨਾ ਪਵੇ। ਸੋਕੇ ਦੀ ਆਮਦ ਵੀ ਸਿਆਸਤ ਦੀ ਵੱਡੀ ਲੋੜ ਸਮਝੀ ਜਾ ਰਹੀ ਹੈ।

ਹਿੰਦੀ ਦਾ ਵਿਅੰਗਕਾਰ ਕਾਕਾ ਹਾਥਰਸੀ ਬਹੁਤ ਤਿੱਖੀ ਚੋਭ ਲਾਇਆ ਕਰਦਾ ਸੀ। ਉਸ ਨੇ 'ਲਫਟੰਟ ਪਿਗਸਨ ਦੀ ਡਾਇਰੀ' ਵਾਲੀ ਕਿਤਾਬ ਵਿਚ ਲਿਖਿਆ ਸੀ ਕਿ ਭਾਰਤ ਵਿਚ ਆਏ ਅੰਗਰੇਜ਼ ਲੈਫਟੀਨੈਂਟ ਪਿਗਸਨ ਨੇ ਆਪਣੇ ਕਰਨਲ ਤੋਂ ਵੀਕ-ਐਂਡ ਮਨਾਉਣ ਦੀ ਛੁੱਟੀ ਮੰਗੀ ਸੀ। ਕਰਨਲ ਨੇ ਕਿਹਾ ਕਿ ਇਥੇ ਘੁੰਮਣ ਵਾਲਾ ਥਾਂ ਹੀ ਕੋਈ ਨਹੀਂ। ਇਸ ਗੱਲ ਤੋਂ ਹੈਰਾਨ ਹੋਏ ਲੈਫਟੀਨੈਂਟ ਪਿਗਸਨ ਨੇ ਪੁੱਛ ਲਿਆ ਕਿ ਫਿਰ ਇਥੇ ਹੈ ਕੀ? ਅੱਗੋਂ ਕਰਨਲ ਨੇ ਕਿਹਾ ਕਿ ਭਾਰਤ ਵਿਚ ਸਿਰਫ 'ਬੈਡ' ਅਤੇ 'ਪੂਅਰ' ਹਨ, ਹੋਰ ਇਥੇ ਕੁਝ ਨਹੀਂ ਲੱਭਦਾ। ਲੈਫਟੀਨੈਂਟ ਨੂੰ ਗੱਲ ਸਮਝ ਨਹੀਂ ਸੀ ਪਈ ਤਾਂ ਕਰਨਲ ਨੇ ਸਮਝਾਇਆ ਸੀ ਕਿ ਏਥੇ 'ਹੈਦਰਾਬੈਡ' ਹੈ, 'ਗਾਜ਼ੀਆਬੈਡ' ਹੈ, 'ਔਰੰਗਾਬੈਡ' ਹੈ ਜਾਂ 'ਨੂਰਪੂਅਰ' ਹੈ, 'ਕਾਨਪੂਅਰ' ਹੈ ਅਤੇ 'ਗੋਰਖਪੂਅਰ' ਵੀ ਹੈ, ਪਰ ਵੀਕ-ਐਂਡ ਲਈ ਵੇਖਣ ਵਾਲਾ ਕੁਝ ਨਹੀਂ ਲੱਭਣਾ।

ਉਸ ਅੰਗਰੇਜ਼ ਕਰਨਲ ਨੇ ਸਾਡੇ ਦੇਸ਼ ਲਈ ਨਫਰਤ ਦੀ ਭਾਵਨਾ ਨਾਲ ਇਹ ਗੱਲ ਕਹੀ ਜਾਂ ਕਾਕਾ ਹਾਥਰਸੀ ਨੇ ਇਸ ਦੀ ਕਲਪਨਾ ਕੀਤੀ ਹੋਵੇਗੀ, ਪਰ ਦੇਸ਼ ਦੇ ਆਜ਼ਾਦੀ ਦੇ ਬਹੱਤਰ ਸਾਲ ਬਾਅਦ ਵੀ ਇਥੇ ਇਹੋ ਕੁਝ ਦਿੱਸ ਰਿਹਾ ਹੈ। ਇਨ੍ਹਾਂ ਬਿਮਾਰੀਆਂ ਦਾ ਇਲਾਜ ਕਰਨ ਲਈ ਸਰਕਾਰ ਨੂੰ ਸਰਕਾਰ ਦੇ ਫਰਜ਼ ਨਿਭਾਉਣ ਦੀ ਲੋੜ ਹੈ, ਸਿਰਫ ਯੋਗ ਕਰਨ ਨਾਲ ਕੁਝ ਨਹੀਂ ਹੋਣ ਲੱਗਾ। ਭਗਤ ਕਬੀਰ ਜੀ ਨੇ ਕਿਹਾ ਹੈ, "ਭੂਖੇ ਭਗਤਿ ਨਾ ਕੀਜੈ॥ ਯਹ ਮਾਲਾ ਅਪਨੀ ਲੀਜੈ॥" ਭੁੱਖੇ ਢਿੱਡਾਂ ਨਾਲ ਯੋਗ ਨਹੀਂ ਕੀਤਾ ਜਾ ਸਕਦਾ। ਯੋਗ ਕਰਨਾ ਮਾੜਾ ਨਹੀਂ, ਪਰ ਲੋਕਾਂ ਦਾ ਢਿੱਡ ਭਰਨ ਦੇ ਉਪਰਾਲੇ ਕਰਨਾ ਇਸ ਕ੍ਰਿਆ ਤੋਂ ਵੱਧ ਜ਼ਰੂਰੀ ਹੋ ਸਕਦਾ ਹੈ।

# ਭਾਰਤੀ ਸਮਾਜ ਦਾ ਮੌਜੂਦਾ ਰਾਜਸੀ ਤੇ ਸਮਾਜੀ ਸੰਕਟ

*(ਪਿਛਲੇ ਸਫੇ ਦੀ ਬਾਕੀ)*

ਬਕਾਹਿ॥

ਹਕੁ ਸਚੁ ਖਾਲਕੁ ਖਲਕ ਮਿਆਨੇ ਸਿਆਮ ਮੂਰਤਿ ਨਾਹਿ॥ (ਪੰਨਾ 727)

ਭਾਵ ਵੇਦ ਕਤੇਬ ਆਦਿ ਵੱਖ ਵੱਖ ਗ੍ਰੰਥ ਪੜ੍ਹ ਕੇ ਬੰਦਾ ਐਵੇਂ ਖੁਸ਼ ਹੁੰਦਾ ਰਹਿੰਦਾ ਹੈ ਅਤੇ ਫਜ਼ੂਲ ਦੇ ਵਾਦ-ਵਿਵਾਦ ਵਿਚ ਉਲਝਿਆ ਰਹਿੰਦਾ ਹੈ, ਪਰ ਉਸ ਨੂੰ ਇਹ ਪਤਾ ਨਹੀਂ ਲਗਦਾ ਕਿ ਹੱਕ-ਸੱਚ ਦੀ ਪੈਰਵਾਈ ਕਰਨ ਵਾਲਾ ਸਭ ਦਾ ਮਾਲਕ ਖਲਕਤ ਵਿਚ ਹੀ ਵਸਦਾ ਹੈ ਅਤੇ ਉਸ ਦੀ ਹੋਂਦ ਸਿਆਮ ਰੰਗ ਦੀ ਮੂਰਤ ਭਾਵ ਕ੍ਰਿਸ਼ਨ ਵਿਚ ਨਹੀਂ:

ਲਖ ਚਉਰਾਸੀਹ ਜੀਅ ਜੋਨਿ ਮਹਿ ਭ੍ਰਮਤ ਨੰਦ ਬਹੁ ਥਾਕੋ ਰੇ॥

ਭਗਤਿ ਹੇਤਿ ਅਵਤਾਰੁ ਲੀਓ ਹੈ ਭਾਗੁ ਬਡੋ ਬਪੁਰਾ ਕੋ ਰੇ॥ ੧॥

ਤੁਮ੍ ਜੁ ਕਹਤ ਹਉ ਨੰਦ ਕੋ ਨੰਦਨੁ ਨੰਦ ਸੁ ਨੰਦਨੁ ਕਾ ਕੋ ਰੇ॥

ਧਰਨਿ ਅਕਾਸੁ ਦਸੋ ਦਿਸ ਨਾਹੀ ਤਬ ਇਹੁ ਨੰਦੁ ਕਹਾ ਥੋ ਰੇ॥ ੧॥ ਰਹਾਉ॥ (ਪੰਨਾ 338-39)

ਗੁਰਮਤਿ ਕ੍ਰਿਸ਼ਨ ਜੀ ਦੇ ਅਵਤਾਰੀ ਪੁਰਸ਼ ਹੋਣ 'ਤੇ ਸੁਆਲੀਆ ਚਿੰਨ੍ਹ ਲਾਉਂਦੀ ਹੋਈ, ਇਸ ਦੇ ਪੈਰੋਕਾਰਾਂ ਨੂੰ ਪੁਛਦੀ ਹੈ ਕਿ ਜੇ ਤੁਸੀਂ ਇਹ ਕਹਿੰਦੇ ਹੋ ਕਿ 84 ਲੱਖ ਜੂਨਾਂ ਵਿਚ ਭਟਕਣ ਤੋਂ ਬਾਅਦ ਜਦੋਂ ਨੰਦ ਥਕ ਗਿਆ ਤੇ ਉਸ ਦੀ ਭਗਤੀ ਤੋਂ ਖੁਸ਼ ਹੋ ਕੇ ਜਗਤ ਦੇ ਮਾਲਕ ਨੇ ਕ੍ਰਿਸ਼ਨ ਦੇ ਰੂਪ ਵਿਚ ਉਸ ਦੇ ਘਰ ਅਵਤਾਰ ਧਾਰਿਆ ਤਾਂ ਨੰਦ ਦੇ ਬੜੇ ਚੰਗੇ ਭਾਗ ਸਨ। ਪਰ ਤੁਸੀਂ ਜੋ ਕਹਿੰਦੇ ਹੋ ਕਿ ਜਗਤ ਦਾ ਮਾਲਕ ਨੰਦ ਦਾ ਪੁਤਰ ਸੀ ਤਾਂ ਫਿਰ ਨੰਦ ਕਿਸ ਦਾ ਪੁਤਰ ਸੀ? ਜਦੋਂ ਜਗਤ ਦੇ ਮਾਲਕ ਦੀ ਕੋਈ ਹੋਂਦ ਹੀ ਨਹੀਂ ਸੀ ਤਾਂ ਨੰਦ ਦੀ ਹੋਂਦ ਕਿਵੇਂ ਬਣੀ। ਫਿਰ ਜਦੋਂ ਦਸਾਂ ਦਿਸ਼ਾਵਾਂ ਵਿਚ ਧਰਤੀ ਤੇ ਆਕਾਸ਼ ਦੀ ਕੋਈ ਹੋਂਦ ਹੀ ਨਹੀਂ ਸੀ ਤਾਂ ਇਹ ਨੰਦ ਕਿਥੇ ਸੀ?

ਗੁਰਮਤਿ ਅਵਤਾਰਾਂ ਦੀ ਹੋਂਦ ਨੂੰ ਪੂਰਨ ਰੂਪ ਵਿਚ ਨਕਾਰਦੀ ਹੈ,

ਜੁਗਹ ਜੁਗਹ ਕੇ ਰਾਜੇ ਕੀਏ ਗਾਵਹਿ ਕਰਿ ਅਵਤਾਰੀ॥

ਤਿਨ ਭੀ ਅੰਤ ਨ ਪਾਇਆ ਤਾ ਕਾ ਕਿਆ ਕਰਿ ਆਖ ਵਿਚਾਰੀ॥ (ਪੰਨਾ 423)

ਭਾਵ ਹਰ ਯੁਗ ਦੇ ਰਾਜਿਆਂ ਨੂੰ ਅਵਤਾਰੀ ਪੁਰਖ ਜਾਣ ਕੇ ਉਨ੍ਹਾਂ ਦੇ ਗੁਣ ਗਾਏ ਜਾਂਦੇ ਹਨ ਪਰ ਤਾਂ ਵੀ ਉਸ ਸਿਰਜਣਹਾਰ ਦਾ ਅੰਤ ਨਹੀਂ ਪਾ ਸਕੇ। ਸਿਰਜਣਹਾਰ ਦੇ ਸਨਮੁਖ ਉਨ੍ਹਾਂ ਦੀ ਕੀ ਪਾਇਆਂ ਹੈ!

ਕੋਟਿ ਬਿਸਨ ਕੀਨੇ ਅਵਤਾਰ॥
ਕੋਟਿ ਬ੍ਰਹਿਮੰਡ ਜਾ ਕੇ ਧ੍ਰਮਸਾਲ॥
ਕੋਟਿ ਮਹੇਸ ਉਪਾਇ ਸਮਾਏ॥
ਕੋਟਿ ਬ੍ਰਹਮੇ ਜਗੁ ਸਾਜਣ ਲਾਏ॥
ਐਸੋ ਧਣੀ ਗੋਵਿੰਦ ਹਮਾਰਾ॥
ਬਰਨਿ ਨਾ ਸਾਕਉ ਗੁਣ ਬਿਸਥਾਰਾ॥ (ਪੰਨਾ 1156)

ਏਕੋ ਸਿਰਜਣਹਾਰ ਨੇ ਕਰੋੜਾਂ ਬਿਸਨ (ਵਿਸ਼ਨੂ) ਅਵਤਾਰ ਪੈਦਾ ਕੀਤੇ ਹਨ। ਇਸ ਬ੍ਰਹਿਮੰਡ ਵਿਚ, ਜਿਨ੍ਹਾਂ ਦੇ ਕਰੋੜਾਂ ਧਰਮਸਾਲ ਹਨ, ਕਰੋੜਾਂ ਮਹੇਸ (ਸ਼ਿਵ ਜੀ) ਪੈਦਾ ਕੀਤੇ ਹਨ। ਕਰੋੜਾਂ ਬ੍ਰਹਮੇ ਇਸ ਜਗਤ ਦੀ ਉਸਾਰੀ ਵਿਚ ਲਗੇ ਹੋਏ ਹਨ। ਸਾਡਾ ਸਿਰਜਣਹਾਰ ਗੋਬਿੰਦ ਐਸਾ ਧਨੀ ਹੈ ਕਿ ਉਸ ਦੇ ਸਾਰੇ ਗੁਣਾਂ ਦਾ ਕੋਈ ਵਰਣਨ ਨਹੀਂ ਕਰ ਸਕਦਾ।

ਮਹਿਮਾ ਨ ਜਾਨਹਿ ਬੇਦ॥
ਬ੍ਰਹਮੇ ਨਹਿ ਜਾਨਹਿ ਭੇਦ॥
ਅਵਤਾਰ ਨ ਜਾਨਹਿ ਅੰਤੁ॥
ਪਰਮੇਸਰ ਪਾਰਬ੍ਰਹਮ ਬੇਅੰਤੁ॥ (ਪੰਨਾ 894)

ਸਾਰੇ ਵੇਦ ਉਸ ਬ੍ਰਹਮ ਦੀ ਮਹਿਮਾ ਭਾਵ ਉਸ ਦੇ ਗੁਣਾਂ ਦੀ ਜਾਣਕਾਰੀ ਨਹੀਂ ਰਖਦੇ। ਸਾਰੇ ਬ੍ਰਹਮੇ ਵੀ ਉਸ ਦਾ ਭੇਦ ਨਹੀਂ ਜਾਣਦੇ। ਅਵਤਾਰ ਉਸ ਦਾ ਅੰਤ ਨਹੀਂ ਪਾ ਸਕਦੇ। ਸਭ ਦੀ ਸੰਭਾਲ ਕਰਨ ਵਾਲਾ ਉਹ ਪਰਮੇਸਰ (ਪਰਮ ਈਸ਼ਵਰ) ਬ੍ਰਹਮ ਤੋਂ ਵੀ ਪਾਰ ਭਾਵ ਬੇਅੰਤ ਹੈ। ਸਪਸ਼ਟ ਹੈ ਕਿ ਗੁਰਮਤਿ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਨੂੰ ਨਾ ਤਾਂ ਈਸ਼ਵਰ ਮੰਨਦੀ ਹੈ ਅਤੇ ਨਾ ਹੀ ਉਨ੍ਹਾਂ ਦੀ ਪੂਜਾ ਕਰਦੀ ਹੈ।

ਗੁਰਮਤਿ ਰਾਮ ਤੇ ਕ੍ਰਿਸ਼ਨ ਨੂੰ ਨਾ ਅਵਤਾਰ ਮੰਨਦੀ ਹੈ ਤੇ ਨਾ ਹੀ ਉਨ੍ਹਾਂ ਨੂੰ ਪੂਜਦੀ ਹੈ। ਗੁਰਮਤਿ ਸਾਰੇ ਹਿੰਦੂ ਦੇਵੀ ਦੇਵਤਿਆਂ ਦੇ ਨਾਂ ਲੈ ਕੇ ਉਨ੍ਹਾਂ ਦੀ ਦੈਵੀ ਹੋਂਦ ਤੋਂ ਇਨਕਾਰੀ ਹੈ। ਗੁਰਮਤਿ ਆਪਣੇ ਆਲੇ ਦੁਆਲੇ ਪਸਰੇ ਏਕੋ ਬ੍ਰਹਮ ਭਾਵ ਬ੍ਰਹਿਮੰਡੀ ਕੁਦਰਤ ਦੀ ਹੋਂਦ ਤੋਂ ਬਿਨਾ ਕਿਸੇ ਵੀ ਦੂਜੀ ਰੱਬੀ ਹੋਂਦ ਨੂੰ ਮੰਨਣ ਤੋਂ ਇਨਕਾਰੀ ਹੈ। ਜਦੋਂ ਗੁਰਮਤਿ ਵਿਸ਼ਨੂੰ ਦੇ ਅਵਤਾਰੀ ਰੂਪ ਤੋਂ ਹੀ ਇਨਕਾਰੀ ਹੈ ਤਾਂ ਭਗਵਾਨ ਬੁਧ ਨੂੰ ਵਿਸ਼ਨੂੰ ਦਾ ਅਵਤਾਰ ਮੰਨਣ ਦਾ ਤਾਂ ਸੁਆਲ ਹੀ ਪੈਦਾ ਨਹੀਂ ਹੁੰਦਾ। ਸਰਾਧ ਤੇ ਪਿੰਡ ਦਾਨ ਕਰਨ ਸਮੇਤ ਗੁਰਮਤਿ ਹਰ ਕਿਸਮ ਦੇ ਕਰਮ ਕਾਂਡ ਦੀ ਵਿਰੋਧੀ ਹੈ।

ਸਾਰਾ ਗੁਰੂ ਗ੍ਰੰਥ ਸਾਹਿਬ ਬ੍ਰਾਹਮਣਵਾਦ ਦਾ ਕੱਟੜ ਵਿਰੋਧੀ ਹੈ। 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਰਾਹੀਂ ਗੁਰਮਤਿ ਹਰ ਕਿਸਮ ਦੀ ਮਨੁਖੀ ਬਰਾਬਰੀ ਦਾ ਬੁਲੰਦ ਐਲਾਨ ਕਰਦੀ ਹੈ। ਫਿਰ ਡਾ. ਅੰਬੇਡਕਰ ਦੇ ਇਨ੍ਹਾਂ ਬੋਧੀ ਪ੍ਰਣਾਂ ਤੇ ਗੁਰਮਤਿ ਵਿਚ ਨਿਖੇੜਾ ਕਿਵੇਂ ਕੀਤਾ ਜਾ ਸਕਦਾ ਹੈ? ਬਲਕਿ ਗੁਰਮਤਿ ਸਮੁਚੀ ਮਨੁਖੀ ਜ਼ਿੰਦਗੀ ਨੂੰ ਇਸ ਤੋਂ ਵੀ ਕਿਤੇ ਅੱਗੇ ਜਾ ਕੇ ਅਗਵਾਈ ਦਿੰਦੀ ਹੈ। ਹੁਣ ਪਰਖਣ ਵਾਲਾ ਨੁਕਤਾ ਇਹ ਨਹੀਂ ਹੈ ਕਿ ਡਾ. ਅੰਬੇਡਕਰ ਸਿੱਖ ਕਿਉਂ ਨਹੀਂ ਬਣੇ, ਸਗੋਂ ਵੇਖਣ ਵਾਲਾ ਨੁਕਤਾ ਇਹ ਹੈ ਕਿ ਡਾ. ਅੰਬੇਡਕਰ ਦੀ ਬ੍ਰਾਹਮਣਵਾਦ ਵਿਰੋਧੀ ਸੋਚ ਗੁਰਮਤਿ ਦੇ ਕਿੰਨੀ ਨੇੜੇ ਹੈ।

ਡਾ. ਅੰਬੇਡਕਰ ਦਾ ਸੰਘਰਸ਼ ਇਕਲਾ ਬ੍ਰਾਹਮਣਵਾਦ ਤਕ ਸੀਮਤ ਨਹੀਂ ਸੀ। ਉਨ੍ਹਾਂ ਨੇ ਆਪਣੇ ਸੰਘਰਸ਼ ਨੂੰ ਪੂੰਜੀਵਾਦ ਦੇ ਖਾਤਮੇ ਤਕ ਚਲਦਾ ਰਖਣ ਲਈ ਕਿਹਾ ਹੈ। ਜ਼ਿੰਦਗੀ ਦੇ ਅਖੀਰੀ ਪੜਾਅ ਉਤੇ ਪ੍ਰਸਿਧ ਲੇਖਕ ਮੁਲਖ ਰਾਜ ਅਨੰਦ ਨੇ ਡਾ. ਅੰਬੇਡਕਰ ਨੂੰ ਪੁਛਿਆ ਸੀ, 'ਤੁਸੀਂ ਵਿਧਾਨ ਘੜਨੀ ਸਭਾ ਦੇ ਮੈਂਬਰ ਵਜੋਂ ਮਨੁਖ ਦੀ ਆਜ਼ਾਦੀ ਦੇ ਹੱਕ ਨੂੰ ਬੁਲੰਦ ਕੀਤਾ, ਪਰ ਇਸ ਦੇ ਨਾਲ ਹੀ ਤੁਸੀਂ ਨਿਜੀ ਜਾਇਦਾਦ ਦੇ ਹੱਕ ਨੂੰ ਵੀ ਮੌਲਿਕ ਹੱਕਾਂ ਵਿਚ ਸ਼ਾਮਿਲ ਕਰਨਾ ਪ੍ਰਵਾਨ ਕਰ ਲਿਆ...ਕੀ ਨਿਜੀ ਜਾਇਦਾਦ ਦਾ ਹੱਕ ਪੂੰਜੀਪਤੀਆਂ ਦੇ ਹਿਤ ਨਹੀਂ ਪੂਰਦਾ? ਕੀ ਗਰੀਬਾਂ ਅਤੇ ਅਗਾਂਹ ਗਰੀਬਾਂ ਤੋਂ ਵੀ ਗਰੀਬ, ਅਛੂਤ ਸਦਾ ਸਦਾ ਲਈ ਘਾਟੇ ਵਾਲੀ ਹਾਲਤ ਵਿਚ ਨਹੀਂ ਧੱਕ ਦਿਤੇ ਗਏ?'

ਅੱਗੋਂ ਬਾਬਾ ਸਾਹਿਬ ਦਾ ਜੁਆਬ ਸੀ, 'ਵਿਧਾਨ ਵਿਚ ਅਸੀਂ ਧਰਮ-ਨਿਰਪਖ ਸਮਾਜਵਾਦੀ ਜਮਹੂਰੀਅਤ ਦਾ ਆਦਰਸ਼ ਪੇਸ਼ ਕੀਤਾ ਹੈ। ਜੇ ਹਰ ਇਕ ਨੂੰ ਜ਼ਮੀਨ ਵਾਹੁਣ ਦਾ ਹੱਕ ਤੇ ਮੁਜਾਰਾ ਹੱਕ ਮਿਲ ਜਾਂਦਾ ਤਾਂ ਹੱਕਾਂ ਦੀ ਬਰਾਬਰੀ ਨੂੰ ਯਕੀਨੀ ਬਣਾਇਆ ਜਾ ਸਕਦਾ ਸੀ। ਹੁਣ ਤਕ ਅਛੂਤਾਂ ਤੇ ਇਥੋਂ ਤਕ ਕਿ ਕਈ ਉਚ ਜਾਤੀ ਹਿੰਦੂਆਂ ਤੇ ਮੁਸਲਮਾਨਾਂ ਨੂੰ ਵੀ ਮੁਜਾਰਾ ਹੱਕ ਹਾਸਲ ਨਹੀਂ ਹਨ। ਇਹ ਸਾਰੇ ਬੇਜ਼ਮੀਨੇ ਕਿਸਾਨ ਮਹਿਜ਼ ਮਿਹਨਤੀ ਹੱਥ ਹੀ ਹਨ।'

ਮੁਲਖ ਰਾਜ ਅਨੰਦ ਦੇ ਸੁਆਲ ਕਿ 'ਫਿਰ ਤਾਂ ਕੰਮ ਕਰਨ ਦੇ ਹੱਕ ਨੂੰ ਵੀ ਮੌਲਿਕ ਹੱਕਾਂ ਵਿਚ ਸ਼ਾਮਿਲ ਕੀਤਾ ਜਾਣਾ ਚਾਹੀਦਾ ਸੀ?' ਤਾਂ ਡਾ. ਅੰਬੇਡਕਰ ਦਾ ਜੁਆਬ ਸੀ, 'ਮੈਂ ਤਾਂ ਸੰਵਿਧਾਨ ਦਾ ਖਰੜਾ ਤਿਆਰ ਕਰਨ ਵਾਲੀ ਕਮੇਟੀ ਦਾ ਮਹਿਜ਼ ਇਕ ਮੈਂਬਰ ਹੀ ਸਾਂ।' ਮੁਲਖ ਰਾਜ ਅਨੰਦ ਦੇ ਇਸ ਸੁਆਲ ਕਿ 'ਇਕ ਵਕੀਲ ਹੋਣ ਦੇ ਨਾਤੇ ਤੁਸੀਂ ਜਾਣਦੇ ਹੀ ਹੋ ਕਿ ਜੱਜ ਸਦਾ ਹੀ ਪੂੰਜੀਪਤੀਆਂ ਤੇ ਉਚ ਜਾਤੀ ਹਿੰਦੂਆਂ ਦੇ ਹੱਕ ਵਿਚ ਫੈਸਲੇ ਦਿਆ ਕਰਨਗੇ?' ਦੇ ਜੁਆਬ ਵਿਚ ਡਾ. ਅੰਬੇਡਕਰ ਦਾ ਕਥਨ ਸੀ, 'ਠੀਕ ਹੈ, ਪਰ ਬ੍ਰਾਹਮਣਾਂ ਦੀ ਸਰਕਾਰ ਵਿਚ ਇਕੱਲਾ ਨਹਿਰੂ ਹੀ ਸੀ, ਜੋ ਜਾਇਦਾਦ ਦੇ ਮੌਲਿਕ ਹੱਕ ਨੂੰ ਮਾਨਤਾ ਦੇਣ ਦੇ ਖਿਲਾਫ ਜ਼ੋਰ ਨਾਲ ਲੜਿਆ। ਬਾਬੂ ਰਜਿੰਦਰ ਪ੍ਰਸਾਦ ਕਹਿੰਦਾ ਸੀ ਕਿ ਨਹਿਰੂ ਭਾਰਤ ਨੂੰ ਰੂਸ ਬਣਾਉਣਾ ਚਾਹੁੰਦਾ ਹੈ। ਸੋ ਉਚ ਜਾਤੀ ਹਿੰਦੂਆਂ ਨੇ ਮਨੁਖ ਦੇ ਦੂਜੇ ਹੱਕਾਂ ਨੂੰ ਸਿਰਫ ਕਾਗਜ਼ੀ ਸਿਧਾਂਤ ਵਜੋਂ ਹੀ ਪ੍ਰਵਾਨ ਕੀਤਾ ਹੈ। ਇਸ ਮਸਲੇ ਬਾਰੇ ਪਾਰਲੀਮੈਂਟ ਵਿਚ ਸੰਘਰਸ਼ ਕੀਤਾ ਜਾਣਾ ਚਾਹੀਦਾ ਹੈ।'

...'ਸਮਾਜਵਾਦੀ ਵਿਚਾਰਾਂ ਵਾਲੇ ਲੋਕ ਇਕ ਨਾ ਇਕ ਦਿਨ ਬਹੁਸੰਮਤੀ ਲਿਜਾ ਸਕਦੇ ਹਨ ਅਤੇ ਵਿਧਾਨ ਵਿਚ ਲੋੜੀਂਦੀਆਂ ਸੋਧਾਂ ਕਰਨ ਦੀ ਮੰਗ ਕਰ ਸਕਦੇ ਹਨ। ਫਿਰ ਵੀ ਆਦਿਵਾਸੀਆਂ ਅਤੇ ਹੇਠਲੀਆਂ ਜਾਤਾਂ ਨੂੰ ਪਟੀਦਰਜ ਜਾਤਾਂ ਕਰਾਰ ਦਿਵਾ ਲਿਆ ਗਿਆ ਹੈ। ਉਨ੍ਹਾਂ ਨੂੰ ਸਕੂਲਾਂ ਅਤੇ ਕਾਲਜਾਂ ਵਿਚ ਦਾਖਲੇ ਲਈ ਰਿਜ਼ਰਵੇਸ਼ਨ ਤੇ ਵਜ਼ੀਫਿਆਂ ਵਰਗੀਆਂ ਕੁਝ ਸਹੂਲਤਾਂ ਮਿਲਿਆ ਕਰਨਗੀਆਂ, ਜਿਨ੍ਹਾਂ ਨੂੰ ਉਹ ਆਪਣੇ-ਆਪ ਨੂੰ ਉਚਾ ਚੁਕਣ ਲਈ ਵਰਤ ਸਕਣਗੇ। ਜਾਇਦਾਦਹੀਣ ਲੋਕਾਂ ਨੂੰ ਜੰਗ ਲਈ ਤਿਆਰ ਕਰਨਾ ਚਾਹੀਦਾ ਹੈ। ਜੇ ਅਸੀਂ ਮੁਸਲਮਾਨਾਂ ਨੂੰ ਵੀ ਸ਼ਾਮਿਲ ਕਰ ਲਈਏ, ਜਿਨ੍ਹਾਂ ਨੂੰ ਜਾਤਪ੍ਰਸਤ ਹਿੰਦੂ ਅਛੂਤ ਸਮਝਦੇ ਹਨ ਤਾਂ ਅਛੂਤਾਂ ਦੀ ਗਿਣਤੀ ਜਾਤੀਵਾਦੀ ਹਿੰਦੂਆਂ ਤੋਂ ਵਧ ਜਾਂਦੀ ਹੈ। ਫਿਰ ਆਦਿਵਾਸੀ ਵੀ ਹਨ। ਇਹ ਸਾਰੇ ਅਤੇ ਸਮਾਜਵਾਦੀ ਮਿਲ ਕੇ ਨਿਜੀ ਜਾਇਦਾਦ ਦੇ ਹੱਕ ਨੂੰ ਖਤਮ ਕਰ ਸਕਦੇ ਹਨ।'

ਡਾ. ਅੰਬੇਡਕਰ ਦੇ ਕਥਨ ਅਨੁਸਾਰ ਭਾਰਤੀ ਲੋਕਾਂ ਦੇ ਦੋ ਦੁਸ਼ਮਣ ਹਨ-ਬ੍ਰਾਹਮਣਵਾਦ ਅਤੇ ਪੂੰਜੀਵਾਦ। ਪੂੰਜੀਵਾਦ ਦਾ ਅਜੋਕਾ ਰੂਪ ਸਾਮਰਾਜੀ ਪੂੰਜੀਵਾਦ ਹੈ, ਜਿਸ ਨੇ ਆਪਣੇ ਮੁਨਾਫੇ ਵਧਾਉਣ ਦੀ ਹੋੜ ਵਿਚ ਕੁਦਰਤੀ ਚੌਗਿਰਦੇ ਦੀ ਐਸੀ ਬਰਬਾਦੀ ਕੀਤੀ ਹੈ ਕਿ ਅੱਜ ਸਮੁਚੀ ਮਨੁਖ ਜਾਤੀ ਤਬਾਹੀ ਦੇ ਕੰਢੇ 'ਤੇ ਆਣ ਖੜ੍ਹੀ ਹੋਈ ਹੈ। ਇਸ ਨੇ ਪੂੰਜੀ ਤੇ ਖਤਰਨਾਕ ਹਥਿਆਰ ਇਕਠੇ ਕਰਨ ਦੀ ਹੋੜ ਵਿਚ ਦੁਨੀਆਂ ਭਰ ਵਿਚ ਐਸੀ ਉਥਲ-ਪੁਥਲ ਮਚਾਈ ਹੈ ਕਿ ਬਹੁਗਿਣਤੀ ਲੋਕਾਂ ਨੂੰ ਇਧਰ-ਉਧਰ ਪਰਵਾਸ ਕਰਨ ਲਈ ਮਜਬੂਰ ਕਰਕੇ ਉਨ੍ਹਾਂ ਨੂੰ ਆਪਣੇ ਸੁਰੱਖਿਅਤ ਵਸੇਬਿਆਂ ਤੇ ਸਭਿਆਚਾਰਾਂ ਤੋਂ ਉਖੇੜ ਦਿਤਾ ਹੈ। ਇਸ ਲਈ ਡਾ. ਅੰਬੇਡਕਰ ਦੇ ਪੈਰੋਕਾਰਾਂ ਨੂੰ ਸਮਾਜਵਾਦੀਆਂ ਨਾਲ ਰਲ ਕੇ ਹਰੇਕ ਕਿਸਮ ਦੇ ਗਰੀਬ-ਗੁਰਬਿਆਂ ਤੇ ਪਛੜੇ ਦਲਿਤ ਵਰਗਾਂ ਨੂੰ ਇਕਠਾ ਕਰਕੇ ਮੋਦੀ ਸਰਕਾਰ ਵਿਰੁਧ ਸੰਘਰਸ਼ ਕਰਨਾ ਚਾਹੀਦਾ ਹੈ। ਇਹ ਸੰਘਰਸ਼ ਲੋਕਾਂ ਦੀਆਂ ਆਰਥਕ ਤੇ ਰਾਜਸੀ ਮੰਗਾਂ ਉਤੇ ਕੇਂਦ੍ਰਿਤ ਕਰਨ ਦੇ ਨਾਲ-ਨਾਲ ਮੋਦੀ ਦੇ ਬ੍ਰਾਹਮਣੀ-ਸਾਮਰਾਜੀ ਨੈਰੇਟਿਵ ਦੀਆਂ ਖਾਮੀਆਂ ਨੂੰ ਸਪਸ਼ਟ ਕਰਨ ਉਤੇ ਵੀ ਕੇਂਦ੍ਰਿਤ ਕਰਨਾ ਚਾਹੀਦਾ ਹੈ।

###

ਪੰਜਾਬ ਟਾਈਮਜ਼

ਸਨਿਚਰਵਾਰ, 29 ਜੂਨ 2019

# ਪੰਜਾਬ ਦਾ ਰਾਜ ਪ੍ਰਬੰਧ

ਨਾਭਾ ਜੇਲ੍ਹ ਵਿਚ ਬੰਦ ਮਹਿੰਦਰਪਾਲ ਬਿੱਟੂ ਦੇ ਕਤਲ ਨੇ ਕਈ ਤਰ੍ਹਾਂ ਦੇ ਸਵਾਲ ਸਾਹਮਣੇ ਲਿਆ ਸੁੱਟੇ ਹਨ। ਉਹ ਪੰਜਾਬ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਸਬੰਧਤ ਕੇਸ ਵਿਚ ਮੁੱਖ ਮੁਲਜ਼ਮ ਸੀ ਅਤੇ ਡੇਰਾ ਸਿਰਸਾ ਦਾ ਸਰਕਰਦਾ ਮੈਂਬਰ ਸੀ। ਇਸ ਕਤਲ ਦੀ ਜ਼ਿੰਮੇਵਾਰੀ ਭਾਵੇਂ ਗੈਂਗਸਟਰਾਂ ਦੇ ਇਕ ਗਰੁੱਪ ਨੇ ਵੀ ਲੈ ਲਈ ਹੈ ਪਰ ਰਿਪੋਰਟਾਂ ਦੱਸ ਰਹੀਆਂ ਹਨ ਕਿ ਇਹ ਕਤਲ ਆਪ-ਮੁਹਾਰੇ ਕਾਰਵਾਈ ਦਾ ਹਿੱਸਾ ਸੀ, ਕਿਉਂਕਿ ਨੌਜਵਾਨਾਂ ਦੇ ਮਨਾਂ ਅੰਦਰ ਬੇਅਦਬੀ ਖਿਲਾਫ ਰੋਹ ਅਤੇ ਰੋਸ ਸੀ। ਚੇਤੇ ਰਹੇ, ਬੇਅਦਬੀ ਦੇ ਕੇਸ 2015 ਵਿਚ ਉਸ ਵਕਤ ਸਾਹਮਣੇ ਆਏ ਸਨ, ਜਦੋਂ ਸੂਬੇ ਵਿਚ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਗਠਜੋੜ ਸਰਕਾਰ ਸੀ। ਉਸ ਵੇਲੇ ਦੇ ਹਾਲਾਤ ਕੁਝ ਅਜਿਹੇ ਸਨ ਕਿ ਕਿਸਾਨ ਅੰਦੋਲਨ ਸਿਖਰ ਵਲ ਵਧ ਰਿਹਾ ਸੀ ਅਤੇ ਸੂਬਾ ਸਰਕਾਰ ਦੀ ਕੋਈ ਪੇਸ਼ ਨਹੀਂ ਸੀ ਜਾ ਰਹੀ। ਬੇਅਦਬੀ ਵਾਲੀਆਂ ਘਟਨਾਵਾਂ ਤੋਂ ਬਾਅਦ ਇਕਦਮ ਸੂਬੇ ਦਾ ਮਾਹੌਲ ਬਦਲਿਆ ਅਤੇ ਕਿਸਾਨ ਜਥੇਬੰਦੀਆਂ ਦਾ ਅੰਦੋਲਨ ਰੁਲ ਗਿਆ। ਤੱਥ ਦੱਸਦੇ ਹਨ ਕਿ ਬੇਅਦਬੀ ਦੇ ਇਸ ਬੇਹੱਦ ਸੰਵੇਦਨਸ਼ੀਲ ਮਾਮਲੇ ਦੇ ਬਾਵਜੂਦ ਸਰਕਾਰ ਨੇ ਸ਼ਰੇਆਮ ਢਿੱਲ੍ਹ ਵਰਤੀ। ਮਗਰੋਂ ਇਨ੍ਹਾਂ ਘਟਨਾਵਾਂ ਦੀ ਜਾਂਚ ਲਈ ਕਮਿਸ਼ਨ ਵੀ ਬਣਾਇਆ, ਪਰ ਉਸ ਦੀ ਰਿਪੋਰਟ ਇਕ ਤਰ੍ਹਾਂ ਨਾਲ ਦੱਬ ਹੀ ਲਈ। 2017 ਵਿਚ ਵਿਧਾਨ ਸਭਾ ਚੋਣਾਂ ਤੋਂ ਬਾਦਲ ਸਰਕਾਰ ਵੀ ਬਦਲ ਗਈ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦੋਸ਼ੀਆਂ ਨੂੰ ਸੀਖਾਂ ਪਿੱਛੇ ਡੱਕਣ ਦਾ ਵਾਅਦਾ ਵੀ ਕੀਤਾ, ਇਸ ਮਸਲੇ ਦੀ ਜਾਂਚ ਲਈ ਕਮਿਸ਼ਨ ਵੀ ਬਿਠਾਇਆ, ਪਰ ਕਮਿਸ਼ਨ ਦੀ ਰਿਪੋਰਟ ਆਉਣ ਦੇ ਬਾਵਜੂਦ ਕੁੱਲ ਮਿਲਾ ਕੇ ਪਰਨਾਲਾ ਉਥੇ ਦਾ ਉਥੇ ਹੀ ਰਿਹਾ। ਸਿੱਖ ਮਨਾਂ ਅੰਦਰ ਇਹ ਗੱਲ ਧੁਰ ਅੰਦਰ ਤੱਕ ਬੈਠ ਗਈ ਹੋਈ ਹੈ ਕਿ ਇਸ ਮਾਮਲੇ 'ਤੇ ਸਰਕਾਰ ਕੁਝ ਵੀ ਕਰਨਾ ਨਹੀਂ ਚਾਹੁੰਦੀ। ਇਸ ਦੌਰਾਨ ਬੇਅਦਬੀ ਨਾਲ ਸਬੰਧਤ ਇਕ ਮਾਮਲੇ ਨਾਲ ਜੁੜੀ ਇਕ ਔਰਤ ਦਾ ਕਤਲ ਵੀ ਹੋ ਗਿਆ।

ਅਸਲ ਵਿਚ ਮਸਲਾ ਵੋਟਾਂ ਦਾ ਵੀ ਸੀ ਅਤੇ ਲੋਕ ਸਭਾ ਚੋਣਾਂ ਦੌਰਾਨ ਕੋਈ ਵੀ ਧਿਰ ਵੋਟਾਂ ਦਾ ਹਰਜਾ ਨਹੀਂ ਸੀ ਚਾਹੁੰਦੀ। ਮਾਲਵਾ ਖਿੱਤੇ ਦੇ ਖਾਸੇ ਇਲਾਕਿਆਂ ਵਿਚ ਡੇਰਾ ਸਿਰਸਾ ਦਾ ਚੋਖਾ ਪ੍ਰਭਾਵ ਵੀ ਕਿਸੇ ਤੋਂ ਲੁਕਿਆ ਹੋਇਆ ਨਹੀਂ। ਇਹ ਡੇਰੇ ਦੇ ਪ੍ਰਭਾਵ ਦਾ ਹੀ ਅਸਰ ਸੀ ਕਿ ਇਸ ਮਾਮਲੇ ਬਾਰੇ ਦੋ-ਦੋ ਜਾਂਚ ਕਮਿਸ਼ਨਾਂ ਦੀਆਂ ਰਿਪੋਰਟਾਂ ਦੇ ਬਾਵਜੂਦ ਅਜੇ ਤੱਕ ਕੋਈ ਕਾਰਵਾਈ ਨਹੀਂ ਹੋਈ। ਬੇਅਦਬੀ ਦੇ ਇਨ੍ਹਾਂ ਮਾਮਲਿਆਂ ਵਿਚ ਜਾਂਚ ਕਮਿਸ਼ਨਾਂ ਦੀਆਂ ਰਿਪੋਰਟਾਂ ਦੇ ਆਧਾਰ ਉਤੇ ਕਈ ਉਚ ਪੁਲਿਸ ਅਫਸਰ ਜੇਲ੍ਹਾਂ ਅੰਦਰ ਬੰਦ ਹਨ। ਤੱਥ ਇਹ ਵੀ ਹਨ ਕਿ ਦੋਹਾਂ ਕਮਿਸ਼ਨਾਂ ਦੀ ਜਾਂਚ ਦੀ ਉਂਗਲ ਬਾਦਲ ਪਰਿਵਾਰ ਵਲ ਉਠ ਰਹੀ ਹੈ। ਬੇਅਦਬੀ ਦੀਆਂ ਘਟਨਾਵਾਂ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸੂਬੇ ਦੇ ਗ੍ਰਹਿ ਮੰਤਰੀ ਸਨ ਅਤੇ ਪੁਲਿਸ ਮਹਿਕਮਾ ਗ੍ਰਹਿ ਮੰਤਰੀ ਦੇ ਅਧੀਨ ਹੀ ਹੁੰਦਾ ਹੈ। ਇਸ ਮਾਮਲੇ 'ਤੇ ਅਕਾਲੀ ਦਲ ਦੀ ਨਾ-ਅਹਿਲੀਅਤ ਕਾਰਨ ਇਸ ਪਾਰਟੀ ਨੂੰ ਬਹੁਤ ਵੱਡਾ ਸਿਆਸੀ ਖਾਮਿਆਜ਼ਾ ਭੁਗਤਣਾ ਪਿਆ ਹੈ। ਵਿਧਾਨ ਸਭਾ ਚੋਣਾਂ ਵਿਚ ਇਸ ਦੀ ਲੱਕ ਤੋੜਵੀਂ ਹਾਰ ਹੋਈ ਅਤੇ ਇਸ ਕੋਲੋਂ ਵਿਰੋਧੀ ਧਿਰ ਦੀ ਅਗਵਾਈ ਵਾਲਾ ਅਹੁਦਾ ਵੀ ਨਾ ਰਿਹਾ। ਇਸ ਪਾਰਟੀ ਦਾ ਆਧਾਰ ਹੁਣ ਤਕ ਪਿੰਡਾਂ ਵਿਚ ਰਿਹਾ ਹੈ ਪਰ ਹੁਣ ਨੌਬਤ ਇਹ ਆ ਗਈ ਕਿ ਪਾਰਟੀ ਦੇ ਆਗੂਆਂ ਦਾ ਪਿੰਡਾਂ ਵਿਚ ਵੜਨਾ ਮੁਹਾਲ ਹੋ ਗਿਆ। ਬਾਅਦ ਵਿਚ ਲੋਕ ਸਭਾ ਚੋਣਾਂ ਵਿਚ ਪਾਰਟੀ ਦੀ ਇਕ ਵਾਰ ਫਿਰ ਡਾਢੀ ਹਾਰ ਹੋਈ; ਹਾਲਾਂਕਿ ਬਠਿੰਡਾ ਤੋਂ ਹਰਸਿਮਰਤ ਕੌਰ ਬਾਦਲ ਅਤੇ ਫਿਰੋਜ਼ਪੁਰ ਤੋਂ ਸੁਖਬੀਰ ਸਿੰਘ ਬਾਦਲ ਦੀ ਜਿੱਤ ਨੂੰ ਬਹੁਤ ਵੱਡੇ ਪੱਧਰ ਉਤੇ ਪ੍ਰਚਾਰਨ ਦਾ ਯਤਨ ਕੀਤਾ ਗਿਆ ਜਦਕਿ ਸੱਚ ਇਹੀ ਹੈ ਕਿ ਪੰਜਾਬ ਦੇ ਲੋਕਾਂ ਨੇ ਅੱਜ ਤਕ ਇਸ ਪਾਰਟੀ ਨੂੰ ਮੂੰਹ ਨਹੀਂ ਲਾਇਆ ਹੈ। ਸਿਆਸੀ ਵਿਸ਼ਲੇਸ਼ਕਾਂ ਨੇ ਵੀ ਇਹੀ ਸਿੱਟਾ ਕੱਢਿਆ ਹੈ ਕਿ ਇਹ ਅਕਾਲੀ ਦਲ ਦੀ ਜਿੱਤ ਨਹੀਂ ਸਗੋਂ ਸੁਖਬੀਰ ਅਤੇ ਹਰਸਿਮਰਤ ਦੀ ਵਿਅਕਤੀਗਤ ਜਿੱਤ ਸੀ।

ਬੇਅਦਬੀ ਵਾਲੇ ਮਾਮਲਿਆਂ ਬਾਰੇ ਇਹ ਚੁੰਝ ਚਰਚਾ ਲਗਾਤਾਰ ਚਲਦੀ ਰਹੀ ਹੈ ਕਿ ਸੂਬੇ ਅੰਦਰ ਸਰਕਾਰ ਬਦਲਣ ਤੋਂ ਬਾਅਦ ਨਵੀਂ ਕੈਪਟਨ ਸਰਕਾਰ ਦਾ ਬਾਦਲਾਂ ਪ੍ਰਤੀ ਰਵੱਈਆ ਬਚਾਅ ਕਰਨ ਵਾਲਾ ਰਿਹਾ ਹੈ। ਇਸੇ ਕਰਕੇ ਅਜੇ ਤਕ ਇਹ ਕੇਸ ਕਿਸੇ ਤਣ-ਪੱਤਣ ਨਹੀਂ ਲੱਗੇ। ਇਸੇ ਕਰਕੇ ਹੁਣ ਕੁਝ ਲੋਕਾਂ ਨੇ ਮਹਿੰਦਰਪਾਲ ਬਿੱਟੂ ਦੇ ਕਤਲ ਨੂੰ ਵਡਿਆਉਂਦਿਆਂ ਆਖਿਆ ਹੈ ਕਿ ਇਹ ਅਸਲ ਵਿਚ ਸਿੱਖ ਮਨਾਂ ਅੰਦਰ ਸਿੱਖਾਂ ਨਾਲ ਲਗਾਤਾਰ ਹੋ ਰਹੀਆਂ ਵਧੀਕੀਆਂ ਦਾ ਨਤੀਜਾ ਹੈ, ਪਰ ਵੱਡਾ ਸਵਾਲ ਇਹ ਹੈ ਕਿ ਅਜਿਹੀਆਂ ਇੱਕਾ-ਦੁੱਕਾ ਘਟਨਾਵਾਂ ਨਾਲ ਨਿਆਂ ਦੇ ਕਿਵਾੜ ਖੱਲ੍ਹ ਜਾਂਦੇ ਹਨ ਜਾਂ ਖੁੱਲ੍ਹ ਸਕਦੇ ਹਨ? ਬੇਅਦਬੀ ਦੇ ਕਸੂਰਵਾਰਾਂ ਨੂੰ ਸਜ਼ਾ ਦਿਵਾਉਣ ਲਈ ਲੱਗਿਆ ਬਰਗਾੜੀ ਮੋਰਚਾ ਜੇ ਮੰਗਾਂ ਦੀ ਪੂਰਤੀ ਤੋਂ ਬਿਨਾ ਹੀ ਉਠ ਜਾਂਦਾ ਹੈ ਅਤੇ ਇਸ ਮੁੱਦੇ ਉਤੇ ਲੋਕਾਂ ਦਾ ਹੜ੍ਹ ਮੁੜ ਘਰਾਂ ਅੰਦਰ ਜਾਣ ਲਈ ਮਜਬੂਰ ਹੋ ਜਾਂਦਾ ਹੈ ਤਾਂ ਇਸ ਦਾ ਸਿੱਧਾ ਅਤੇ ਸਪਸ਼ਟ ਸੁਨੇਹਾ ਇਹੀ ਹੈ ਕਿ ਇਸ ਮਸਲੇ ਦੀਆਂ ਉਲਝੀਆਂ ਜਾਂ ਜਾਣਬੁਝ ਕੇ ਉਲਝਾ ਦਿਤੀਆਂ ਤੰਦਾਂ ਅਤੇ ਇਨ੍ਹਾਂ ਨੂੰ ਸੁਲਝਾਉਣ ਦੀ ਕੁੰਜੀ ਕਿਤੇ ਹੋਰ ਪਈ ਹੈ। ਦਰਅਸਲ, ਸਿਆਸੀ ਗਿਣਤੀਆਂ-ਮਿਣਤੀਆਂ ਇੰਨੀਆਂ ਵੱਧ ਹਨ ਅਤੇ ਸਾਡੀ ਸਿਆਸਤ ਦੀ ਡੋਰ ਏਨੀ ਬੁਰੀ ਤਰ੍ਹਾਂ ਚੋਣ ਸਿਆਸਤ ਨਾਲ ਬੰਨ੍ਹੀ ਗਈ ਹੈ ਕਿ ਤੰਦਾਂ ਦੀ ਉਲਝੀ ਤਾਣੀ ਸੁਲਝਣੀ ਤਾਂ ਕੀ, ਇਸ ਪਾਸੇ ਇਕ ਕਦਮ ਵੀ ਪੁੱਟਿਆ ਨਹੀਂ ਜਾ ਰਿਹਾ ਅਤੇ ਅਸੀਂ ਅਜਿਹੇ ਕਤਲਾਂ ਉਤੇ ਚਾਰ ਦਿਨ ਬਾਘੀਆਂ ਪਾ ਕੇ ਸ਼ਾਂਤ ਹੋ ਜਾਂਦੇ ਹਨ। ਸਰਕਾਰਾਂ ਵੀ ਤਾਂ ਇਹੀ ਚਾਹੁੰਦੀਆਂ ਹਨ, ਨਹੀਂ ਤਾਂ ਕੋਈ ਕਾਰਨ ਨਹੀਂ ਸੀ ਕਿ ਸਭ ਤੋਂ ਵੱਧ ਸੁਰੱਖਿਆ ਵਾਲੀ ਜੇਲ੍ਹ ਵਿਚ ਅਜਿਹਾ ਕਾਂਡ ਵਾਪਰ ਜਾਂਦਾ। ਇਸ ਲਈ ਸਾਨੂੰ ਅਜਿਹੀਆਂ ਘਟਨਾਵਾਂ ਤੋਂ ਪਾਰ ਜਾ ਕੇ, ਹਕੀਕਤ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ, ਸਮੁੱਚੇ ਪ੍ਰਬੰਧ ਦੀਆਂ ਕਾਣਾਂ ਵੱਲ ਦੇਖਣ ਦਾ ਯਤਨ ਕਰਨਾ ਚਾਹੀਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਸਿਆਸੀ ਸ਼ਰਾਰਤਾਂ ਦੇ ਸਿੱਟੇ!

ਗਧੀ ਗੇੜ ਵਿਚ ਪਏ ਅਦਾਲਤਾਂ ਦੇ, ਬੰਦੇ ਬਿਰਖ ਹੋ ਜਾਣ ਉਡੀਕਦੇ ਜੀ।
ਖਾਣ-ਪੀਣ ਤੇ ਪਹਿਨਣਾ ਵਿਸਰ ਜਾਵੇ, ਚੇਤੇ ਭੁੱਲਦੇ ਨਹੀਂਓਂ 'ਤਰੀਕ' ਦੇ ਜੀ।
ਅਕਸਰ ਬਰੀ ਹੋ ਜਾਣ ਜੋ ਗਲਤ ਹੁੰਦੇ, ਫਾਹੇ ਪੈਂਦੇ ਨੇ ਗਲਾਂ ਵਿਚ ਠੀਕ ਦੇ ਜੀ।
ਦਿੱਤਾ ਤੋੜ ਵਿਸ਼ਵਾਸ ਸਿਆਸਤਦਾਨਾਂ ਨੇ, ਸਾਰੇ ਯੱਭ ਇਹ ਵੋਟਾਂ ਦੀ ਨੀਤ ਦੇ ਜੀ।
ਵੇਲਾ ਰਹਿੰਦਿਆਂ 'ਨਾਗਾਂ' ਨੂੰ ਨੱਪਦੇ ਨਾ, ਡੰਡੇ ਪੈਣ ਫਿਰ ਸੱਪ ਦੀ ਲੀਕ ਦੇ ਜੀ।
ਅੱਕੇ ਲੋਕ ਜਦ ਹੱਥ ਕਾਨੂੰਨ ਲੈਂਦੇ, ਹਾਕਮ ਕੁਰਸੀ 'ਤੇ ਬੈਠਿਆਂ ਚੀਕਦੇ ਜੀ!

# ਭਾਸ਼ਾ ਦੀ ਸਿਆਸਤ ਦੇ ਰੰਗ

***ਭਾਰਤ ਅੰਦਰ ਜਦੋਂ ਵੀ ਕਦੇ ਕੇਂਦਰੀ ਸੱਤਾ ਨੇ ਖੇਤਰੀ ਭਾਸ਼ਾਵਾਂ ਨੂੰ ਦਰੜ ਕੇ ਹਿੰਦੀ ਜਾਂ ਅੰਗਰੇਜ਼ੀ ਨੂੰ ਜਬਰੀ ਠੋਸਣ ਦਾ ਸੁਪਨਾ ਲਿਆ ਹੈ ਤਾਂ ਉਦੋਂ ਅਜਿਹੀ ਕੋਸ਼ਿਸ਼ ਨਾਕਾਮ ਰਹੀ ਹੈ; ਖਾਸ ਕਰ ਕੇ ਤਾਮਿਲ, ਤੈਲਗੂ, ਕੰਨੜ, ਮਲਿਆਲਮ ਅਤੇ ਪੰਜਾਬੀ ਵਰਗੀਆਂ ਸ਼ਕਤੀਸ਼ਾਲੀ ਪਿਛੋਕੜ ਵਾਲੀਆਂ ਭਾਸ਼ਾਵਾਂ ਦੇ ਵਾਰਸਾਂ ਦੀ ਚੌਕਸੀ ਹਿੰਦੀ ਲਈ ਤਾਂ ਘਾਤਕ ਵੀ ਸਿੱਧ ਹੋਈ ਹੈ। ਕੇਂਦਰੀ ਸੱਤਾ ਦੀ ਭਾਸ਼ਾ ਦੀ ਅਜਿਹੀ ਸਿਆਸਤ ਸਦਕਾ ਮੁਲਕ ਦੀ ਜਮਹੂਰੀਅਤ ਨੂੰ ਵੀ ਵੱਡਾ ਨੁਕਸਾਨ ਹੋਇਆ ਹੈ। ਭਾਰਤ ਦੇ ਭਾਸ਼ਾਈ ਘੱਟਗਿਣਤੀ ਸਮਾਜ 'ਚ ਅੱਜ ਬੇਯਕੀਨੀ ਦਾ ਆਲਮ ਹੈ।***

ਭਾਸ਼ਾ ਦਾ ਅਹਿਮ ਅਤੇ ਵੱਡਾ ਮੰਤਵ ਮਨੁੱਖ ਦੇ ਸਭ ਤੋਂ ਵੱਡੇ ਸਰਾਪ, ਭਾਵ ਉਸ ਦੀ ਇਕੱਲ ਨੂੰ ਤੋੜ ਕੇ ਉਸ ਨੂੰ ਹੋਰ ਮਨੁੱਖਾਂ ਨਾਲ ਨਾਲ ਜੋੜਨਾ ਹੈ ਪਰ ਸਿਆਸਤ ਨੇ ਭਾਸ਼ਾ ਨੂੰ ਜਾਤ ਅਤੇ ਧਰਮ ਨਾਲ ਜੋੜ ਕੇ ਇਸ ਤੋਂ ਮਨੁੱਖਾਂ ਨੂੰ ਮਨੁੱਖਾਂ ਨਾਲੋਂ ਤੋੜਨ ਦਾ ਜ਼ਰੀਆ ਮਾਤਰ ਬਣਾ ਲਿਆ ਹੈ। ਪਿਛਲੇ ਸਮਿਆਂ ਦੌਰਾਨ ਸੰਸਾਰ ਦੇ ਵਖ-ਵਖ ਮੁਲਕਾਂ ਵਿਚ ਹੋਏ ਭਾਸ਼ਾ ਵਿਵਾਦ ਇਸ ਗੱਲ ਦੇ ਸੂਚਕ ਹਨ ਕਿ ਭਾਸ਼ਾ ਨੂੰ ਸਿਆਸੀ ਉਭਾਰ ਲਈ ਸ਼ਕਤੀਸ਼ਾਲੀ ਹਥਿਆਰ ਵਜੋਂ ਵਰਤਿਆ ਗਿਆ ਹੈ। ਮੁਲਕ ਦੀ ਵੰਡ ਤੋਂ ਪਿੱਛੋਂ ਭਾਰਤ ਵਿਚ ਹੋਏ ਭਾਸ਼ਾ



ਬੂਟਾ ਸਿੰਘ ਬਰਾੜ
ਫੋਨ: +91-82840-75356

ਵਿਵਾਦ ਦੀ ਤਾਣੀ ਇਸ ਕਰਕੇ ਜ਼ਿਆਦਾ ਉਲਝ ਗਈ ਕਿਉਂਕਿ ਸਿਆਸਤ ਨੇ ਭਾਰਤੀ ਭਾਸ਼ਾਵਾਂ ਨੂੰ ਇਲਾਕਿਆਂ, ਜਾਤੀਆਂ ਅਤੇ ਧਰਮਾਂ ਨਾਲ ਜੋੜ ਕੇ ਉਭਾਰਿਆ।

ਭਾਰਤ ਬਹੁਕੌਮੀ ਮੁਲਕ ਹੈ। ਵਖ-ਵਖ ਭਾਸ਼ਾਵਾਂ ਦੇ ਆਧਾਰ ਤੇ ਬਣੇ ਵਖ-ਵਖ ਰਾਜਾਂ ਅੰਦਰ ਵਖੋ-ਵਖਰੀਆਂ ਕੌਮੀਅਤਾਂ ਦੀਆਂ ਆਪੋ-ਆਪਣੀਆਂ ਕੌਮੀ ਭਾਸ਼ਾਵਾਂ ਹਨ ਜੋ ਇਨ੍ਹਾਂ ਦੀ ਕੌਮੀ ਪਛਾਣ ਦਾ ਆਧਾਰ ਬਣਦੀਆਂ ਹਨ। ਹਰ ਕੌਮੀਅਤ ਦਾ ਆਪਣਾ ਭੂਗੋਲਿਕ ਖਿੱਤਾ, ਸਾਂਝਾ ਆਰਥਿਕ ਜੀਵਨ, ਇਤਿਹਾਸ ਅਤੇ ਆਪਣੀ ਵਖਰੀ ਭਾਸ਼ਾ ਤੇ ਸਭਿਆਚਾਰ ਹੈ ਪਰ ਭਾਰਤੀ ਸੰਵਿਧਾਨ ਵਿਚ ਨਾ ਤਾਂ ਇਨ੍ਹਾਂ ਵਖ-ਵਖ ਕੌਮੀਅਤਾਂ ਨੂੰ ਸਪਸ਼ਟ ਰੂਪ ਵਿਚ ਆਪੋ-ਆਪਣੇ ਸਮਾਜ-ਸਭਿਆਚਾਰਕ ਅਤੇ ਆਰਥਿਕ ਵਿਕਾਸ ਲਈ ਲੋੜੀਂਦੀ ਖੁਦਮੁਖਤਾਰੀ ਦਿੱਤੀ ਗਈ ਹੈ ਅਤੇ ਨਾ ਹੀ ਉਨ੍ਹਾਂ ਦੀਆਂ ਭਾਸ਼ਾਵਾਂ ਨੂੰ ਸਿੱਖਿਆ ਅਤੇ ਪ੍ਰਸ਼ਾਸਨ ਦੇ ਖੇਤਰ ਵਿਚ ਬਣਦਾ ਯੋਗ ਸਥਾਨ ਦਿੱਤਾ ਗਿਆ ਹੈ। ਇਸ ਮਸਲੇ ਨੂੰ ਕਿਸੇ ਸਿਆਸੀ ਪਾਰਟੀ ਨੇ ਚੋਣਾਂ ਮੌਕੇ ਮੁੱਦਾ ਬਣਾ ਕੇ ਨਹੀਂ ਉਭਾਰਿਆ।

ਸੰਵਿਧਾਨ ਵਿਚ ਭਾਵੇਂ 22 ਭਾਸ਼ਾਵਾਂ ਨੂੰ ਕੌਮੀ ਭਾਸ਼ਾਵਾਂ ਵਜੋਂ ਮਾਨਤਾ ਦਿੱਤੀ ਗਈ ਹੈ ਪਰ ਅਮਲੀ ਤੌਰ ਤੇ ਅੱਜ ਤੱਕ ਕਿਸੇ ਵੀ ਸੱਤਾਧਾਰੀ ਪਾਰਟੀ ਨੇ ਭਾਸ਼ਾਵਾਂ ਦੇ ਵਿਕਾਸ ਲਈ ਕੋਈ ਠੋਸ ਨੀਤੀ ਨਹੀਂ ਬਣਾਈ। ਮੁਲਕ ਵਿਚ ਹੁਣ ਤੱਕ ਰਾਜ ਕਰਨ ਵਾਲੀਆਂ ਦੋ ਮੁੱਖ ਪਾਰਟੀਆਂ ਕਾਂਗਰਸ ਅਤੇ ਭਾਜਪਾ ਹੀ ਰਹੀਆਂ ਹਨ। ਕਾਂਗਰਸ ਦੇ ਨੀਤੀ-ਘਾੜੇ ਅੰਗਰੇਜ਼ੀ ਪੱਖੀ ਰਹੇ ਹਨ। ਦੂਜੇ ਪਾਸੇ ਭਾਜਪਾ ਦਾ ਸੰਚਾਲਕ ਵਿੰਗ ਹਿੰਦੀ ਪੱਖੀ ਹੈ। ਇਸੇ ਲਈ ਪਹਿਲਾਂ ਸਾਲ 2016 ਵਿਚ ਉਚੇਰੀ ਸਿੱਖਿਆ ਦੀ ਉਚਤਮ ਸੰਸਥਾ ਯੂ.ਜੀ.ਸੀ. ਨੇ ਮੁਲਕ ਦੇ ਸਮਾਜ-ਭਾਸ਼ਾ ਵਿਗਿਆਨਕ ਹਾਲਾਤ ਨੂੰ ਨਜ਼ਰਅੰਦਾਜ਼ ਕਰ ਕੇ ਕਾਲਜਾਂ ਵਿਚ ਹਿੰਦੀ ਨੂੰ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਏ ਜਾਣ ਦੇ ਹੁਕਮ ਦਿੱਤੇ ਸਨ। ਹੁਣ ਮੁਲਕ ਅੰਦਰ ਨਵੀਂ ਸਿੱਖਿਆ ਨੀਤੀ ਤਹਿਤ ਗੈਰ ਹਿੰਦੀ ਰਾਜਾਂ ਦੇ ਬੱਚਿਆਂ ਨੂੰ ਹਿੰਦੀ ਤੀਜੀ ਭਾਸ਼ਾ ਵਜੋਂ ਪੜ੍ਹਨਾ ਲਾਜ਼ਮੀ ਕਰਾਰ ਦੇਣ ਬਾਰੇ ਕੋਸ਼ਿਸ਼ ਕੀਤੀ ਗਈ ਜਿਸ ਦਾ ਤੁਰੰਤ ਅਤੇ ਤਿੱਖਾ ਵਿਰੋਧ ਹੋਇਆ, ਸਿੱਟੇ ਵਜੋਂ ਸਰਕਾਰ ਨੂੰ ਕਦਮ ਪਿਛਾਂਹ ਹਟਾਉਣੇ ਪਏ।

ਦਰਅਸਲ, ਇਸ ਭਾਸ਼ਾ ਨੀਤੀ ਦੇ ਪਿਛੋਕੜ ਵਿਚ ਕੋਠਾਰੀ ਕਮਿਸ਼ਨ ਦੁਆਰਾ ਬਣਾਈ ਗਈ 1968 ਵਾਲੀ ਸਿੱਖਿਆ ਨੀਤੀ ਦਾ ਤਿੰਨ-ਭਾਸ਼ਾਈ ਫਾਰਮੂਲਾ ਕੰਮ ਕਰਦਾ ਹੈ। ਇਸ ਫਾਰਮੂਲੇ ਦੀ ਭਾਵਨਾ ਮੰਦੀ ਨਹੀਂ ਸੀ ਕਿਉਂਕਿ ਇਹ ਭਾਰਤ ਦੀਆਂ ਭਾਸ਼ਾਈ ਸਮੱਸਿਆਵਾਂ ਨੂੰ ਧਿਆਨ ਵਿਚ ਰੱਖ ਕੇ, ਵਿਸ਼ੇਸ਼ ਕਰਕੇ ਭਾਸ਼ਾਈ ਘੱਟਗਿਣਤੀਆਂ ਬਾਰੇ ਸੰਵੇਦਨਸ਼ੀਲ ਹੋ ਕੇ ਅਤੇ ਮੁਲਕ ਵਿਚ ਭਾਸ਼ਾਈ ਸੰਤੁਲਨ ਰੱਖਣ ਹਿਤ ਹੀ ਬਣਾਇਆ ਗਿਆ ਸੀ ਪਰ ਜਦੋਂ ਸਿਆਸੀ ਪਾਰਟੀਆਂ ਆਪਣੇ ਸੌੜੇ ਸਿਆਸੀ ਤੇ ਸੁਆਰਥੀ ਹਿੱਤਾਂ ਦੀ ਪੂਰਤੀ ਲਈ ਭਾਸ਼ਾ, ਧਰਮ ਤੇ ਜਾਤ ਨੂੰ ਵਰਤਣ ਲੱਗ ਪੈਣ ਤਾਂ ਫਿਰ ਸਥਾਨਕ ਭਾਸ਼ਾਈ ਸਮੱਸਿਆਵਾਂ ਖਾਨਾਜੰਗੀ ਦਾ ਰੂਪ ਧਾਰਨ ਕਰ ਲੈਂਦੀਆਂ ਹਨ।

ਬ੍ਰਿਟਿਸ਼ ਸਾਮਰਾਜ ਦੇ ਖਾਤਮੇ ਤੋਂ ਬਾਅਦ ਜਦ ਨਵੇਂ ਭਾਰਤ ਦਾ ਭੂਗੋਲਿਕ ਨਕਸ਼ਾ ਉਲੀਕਣ ਬਾਰੇ ਵਿਚਾਰਾਂ ਹੋਣ ਲੱਗੀਆਂ ਤਾਂ ਭਾਸ਼ਾ ਨੂੰ ਨਵੀਂ ਸੂਬਾਈ ਹੱਦਬੰਦੀ ਦਾ ਆਧਾਰ ਮੰਨਿਆ ਗਿਆ। ਭਾਰਤ ਵਾਸੀਆਂ ਦੀਆਂ ਮਾਂ-ਬੋਲੀਆਂ ਦੀ ਰਖਵਾਲੀ ਅਤੇ ਵਿਕਾਸ ਲਈ ਭਾਸ਼ਾ ਨੀਤੀ ਬਾਰੇ ਸੰਵਿਧਾਨ ਵਿਚ ਬਾਕਾਇਦਾ ਧਾਰਾਵਾਂ ਦਰਜ ਕੀਤੀਆਂ ਗਈਆਂ। ਫਿਰ ਵੀ ਸੱਤਾਧਾਰੀ ਸਿਆਸੀ ਸ਼ਕਤੀਆਂ ਪੂਰੀ ਤਰ੍ਹਾਂ ਨਿਰਪੱਖ ਨਾ ਰਹਿ ਸਕੀਆਂ। ਮਸਲਨ, ਪੰਜਾਬ ਵਿਚ ਹੀ ਪੰਜਾਬੀ ਬੋਲਦੇ ਇਲਾਕੇ ਪੰਜਾਬ ਤੋਂ ਬਾਹਰ ਰੱਖੇ ਗਏ। ਅਜਿਹੇ ਫੈਸਲਿਆਂ ਕਾਰਨ ਹੀ ਭਾਰਤ ਵਿਚ ਭਾਸ਼ਾਈ ਸੰਕਟ ਪੈਦਾ ਹੁੰਦਾ ਰਿਹਾ ਹੈ। ਹੁਣ ਵੀ ਭਾਵੇਂ ਤਾਮਿਲਾਂ ਦੇ ਪ੍ਰਤੀਕਰਮ ਕਾਰਨ ਸਿੱਖਿਆ ਨੀਤੀ ਦੇ ਦਸਤਾਵੇਜ਼ ਵਿਚ ਕੁਝ ਸੋਧ ਕਰਨ ਦੇ ਸੰਕੇਤ ਮਿਲੇ ਹਨ ਪਰ ਭਾਸ਼ਾਵਾਂ ਬਾਰੇ ਕੇਂਦਰੀ ਸਰਕਾਰ ਦੇ ਇਸ ਰਵੱਈਏ ਦਾ ਜੇ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਭਾਰਤ ਅੰਦਰ ਸਮਾਜਿਕ ਅਤੇ ਸਰਕਾਰਾਂ ਦੀਆਂ ਸਿਆਸੀ ਜ਼ਰੂਰਤਾਂ ਵਖੋ-ਵਖਰੀਆਂ ਹਨ। ਭਾਰਤ ਭੂਗੋਲਿਕ ਅਤੇ ਸਭਿਆਚਾਰਿਕ ਵੰਨ-ਸਵੰਨਤਾਵਾਂ ਨਾਲ ਮਾਲਾਮਾਲ ਮੁਲਕ ਹੈ। ਇਸ ਬਾਰੇ ਹਿੰਦੀ ਲੋਕਧਾਰਾ ਦੀ ਕਹੌਤ ਹੈ:

ਚਾਰ ਕੋਸ ਪਰ ਪਾਨੀ ਬਦਲੇ,
ਆਠ ਕੋਸ ਪਰ ਬਾਨੀ।
ਬੀਸ ਕੋਸ ਪਰ ਪਗੜੀ ਬਦਲੇ,
ਤੀਸ ਕੋਸ ਪਰ ਛਾਨੀ।

ਅਜੋਕੇ ਸਮੇਂ ਦੌਰਾਨ ਆਵਾਜਾਈ ਤੇ ਹੋਰ ਸੰਚਾਰ ਸਾਧਨਾ ਸਦਕਾ ਸਥਾਨਕ ਦੂਰੀਆਂ ਤਾਂ ਭਾਵੇਂ ਮਿਟ ਗਈਆਂ ਹਨ ਪਰ ਜਾਤ, ਧਰਮ ਅਤੇ ਸਥਾਨਕ ਭਾਸ਼ਾਈ ਵਖਰੇਵੇਂ ਅਜੇ ਵੀ ਜਿਉਂ ਦੇ ਤਿਉਂ ਹਨ। ਚੋਣਾਂ ਵੇਲੇ ਇਹ ਵਖਰੇਵੇਂ ਉਭਰਵੇਂ ਰੂਪ ਵਿਚ ਪ੍ਰਤੱਖ ਹੋ ਜਾਂਦੇ ਹਨ। ਭਾਰਤ ਵਿਚ ਜਿੰਨੀਆਂ ਭਾਸ਼ਾਵਾਂ ਤੇ ਉਪ ਭਾਸ਼ਾਵਾਂ ਹਨ, ਸ਼ਾਇਦ ਹੀ ਦੁਨੀਆ ਦੇ ਕਿਸੇ ਹੋਰ ਮੁਲਕ ਵਿਚ ਹੋਣ। ਇਸੇ ਲਈ ਕਿਹਾ ਜਾਂਦਾ ਹੈ ਕਿ ਬਹੁਭਾਸ਼ਾਈ ਰੁਝਾਨ ਭਾਰਤੀਆਂ ਦੇ ਖੂਨ ਵਿਚ ਰਚਿਆ ਹੋਇਆ ਹੈ। ਇਸ ਲਈ ਜੇ ਕੋਈ ਸਿਆਸੀ ਪਾਰਟੀ ਸੱਤਾ ਦੇ ਨਸ਼ੇ ਵਿਚ ਇਥੋਂ ਦੀਆਂ ਜ਼ਮੀਨੀ ਹਕੀਕਤਾਂ ਨੂੰ ਦਰਕਿਨਾਰ ਕਰ ਕੇ, ਇਸ ਮੁਲਕ ਉਤੇ ਇਕ ਭਾਸ਼ਾ ਜਾਂ ਧਰਮ ਥੋਪਣ ਦੀ ਕੋਸ਼ਿਸ ਕਰੇਗੀ ਤਾਂ ਇਹ ਅੱਗ ਨਾਲ ਖੇਡਣ ਵਾਲੀ ਗੱਲ ਹੋਵੇਗੀ।

ਜਦੋਂ ਕਦੇ ਵੀ ਕੇਂਦਰੀ ਸੱਤਾ ਨੇ ਖੇਤਰੀ ਭਾਸ਼ਾਵਾਂ ਨੂੰ ਦਰੜ ਕੇ ਹਿੰਦੀ ਜਾਂ ਅੰਗਰੇਜ਼ੀ ਨੂੰ ਜਬਰੀ ਠੋਸਣ ਦਾ ਸੁਪਨਾ ਲਿਆ ਹੈ ਤਾਂ ਉਦੋਂ ਉਦੋਂ ਹੀ ਅਜਿਹੀ ਕੋਸ਼ਿਸ਼ ਨਾਕਾਮ ਰਹੀ ਹੈ; ਖਾਸ ਕਰ ਕੇ ਤਾਮਿਲ, ਤੈਲਗੂ, ਕੰਨੜ, ਮਲਿਆਲਮ ਅਤੇ ਪੰਜਾਬੀ ਵਰਗੀਆਂ ਸ਼ਕਤੀਸ਼ਾਲੀ ਭਾਸ਼ਾਈ ਪਿਛੋਕੜ ਵਾਲੀਆਂ ਭਾਸ਼ਾਵਾਂ ਦੇ ਵਾਰਸਾਂ ਦੀ ਚੌਕਸੀ ਹਿੰਦੀ ਲਈ ਤਾਂ ਘਾਤਕ ਵੀ ਸਿੱਧ ਹੋਈ ਹੈ। ਕੇਂਦਰੀ ਸੱਤਾ ਦੀ ਭਾਸ਼ਾ ਦੀ ਅਜਿਹੀ ਸਿਆਸਤ ਸਦਕਾ ਮੁਲਕ ਦੀ ਜਮਹੂਰੀਅਤ ਨੂੰ ਵੀ ਵੱਡਾ ਨੁਕਸਾਨ ਹੋਇਆ ਹੈ। ਭਾਰਤ ਦੇ ਭਾਸ਼ਾਈ ਘੱਟਗਿਣਤੀ ਸਮਾਜ ਅੰਦਰ ਅੱਜ ਬੇਯਕੀਨੀ ਦਾ ਆਲਮ ਹੈ। ਫਲਸਰੂਪ ਮੁਲਕ ਦੀ ਜਮਹੂਰੀਅਤ ਦੀ ਮਜ਼ਬੂਤ ਬੁਨਿਆਦ ਡਗਮਗਾਈ ਹੈ। ਇਸ ਨਾਲ ਭਾਰਤ ਦੀ ਰਾਸ਼ਟਰੀ ਏਕਤਾ ਅਤੇ ਅਖੰਡਤਾ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ।

ਅਸਲ ਵਿਚ ਜਦੋਂ ਭਾਰਤ ਵਰਗੇ ਬਹੁਭਾਸ਼ੀ ਮੁਲਕ ਵਿਚ ਕਿਸੇ ਇਕ ਭਾਸ਼ਾ ਨੂੰ ਜਬਰੀ ਥੋਪਿਆ ਜਾਵੇਗਾ ਤਾਂ ਸਮਾਜ ਵਿਚ ਹਲਚਲ ਹੋਣੀ ਸੁਭਾਵਕ ਹੈ। ਪਹਿਲਾਂ ਵੀ ਭਾਜਪਾ ਦੀ ਸਰਕਾਰ ਦੁਆਰਾ ਹਿੰਦੀ ਜਬਰੀ ਲਾਗੂ ਕਰਨ ਦੀ ਇਸ ਕੋਸ਼ਿਸ਼ ਨੂੰ ਤਾਮਿਲਨਾਡੂ ਸਮੇਤ ਸਮੁੱਚੇ ਮੁਲਕ ਦੀ ਗੈਰ-ਹਿੰਦੀ ਵਸੋਂ ਨੇ ਨਾਕਾਮ ਕਰ ਦਿੱਤਾ ਸੀ ਅਤੇ ਹੁਣ ਫਿਰ ਗੈਰ-ਹਿੰਦੀ ਸੂਬਿਆਂ ਦੇ ਲੋਕਾਂ ਨੇ ਤਿੱਖਾ ਵਿਰੋਧ ਕੀਤਾ ਹੈ। ਭਾਰਤੀ ਜਨਤਾ ਪਾਰਟੀ ਦੇ ਮੁੱਖ ਏਜੰਡੇ ਵਿਚ ਹਿੰਦੂ-ਹਿੰਦੀ ਤੇ ਹਿੰਦੋਸਤਾਨ ਦਾ ਨਾਅਰਾ ਹੈ। ਇਸ ਪਾਰਟੀ ਦੀ ਅਣਐਲਾਨੀ ਨੀਤੀ ਇਹ ਹੈ ਕਿ ਭਾਰਤ ਦੀ ਭਾਸ਼ਾਈ ਅਤੇ ਸੱਭਿਆਚਾਰਕ ਵੰਨ-ਸਵੰਨਤਾ ਖਤਮ ਕੀਤੀ ਜਾਵੇ। ਹਿੰਦੂ ਰਾਸ਼ਟਰ ਦੀ ਸਥਾਪਤੀ ਇਸ ਦਾ ਮੁੱਖ ਟੀਚਾ ਹੈ। ਭਾਜਪਾ ਦੀ ਕੋਰ-ਕਮੇਟੀ ਮਹਿਸੂਸ ਕਰਦੀ ਹੈ ਕਿ ਕਿ ਜੇ ਪਾਰਟੀ ਨੇ ਮੁਲਕ ਦੇ ਦੱਖਣੀ ਖੇਤਰ ਵਿਚ ਆਪਣਾ ਆਧਾਰ ਕਾਇਮ ਕਰਨਾ ਹੈ ਤਾਂ ਇਸ ਲਈ ਹਿੰਦੀ ਭਾਸ਼ਾ ਕਾਰਗਰ ਮਾਧਿਅਮ ਹੋ ਸਕਦੀ ਹੈ ਪਰ ਮੁਲਕ ਦੀ ਦੱਖਣੀ ਵਸੋਂ ਭਾਜਪਾ ਦੀ ਇਸ ਚਾਲ ਪ੍ਰਤੀ ਸੁਚੇਤ ਹੈ। ਇਹੋ ਵਜ੍ਹਾ ਹੈ ਕਿ ਦੱਖਣ ਦੀਆਂ ਸਿਆਸੀ ਧਿਰਾਂ ਭਾਜਪਾ ਦੀ ਇਸ ਭਾਸ਼ਾ ਨੀਤੀ ਦਾ ਡਟ ਕੇ ਵਿਰੋਧ ਕਰ ਰਹੀਆਂ ਹਨ।

***ਅਸਲ ਵਿਚ ਜਦੋਂ ਭਾਰਤ ਵਰਗੇ ਬਹੁਭਾਸ਼ੀ ਮੁਲਕ ਵਿਚ ਕਿਸੇ ਇਕ ਭਾਸ਼ਾ ਨੂੰ ਜਬਰੀ ਥੋਪਿਆ ਜਾਵੇਗਾ ਤਾਂ ਸਮਾਜ ਵਿਚ ਹਲਚਲ ਹੋਣੀ ਸੁਭਾਵਕ ਹੈ। ਪਹਿਲਾਂ ਵੀ ਭਾਜਪਾ ਦੀ ਸਰਕਾਰ ਦੁਆਰਾ ਹਿੰਦੀ ਜਬਰੀ ਲਾਗੂ ਕਰਨ ਦੀ ਇਸ ਕੋਸ਼ਿਸ਼ ਨੂੰ ਤਾਮਿਲਨਾਡੂ ਸਮੇਤ ਸਮੁੱਚੇ ਮੁਲਕ ਦੀ ਗੈਰ-ਹਿੰਦੀ ਵਸੋਂ ਨੇ ਨਾਕਾਮ ਕਰ ਦਿੱਤਾ ਸੀ ਅਤੇ ਹੁਣ ਫਿਰ ਗੈਰ-ਹਿੰਦੀ ਸੂਬਿਆਂ ਦੇ ਲੋਕਾਂ ਨੇ ਤਿੱਖਾ ਵਿਰੋਧ ਕੀਤਾ ਹੈ। ਭਾਰਤੀ ਜਨਤਾ ਪਾਰਟੀ ਦੇ ਮੁੱਖ ਏਜੰਡੇ ਵਿਚ ਹਿੰਦੂ-ਹਿੰਦੀ ਤੇ ਹਿੰਦੋਸਤਾਨ ਦਾ ਨਾਅਰਾ ਹੈ।***

ਜੇ ਮੁਲਕ ਦੀਆਂ ਕੇਂਦਰੀ ਸਿਆਸੀ ਪਾਰਟੀਆਂ ਦੁਆਰਾ ਖੇਤਰੀ ਭਾਸ਼ਾਵਾਂ ਦੇ ਰੁਤਬੇ ਨੂੰ ਪੂਰਾ ਮਾਣ-ਤਾਣ ਦਿੱਤਾ ਜਾਂਦਾ ਅਤੇ ਹਿੰਦੀ ਨੂੰ ਹਿੰਦੂਤਵ ਦਾ ਏਜੰਡਾ ਨਾ ਬਣਾਇਆ ਜਾਂਦਾ ਤਾਂ ਅੱਜ ਹਿੰਦੀ ਦੀ ਹਾਲਤ ਅਜਿਹੀ ਨਹੀਂ ਹੋਣੀ ਸੀ ਅਤੇ ਨਾ ਹੀ ਹਿੰਦੀ ਦੀ ਥਾਂ ਅੰਗਰੇਜ਼ੀ ਸੰਪਰਕ ਭਾਸ਼ਾ ਦੇ ਤੌਰ ਤੇ ਸਥਾਪਿਤ ਹੋਣੀ ਸੀ। ਕੌਮੀ ਪ੍ਰਬੰਧ ਦੀ ਯੋਗਤਾ ਮਾਪਣ ਵਾਲਾ ਪਹਿਲਾ ਪੈਮਾਨਾ ਮੁਲਕ ਦੀ ਵਸੋਂ ਦੇ ਵਖ-ਵਖ ਸਮੂਹਾਂ ਦੀ ਵਖੋ-ਵਖਰੀ ਸੱਭਿਆਚਾਰਕ ਪਛਾਣ ਦੀ ਨੁਮਾਇੰਦਗੀ ਕਰਨਾ ਹੈ। ਇਸ ਕਾਰਜ ਦੀ ਪੂਰਤੀ ਲਈ ਭਾਰਤ ਵਰਗੇ ਬਹੁਭਾਸ਼ੀ ਮੁਲਕ ਵਿਚ ਸਰਕਾਰ ਦੀ ਭਾਸ਼ਾ ਨੀਤੀ ਨੇ ਅਹਿਮ ਭੂਮਿਕਾ ਨਿਭਾਉਣੀ ਹੁੰਦੀ ਹੈ।

ਕਾਬਲੇਗੌਰ ਤੱਥ ਇਹ ਹੈ ਕਿ ਭਾਰਤ ਦੇ ਸੰਵਿਧਾਨ ਵਿਚ ਹਿੰਦੀ ਅਤੇ ਅੰਗਰੇਜ਼ੀ ਨੂੰ ਕੇਂਦਰ ਦੀ ਸਰਕਾਰੀ ਭਾਸ਼ਾ ਦਾ ਦਰਜਾ ਦਿੱਤਾ ਗਿਆ ਹੈ, ਕੌਮੀ ਭਾਸ਼ਾ ਦਾ ਨਹੀਂ। ਇਸ ਲਈ ਵਖ-ਵਖ ਰਾਜਾਂ ਦੀਆਂ ਮਾਤ ਭਾਸ਼ਾਵਾਂ ਹੀ ਮੁਲਕ ਦੀਆਂ ਕੌਮੀ ਭਾਸ਼ਾਵਾਂ ਹਨ। ਇਸ ਬਾਰੇ ਦੁਨੀਆ ਭਰ ਵਿਚ ਹੋਈ ਖੋਜ ਇਹੋ ਦਸਦੀ ਹੈ ਕਿ ਮਨੁੱਖੀ ਸਮਾਜਾਂ ਦੀ ਚੇਤਨਾ ਦੇ ਤੇਜ਼ੀ ਨਾਲ ਵਿਕਾਸ ਦੀਆਂ ਸੰਭਾਵਨਾਵਾਂ ਉਨ੍ਹਾਂ ਦੀਆਂ ਮਾਤ ਭਾਸ਼ਾਵਾਂ ਰਾਹੀਂ ਹੀ ਵਧੇਰੇ ਪਨਪਦੀਆਂ ਹਨ। ਮਾਤ ਭਾਸ਼ਾ ਰਾਹੀਂ ਹੀ ਮਨੁੱਖ ਆਪਣੇ ਕੌਮੀ ਇਤਿਹਾਸ ਤੇ ਮਿਥਿਹਾਸ ਤੋਂ ਜਾਣੂ ਹੁੰਦਾ ਹੈ। ਮਾਤ ਭਾਸ਼ਾ ਹੀ ਬੱਚੇ ਨੂੰ ਆਪਣੇ ਘਰ, ਪਰਿਵਾਰ, ਭਾਈਚਾਰੇ ਅਤੇ ਮੁਲਕ/ਕੌਮ ਨਾਲ ਜੋੜਦੀ ਹੈ।

ਇਸ ਲਈ ਮੁਲਕ ਦੀ ਕੁੱਲ ਵਸੋਂ ਦੇ ਵਖ-ਵਖ ਸਮੂਹਾਂ ਦੀ ਵਖੋ-ਵਖਰੀ ਸਭਿਆਚਾਰਕ ਪਛਾਣ ਕਾਇਮ ਰੱਖਣ ਲਈ ਖੇਤਰੀ ਭਾਸ਼ਾਵਾਂ ਹੀ ਦਰੁਸਤ ਅਤੇ ਯੋਗ ਭੂਮਿਕਾ ਨਿਭਾ ਸਕਦੀਆਂ ਹਨ; ਖਾਸ ਕਰਕੇ ਸੰਸਾਰੀਕਰਨ ਦੇ ਅਜੋਕੇ ਦੌਰ ਵਿਚ ਬਹੁਭਾਸ਼ੀ ਰਾਜ ਹੀ ਪ੍ਰਸ਼ਾਸਕੀ ਸਫਲਤਾ ਦੇ ਸੂਚਕ ਹਨ ਅਤੇ ਸਾਰੇ ਰਾਜ ਆਪਣੇ ਖੇਤਰੀ ਸਮੂਹਾਂ ਦੀ ਭਾਸ਼ਾ ਨੂੰ ਪ੍ਰਵਾਨ ਕਰਦੇ ਹਨ। ਭਾਸ਼ਾਈ ਸੰਘਵਾਦ ਦੀ ਸਿਧਾਂਤਕ ਤੇ ਪ੍ਰਸ਼ਾਸਕੀ ਪ੍ਰਕਿਰਿਆ ਰਾਹੀਂ ਬਹੁਗਿਣਤੀ ਅਤੇ ਘੱਟਗਿਣਤੀ ਭਾਸ਼ਾਵਾਂ ਦਾ ਸੰਤੁਲਨ ਬਣ ਜਾਂਦਾ ਹੈ।

# ਕਸ਼ਮੀਰ ਮਸਲਾ ਅਤੇ ਸਰਕਾਰ ਦੀ ਪਹੁੰਚ

## ਤਸੀਹੇ ਲੋਕ ਰੋਹ ਨੂੰ ਕੁਚਲਣ ਦਾ ਸੰਦ - ਹਾਲੀਆ ਰਿਪੋਰਟ ਦਾ ਖੁਲਾਸਾ

ਬੂਟਾ ਸਿੰਘ
ਫੋਨ: +91-94634-74342

20 ਮਈ 2019 ਨੂੰ ਲਾਪਤਾ ਵਿਅਕਤੀਆਂ ਦੇ ਮਾਪਿਆਂ ਦੀ ਸਭਾ (ਏ.ਪੀ.ਡੀ.ਪੀ.) ਅਤੇ ਜੰਮੂ ਕਸ਼ਮੀਰ ਕੁਲੀਸ਼ਨ ਆਫ ਸਿਵਲ ਸੁਸਾਇਟੀ (ਜੇ.ਕੇ.ਸੀ.ਸੀ.ਐਸ.) ਵੱਲੋਂ ਜੰਮੂ ਕਸ਼ਮੀਰ ਵਿਚ ਤਸੀਹਿਆਂ ਬਾਰੇ ਵਿਸਤਾਰਤ ਰਿਪੋਰਟ ਜਾਰੀ ਕੀਤੀ ਗਈ। ਰਿਪੋਰਟ ਭਾਰਤੀ ਰਾਜ ਵਲੋਂ 1990 ਤੋਂ ਲੈ ਕੇ ਕਸ਼ਮੀਰੀਆਂ ਦੀ ਆਜ਼ਾਦੀ ਦੀ ਰੀਝ ਨੂੰ ਕੁਚਲਣ ਲਈ ਤਸੀਹਿਆਂ ਦੀ ਸੋਚੀ-ਸਮਝੀ ਨੀਤੀ ਦੇ ਤੱਥਪੂਰਨ ਵੇਰਵੇ ਪੇਸ਼ ਕਰਦੀ ਹੈ।

'ਤਸੀਹੇ: ਭਾਰਤੀ ਕਬਜ਼ੇ ਹੇਠਲੇ ਜੰਮੂ ਕਸ਼ਮੀਰ ਉਪਰ ਕੰਟਰੋਲ ਦਾ ਭਾਰਤੀ ਰਾਜ ਦਾ ਸੰਦ' ਪਹਿਲੀ ਭਰਵੀਂ ਰਿਪੋਰਟ ਹੈ ਜੋ ਸਿਰਫ ਅਤੇ ਸਿਰਫ ਤਸੀਹਿਆਂ ਉਪਰ ਕੇਂਦਰਤ ਹੈ ਜੋ ਭਾਰਤੀ ਰਾਜ ਵਲੋਂ 1947 ਤੋਂ ਲੈ ਕੇ ਸਿਲਸਿਲੇਵਾਰ ਤਰੀਕੇ ਨਾਲ ਅਤੇ ਬੇਤਹਾਸ਼ਾ ਤੌਰ 'ਤੇ ਦਿੱਤੇ ਜਾ ਰਹੇ ਹਨ ਅਤੇ 1980ਵਿਆਂ ਦੇ ਅੰਤ ਵਿਚ ਸਵੈ-ਨਿਰਣੇ ਲਈ ਸੰਘਰਸ਼ ਸ਼ੁਰੂ ਕੀਤੇ ਜਾਣ ਤੋਂ ਬਾਅਦ ਇਨ੍ਹਾਂ ਵਿਚ ਹੋਰ ਤੇਜ਼ੀ ਲਿਆਂਦੀ ਗਈ ਹੈ। ਭਾਰਤ ਰਾਜ ਵਲੋਂ ਇਸ ਰੂਪ ਵਿਚ ਮਨੁੱਖੀ ਹੱਕਾਂ ਦੇ ਘਾਣ ਦੀ ਬਹੁਤ ਹੀ ਘੱਟ ਰਿਪੋਰਟ ਕੀਤੀ ਜਾਂਦੀ ਹੈ ਜਦਕਿ ਕਬਜ਼ੇ ਹੇਠਲੇ ਕਸ਼ਮੀਰ ਵਿਚ ਭੋਰਾ ਵਿਰੋਧ ਨੂੰ ਵੀ ਕੁਚਲ ਦੇਣ ਲਈ ਤਸੀਹਿਆਂ ਦਾ ਬੇਤਹਾਸ਼ਾ ਇਸਤੇਮਾਲ ਹੋ ਰਿਹਾ ਹੈ।

ਦੁਨੀਆ ਦੇ ਜ਼ਿਆਦਾਤਰ ਮੁਲਕਾਂ ਅੰਦਰ ਸਿਆਸੀ ਕੈਦੀਆਂ ਅਤੇ 'ਖਾੜਕੂਆਂ' ਜਾਂ 'ਦਹਿਸ਼ਤਗਰਦਾਂ' ਉਪਰ ਸੁਰੱਖਿਆ ਤਾਕਤਾਂ ਦਾ ਤਸੀਹਿਆਂ ਦਾ ਵਿਆਪਕ ਇਸਤੇਮਾਲ ਬੇਰੋਕ-ਟੋਕ ਜਾਰੀ ਹੈ। ਤਸੀਹਿਆਂ ਦੀਆਂ ਐਸੀਆਂ ਘਟਨਾਵਾਂ ਜਨਤਕ ਤੌਰ 'ਤੇ ਨਸ਼ਰ ਹੋ ਜਾਣ 'ਤੇ ਹੀ ਚਰਚਾ ਦਾ ਵਿਸ਼ਾ ਬਣਦੀਆਂ ਹਨ। ਮਨੁੱਖੀ ਹੱਕਾਂ ਦੀਆਂ ਜਥੇਬੰਦੀਆਂ ਅਤੇ ਏਜੰਸੀਆਂ ਵੱਲੋਂ ਰਾਜਕੀ ਸਰਪ੍ਰਸਤੀ ਵਾਲੇ ਤਸੀਹਿਆਂ ਵੱਲ ਦੁਨੀਆ ਦਾ ਧਿਆਨ ਖਿੱਚੇ ਜਾਣ ਅਤੇ ਇਸ ਦੀ ਨਿਖੇਧੀ ਹੋਣ ਦੇ ਬਾਵਜੂਦ ਰਾਜ ਵੱਲੋਂ ਸਿਆਸੀ ਕੈਦੀਆਂ ਨੂੰ ਗਿਣ-ਮਿੱਥ ਕੇ ਅਤੇ ਸੰਸਥਾਈ ਤਰੀਕੇ ਨਾਲ ਤਸੀਹੇ ਦੇਣ ਦਾ ਸਿਲਸਿਲਾ ਸਿਆਸੀ ਅਸਹਿਮਤੀ ਅਤੇ ਲੋਕ ਬਗਾਵਤ ਨੂੰ ਖਤਮ ਕਰਨ ਦਾ ਐਸਾ ਮਹੱਤਵਪੂਰਨ ਸਿਆਸੀ ਸੰਦ ਬਣ ਚੁੱਕਾ ਹੈ ਜਿਸ ਨੂੰ ਸਰਕਾਰ-ਵਿਧਾਨਸਾਜ਼ ਸੰਸਥਾਵਾਂ-ਅਦਾਲਤਾਂ-ਹਥਿਆਰਬੰਦ ਤਾਕਤਾਂ ਦੇ ਗੱਠਜੋੜ ਦੀ ਹਮਾਇਤ ਹਾਸਲ ਹੈ। ਤਸੀਹੇ ਪ੍ਰਵਾਨਤ ਰਾਜਸੀ ਨੀਤੀ ਬਣ ਚੁੱਕੇ ਹਨ।

ਇਸੇ ਤਰ੍ਹਾਂ ਹੀ ਭਾਰਤ ਵਿਚ ਹੋ ਰਿਹਾ ਹੈ। ਹਿਰਾਸਤ ਵਿਚ ਹੱਤਿਆਵਾਂ, ਮੁਕਾਬਲਿਆਂ ਵਿਚ ਹੱਤਿਆਵਾਂ ਅਤੇ ਲਾਪਤਾ ਕਰ ਦੇਣ ਦੇ ਨਾਲ-ਨਾਲ ਕਸ਼ਮੀਰ, ਮਨੀਪੁਰ ਅਤੇ ਮੁਲਕ ਦੇ ਮਾਓਵਾਦੀ ਰਸੂਖ ਵਾਲੇ ਆਦਿਵਾਸੀ ਖੇਤਰਾਂ ਵਿਚ ਤਾਇਨਾਤ ਭਾਰਤੀ ਸੁਰੱਖਿਆ ਤਾਕਤਾਂ ਸਿਆਸੀ ਕੈਦੀਆਂ ਨੂੰ ਆਮ ਹੀ ਤਸੀਹੇ ਦਿੰਦੀਆਂ ਹਨ। ਜੰਮੂ ਕਸ਼ਮੀਰ ਵਿਚ ਭਾਰਤੀ ਹਥਿਆਰਬੰਦ ਤਾਕਤਾਂ ਅਤੇ ਪੁਲਿਸ ਦੀ ਬਹੁਤ ਜ਼ਿਆਦਾ ਮੌਜੂਦਗੀ (ਸਾਢੇ ਛੇ ਤੋਂ ਸਾਢੇ ਸੱਤ ਲੱਖ ਦਰਮਿਆਨ) ਦਾ ਮੁੱਖ ਮਨੋਰਥ ਸਥਾਨਕ ਵਸੋਂ ਉਪਰ ਕੰਟਰੋਲ ਬਣਾਈ ਰੱਖਣਾ ਹੈ।

ਇਹ ਰਿਪੋਰਟ ਹਾਲਾਤ ਨੂੰ ਇਤਿਹਾਸਕ ਪਿਛੋਕੜ ਦੇ ਪ੍ਰਸੰਗ ਵਿਚ ਸਮਝਣ ਲਈ ਸਮਝ ਮੁਹਈਆ ਕਰਦੀ ਹੈ ਕਿ ਕਿਵੇਂ ਤਸੀਹਿਆਂ ਦਾ ਇਸਤੇਮਾਲ 1947 ਤੋਂ ਹੀ ਕਸ਼ਮੀਰੀ ਲੋਕਾਂ ਦੀ ਸਵੈ-ਨਿਰਣੇ ਦਾ ਹੱਕ ਹਾਸਲ ਕਰਨ ਦੀ ਰੀਝ ਨੂੰ ਕੁਚਲਣ ਲਈ ਕੀਤਾ ਜਾ ਰਿਹਾ ਹੈ। 432 ਕੇਸਾਂ ਦੇ ਅਧਿਐਨ 'ਤੇ ਆਧਾਰਤ ਰਿਪੋਰਟ ਦਰਸਾਉਂਦੀ ਹੈ ਕਿ ਫੌਜੀ ਤਾਕਤਾਂ ਸਮੇਤ ਵੱਖ-ਵੱਖ ਭਾਰਤੀ ਏਜੰਸੀਆਂ ਤਸੀਹੇ ਦੇਣ ਵੇਲੇ ਸਿਆਸੀ ਸਬੰਧਾਂ, ਔਰਤ-ਮਰਦ ਜਾਂ ਉਮਰ ਦਾ ਕੋਈ ਲਿਹਾਜ਼ ਨਹੀਂ ਕਰਦੀਆਂ। ਚਾਹੇ ਖਾੜਕੂ ਹੋਣ ਜਾਂ ਗੈਰ ਖਾੜਕੂ, ਸਾਰਿਆਂ ਨੂੰ ਤਸੀਹੇ ਦੇਣ ਦਾ ਤਰੀਕਾ ਇਕ ਹੀ ਹੈ। ਤਸੀਹਿਆਂ ਦਾ ਸ਼ਿਕਾਰ ਜਿਨ੍ਹਾਂ ਲੋਕਾਂ ਦੇ ਮਾਮਲਿਆਂ ਦਾ ਅਧਿਐਨ ਕੀਤਾ ਗਿਆ, ਉਨ੍ਹਾਂ ਵਿਚੋਂ 70% (432 ਵਿਚੋਂ 301) ਆਮ ਨਾਗਰਿਕ ਹਨ - ਜਿਨ੍ਹਾਂ ਵਿਚ ਔਰਤਾਂ, ਵਿਦਿਆਰਥੀ ਅਤੇ ਨਾਬਾਲਗ ਬੱਚੇ, ਸਿਆਸੀ ਕਾਰਕੁਨ, ਮਨੁੱਖੀ ਹੱਕਾਂ ਦੇ ਕਾਰਕੁਨ ਅਤੇ ਪੱਤਰਕਾਰ ਸ਼ਾਮਲ ਹਨ। ਇਨ੍ਹਾਂ ਵਿਚ 5% ਸਾਬਕਾ ਖਾੜਕੂ ਸਨ ਜਿਨ੍ਹਾਂ ਨੂੰ ਜਦੋਂ ਤਸੀਹੇ ਦਿੱਤੇ ਗਏ, ਉਹ ਪਹਿਲਾਂ ਹੀ ਖਾੜਕੂਵਾਦ ਤੋਂ ਕਿਨਾਰਾ ਕਰ ਚੁੱਕੇ ਸਨ ਅਤੇ ਕਿਸੇ ਮਾਮਲੇ ਵਿਚ ਉਨ੍ਹਾਂ ਦੀ ਸ਼ਮੂਲੀਅਤ ਨਹੀਂ ਸੀ। 258 ਆਮ ਨਾਗਰਿਕਾਂ ਦਾ ਕਿਸੇ ਸਿਆਸੀ ਜਾਂ ਹੋਰ ਜਥੇਬੰਦੀ ਨਾਲ ਕੋਈ ਸਬੰਧ ਨਹੀਂ ਸੀ।

ਰਿਪੋਰਟ ਵਿਚ ਜੰਮੂ ਕਸ਼ਮੀਰ ਵਿਚ ਦਿੱਤੇ ਜਾ ਰਹੇ ਵੱਡੀ ਗਿਣਤੀ 'ਚ ਤਸੀਹੇ ਦੇਣ ਦੇ ਤਰੀਕਿਆਂ ਅਤੇ ਹੋਰ ਜ਼ਾਲਮ, ਅਣਮਨੁੱਖੀ ਅਤੇ ਜ਼ਲੀਲ ਕਰਨ ਵਾਲੇ ਰਵੱਈਏ ਜਾਂ ਸਜ਼ਾਵਾਂ ਨੂੰ ਕਲਮਬਧ ਕੀਤਾ ਗਿਆ ਹੈ। ਇਨ੍ਹਾਂ ਤੋਂ ਬਿਨਾ ਹੋਰ ਵੀ ਤਸੀਹੇ ਦੇਣ ਦੇ ਬਥੇਰੇ ਤਰੀਕੇ ਇਸਤੇਮਾਲ ਕੀਤੇ ਜਾ ਰਹੇ ਹਨ ਲੇਕਿਨ ਇਸ ਰਿਪੋਰਟ ਵਿਚ ਇਹ ਤਰੀਕੇ ਦਰਜ ਕੀਤੇ ਗਏ ਹਨ: ਹਿਰਾਸਤੀ ਨੂੰ ਅਲਫ ਨੰਗਾ ਕਰਨਾ। ਡੰਡਿਆਂ, ਲੋਹੇ ਦੀਆਂ ਰਾਡਾਂ ਜਾਂ ਚਮੜੇ ਦੀਆਂ ਬੈਲਟਾਂ ਨਾਲ ਕੁੱਟਣਾ। ਘੋਟਣਾ ਲਾਉਣਾ। ਪਾਣੀ ਵਿਚ ਸਿਰ ਡੋਬਣਾ। ਜਣਨ ਅੰਗਾਂ ਸਮੇਤ ਸਰੀਰ ਦੇ ਅੰਗਾਂ ਉਪਰ ਬਿਜਲੀ ਦਾ ਕਰੰਟ ਲਾਉਣਾ। ਛੱਤ ਨਾਲ ਪੁੱਠਾ ਲਟਕਾਉਣਾ। ਸਰੀਰ ਨੂੰ ਗਰਮ ਚੀਜ਼ਾਂ ਨਾਲ ਸਾੜਨਾ। ਸੁੰਨਸਾਨ ਕੋਠੜੀ ਵਿਚ ਬੰਦ ਰੱਖਣਾ। ਸੌਣ ਨਾ ਦੇਣਾ। ਬਲਾਤਕਾਰ ਅਤੇ ਮੁੰਡੇਬਾਜ਼ੀ ਸਮੇਤ ਜਿਨਸੀ ਤਸੀਹੇ ਦੇਣਾ।

ਉਪਰੋਕਤ ਤਸੀਹਿਆਂ ਤੋਂ ਇਲਾਵਾ ਰਿਪੋਰਟ ਇਹ ਵੀ ਦੱਸਦੀ ਹੈ ਕਿ ਕਸ਼ਮੀਰ ਦੀ ਸਮੁੱਚੀ ਵਸੋਂ ਨੂੰ ਹੀ ਸਮੂਹਿਕ ਸਜ਼ਾ ਦਿੱਤੀ ਜਾ ਰਹੀ ਹੈ। ਇਸ ਸਮੂਹਿਕ ਸਜ਼ਾ ਦੇ ਵੱਖੋ-ਵੱਖਰੇ ਰੂਪ ਹਨ: ਪੂਰੀ ਆਬਾਦੀ ਨੂੰ ਘੇਰ ਕੇ ਤਲਾਸ਼ੀ ਮੁਹਿੰਮਾਂ, ਸੰਚਾਰ ਕੰਟਰੋਲ (ਇੰਟਰਨੈੱਟ ਬੰਦ ਕਰਨਾ ਤੇ ਮੀਡੀਆ ਦੀ ਜ਼ੁਬਾਨਬੰਦੀ), ਰੋਸ ਪ੍ਰਗਟਾ ਰਹੇ ਲੋਕਾਂ ਨੂੰ ਖਿੰਡਾਉਣ ਲਈ ਮਿਰਚਾਂ ਵਾਲੀ ਗੈਸ ਛੱਡਣਾ, ਜਾਇਦਾਦ (ਚਾਹੇ ਇਹ ਰਿਹਾਇਸ਼ੀ ਹੋਵੇ ਜਾਂ ਕਾਰੋਬਾਰੀ) ਦੀ ਭੰਨਤੋੜ, ਜਿਨਸੀ ਹਿੰਸਾ, ਤਸੀਹੇ ਦੇਣਾ ਆਦਿ। ਇਸ ਰਿਪੋਰਟ ਵਿਚ ਸ਼ਾਮਲ 432 ਕੇਸਾਂ ਵਿਚ ਇਹ ਦੇਖਿਆ ਗਿਆ ਕਿ ਘੱਟੋ-ਘੱਟ 80 ਵਿਅਕਤੀਆਂ ਨੂੰ ਘੇਰਾ ਅਤੇ ਤਲਾਸ਼ੀ ਮੁਹਿੰਮਾਂ ਦੌਰਾਨ, ਛਾਪੇ ਮਾਰਨ ਸਮੇਂ ਜਾਂ ਨਾਕਿਆਂ ਉਪਰ ਤਸੀਹੇ ਦਿੱਤੇ ਗਏ।

ਘੇਰਾ ਅਤੇ ਤਲਾਸ਼ੀ ਮੁਹਿੰਮਾਂ ਦੌਰਾਨ ਕਸ਼ਮੀਰ ਦੇ ਲੋਕ ਵਾਰ-ਵਾਰ ਬੇਪਤੀ, ਬਲਾਤਕਾਰਾਂ ਅਤੇ ਲੁੱਟਮਾਰ ਦਾ ਸ਼ਿਕਾਰ ਹੁੰਦੇ ਆ ਰਹੇ ਹਨ। ਅਜਿਹੀ ਇਕ ਘਟਨਾ ਕੁਨਨ ਅਤੇ ਪੌਸ਼ਪੋਰਾ ਵਿਚ ਪੂਰੇ ਪਿੰਡ ਦੀਆਂ ਔਰਤਾਂ ਨਾਲ ਸਮੂਹਿਕ ਬਲਾਤਕਾਰ ਕੀਤੇ ਜਾਣ ਦੀ ਹੈ ਜੋ ਆਮ ਲੋਕਾਂ ਦੇ ਚੇਤਿਆਂ ਵਿਚ ਵਸੀ ਹੋਈ ਹੈ। ਭਾਰਤੀ ਸਟੇਟ ਸਿਰਤੋੜ ਯਤਨ ਕਰਕੇ ਵੀ ਇਸ ਕਲੰਕ ਤੋਂ ਖਹਿੜਾ ਨਹੀਂ ਛੁਡਾ ਸਕਿਆ। 23/24 ਫਰਵਰੀ 1991 ਦੀ ਰਾਤ ਨੂੰ ਚਾਰ ਰਾਜਪੂਤਾਨਾ ਰਾਈਫਲਜ਼ ਦੇ ਫੌਜੀ ਦਸਤਿਆਂ ਨੇ ਰਾਤ ਨੂੰ ਸਾਢੇ ਗਿਆਰਾਂ ਵਜੇ ਕੁਪਵਾੜਾ ਜ਼ਿਲ੍ਹੇ ਦੇ ਇਨ੍ਹਾਂ ਦੋ ਜੌੜੇ ਪਿੰਡਾਂ ਨੂੰ ਘੇਰਾ ਪਾ ਲਿਆ। ਫੌਜੀ ਦਸਤੇ ਸਾਰੇ ਮਰਦਾਂ ਨੂੰ ਘਰਾਂ ਵਿਚੋਂ ਧੂਹ ਕੇ ਆਰਜ਼ੀ ਖਲਿਆਣ ਵਿਚ ਲੈ ਗਏ ਅਤੇ ਉੱਥੇ ਉਨ੍ਹਾਂ ਨੂੰ ਕਈ ਤਰੀਕਿਆਂ ਨਾਲ ਤਸੀਹੇ ਦਿੱਤੇ ਗਏ। ਉਨ੍ਹਾਂ ਦੇ ਜਨਣ ਅੰਗਾਂ ਉਪਰ ਕਰੰਟ ਲਗਾਇਆ ਗਿਆ ਅਤੇ ਉਨ੍ਹਾਂ ਦੇ ਸਿਰ ਠੰਢੇ ਪਾਣੀ ਵਿਚ ਡੋਬੇ ਗਏ। 35 ਤੋਂ ਵਧੇਰੇ ਔਰਤਾਂ ਨਾਲ ਫੌਜੀਆਂ ਵਲੋਂ ਅਗਲੇ ਦਿਨ ਨੌਂ ਵਜੇ ਤਕ ਸਮੂਹਿਕ ਬਲਾਤਕਾਰ ਕੀਤੇ ਗਏ। ਬਲਾਤਕਾਰ ਦਾ ਸ਼ਿਕਾਰ ਹੋਣ ਵਾਲੀਆਂ ਦੀ ਉਮਰ 13 ਤੋਂ ਲੈ ਕੇ 80 ਸਾਲ ਤਕ ਸੀ। ਬਜ਼ੁਰਗ ਔਰਤਾਂ, ਨਬਾਲਗ ਬੱਚੀਆਂ, ਗਰਭਵਤੀ ਔਰਤਾਂ, ਅਣਵਿਆਹੀਆਂ ਲੜਕੀਆਂ, ਫੌਜ ਵਲੋਂ ਕਿਸੇ ਨੂੰ ਵੀ ਬਖਸ਼ਿਆ ਨਹੀਂ ਗਿਆ।

ਰਿਪੋਰਟ ਇਹ ਤੱਥ ਵੀ ਸਾਹਮਣੇ ਲਿਆਉਂਦੀ ਹੈ ਕਿ ਕਿਵੇਂ ਤਸੀਹਿਆਂ ਨੇ ਉਨ੍ਹਾਂ ਕਸ਼ਮੀਰੀਆਂ ਦੀਆਂ ਜ਼ਿੰਦਗੀਆਂ ਤਬਾਹ ਕਰ ਦਿੱਤੀਆਂ ਜੋ ਜ਼ਿੰਦਾ ਬਚ ਗਏ। ਤਸੀਹਿਆਂ ਕਾਰਨ ਉਨ੍ਹਾਂ ਨੂੰ ਕਈ-ਕਈ ਰੋਗ ਲੱਗ ਚੁੱਕੇ ਹਨ। ਸਰੀਰਕ ਬਿਮਾਰੀਆਂ ਦੇ ਨਾਲ-ਨਾਲ, ਤਸੀਹਿਆਂ ਦਾ ਸ਼ਿਕਾਰ ਹੋਏ ਜਾਂ ਤਸੀਹਿਆਂ ਦੇ ਚਸ਼ਮਦੀਦ ਗਵਾਹ ਕਸ਼ਮੀਰੀ ਮਿਆਦੀ ਮਨੋਵਿਗਿਆਨਕ ਸਮੱਸਿਆਵਾਂ ਦਾ ਸ਼ਿਕਾਰ ਹਨ, ਜਿਵੇਂ ਸਦਮੇ ਤੋਂ ਬਾਅਦ ਦਾ ਸਟਰੈੱਸ ਡਿਸਆਰਡਰ (ਪੀ.ਟੀ.ਐਸ.ਡੀ.)। ਰਿਪੋਰਟ ਵਿਚ ਅਧਿਐਨ ਕੀਤੇ 432 ਮਾਮਲਿਆਂ ਵਿਚੋਂ 49 ਵਿਅਕਤੀਆਂ ਦੀ ਤਸੀਹਿਆਂ ਤੋਂ ਬਾਅਦ ਮੌਤ ਹੋ ਗਈ, ਇਨ੍ਹਾਂ ਵਿਚੋਂ 40 ਦੀ ਮੌਤ ਤਸੀਹਿਆਂ ਨਾਲ ਹੋਏ ਜ਼ਖਮਾਂ ਕਾਰਨ ਹੋਈ। ਤਸੀਹਿਆਂ ਨਾਲ ਹੋਏ ਜ਼ਖਮਾਂ ਦੇ ਸਿੱਟੇ ਵਜੋਂ ਪੈਦਾ ਹੋਣ ਵਾਲੀਆਂ ਸਿਹਤ ਦੀਆਂ ਸਮੱਸਿਆਵਾਂ ਤੁਰੰਤ ਸਾਹਮਣੇ ਨਹੀਂ ਆਉਂਦੀਆਂ, ਇਹ ਸਾਲਾਂ ਜਾਂ ਦਹਾਕਿਆਂ ਬਾਅਦ ਸਾਹਮਣੇ ਆਉਂਦੀਆਂ ਹਨ, ਇਸ ਕਾਰਨ ਅਜਿਹੇ ਜਾਨਲੇਵਾ ਅਸਰਾਂ ਅਤੇ ਮੌਤਾਂ ਦਾ ਅੰਦਾਜ਼ਾ ਲਗਾਉਣਾ ਬਹੁਤ ਜ਼ਿਆਦਾ ਮੁਸ਼ਕਿਲ ਹੈ।

ਕਸ਼ਮੀਰ ਵਿਚ ਤਸੀਹਿਆਂ ਦਾ ਸਬੰਧ ਮਨੁੱਖੀ ਹੱਕਾਂ ਦੇ ਹੋਰ ਰੂਪਾਂ ਵਿਚ ਘਾਣ ਨਾਲ ਹੈ, ਜਿਵੇਂ ਹਿਰਾਸਤ ਵਿਚ ਮੌਤਾਂ ਅਤੇ ਮਾਰ ਕੇ ਲਾਪਤਾ ਕਰ ਦੇਣਾ। ਤਸੀਹਿਆਂ ਦਾ ਮਾਮਲਾ ਫਿਰ ਹੀ ਮੁੱਖਧਾਰਾ ਮੀਡੀਆ ਦੀ ਖਬਰ ਬਣਦਾ ਹੈ, ਜਦੋਂ ਕਿਸੇ ਦੀ ਹਿਰਾਸਤ ਵਿਚ ਹੱਤਿਆ ਕਰ ਦਿੱਤੀ ਜਾਂਦੀ ਹੈ, ਜਾਂ ਉਸ ਨੂੰ ਅਗਵਾ ਕਰਕੇ ਲਾਪਤਾ ਕਰ ਦਿੱਤਾ ਜਾਂਦਾ ਹੈ। ਨਤੀਜੇ ਵਜੋਂ, ਆਮ ਤੌਰ 'ਤੇ ਤਸੀਹਿਆਂ ਵਲ ਕਿਸੇ ਦਾ ਧਿਆਨ ਨਹੀਂ ਜਾਂਦਾ ਅਤੇ ਤਸੀਹਿਆਂ ਦਾ ਸ਼ਿਕਾਰ ਹੋਣ ਵਾਲੇ ਚੁੱਪ-ਚਾਪ ਹੀ ਇਹ ਸੰਤਾਪ ਭੋਗ ਰਹੇ ਹਨ। ਰਿਪੋਰਟ ਇਹ ਵੀ ਨੋਟ ਕਰਦੀ ਹੈ ਕਿ ਹਥਿਆਰਬੰਦ ਤਾਕਤਾਂ ਨੂੰ 'ਅਫਸਪਾ' ਕਾਨੂੰਨ ਤਹਿਤ ਕਾਨੂੰਨੀ, ਸਿਆਸੀ ਅਤੇ ਨੈਤਿਕ ਤੌਰ 'ਤੇ ਸਜ਼ਾ ਤੋਂ ਪੂਰੀ ਤਰ੍ਹਾਂ ਛੋਟ ਮਿਲੀ ਹੋਣ ਕਾਰਨ ਜੰਮੂ ਕਸ਼ਮੀਰ ਵਿਚ ਮਨੁੱਖੀ ਹੱਕਾਂ ਦੇ ਘਾਣ ਦੇ ਕਿਸੇ ਵੀ ਮਾਮਲੇ ਵਿਚ ਇਕ ਵੀ ਮੁਲਜ਼ਮ ਉਪਰ ਮੁਕੱਦਮਾ ਨਹੀਂ ਚਲਾਇਆ ਗਿਆ। ਦੂਜੇ ਸ਼ਬਦਾਂ ਵਿਚ, ਕਸ਼ਮੀਰ ਵਿਚ ਇਕ ਤਰ੍ਹਾਂ ਨਾਲ ਤਸੀਹਿਆਂ ਨੂੰ ਵਾਜਬੀਅਤ ਮਿਲੀ ਹੋਈ ਹੈ ਜਿਸ ਦੀ ਕਦੇ ਚਰਚਾ ਨਹੀਂ ਹੁੰਦੀ ਅਤੇ ਭਾਰਤ ਦੇ ਮੁੱਖਧਾਰਾ ਮੀਡੀਆ ਵਿਚ ਸ਼ਾਇਦ ਹੀ ਕਦੇ ਇਸ ਬਾਰੇ ਲਿਖਿਆ ਜਾਂਦਾ ਹੈ।

ਦਰਅਸਲ, ਤਸੀਹੇ ਭਾਰਤੀ ਸਟੇਟ ਦੀ ਨੀਤੀ ਹੈ, ਸਟੇਟ ਦੀਆਂ ਸਾਰੀਆਂ ਹੀ ਸੰਸਥਾਵਾਂ ਦੀ, ਚਾਹੇ ਇਹ ਵਿਧਾਨਘੜਨੀ ਸਭਾ ਹੋਵੇ, ਸਰਕਾਰ ਹੋਵੇ, ਅਦਾਲਤੀ ਪ੍ਰਣਾਲੀ ਹੋਵੇ ਜਾਂ ਹਥਿਆਰਬੰਦ ਤਾਕਤਾਂ ਹੋਣ; ਸਾਰਿਆਂ ਦੀ ਇਕ ਜਾਂ ਦੂਸਰੇ ਤਰੀਕੇ ਨਾਲ ਇਸ ਵਿਚ ਮਿਲੀਭੁਗਤ ਹੈ। ਮਿਸਾਲ ਵਜੋਂ, 2017 ਵਿਚ ਅਮਰਨਾਥ ਯਾਤਰਾ ਉਪਰ ਹਮਲੇ ਤੋਂ ਬਾਅਦ ਕਸ਼ਮੀਰ ਵਿਚ ਜੋ 'ਓਪਰੇਸ਼ਨ ਆਲ ਆਊਟ' ਸ਼ੁਰੂ ਕੀਤਾ ਗਿਆ ਸੀ, ਉਹ ਹੁਣ ਵੀ ਜਾਰੀ ਹੈ ਜਿਸ ਤਹਿਤ ਫੌਜ ਨੂੰ ਦਿੱਤੀ ਖੁੱਲ੍ਹੀ ਛੁੱਟੀ ਨੇ ਉਨ੍ਹਾਂ ਦੇ ਹੌਸਲੇ ਇੰਨੇ ਵਧਾ ਦਿੱਤੇ ਹਨ ਕਿ ਹਰ ਆਮ ਜਮਹੂਰੀ ਵਿਰੋਧ ਨੂੰ ਕੁਚਲਣ ਲਈ ਤਸੀਹਿਆਂ ਨੂੰ ਸੰਦ ਵਜੋਂ ਵਰਤਿਆ ਜਾ ਰਿਹਾ ਹੈ।

ਇਹ ਰਿਪੋਰਟ ਜਿਥੇ ਭਾਰਤ ਸਰਕਾਰ ਨੂੰ ਤਸੀਹਿਆਂ ਵਿਰੁਧ ਸੰਯੁਕਤ ਰਾਸ਼ਟਰ ਦੀ ਕਨਵੈਨਸ਼ਨ ਨੂੰ ਸਵੀਕਾਰ ਕਰਕੇ ਤਸੀਹਿਆਂ ਦੇ ਸਿਲਸਿਲੇ ਨੂੰ ਖਤਮ ਕਰਨ ਉਪਰ ਜ਼ੋਰ ਦਿੰਦੀ ਹੈ, ਉਥੇ ਇਹ ਸਿਫਾਰਸ਼ ਵੀ ਕਰਦੀ ਹੈ ਕਿ ਮਨੁੱਖੀ ਹੱਕਾਂ ਲਈ ਸੰਯੁਕਤ ਰਾਸ਼ਟਰ ਦਫਤਰ ਦੇ ਹਾਈ ਕਮਿਸ਼ਨਰ ਦੀ ਅਗਵਾਈ ਵਿਚ ਇਥੇ ਤਸੀਹਿਆਂ ਦੀ ਕੌਮਾਂਤਰੀ ਜਾਂਚ ਕੀਤੀ ਜਾਵੇ।

ਬਿਨਾਂ ਸ਼ੱਕ, ਭਾਰਤੀ ਸਟੇਟ ਇਸ ਰਿਪੋਰਟ ਨੂੰ ਵੀ ਉਸੇ ਤਰ੍ਹਾਂ 'ਝੂਠ ਦਾ ਪੁਲੰਦਾ' ਅਤੇ ਮਨੁੱਖੀ ਹੱਕਾਂ ਦੀਆਂ ਜਥੇਬੰਦੀਆਂ ਦਾ 'ਪ੍ਰਚਾਰ' ਕਰਾਰ ਦੇ ਕੇ ਰੱਦ ਕਰੇਗਾ, ਜਿਵੇਂ ਕਸ਼ਮੀਰ ਬਾਰੇ ਬਹੁਤ ਸਾਰੀਆਂ ਰਿਪੋਰਟਾਂ ਨਾਲ ਵਾਪਰ ਚੁੱਕਾ ਹੈ। ਜੁਲਾਈ 2018 ਵਿਚ, ਸੰਯੁਕਤ ਰਾਸ਼ਟਰ ਦੇ ਮਨੁੱਖੀ ਹੱਕਾਂ ਬਾਰੇ ਹਾਈ ਕਮਿਸ਼ਨਰ ਨੇ ਜੰਮੂ ਕਸ਼ਮੀਰ ਅਤੇ ਨਾਲ ਹੀ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ, ਅਤੇ ਗਿਲਗਿਟ-ਬਾਲਟਿਸਤਾਨ ਵਿਚ ਮਨੁੱਖੀ ਹੱਕਾਂ ਦੇ ਹਾਲਾਤ ਉਪਰ ਰਿਪੋਰਟ ਜਾਰੀ ਕੀਤੀ ਸੀ। ਸੰਯੁਕਤ ਰਾਸ਼ਟਰ ਰਿਪੋਰਟ ਨੇ ਨੋਟ ਕੀਤਾ ਕਿ ਕਸ਼ਮੀਰ ਵਿਚ ਭਾਰਤੀ ਸੁਰੱਖਿਆ ਤਾਕਤਾਂ ਵਲੋਂ 'ਅਤਿਅੰਤ ਤਾਕਤ' ਇਸਤੇਮਾਲ ਕੀਤੀ ਗਈ ਹੈ ਜਿਸ ਨਾਲ 'ਗੈਰਕਾਨੂੰਨੀ ਹੱਤਿਆਵਾਂ' ਹੋਈਆਂ ਹਨ ਅਤੇ ਬਹੁਤ ਵੱਡੀ ਤਾਦਾਦ ਵਿਚ ਲੋਕ ਜ਼ਖਮੀ ਹੋਏ ਹਨ। ਯੂ.ਐਨ. ਕਮਿਸ਼ਨਰ ਨੇ ਭਾਰਤੀ ਪ੍ਰਸ਼ਾਸਕਾਂ ਨੂੰ ਕਿਹਾ ਸੀ ਕਿ ਜੁਲਾਈ 2016 ਤੋਂ ਲੈ ਕੇ ਆਮ ਨਾਗਰਿਕਾਂ ਦੀਆਂ ਜੋ ਤਮਾਮ ਹੱਤਿਆਵਾਂ ਹੋਈਆਂ ਹਨ, ਉਨ੍ਹਾਂ ਦੀ ਜਾਂਚ ਲਈ ਆਜ਼ਾਦ, ਨਿਰਪੱਖ ਤੇ ਭਰੋਸੇਯੋਗ ਜਾਂਚ ਕਰਵਾਈ ਜਾਵੇ; ਪੈਲੇਟਗੰਨਾਂ ਦਾ ਇਸਤੇਮਾਲ ਬੰਦ ਕਰਨ ਦੇ ਆਦੇਸ਼ ਫੌਰੀ ਤੌਰ 'ਤੇ ਦਿੱਤੇ ਜਾਣ; 'ਅਫਸਪਾ' ਫੌਰੀ ਤੌਰ 'ਤੇ ਵਾਪਸ ਲਿਆ ਜਾਵੇ; ਜਿਵੇਂ ਕੌਮਾਂਤਰੀ ਕਾਨੂੰਨ ਅਨੁਸਾਰ ਕਸ਼ਮੀਰ ਦੇ ਲੋਕਾਂ ਦੇ ਸਵੈ-ਨਿਰਣੇ ਦੇ ਹੱਕ ਦਾ ਪੂਰੀ ਤਰ੍ਹਾਂ ਸਤਿਕਾਰ ਕੀਤਾ ਜਾਵੇ।

ਭਾਰਤ ਸਰਕਾਰ ਵਲੋਂ ਯੂ.ਐਨ. ਕਮਿਸ਼ਨਰ ਦੀ ਤੱਥ ਖੋਜ ਦੇ ਨਤੀਜਿਆਂ ਨੂੰ ਦੋ-ਟੁੱਕ ਰੱਦ ਕਰ ਦਿੱਤਾ ਗਿਆ। ਵਿਦੇਸ਼ ਮਾਮਲੇ ਮੰਤਰਾਲੇ ਨੇ ਰਿਪੋਰਟ ਨੂੰ 'ਝੂਠ ਦਾ ਪੁਲੰਦਾ, ਪੱਖਪਾਤੀ ਅਤੇ ਸਵਾਰਥਾਂ ਤੋਂ ਪ੍ਰੇਰਤ' ਕਰਾਰ ਦਿੰਦਿਆਂ ਕਿਹਾ ਕਿ ਇਹ 'ਮੁੱਖ ਤੌਰ 'ਤੇ ਗੈਰ ਤਸਦੀਕਸ਼ੁਦਾ ਬਿਆਨਾਂ ਦਾ ਚੁਣਵਾਂ ਸੰਗ੍ਰਹਿ ਹੈ'। ਮੰਤਰਾਲੇ ਨੇ ਇਥੋਂ ਤਕ ਕਹਿ ਦਿੱਤਾ ਕਿ ਰਿਪੋਰਟ 'ਭਾਰਤ ਦੀ ਪ੍ਰਭੂਸੱਤਾ ਤੇ ਖੇਤਰੀ ਅਖੰਡਤਾ ਦੀ ਉਲੰਘਣਾ ਕਰਦੀ ਹੈ।'

ਹੁਣੇ ਜਿਹੇ, ਸੰਯੁਕਤ ਰਾਸ਼ਟਰ ਦੀ ਮਨੁੱਖੀ ਹੱਕਾਂ ਦੀ ਕੌਂਸਲ ਨੇ ਤਿੰਨ ਸਪੈਸ਼ਲ ਨੁਮਾਇੰਦਿਆਂ ਵੱਲੋਂ ਭਾਰਤ ਸਰਕਾਰ ਨੂੰ ਚਿੱਠੀ ਲਿਖ ਕੇ ਇਹ ਸਪਸ਼ਟ ਕਰਨ ਲਈ ਕਿਹਾ ਹੈ ਕਿ ਜੰਮੂ ਕਸ਼ਮੀਰ ਵਿਚ ਤਸੀਹਿਆਂ ਅਤੇ ਗਿਣ-ਮਿਥ ਕੇ ਹੱਤਿਆਵਾਂ ਦੇ 76 ਮਾਮਲਿਆਂ ਵਿਚ ਇਸ ਵਲੋਂ ਦੋਸ਼ੀਆਂ ਨੂੰ ਸਜ਼ਾ ਦੇਣ ਜਾਂ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਨਿਆਂ ਦੇਣ ਲਈ ਕੀ ਕਦਮ ਚੁੱਕੇ ਗਏ ਹਨ, ਜਿਨ੍ਹਾਂ ਵਿਚ 2018 ਦੇ 13 ਮਾਮਲੇ ਵੀ ਸ਼ਾਮਲ ਹਨ। ਇਹ ਚਿੱਠੀ ਅਤੇ ਇਸ ਦਾ ਭਾਰਤ ਸਰਕਾਰ ਵਲੋਂ ਦਿੱਤਾ ਜਵਾਬ ਮਨੁੱਖੀ ਹੱਕਾਂ ਬਾਰੇ ਸੰਯੁਕਤ ਰਾਸ਼ਟਰ ਕੌਂਸਲ ਨੇ 18 ਮਈ ਨੂੰ ਆਪਣੀ ਵੈਬਸਾਈਟ ਉਪਰ ਪਾ ਦਿੱਤਾ ਹੈ ਜਿਸ ਵਿਚ ਦੱਸਿਆ ਗਿਆ ਹੈ ਕਿ ਭਾਰਤ ਸਰਕਾਰ ਵਲੋਂ ਇਸ ਦਾ ਕੋਈ ਵੀ ਸਪਸ਼ਟੀਕਰਨ ਦੇਣ ਤੋਂ ਨਾਂਹ ਕਰ ਦਿੱਤੀ ਗਈ।

ਭਾਰਤ ਸਰਕਾਰ ਤਸੀਹਿਆਂ ਬਾਰੇ ਹਾਲੀਆ ਰਿਪੋਰਟ ਨੂੰ ਵੀ ਇਸੇ ਤਰ੍ਹਾਂ ਸਰਸਰੀ ਤੌਰ 'ਤੇ ਰੱਦ ਕਰ ਦੇਵੇਗੀ ਅਤੇ ਇਸ ਵਲੋਂ ਜੋ ਗ਼ਲਤ ਹੋ ਰਿਹਾ ਹੈ, ਉਸ ਨੂੰ ਦਰੁਸਤ ਕਰਨ ਲਈ ਕੋਈ ਕਦਮ ਚੁੱਕਣ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਭਾਰਤੀ ਰਾਜ ਦਾ ਬੰਦੂਕਤੰਤਰ ਤੱਥ ਖੋਜ ਰਿਪੋਰਟਾਂ ਪ੍ਰਤੀ ਕਿੰਨੀ ਬੁਖਲਾਹਟ ਦਿਖਾਉਂਦਾ ਹੈ, ਇਸ ਦੀ ਮਿਸਾਲ ਐਮਨੈਸਟੀ ਇੰਟਰਨੈਸ਼ਨਲ ਦੀ ਰਿਪੋਰਟ ਨੂੰ ਜਾਰੀ ਕੀਤੇ ਜਾਣ ਤੋਂ ਰੋਕਣਾ ਹੈ। 12 ਜੂਨ ਨੂੰ ਐਮਨੈਸਟੀ ਵਲੋਂ ਸ੍ਰੀਨਗਰ ਵਿਚ 'ਪਬਲਿਕ ਸੇਫਟੀ ਐਕਟ' ਬਾਰੇ ਆਪਣੀ ਰਿਪੋਰਟ, 'ਲਾਕਾਨੂੰਨੀ ਕਾਨੂੰਨ' ਦਾ ਜ਼ੁਲਮ: ਜੇਐਂਡਕੇ ਪਬਲਿਕ ਸੇਫਟੀ ਐਕਟ ਤਹਿਤ ਬਿਨਾ ਦੋਸ਼ ਜਾਂ ਮੁਕੱਦਮਾ ਚਲਾਏ ਨਜ਼ਰਬੰਦੀ, ਜਾਰੀ ਕਰਨ ਲਈ ਪੱਤਰਕਾਰਾਂ ਨੂੰ ਸੱਦਾ ਦਿੱਤਾ ਗਿਆ ਸੀ। ਪ੍ਰਸ਼ਾਸਨ ਨੇ ਮਨਜ਼ੂਰੀ ਰੱਦ ਕਰਕੇ ਇਹ ਸਮਾਗਮ ਹੀ ਨਹੀਂ ਹੋਣ ਦਿੱਤਾ।

ਫਿਰ ਇਨ੍ਹਾਂ ਰਿਪੋਰਟਾਂ ਦਾ ਮਹੱਤਵ ਕੀ ਹੈ? ਇਸ ਸਬੰਧ ਵਿਚ ਸੰਯੁਕਤ ਰਾਸ਼ਟਰ ਦੇ ਤਸੀਹਿਆਂ ਬਾਰੇ ਸਾਬਕਾ ਵਿਸ਼ੇਸ਼ ਦੂਤ ਜੁਆਨ ਈ. ਮੈਂਡੇਜ਼ (2010-2016) ਦੇ ਇਹ ਲਫਜ਼ ਗ਼ੌਰਤਲਬ ਹਨ: "ਮੈਨੂੰ ਇਸ ਬਾਰੇ ਕੋਈ ਭੁਲੇਖਾ ਨਹੀਂ ਕਿ ਗੈਰ ਸਰਕਾਰੀ ਜਥੇਬੰਦੀਆਂ ਦੀ ਆਜ਼ਾਦਾਨਾ ਰਿਪੋਰਟ ਭਾਰਤ ਵਿਚ ਜਾਂ ਹੋਰ ਥਾਈਂ ਤਸੀਹਿਆਂ ਨੂੰ ਖਤਮ ਕਰ ਸਕਦੀ ਹੈ, ਲੇਕਿਨ ਮੈਂ ਇਸ ਗੱਲ ਦਾ ਕਾਇਲ ਹਾਂ ਕਿ ਜੇ ਕੋਈ ਰਿਪੋਰਟ ਇਸ ਰਿਪੋਰਟ ਵਾਂਗ ਬੇਕਿਰਕ, ਤੱਥ ਆਧਾਰਤ ਅਤੇ ਠੋਸ ਹੈ, ਤਾਂ ਇਹ ਤਸੀਹਿਆਂ ਦੇ ਦੁਖਾਂਤ ਬਾਰੇ ਜਨਤਕ ਜਾਗਰੂਕਤਾ ਦਾ ਮਹੱਤਵਪੂਰਨ ਅੰਗ ਜ਼ਰੂਰ ਬਣਦੀ ਹੈ। ਇਹ ਇਨ੍ਹਾਂ ਅਤਿ ਸੰਵੇਦਨਸ਼ੀਲ ਇਲਾਕਿਆਂ ਵਿਚ ਕਾਨੂੰਨ ਦੇ ਰਾਜ ਨੂੰ ਮੁੜ ਕਾਇਮ ਕਰਨ ਲਈ ਲੋੜੀਂਦੇ ਸਰਕਾਰੀ ਨੀਤੀ ਦੇ ਉਪਾਵਾਂ ਬਾਰੇ ਜਮਹੂਰੀ ਬਹਿਸ-ਮੁਬਾਸੇ ਦੀ ਮੋਹਰੀ ਵੀ ਬਣ ਸਕਦੀ ਹੈ। ਇਨ੍ਹਾਂ ਮਾਇਨਿਆਂ ਵਿਚ ਰਿਪੋਰਟ ਦਾ, ਅਤੇ ਇਸ ਨਾਲ ਜੋ ਬਹਿਸ-ਮੁਬਾਹਿਸਾ ਚੱਲੇਗਾ ਉਸ ਦਾ ਭਾਰਤ ਵਿਚ ਅਤੇ ਹੋਰ ਥਾਈਂ ਤਸੀਹਿਆਂ ਦੇ ਸਿਲਸਿਲੇ ਨੂੰ ਖਤਮ ਕਰਨ ਲਈ ਸੰਘਰਸ਼ ਵਿਚ ਚੋਖਾ ਯੋਗਦਾਨ ਹੋਵੇਗਾ।"



***ਭਾਰਤ ਵਿਚ ਹਿਰਾਸਤ ਵਿਚ ਹੱਤਿਆਵਾਂ, ਮੁਕਾਬਲਿਆਂ ਵਿਚ ਹੱਤਿਆਵਾਂ ਅਤੇ ਲਾਪਤਾ ਕਰ ਦੇਣ ਦੇ ਨਾਲ-ਨਾਲ ਕਸ਼ਮੀਰ, ਮਨੀਪੁਰ ਅਤੇ ਮੁਲਕ ਦੇ ਮਾਓਵਾਦੀ ਰਸੂਖ ਵਾਲੇ ਆਦਿਵਾਸੀ ਖੇਤਰਾਂ ਵਿਚ ਤਾਇਨਾਤ ਭਾਰਤੀ ਸੁਰੱਖਿਆ ਤਾਕਤਾਂ ਸਿਆਸੀ ਕੈਦੀਆਂ ਨੂੰ ਆਮ ਹੀ ਤਸੀਹੇ ਦਿੰਦੀਆਂ ਹਨ। ਜੰਮੂ ਕਸ਼ਮੀਰ ਵਿਚ ਭਾਰਤੀ ਹਥਿਆਰਬੰਦ ਤਾਕਤਾਂ ਅਤੇ ਪੁਲਿਸ ਦੀ ਬਹੁਤ ਜ਼ਿਆਦਾ ਮੌਜੂਦਗੀ (ਸਾਢੇ ਛੇ ਤੋਂ ਸਾਢੇ ਸੱਤ ਲੱਖ ਦਰਮਿਆਨ) ਦਾ ਮੁੱਖ ਮਨੋਰਥ ਸਥਾਨਕ ਵਸੋਂ ਉਪਰ ਕੰਟਰੋਲ ਬਣਾਈ ਰੱਖਣਾ ਹੈ।***

# ਮੌਸਮੀ ਤਬਦੀਲੀਆਂ ਦੀ ਭਾਰਤ ਨੂੰ ਮਾਰ: ਸਰਕਾਰ ਦੇ ਜਾਗਣ ਦਾ ਵੇਲਾ

ਮਈ ਦੇ ਆਖਰੀ ਅਤੇ ਜੂਨ ਦੇ ਪਹਿਲੇ ਹਫਤੇ ਭਾਰਤ ਦੇ ਕਈ ਸ਼ਹਿਰਾਂ ਦਾ ਤਾਪਮਾਨ 50 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ। ਮੌਸਮ ਨਿਗਰਾਨੀ ਵੈਬਸਾਈਟ ਐਲ.ਡੋਰਾਡੋ ਅਨੁਸਾਰ 2 ਅਤੇ 3 ਜੂਨ ਵਿਚਾਲੇ ਦੁਨੀਆਂ ਦੇ 15 ਸਭ ਤੋਂ ਗਰਮ ਸ਼ਹਿਰਾਂ ਵਿਚੋਂ 11 ਭਾਰਤ ਅਤੇ ਬਾਕੀ ਦੇ ਪਾਕਿਸਤਾਨ ਦੇ ਸਨ। ਦੇਸ਼ ਦੇ ਬਹੁਤੇ ਹਿੱਸਿਆਂ ਵਿਚ ਲੂ ਚੱਲ ਰਹੀ ਹੈ। ਗਰਮੀ ਦਾ ਕਹਿਰ ਲਗਾਤਾਰ ਵਧਦਾ ਜਾ ਰਿਹਾ ਹੈ, ਮੈਦਾਨੀ ਇਲਾਕਿਆਂ ਤੋਂ ਲੈ ਕੇ ਪਹਾੜੀ ਰਾਜਾਂ ਤੱਕ ਗਰਮੀ ਅਤੇ ਲੂ ਦੀ ਦੋਹਰੀ ਮਾਰ ਪੈ ਰਹੀ ਹੈ। ਰਾਜਸਥਾਨ ਵਿਚ ਇਸ ਵਾਰ

ਡਾ. ਗੁਰਿੰਦਰ ਕੌਰ
ਫੋਨ: 408-493-9776

ਗਰਮੀ ਦੇ ਨਵੇਂ ਰਿਕਾਰਡ ਬਣ ਰਹੇ ਹਨ। ਰਾਜਸਥਾਨ ਦੇ ਸ਼ਹਿਰ ਚੁਰੂ ਵਿਚ 2 ਜੂਨ ਨੂੰ ਦੇਸ਼ ਦੇ ਸਭ ਤੋਂ ਵੱਧ ਤਾਪਮਾਨ 50.8 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜੋ ਹੁਣ ਤੱਕ ਦਾ ਸਭ ਤੋਂ ਵੱਧ ਤਾਪਮਾਨ ਦੱਸਿਆ ਜਾ ਰਿਹਾ ਹੈ। ਇਸ ਤੋਂ ਪਹਿਲਾਂ 2016 ਵਿਚ ਇਥੇ ਵੱਧ ਤੋਂ ਵੱਧ ਤਾਪਮਾਨ 50.2 ਡਿਗਰੀ ਸੈਲਸੀਅਸ ਰਿਕਾਰਡ ਕੀਤਾ ਗਿਆ ਸੀ। ਸ੍ਰੀ ਗੰਗਾਨਗਰ ਦਾ ਤਾਪਮਾਨ ਪਹਿਲੀ ਜੂਨ ਨੂੰ 49.6 ਡਿਗਰੀ ਸੈਲਸੀਅਸ ਸੀ, ਜਿਸ ਨੇ ਇਥੋਂ ਦਾ 75 ਸਾਲਾਂ ਦਾ ਰਿਕਾਰਡ ਤੋੜ ਦਿੱਤਾ।

ਚੁਰੂ ਵਿਚ ਇੰਨੀ ਗਰਮੀ ਪੈ ਰਹੀ ਹੈ, ਜਿਸ ਨਾਲ ਇੱਥੋਂ ਦੀਆਂ ਸੜਕਾਂ ਤੱਕ ਪਿਘਲਣ ਲੱਗ ਗਈਆਂ। ਇਸ ਤੋਂ ਇਲਾਵਾ ਪੰਜਾਬ, ਹਰਿਆਣਾ, ਉਤਰ ਪ੍ਰਦੇਸ਼, ਦਿੱਲੀ ਅਤੇ ਹਿਮਾਚਲ ਪ੍ਰਦੇਸ਼ ਦੇ ਬਿਲਾਸਪੁਰ, ਊਨਾ, ਮੰਡੀ, ਸਿਰਮੌਰ ਅਤੇ ਸੋਲਨ ਆਦਿ ਪੰਜਾਬ ਨਾਲ ਲੱਗਦੇ ਹੇਠਲੇ ਜਿਲਿਆਂ ਵਿਚ ਵੀ ਤਾਪਮਾਨ 45 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ।

2 ਜੂਨ ਨੂੰ ਪੰਜਾਬ ਵਿਚ ਬਠਿੰਡਾ ਦਾ ਤਾਪਮਾਨ 46 ਡਿਗਰੀ ਸੈਲਸੀਅਸ ਸੀ, ਜੋ ਰਾਜ ਵਿਚ ਸਭ ਤੋਂ ਵੱਧ ਹੈ। ਅਸਲ ਵਿਚ ਇਸ ਸਾਲ ਦੇ ਸ਼ੁਰੂ ਵਿਚ ਹੀ ਮੌਸਮੀ ਤਬਦੀਲੀਆਂ ਦੇ ਕਹਿਰ ਦੀ ਆਮਦ ਦਾ ਅਸਰ ਦਿਸਣ ਲੱਗ ਗਿਆ ਸੀ। ਜੇ ਥੋੜ੍ਹਾ ਪਿੱਛੇ ਉਤਰੀ ਭਾਰਤ ਦੇ ਦਸੰਬਰ, ਜਨਵਰੀ, ਫਰਵਰੀ ਅਤੇ ਮਾਰਚ ਦੇ ਮਹੀਨਿਆਂ ਦੇ ਤਾਪਮਾਨ ਉਤੇ ਝਾਤ ਮਾਰੀਏ ਤਾਂ ਸਹਿਜੇ ਹੀ ਯਾਦ ਆ ਜਾਵੇਗਾ ਕਿ ਇਸ ਵਾਰ ਸਰਦੀ ਦਾ ਮੌਸਮ ਆਮ ਨਾਲੋਂ ਲੰਬਾ ਅਤੇ ਵੱਧ ਠੰਡਾ ਰਿਹਾ ਹੈ। ਮਾਰਚ ਮਹੀਨੇ ਦੇ ਅੰਤ ਤੱਕ ਸਰਦੀ ਰਹੀ ਅਤੇ ਅਪਰੈਲ ਵਿਚ ਇਕਦਮ ਤਾਪਮਾਨ ਵਧਣਾ ਸ਼ੁਰੂ ਹੋ ਗਿਆ ਤੇ ਪੱਖੇ, ਕੂਲਰ ਚੱਲਣ ਲੱਗ ਪਏ ਸਨ। ਹੁਣ ਮਈ ਤੇ ਜੂਨ ਦੇ ਮਹੀਨੇ ਵਿਚ ਤਾਪਮਾਨ ਦੇ ਵਾਧੇ ਦੇ ਰਿਕਾਰਡ ਵੀ ਟੁੱਟਣ ਲੱਗ ਪਏ।

ਜ਼ਿਕਰਯੋਗ ਹੈ ਕਿ ਜਦੋਂ ਉਤਰੀ ਭਾਰਤ ਦੇ ਰਾਜ ਫਰਵਰੀ ਅਤੇ ਮਾਰਚ ਵਿਚ ਸਰਦੀ ਦਾ ਸੰਤਾਪ ਝੱਲ ਰਹੇ ਸਨ, ਉਦੋਂ ਕੇਰਲ, ਕਰਨਾਟਕ, ਤਾਮਿਲਨਾਡੂ, ਆਂਧਰਾ ਪ੍ਰਦੇਸ਼ ਅਤੇ ਤੇਲੰਗਾਨਾ ਆਦਿ ਦੱਖਣੀ ਰਾਜ ਔਸਤ ਤੋਂ ਵੱਧ ਤਾਪਮਾਨ ਦੀ ਮਾਰ ਝੱਲ ਰਹੇ ਸਨ। ਇਨ੍ਹਾਂ ਰਾਜਾਂ ਵਿਚ ਫਰਵਰੀ ਅਤੇ ਮਾਰਚ ਮਹੀਨੇ ਔਸਤ ਤੋਂ ਵੱਧ ਗਰਮ ਰਹੇ। ਮੌਸਮੀ ਤਬਦੀਲੀ ਦਾ ਇਕ ਹੋਰ ਹੈਰਾਨੀਜਨਕ ਤੱਥ ਕਿ 2019 ਵਿਚ ਸਰਦੀ ਦੀ ਰੁੱਤ ਪਿਛੋਂ ਇਕਦਮ ਗਰਮੀ ਦੀ ਰੁੱਤ ਆ ਗਈ ਅਤੇ ਬਸੰਤ ਰੁੱਤ ਵਿਚੋਂ ਗਾਇਬ ਹੀ ਹੋ ਗਈ।

ਗਰਮੀਆਂ ਵਿਚ ਗਰਮ ਹਵਾਵਾਂ ਅਤੇ ਸਰਦੀਆਂ ਵਿਚ ਠੰਡੀਆਂ ਹਵਾਵਾਂ ਚੱਲਣ ਦੀਆਂ ਘਟਨਾਵਾਂ ਵਿਚ ਵਾਧਾ ਤਾਂ ਕਈ ਸਾਲਾਂ ਤੋਂ ਹੋ ਰਿਹਾ ਹੈ ਅਤੇ ਇਸ ਸਬੰਧੀ ਮਿਨਿਸਟਰੀ ਆਫ ਸਟੈਟਿਕਸ ਐਂਡ ਪ੍ਰੋਗਰਾਮ ਇੰਪਲੀਮੈਂਟੇਸ਼ਨ ਅਨੁਸਾਰ ਪਿਛਲੇ ਦੋ ਸਾਲਾਂ ਵਿਚ ਭਾਰਤ ਵਿਚ ਗਰਮ ਹਵਾਵਾਂ ਚੱਲਣ ਦੀਆਂ ਘਟਨਾਵਾਂ ਵਿਚ ਕਈ ਗੁਣਾ ਵਾਧਾ ਹੋਇਆ ਹੈ। ਗਰਮ ਹਵਾਵਾਂ ਦੀਆਂ ਘਟਨਾਵਾਂ ਵਿਚ 2017 ਵਿਚ 2016 ਨਾਲੋਂ 14 ਗੁਣਾ ਅਤੇ ਠੰਡੀਆਂ ਹਵਾਵਾਂ ਦੀਆਂ ਘਟਨਾਵਾਂ ਵਿਚ 34 ਗੁਣਾ ਵਾਧਾ ਹੋਇਆ ਹੈ। ਆਂਧਰਾ ਪ੍ਰਦੇਸ਼ ਦੇ ਜਿਲਾ ਮੇਡਕ ਵਿਚ 2001 ਤੋਂ 2018 ਤੱਕ ਦੇ ਫਰਵਰੀ ਅਤੇ ਮਾਰਚ ਮਹੀਨਿਆਂ ਦੇ ਔਸਤ ਤਾਪਮਾਨ ਤੋਂ 2019 ਵਿਚ 3.94 ਡਿਗਰੀ ਵਾਧਾ ਰਿਕਾਰਡ ਕੀਤਾ ਗਿਆ ਹੈ।

ਇਨ੍ਹਾਂ ਮਹੀਨਿਆਂ ਵਿਚ ਔਸਤ ਤਾਪਮਾਨ 36.62 ਡਿਗਰੀ ਸੈਲਸੀਅਸ ਸੀ, ਜੋ ਹੁਣ ਵਧ ਕੇ 40.56 ਹੋ ਗਿਆ ਹੈ, ਜਦਕਿ ਇਸ ਤੋਂ ਬਿਲਕੁਲ ਉਲਟ ਮੱਧ ਪ੍ਰਦੇਸ਼ ਦੇ ਜਿਲਾ ਵਿਦਿਸ਼ਾ ਦੀ ਤਹਿਸੀਲ ਸ੍ਰੀਰੰਜ ਦਾ ਤਾਪਮਾਨ ਇਸ ਸਾਲ ਇਸੇ ਸਮੇਂ ਵਿਚ 27.87 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜੋ ਔਸਤ (34.11 ਡਿਗਰੀ ਸੈਲਸੀਅਸ) ਤੋਂ 6.24 ਡਿਗਰੀ ਘੱਟ ਸੀ।

ਤਾਪਮਾਨ ਵਿਚ ਤੇਜ਼ੀ ਨਾਲ ਤਬਦੀਲੀ ਸਿਰਫ ਗਰਮੀ ਅਤੇ ਸਰਦੀ ਰੁੱਤ ਵਿਚ ਹੀ ਨਹੀਂ ਆ ਰਹੀ। ਮੌਸਮ ਵਿਭਾਗ ਦੇ ਅੰਕੜਿਆਂ ਅਨੁਸਾਰ ਦੇਸ਼ ਦੇ ਦੱਖਣੀ ਰਾਜਾਂ ਵਿਚ ਰਾਤ ਦਾ ਔਸਤ ਤਾਪਮਾਨ ਵੀ ਵਧਿਆ ਹੈ। ਤਾਮਿਲਨਾਡੂ ਦੀਆਂ 88 ਫੀਸਦ ਤਹਿਸੀਲਾਂ ਵਿਚ ਰਾਤ ਦੇ ਔਸਤ ਤਾਪਮਾਨ ਵਿਚ 6.1 ਡਿਗਰੀ ਤੋਂ ਲੈ ਕੇ 2.9 ਡਿਗਰੀ ਸੈਲਸੀਅਸ ਤੱਕ ਵਾਧਾ ਹੋਇਆ ਹੈ, ਜੋ ਹੋਰ ਚਿੰਤਾ ਦਾ ਵਿਸ਼ਾ ਹੈ।



ਅੱਤ ਦੀ ਗਰਮੀ ਅਤੇ ਸਰਦੀ ਪਿਛੋਂ ਹੁਣ ਕੁਝ ਰਾਜਾਂ ਵਿਚ ਝੱਖੜ, ਤੂਫਾਨ ਅਤੇ ਹਨੇਰੀਆਂ ਆਉਣ ਨਾਲ ਵੀ ਭਾਰੀ ਨੁਕਸਾਨ ਹੋ ਰਿਹਾ ਹੈ। ਹਾਲ ਹੀ ਵਿਚ ਮੌਸਮ ਵਿਭਾਗ ਨੇ ਇਹ ਵੀ ਖੁਲਾਸਾ ਕੀਤਾ ਹੈ ਕਿ ਪਿਛਲੇ 65 ਸਾਲਾਂ ਦੇ ਰਿਕਾਰਡ ਅਨੁਸਾਰ ਇਸ ਸਾਲ ਮਾਰਚ ਤੋਂ ਮਈ ਤੱਕ ਦੇ ਮਹੀਨਿਆਂ ਵਿਚ ਸਭ ਤੋਂ ਘੱਟ ਮੀਂਹ ਪਿਆ ਹੈ ਅਤੇ ਇਸ ਸਾਲ ਐਲਨੀਨੋ ਦੀ ਆਮਦ ਦਾ ਵੀ ਖਦਸ਼ਾ ਹੈ, ਕਿਉਂਕਿ ਸਮੁੰਦਰ ਦੇ ਪਾਣੀ ਦਾ ਤਾਪਮਾਨ ਤੇਜ਼ੀ ਨਾਲ ਵਧ ਰਿਹਾ ਹੈ। ਜੇ ਐਲਨੀਨੋ ਆਉਂਦਾ ਹੈ ਤਾਂ ਇਸ ਸਾਲ 2018 ਨਾਲੋਂ ਵੀ ਔਸਤ ਤਾਪਮਾਨ ਵਧ ਸਕਦਾ ਹੈ, ਜਿਸ ਨਾਲ ਆਮ ਮੌਸਮ ਵਿਚ ਹੋਰ ਗੜਬੜ ਹੋ ਸਕਦੀ ਹੈ।

ਸਾਲ 2014 ਦੀ ਆਈ. ਪੀ. ਸੀ. ਸੀ. ਦੀ ਇਕ ਰਿਪੋਰਟ ਨੇ ਖੁਲਾਸਾ ਕੀਤਾ ਸੀ ਕਿ ਧਰਤੀ ਦੇ ਔਸਤ ਤਾਪਮਾਨ ਵਿਚ ਵਾਧੇ ਨਾਲ ਦੁਨੀਆਂ ਦਾ ਕੋਈ ਵੀ ਦੇਸ਼ ਮੌਸਮੀ ਤਬਦੀਲੀਆਂ ਦੀ ਮਾਰ ਤੋਂ ਬਚ ਨਹੀਂ ਸਕੇਗਾ, ਪਰ ਭਾਰਤ ਅਤੇ ਚੀਨ ਨੂੰ ਮੌਸਮੀ ਤਬਦੀਲੀਆਂ ਕਾਰਨ ਭਾਰੀ ਨੁਕਸਾਨ ਹੋ ਸਕਦਾ ਹੈ। ਇਸੇ ਲਈ ਦੁਨੀਆਂ ਦੇ ਸਾਰੇ ਦੇਸ਼ਾਂ ਨੇ ਇਕੱਠੇ ਹੋ ਕੇ 2015 ਵਿਚ ਪੈਰਿਸ ਵਿਚ ਤਾਪਮਾਨ ਦੇ ਵਾਧੇ ਉਤੇ ਠੱਲ ਪਾਉਣ ਲਈ ਆਮ ਸਹਿਮਤੀ ਨਾਲ ਇੱਕ ਰੂਪ ਰੇਖਾ ਉਲੀਕੀ ਸੀ, ਜਿਸ ਨੂੰ ਪੈਰਿਸ ਮੌਸਮੀ ਸੰਧੀ ਵਜੋਂ ਜਾਣਿਆ ਜਾਂਦਾ ਹੈ, ਜਿਸ ਵਿਚ ਹਰ ਦੇਸ਼ ਨੇ ਆਪਣੇ ਹਿੱਤਾਂ ਅਤੇ ਵਿਕਾਸ ਨੂੰ ਮੱਦੇਨਜ਼ਰ ਰੱਖਦਿਆਂ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਵਿਚ ਕਟੌਤੀ ਕਰਨ ਦੀ ਹਾਮੀ ਵੀ ਭਰੀ, ਪਰ 3 ਸਾਲਾਂ ਬਾਅਦ 2018 ਵਿਚ ਪੋਲੈਂਡ ਦੇ ਸ਼ਹਿਰ ਕਾਟੋਵਿਸ ਇਸ ਸਬੰਧੀ ਹੋਈ ਕਾਨਫਰੰਸ ਵਿਚ ਸਾਰੇ ਦੇਸ਼ਾਂ ਦੀ ਤਾਪਮਾਨ ਦੇ ਉਦਯੋਗਿਕ ਸਮੇਂ ਦੇ ਔਸਤ ਤਾਪਮਾਨ ਤੋਂ ਵਧ ਤੋਂ ਵਧ ਵਾਧੇ ਭਾਵ 1.5 ਡਿਗਰੀ ਜਾਂ 2.0 ਡਿਗਰੀ ਸੈਲਸੀਅਸ ਬਾਰੇ ਕੋਈ ਰਾਇ ਨਹੀਂ ਸੀ ਬਣ ਸਕੀ, ਜਿਸ ਲਈ ਇਹ ਮੁੱਦਾ ਇਕ ਸਾਲ ਹੋਰ ਲਟਕਾ ਕੇ ਇਸ ਸਾਲ ਹੋਣ ਵਾਲੀ ਕਾਨਫਰੰਸ ਉਤੇ ਪਾ ਦਿੱਤਾ ਗਿਆ ਸੀ, ਪਰ ਇਸ ਤਰ੍ਹਾਂ ਦੇਰੀ ਕਰਨ ਨਾਲ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਲਗਾਤਾਰ ਵਧ ਰਹੀ ਹੈ, ਜਿਸ ਨਾਲ ਤਾਪਮਾਨ ਵਿਚ ਅਣਕਿਆਸੀਆਂ ਤਬਦੀਲੀਆਂ ਆ ਰਹੀਆਂ ਹਨ। ਹੁਣ ਸਵਾਲ ਉਠਦਾ ਹੈ ਕਿ ਜੇ ਕੌਮਾਂਤਰੀ ਪੱਧਰ ਉਤੇ ਕੁਝ ਨਹੀਂ ਹੋ ਰਿਹਾ ਤਾਂ ਦੇਸ਼ ਆਪਣੇ ਪੱਧਰ 'ਤੇ ਕੀ ਕਰ ਰਹੇ ਹਨ?

ਗਰੀਨ ਹਾਊਸ ਗੈਸਾਂ ਦੇ ਨਿਕਾਸ ਵਿਚ ਕਮੀ ਕਰਨ ਲਈ ਸਭ ਤੋਂ ਪਹਿਲਾਂ ਤੇਲ, ਕੋਇਲੇ ਆਦਿ ਦੀ ਵਰਤੋਂ ਘਟਾ ਕੇ ਕੁਦਰਤੀ ਸਰੋਤਾਂ ਭਾਵ ਹਵਾ, ਪਾਣੀ ਅਤੇ ਸੂਰਜੀ ਸਰੋਤਾਂ ਤੋਂ ਊਰਜਾ ਪੈਦਾ ਕਰਨੀ ਚਾਹੀਦੀ ਹੈ, ਪਰ ਸਾਡੇ ਦੇਸ਼ ਨੇ ਇਸ ਪਾਸੇ ਵੱਲ ਹਾਲੇ ਤੱਕ ਕੋਈ ਉਚੇਚਾ ਉਪਰਾਲਾ ਨਹੀਂ ਕੀਤਾ। ਇਸ ਸਬੰਧੀ ਦੂਜਾ ਕਦਮ ਜੰਗਲਾਂ ਦੇ ਰਕਬੇ ਵਿਚ ਵਾਧਾ ਕਰਨਾ ਹੈ, ਕਿਉਂਕਿ ਰੁੱਖ ਗਰੀਨ ਹਾਊਸ ਗੈਸਾਂ ਨੂੰ ਕਾਫੀ ਮਾਤਰਾ ਵਿਚ ਜਜ਼ਬ ਕਰ ਲੈਂਦੇ ਹਨ। ਸਾਡੇ ਦੇਸ਼ ਦੇ ਅੰਕੜਿਆਂ ਅਨੁਸਾਰ ਤਾਂ ਪਿਛਲੇ ਦੋ ਸਾਲਾਂ ਵਿਚ ਜੰਗਲਾਂ ਥੱਲੇ 1 ਫੀਸਦ ਰਕਬਾ ਵਧਿਆ ਹੈ, ਪਰ ਅਸਲ ਵਿਚ ਇਸ ਵਿਚੋਂ 82 ਫੀਸਦ ਰਕਬਾ ਖੇਤੀਬਾੜੀ ਥੱਲੇ ਵਧਿਆ ਹੈ ਜਦਕਿ ਸਿਰਫ 4.4 ਫੀਸਦ ਜੰਗਲਾਂ ਥੱਲੇ ਵਧਿਆ ਹੈ, ਜੋ ਬਹੁਤ ਹੀ ਘੱਟ ਹੈ ਅਤੇ ਨਵੇਂ ਲੱਗੇ ਪੌਦਿਆਂ ਨੂੰ ਰੁੱਖ ਬਣਨ ਵਿਚ ਕਾਫੀ ਸਾਲ ਲੱਗ ਜਾਂਦੇ ਹਨ, ਜੋ ਗਰੀਨ ਹਾਊਸ ਗੈਸਾਂ ਨੂੰ ਜਜ਼ਬ ਕਰ ਸਕੇ। ਜੇ ਅਸੀਂ ਅੰਕੜਿਆਂ ਨੂੰ ਅੱਖੋਂ-ਪਰੋਖੇ ਕਰਕੇ ਆਪਣੇ ਆਲੇ-ਦੁਆਲੇ ਸਰਸਰੀ ਨਜ਼ਰ ਵੀ ਮਾਰ ਲਈਏ ਤਾਂ ਇਹ ਸਾਫ ਨਜ਼ਰ ਆਉਂਦਾ ਹੈ ਕਿ ਆਰਥਕ ਵਿਕਾਸ ਦੀ ਆੜ ਥੱਲੇ ਵੱਡੇ ਦਰਖਤ ਤੇਜ਼ੀ ਨਾਲ ਕੱਟੇ ਜਾ ਰਹੇ ਹਨ, ਜੋ ਇੱਕ ਬਹੁਤ ਹੀ ਖਤਰਨਾਕ ਵਰਤਾਰਾ ਹੈ।

ਭਾਰਤ ਵਿਚ ਤੇਜ਼ੀ ਨਾਲ ਬਦਲਦੇ ਮੌਸਮ ਨੂੰ ਦੇਖਦਿਆਂ ਸਰਕਾਰ ਨੂੰ ਚਾਹੀਦਾ ਹੈ ਕਿ ਲੋੜੀਂਦੀ ਊਰਜਾ ਕੁਦਰਤੀ ਸਰੋਤਾਂ ਤੋਂ ਪੈਦਾ ਕਰੇ। ਇਸ ਤੋਂ ਇਲਾਵਾ ਆਵਾਜਾਈ ਦੇ ਸਾਧਨਾਂ ਦੇ ਨਿੱਜੀਕਰਨ ਨੂੰ ਘਟਾਉਣ ਲਈ ਜਨਤਕ ਆਵਾਜਾਈ ਦੇ ਸਾਧਨਾਂ ਨੂੰ ਚੁਸਤ ਦਰੁਸਤ ਕਰੇ ਤਾਂ ਕਿ ਲੋਕ ਇਕ ਤੋਂ ਦੂਜੇ ਥਾਂ ਆਰਾਮ ਨਾਲ ਆ-ਜਾ ਸਕਣ। ਇਸ ਤੋਂ ਇਲਾਵਾ ਜੰਗਲਾਂ ਦੇ ਰਕਬੇ ਵਿਚ ਸੰਜੀਦਗੀ ਨਾਲ ਵਾਧਾ ਕਰੇ। ਖਾਨਾਪੂਰਤੀ ਕਰਨ ਤੋਂ ਗੁਰੇਜ਼ ਕਰੇ। ਇਸ ਦੇ ਨਾਲ ਨਾਲ ਦੇਸ਼ ਦੇ ਤੱਟਵਰਤੀ ਇਲਾਕਿਆਂ ਵਿਚਲੀਆਂ ਕੁਦਰਤੀ ਜਲਗਾਹਾਂ ਤੱਟਵਰਤੀ ਇਲਾਕਿਆਂ ਦੇ ਆਰਥਕ ਵਿਕਾਸ ਦੇ ਬਹਾਨੇ ਨਵੇਂ ਕਾਨੂੰਨ ਬਣਾ ਕੇ ਬਰਬਾਦ ਨਾ ਕਰੇ। ਜੇ ਸਰਕਾਰ ਨੇ ਇਸ ਪਾਸੇ ਧਿਆਨ ਨਾ ਦਿੱਤਾ ਤਾਂ ਉਹ ਦਿਨ ਦੂਰ ਨਹੀਂ ਜਦੋਂ ਭਾਰਤ ਮੌਸਮੀ ਤਬਦੀਲੀਆਂ ਦੀ ਮਾਰ ਸਹਿੰਦਾ ਆਪਣੀ ਹੋਂਦ ਬਚਾਉਣ ਤੋਂ ਅਸਮਰੱਥ ਹੋ ਜਾਵੇਗਾ।

# ਪੰਜਾਬ ਵਿਚ ਫਸਲੀ ਵੰਨ-ਸੁਵੰਨਤਾ ਕਿਵੇਂ ਸੰਭਵ ਹੋਵੇ?

ਭਾਰਤ ਦੀ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਦੇ ਅਹੁਦੇਦਾਰਾਂ, ਸਲਾਹਕਾਰਾਂ ਅਤੇ ਹੋਰ ਨੀਤੀਵਾਨਾਂ ਵੱਲੋਂ ਪੰਜਾਬ ਦੇ ਕਿਸਾਨਾਂ ਨੂੰ ਫਸਲੀ ਵੰਨ-ਸੁਵੰਨਤਾ ਬਾਰੇ ਅਕਸਰ ਸਲਾਹ ਅਤੇ ਹਦਾਇਤ ਦਿੱਤੀ ਜਾਂਦੀ ਹੈ। ਲੰਬੇ ਸਮੇਂ ਤੋਂ ਪੰਜਾਬ ਵਿਚ ਕਿਸਾਨਾਂ ਵੱਲੋਂ ਮੁੱਖ ਤੌਰ 'ਤੇ ਦੋ ਫਸਲਾਂ-ਕਣਕ ਅਤੇ ਝੋਨੇ/ਧਾਨ ਦੀ ਕਾਸ਼ਤ ਕੀਤੀ ਜਾਂਦੀ ਆ ਰਹੀ ਹੈ।

ਪੰਜਾਬ ਦੇ ਕਿਸਾਨਾਂ ਨੇ ਫਸਲੀ ਵੰਨ-ਸੁਵੰਨਤਾ ਦੇ ਅਨੇਕਾਂ ਉਪਰਾਲੇ ਕੀਤੇ ਹਨ, ਜੋ ਬਹੁਤੇ ਸਫਲ ਨਹੀਂ ਹੋਏ। ਉਨ੍ਹਾਂ ਕਣਕ ਅਤੇ ਝੋਨੇ ਤੋਂ ਇਲਾਵਾ ਰੁੱਖਾਂ, ਸਬਜ਼ੀਆਂ, ਬਾਗਬਾਨੀ, ਤੇਲ ਬੀਜਾਂ ਅਤੇ ਅਨਾਜਾਂ ਦੀਆਂ ਹੋਰ ਫਸਲਾਂ ਦੀ ਕਾਸ਼ਤ

ਡਾ. ਗਿਆਨ ਸਿੰਘ*
ਫੋਨ: 408-493-9776

ਲਈ ਅਣਥੱਕ ਕੋਸ਼ਿਸ਼ਾਂ ਕੀਤੀਆਂ, ਪਰ ਪੱਲੇ ਅਸਫਲਤਾ ਹੀ ਪਈ।

ਅੱਜ ਕੱਲ੍ਹ ਪੰਜਾਬ ਦੀਆਂ ਕਿਸਾਨ ਮੰਡੀਆਂ 'ਚ ਇਕ ਤੇਲ ਬੀਜ ਫਸਲ ਸੂਰਜਮੁਖੀ ਦੀ ਜਿਣਸ ਆ ਰਹੀ ਹੈ। ਪੰਜਾਬ ਦੀਆਂ ਮੰਡੀਆਂ ਵਿਚੋਂ ਆ ਰਹੀਆਂ ਖਬਰਾਂ ਅਨੁਸਾਰ ਸੂਰਜਮੁਖੀ ਦੀ ਕੇਂਦਰ ਸਰਕਾਰ ਵੱਲੋਂ ਤੈਅ ਕੀਤਾ ਘੱਟੋ-ਘੱਟ ਭਾਅ ਵੀ ਇਸ ਜਿਣਸ ਲਈ ਨਹੀਂ ਦਿਤਾ ਜਾ ਰਿਹਾ। ਕੇਂਦਰ ਅਤੇ ਪੰਜਾਬ ਦੀਆਂ ਖਰੀਦ ਏਜੰਸੀਆਂ ਖਰੀਦ ਨਹੀਂ ਕਰ ਰਹੀਆਂ। ਵਪਾਰੀ ਕੇਂਦਰ ਸਰਕਾਰ ਵਲੋਂ ਤੈਅ ਕੀਤੇ ਗਏ ਘੱਟੋ-ਘੱਟ ਸਮਰਥਨ ਭਾਅ ਤੋਂ ਕਰੀਬ 30 ਫੀਸਦ ਘੱਟ ਕੀਮਤ 'ਤੇ ਖਰੀਦ ਕਰ ਰਹੇ ਹਨ। ਸੂਰਜਮੁਖੀ ਪੈਦਾ ਕਰਨ ਵਾਲੇ ਕਿਸਾਨਾਂ ਵਿਚ ਭਾਰੀ ਨਿਰਾਸ਼ਾ ਹੈ।

ਪੰਜਾਬ ਦੇ ਕਿਸਾਨਾਂ ਨੇ ਫਸਲੀ ਵੰਨ-ਸੁਵੰਨਤਾ ਲਈ ਰੁੱਖਾਂ ਦੇ ਸਬੰਧ ਵਿਚ ਸਫੈਦੇ ਅਤੇ ਪੋਪਲਰ ਵੱਲ ਕਾਫੀ ਧਿਆਨ ਦਿੱਤਾ, ਪਰ ਜਦੋਂ ਇਹ ਰੁੱਖ ਵੱਢ ਕੇ ਵੇਚਣ ਲਈ ਮੰਡੀਆਂ ਵਿਚ ਲੈ ਕੇ ਗਏ ਤਾਂ ਇਨ੍ਹਾਂ ਦੀ ਸਰਕਾਰ ਵੱਲੋਂ ਘੱਟੋ-ਘੱਟ ਸਮਰਥਨ ਕੀਮਤ ਤੈਅ ਨਾ ਕੀਤੇ ਜਾਣ ਕਾਰਨ ਵਪਾਰੀਆਂ ਨੇ ਜਿੰਨੇ ਪੈਸੇ ਦਿੱਤੇ, ਉਹ ਕਣਕ ਅਤੇ ਝੋਨੇ ਤੋਂ ਮਿਲਣ ਵਾਲੀ ਆਮਦਨ ਤੋਂ ਕਿਤੇ ਘੱਟ ਸਨ। ਨਤੀਜੇ ਵਜੋਂ ਪੰਜਾਬ ਦੇ ਕਿਸਾਨਾਂ ਨੇ ਇਸ ਪਾਸੇ ਤੋਂ ਆਪਣਾ ਮੂੰਹ ਮੋੜ ਲਿਆ।

ਸਰਕਾਰਾਂ ਨੇ ਪੰਜਾਬ ਦੇ ਕਿਸਾਨਾਂ ਨੂੰ ਸਬਜ਼ੀਆਂ ਦੀ ਕਾਸ਼ਤ ਵੱਲ ਆਉਣ ਲਈ ਅਨੇਕਾਂ ਵਾਰ ਵਾਅਦੇ/ਦਾਅਵੇ ਕੀਤੇ ਅਤੇ ਹੁਣ ਵੀ ਕਰ ਰਹੀਆਂ ਹਨ ਕਿ ਇੱਧਰ ਆਉਣ ਨਾਲ ਉਨ੍ਹਾਂ ਦੀ ਆਮਦਨ ਵਿਚ ਚੋਖਾ ਵਾਧਾ ਹੋਵੇਗਾ। ਅਸਲ ਵਿਚ ਸਬਜ਼ੀਆਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਕੇਂਦਰ ਸਰਕਾਰ ਵਲੋਂ ਤੈਅ ਨਾ ਕੀਤੇ ਜਾਣ ਕਾਰਨ ਸਰਕਾਰਾਂ ਦੇ ਦਾਅਵੇ ਸਿਰਫ ਸਬਜ਼ਬਾਗ ਹੀ ਸਾਬਤ ਹੋਏ ਹਨ। ਆਲੂਆਂ ਸਬੰਧੀ ਪਿਛਲੇ ਤਿੰਨ ਸਾਲਾਂ ਵਿਚ ਵਪਾਰੀਆਂ ਨੇ ਕਿਸਾਨਾਂ ਦੀ ਇੰਨੀ ਦੁਰਦਸ਼ਾ ਕੀਤੀ ਹੈ ਕਿ ਦੁਆਬੇ ਦੇ ਇਲਾਕੇ, ਜਿਥੇ ਆਲੂਆਂ ਦੀ ਬਿਜਾਈ ਮਾਝੇ ਅਤੇ ਮਾਲਵੇ ਦੇ ਇਲਾਕਿਆਂ ਨਾਲੋਂ ਕਿਤੇ ਵੱਧ ਕੀਤੀ ਜਾਂਦੀ ਹੈ, ਤੋਂ ਕਿਸਾਨ ਖੁਦਕੁਸ਼ੀਆਂ ਦੀ ਖਬਰ ਵੀ ਆਈ। ਅੱਜ ਕੱਲ੍ਹ ਖੀਰੇ ਅਤੇ ਕੱਦੂਆਂ ਦੀ ਕੀਮਤ ਇੰਨੀ ਘੱਟ ਮਿਲ ਰਹੀ ਹੈ ਕਿ ਮੰਡੀ ਤੱਕ ਦੇ ਢੋਆ-ਢੁਆਈ ਦੇ ਖਰਚੇ ਵੀ ਪੂਰੇ ਨਾ ਹੋਣ ਕਾਰਨ ਜਾਂ ਇਹ ਫਸਲਾਂ ਖੇਤਾਂ ਵਿਚ ਸੜ ਰਹੀਆਂ ਹਨ ਜਾਂ ਸੜਕਾਂ, ਨਹਿਰਾਂ, ਰੇਲ ਪਟੜੀਆਂ ਆਦਿ ਦੇ ਕਿਨਾਰਿਆਂ 'ਤੇ ਸੁੱਟੀਆਂ ਨਜ਼ਰ ਆਉਂਦੀਆਂ ਹਨ।

ਪੰਜਾਬ ਦੇ ਕਿਸਾਨਾਂ ਨੇ ਬਾਗਬਾਨੀ ਵੱਲ ਜਾਣ ਦੇ ਵੀ ਉਪਰਾਲੇ ਕੀਤੇ। ਸਰਕਾਰਾਂ ਦੀਆਂ ਸਲਾਹਾਂ ਮੰਨਦਿਆਂ ਅੰਗੂਰਾਂ ਦੀ ਕਾਸ਼ਤ ਵੱਲ ਵਿਸ਼ੇਸ਼ ਧਿਆਨ ਦਿੱਤਾ, ਪਰ ਪੱਲੇ ਨਿਰਾਸ਼ਾ ਅਤੇ ਕਰਜ਼ਾ ਹੀ ਪਏ। ਇਹੋ ਕਹਾਣੀ ਅਮਰੂਦਾਂ, ਬੇਰਾਂ ਆਦਿ ਦੀ ਹੈ। ਕਿੰਨੂਆਂ ਸਬੰਧੀ ਵੀ ਕੋਈ ਚੰਗੀ ਖਬਰ ਨਹੀਂ। ਇਸ ਵਾਰ ਖਰਬੂਜੇ ਦੇ ਮਹਿੰਗੇ ਬੀਜ ਲੈ ਕੇ ਵੀ ਕਿਸਾਨਾਂ ਦੇ ਪੱਲੇ ਨਿਰਾਸ਼ਾ ਪਈ, ਕਿਉਂਕਿ ਖਰਬੂਜਿਆਂ ਦੀ ਤੁੜਾਈ ਮੌਕੇ ਹੋਈ ਲਗਾਤਾਰ ਬੱਦਲਵਾਈ ਅਤੇ ਮੀਂਹ ਕਾਰਨ ਮੰਡੀਆਂ ਵਿਚ ਇਨ੍ਹਾਂ ਦੀ ਕੀਮਤ ਬਹੁਤ ਘੱਟ ਮਿਲੀ। ਮਜਬੂਰਨ ਕੁਝ ਕਿਸਾਨਾਂ ਨੇ ਇਸ ਫਸਲ ਨੂੰ ਖੇਤਾਂ ਵਿਚ ਹੀ ਛੱਡ ਦਿੱਤਾ।

ਫਸਲੀ ਵੰਨ-ਸੁਵੰਨਤਾ ਸਬੰਧੀ ਪੰਜਾਬ ਦੇ ਕਿਸਾਨਾਂ ਨੇ ਸਰਦੀ ਅਤੇ ਗਰਮੀ ਵਿਚ ਮੱਕੀ ਦੀ ਦੋ ਵਾਰ ਬਿਜਾਈ ਸ਼ੁਰੂ ਕੀਤੀ ਹੋਈ ਹੈ। ਮੱਕੀ ਦੀ ਜਿਣਸ ਦੀ ਕੇਂਦਰ ਸਰਕਾਰ ਵੱਲੋਂ ਘੱਟੋ-ਘੱਟ ਸਮਰਥਨ ਦੀ ਤੈਅ ਕੀਤੀ ਜਾਂਦੀ ਹੈ, ਪਰ ਕਦੇ ਵੀ ਕੀਮਤ 'ਤੇ ਪੰਜਾਬ ਵਿਚੋਂ ਮੱਕੀ ਦੀ ਖਰੀਦ ਨਹੀਂ ਕੀਤੀ ਗਈ। ਬਿਲਕੁਲ ਇਹੋ ਤਸਵੀਰ ਕਪਾਹ-ਨਰਮੇ ਦੀ ਹੈ। ਇਸ ਸਬੰਧੀ ਪੰਜਾਬ ਦੇ ਕੁਝ ਇਲਾਕਿਆਂ ਵਿਚ ਕਿਸਾਨਾਂ ਨੇ ਇਕ ਹੋਰ ਸਾਲਾਨਾ ਫਸਲ ਕਮਾਦ ਦੀ ਬਿਜਾਈ ਸ਼ੁਰੂ ਕੀਤੀ ਹੋਈ ਹੈ ਅਤੇ ਆਮ ਤੌਰ 'ਤੇ ਇਸ ਦਾ ਘੱਟੋ-ਘੱਟ ਤੈਅ ਕੀਤਾ ਭਾਅ ਮਿਲਦਾ ਰਿਹਾ ਹੈ, ਪਰ ਭੱਠ ਪਿਆ ਸੋਨਾ ਜੋ ਕੰਨਾਂ ਨੂੰ ਖਾਵੇ ਕਿਉਂਕਿ ਗੰਨੇ ਦੀ ਵਿਕਰੀ ਦੀ ਅਦਾਇਗੀ ਸਾਲਾਂ ਭਰ ਲਟਕਦੀ ਰਹਿੰਦੀ ਹੈ ਅਤੇ ਕਿਸਾਨਾਂ ਨੂੰ ਧਰਨੇ/ਪ੍ਰਦਰਸ਼ਨ ਕਰਨੇ ਪੈਂਦੇ ਹਨ, ਜਿਸ ਪਿਛੋਂ ਉਨ੍ਹਾਂ ਨੂੰ ਕੁਝ ਵਾਅਦੇ ਮਿਲ ਜਾਂਦੇ ਹਨ, ਜੋ ਘੱਟ ਹੀ ਅਮਲ 'ਚ ਆਉਂਦੇ ਹਨ।

1960ਵਿਆਂ ਵਿਚ ਸ਼ੁਰੂ ਦੇ ਸਾਲਾਂ ਤੋਂ ਪਹਿਲਾਂ ਪੰਜਾਬ ਵਿਚ ਕੁਦਰਤੀ ਖੇਤੀਬਾੜੀ ਅਤੇ ਫਸਲੀ ਵੰਨ-ਸੁਵੰਨਤਾ ਦੇ ਨਾਲ ਨਾਲ ਆਪਸੀ ਭਾਈਚਾਰਾ ਲੋਕਾਂ ਦੀ ਜ਼ਿੰਦਗੀ ਲਈ ਬਹੁਤ ਹੀ ਸੁਖਦਾਈ ਸਨ। ਮੁਲਕ ਵਿਚ ਅਨਾਜ ਪਦਾਰਥਾਂ ਦੀ ਭਾਰੀ ਥੁੜ੍ਹ ਕਾਰਨ ਪੰਜਾਬ ਵਿਚ ਪਹਿਲਾਂ ਆਈ. ਏ. ਡੀ. ਪੀ. ਅਤੇ ਆਈ. ਏ. ਪੀ. ਪ੍ਰੋਗਰਾਮਾਂ ਤੇ ਬਾਅਦ ਵਿਚ 'ਖੇਤੀਬਾੜੀ ਦੀ ਨਵੀਂ ਜੁਗਤ', ਜੋ ਵੱਧ ਝਾੜ ਦੇਣ ਵਾਲੇ ਬੀਜਾਂ, ਯਕੀਨੀ ਸਿੰਚਾਈ, ਰਸਾਇਣਕ ਖਾਦਾਂ, ਕੀਟਨਾਸ਼ਕਾਂ, ਨਦੀਨਨਾਸ਼ਕਾਂ, ਮਸ਼ੀਨਰੀ ਅਤੇ ਖੇਤੀਬਾੜੀ ਦੇ ਆਧੁਨਿਕ ਢੰਗਾਂ ਦਾ ਪੁਲੰਦਾ ਸੀ, ਪਹਿਲ ਦੇ ਆਧਾਰ 'ਤੇ ਸ਼ੁਰੂ ਕੀਤੀ ਗਈ। ਇਸ ਸਬੰਧੀ ਕੇਂਦਰ ਸਰਕਾਰ ਨੂੰ ਵੱਡੀ ਕਾਮਯਾਬੀ ਪੰਜਾਬ ਵਿਚ ਕਣਕ ਦੀ ਪੈਦਾਵਾਰ ਸਬੰਧੀ ਮਿਲੀ। ਨਤੀਜੇ ਵੱਲੋਂ ਕੇਂਦਰ ਸਰਕਾਰ ਦੀ ਬਾਹਰਲੇ ਮੁਲਕਾਂ ਤੋਂ ਉਨ੍ਹਾਂ ਦੀਆਂ ਸ਼ਰਤਾਂ 'ਤੇ ਅਨਾਜ ਮੰਗਵਾਉਣ ਲਈ ਨਿਰਭਰਤਾ ਖਤਮ ਹੋ ਗਈ। ਕਣਕ ਸਬੰਧੀ ਪੰਜਾਬ ਵੱਲੋਂ ਕੇਂਦਰੀ ਅਨਾਜ ਭੰਡਾਰ ਵਿਚ ਪਾਏ ਯੋਗਦਾਨ ਨੂੰ ਧਿਆਨ ਵਿਚ ਰੱਖਦਿਆਂ ਕੇਂਦਰ ਸਰਕਾਰ ਨੇ 1973 ਤੋਂ ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੀ ਨੀਤੀ ਰਾਹੀਂ ਝੋਨੇ ਦੀ ਫਸਲ ਪੰਜਾਬ ਦੇ ਕਿਸਾਨਾਂ ਦੇ ਸਿਰ ਮੜ੍ਹ ਦਿੱਤੀ, ਜੋ ਅੱਜ ਤੱਕ ਵੀ ਪਿੱਛਾ ਨਹੀਂ ਛੱਡ ਰਹੀ। ਇਸ ਫਸਲ ਨੇ ਪੰਜਾਬ ਵਿਚ ਫਸਲੀ ਵੰਨ-ਸੁਵੰਨਤਾ ਨੂੰ ਵੱਡੀ ਢਾਹ ਲਾਉਣ ਦੇ ਨਾਲ ਨਾਲ ਇੱਥੋਂ ਦੇ ਧਰਤੀ ਹੇਠਲੇ ਪਾਣੀ ਅਤੇ ਵਾਤਾਵਰਨ ਦਾ ਵੀ ਬਹੁਤ ਨੁਕਸਾਨ ਕੀਤਾ ਹੈ।

'ਖੇਤੀਬਾੜੀ ਦੀ ਨਵੀਂ ਜੁਗਤ' ਦੀ ਰੂਹ ਦੇ ਵਪਾਰੀਕਰਨ/ਨਫਾ ਕਮਾਉਣ ਵਾਲੀ ਹੋਣ ਕਾਰਨ ਇਸ ਨੇ ਪੰਜਾਬ ਦੇ ਪੇਂਡੂ ਭਾਈਚਾਰੇ ਨੂੰ ਨਿੱਜਵਾਦ ਅਤੇ ਪਦਾਰਥਵਾਦ ਦਾ ਸ਼ਿਕਾਰ ਬਣਾ ਦਿੱਤਾ, ਜਿਸ ਦੀ ਇੱਥੋਂ ਦੇ ਲੋਕ ਵੱਡੀ ਕੀਮਤ ਦੇ ਰਹੇ ਹਨ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬ ਦੇ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਛੋਟੇ ਕਾਰੀਗਰਾਂ ਦੀ ਹੱਡ-ਭੰਨਵੀਂ ਮਿਹਨਤ ਨੇ ਕੇਂਦਰੀ ਅਨਾਜ-ਭੰਡਾਰ ਨੂੰ ਨੱਕੋ-ਨੱਕ ਭਰਿਆ ਅਤੇ ਭਰ ਰਿਹਾ ਹੈ। ਇਕੱਲਾ ਪੰਜਾਬ, ਜੋ ਖੇਤਰਫਲ ਪੱਖੋਂ ਬਹੁਤ ਛੋਟਾ (1.54 ਫੀਸਦ) ਸੂਬਾ ਹੈ ਕਣਕ ਅਤੇ ਝੋਨੇ ਸਬੰਧੀ ਲੰਬੇ ਸਮੇਂ ਲਈ 50 ਫੀਸਦ ਦੇ ਕਰੀਬ ਯੋਗਦਾਨ ਪਾਉਂਦਾ ਰਿਹਾ ਹੈ। ਕੇਂਦਰ ਸਰਕਾਰ ਵੱਲੋਂ ਮੁਲਕ ਦੇ ਦੂਜੇ ਸੂਬਿਆਂ ਦੀ ਖੇਤੀਬਾੜੀ ਵਿਕਾਸ ਵੱਲ ਵਿਸ਼ੇਸ਼ ਤਰਜੀਹ ਦਿੱਤੇ ਜਾਣ ਕਾਰਨ ਪੰਜਾਬ ਦਾ ਇਹ ਯੋਗਦਾਨ ਕੁਝ ਘਟਿਆ ਹੈ, ਪਰ ਹਾਲੇ ਵੀ ਇਹ ਯੋਗਦਾਨ 35 ਤੋਂ 40 ਫੀਸਦ ਵਿਚਾਲੇ ਹੈ ਅਤੇ ਮੁਲਕ ਵਿਚ ਕੁਦਰਤੀ ਆਫਤਾਂ ਮੌਕੇ ਇਹ ਯੋਗਦਾਨ ਸਿਰਫ ਅਡੋਲ ਹੀ ਨਹੀਂ ਰਹਿੰਦਾ, ਸਗੋਂ ਵਧ ਜਾਂਦਾ ਹੈ, ਜਿਸ ਦੀ ਕੀਮਤ ਪੰਜਾਬ ਦੇ ਕਿਸਾਨਾਂ ਅਤੇ ਸਰਕਾਰ ਨੂੰ ਦੇਣੀ ਪੈਂਦੀ ਹੈ।

ਪੰਜਾਬ ਦੇ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਵਲੋਂ ਘਾਟਾ ਅਤੇ ਬਹੁਤ ਸਾਰੀਆਂ ਤਕਲੀਫਾਂ ਝੱਲ ਕੇ ਕੇਂਦਰੀ ਅਨਾਜ ਭੰਡਾਰ ਵਿਚ ਪਾਏ ਯੋਗਦਾਨ ਨੂੰ ਧਿਆਨ ਵਿਚ ਰੱਖਦਿਆਂ ਕੇਂਦਰ ਸਰਕਾਰ ਦਾ ਫਰਜ਼ ਬਣਦਾ ਹੈ ਕਿ ਇਸ ਸੂਬੇ ਵਿਚ ਫਸਲੀ ਵੰਨ-ਸੁਵੰਨਤਾ ਲਿਆਉਣ ਲਈ ਇੱਥੋਂ ਦੇ ਖੇਤੀਬਾੜੀ-ਜਲਵਾਯੂ ਅਨੁਸਾਰ ਫਸਲੀ-ਚੱਕਰ ਅਪਨਾਉਣ ਵਿਚ ਬਣਦੀ ਮਦਦ ਕਰੇ। ਇਸ ਖਾਤਰ ਕੇਂਦਰ ਸਰਕਾਰ ਪੰਜਾਬ ਦੇ ਵੱਖ ਵੱਖ ਖੇਤਰਾਂ ਦੀਆਂ ਖੇਤੀਬਾੜੀ-ਜਲਵਾਯੂ ਹਾਲਤਾਂ ਅਨੁਸਾਰ ਉਥੇ ਪੈਦਾ ਹੋਣ ਵਾਲੀਆਂ ਫਸਲਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੀ ਥਾਂ ਲਾਹੇਵੰਦ ਕੀਮਤਾਂ ਦੇਣ ਦੇ ਨਾਲ ਨਾਲ ਇੱਥੋਂ ਦੇ ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਜ਼ਰੂਰੀ ਕਦਮ ਚੁੱਕੇ। ਇਸੇ ਸਬੰਧੀ ਪੰਜਾਬ ਸਰਕਾਰ ਵੀ ਆਪਣਾ ਬਣਦਾ ਯੋਗਦਾਨ ਪਾਵੇ। ਅਜਿਹਾ ਕਰਨ ਲਈ ਸਰਕਾਰਾਂ ਨੂੰ ਕਿਸਾਨ, ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ ਅਤੇ ਕੁਦਰਤ ਪੱਖੀ ਖੇਤੀਬਾੜੀ ਮਾਡਲ ਅਪਨਾਉਣ ਦੀ ਲੋੜ ਹੈ।

---

*ਸਾਬਕਾ ਪ੍ਰੋਫੈਸਰ,
ਅਰਥ-ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

# Punjab Sports and Cultural Club, Chicago

## Sports & Cultural Festival

PUNJAB SPORTS & CULTURAL CLUB CHICAGO


**Sunday July 7th, 2019**

11AM to 7PM

(Busse Wood Forest Preserve South, Elk Grove Village, IL 60007)

**Free Entry, Free Parking & Free Food**
**Free Mehandi Special For Ladies.**

ਰੱਖੜੇ ਦਾ ਮਾਣ
ਸੂਬੇਦਾਰ ਬਾਪੂ ਕਰਤਾਰ ਸਿੰਘ



ਕਬੱਡੀ ਦਾ ਪਹਿਲਾ ਇਨਾਮ ਸੂਬੇਦਾਰ ਬਾਪੂ ਕਰਤਾਰ ਸਿੰਘ ਦੀ ਯਾਦ ਵਿਚ ਸ. ਦਰਸ਼ਨ ਸਿੰਘ ਧਾਲੀਵਾਲ ਵਲੋਂ

ਕਬੱਡੀ ਦਾ ਦੂਜਾ ਇਨਾਮ ਸਵਰਗੀ ਹਰਭਜਨ ਸਿੰਘ ਘੁਮਾਣ ਦੀ ਯਾਦ ਵਿਚ ਘੁਮਾਣ ਬ੍ਰਦਰਜ਼ ਇੰਡੀਆਨਾ ਵਲੋਂ





Garry Sandhu

ਵਾਲੀਬਾਲ ਦਾ ਟੂਰਨਾਮੈਂਟ ਸਵਰਗੀ ਹਰਭਜਨ ਸਿੰਘ ਗਾਖਲ, ਹਰਜਾਪ ਸਿੰਘ ਸੰਘਾ ਤੇ ਮੇਜਰ ਸਿੰਘ ਮੌਜੀ ਨੂੰ ਸਮਰਪਿਤ



ਮਰਹੂਮ ਹਰਭਜਨ ਸਿੰਘ ਗਾਖਲ | ਮਰਹੂਮ ਹਰਜਾਪ ਸਿੰਘ ਸੰਘਾ | ਮਰਹੂਮ ਮੇਜਰ ਸਿੰਘ ਮੌਜੀ



ਨਾਮੀ ਗਾਇਕ ਗੈਰੀ ਸੰਧੂ ਤਿੰਨ ਘੰਟੇ ਸਭਿਆਚਾਰਕ ਗਾਇਕੀ ਦਾ ਅਖਾੜਾ ਲਾਉਣਗੇ।
ਫਰੀ ਪਾਰਕਿੰਗ, ਫਰੀ ਫੂਡ। ਬੀਬੀਆਂ ਲਈ ਫਰੀ ਮਹਿੰਦੀ

Desi Junction | Radio Chann Pardesi

| 1st Prize Sponsors | 2nd Prize Sponsors | 3rd Prize Sponsors | | Consul General | | ਚੇਅਰਮੈਨ | ਪ੍ਰਧਾਨ | ਮੀਤ ਪ੍ਰਧਾਨ |
|---|---|---|---|---|---|---|---|---|
| | | | | | | | | |



Darshan Singh Dhaliwal | Surjit Singh Rakhra Ex. Cabinet Minister | Harry Ghoman Amarveer Ghoman | Satpal Singh Bainsan | Parminder Singh Goldi | Sukhvinder Singh Ghaggar | Mr. Sudhakar Dalela | ਸ. ਲਵ ਮਿਨਹਾਸ 630-776-9644 | ਸ. ਰਜਿੰਦਰ ਸਿੰਘ ਦਿਆਲ 214-457-1808 | ਸ. ਅੰਮ੍ਰਿਤਪਾਲ ਸਿੰਘ ਸੰਘਾ 630-673-9000

## ਸਾਡੇ ਮੁੱਖ ਸਪਾਂਸਰ ਅਤੇ ਮਹਿਮਾਨ



*Gurbachan (Gary) Grewal Honorary Member NRI Commission (Cong. Govt. PB* | *Daljit Sahota Honorary Member NRI Commission (Cong. Govt. PB* | Jathedar Tara Singh Sallhan | **Sallhan Brothers Grand Sponsors** | JP Khaira | Pal Khalil | Raja Krishnamoorthi Congressman | Bhola Singh | Kulraj Grewal

## ਸਭਨਾਂ ਨੂੰ ਪਹੁੰਚਣ ਲਈ ਖੁੱਲ੍ਹਾ ਸੱਦਾ, ਆਓ ਤੇ ਮੇਲੇ ਦਾ ਅਨੰਦ ਮਾਣੋ ਤੇ ਰੌਣਕ ਵਧਾਓ

### ਕਲੱਬ ਮੈਂਬਰ



ਸ. ਹੈਪੀ ਸਿੰਘ ਹੀਰ | ਸ. ਨਰਿੰਦਰ ਸਿੰਘ ਸਰਾਂ | ਸ. ਹਰਵਿੰਦਰ ਸਿੰਘ ਬਿੱਲਾ | ਸ. ਜਸਕਰਨ ਸਿੰਘ ਧਾਲੀਵਾਲ | ਸ. ਗੁਰਮੀਤ ਸਿੰਘ ਭੋਲਾ | ਸ. ਲਵਦੀਪ ਸਿੰਘ ਦੁੱਲਤ | ਸ. ਲਖਵੀਰ ਸਿੰਘ ਸਹੋਤਾ | ਡਾ. ਹਰਜਿੰਦਰ ਸਿੰਘ ਖਹਿਰਾ | ਸ. ਹਰਦੀਪ ਸਿੰਘ ਗਿੱਲ | ਸ. ਮਿੱਡਾ ਮਾਹਿਲਪੁਰੀਆ | ਸ. ਯਾਦਵਿੰਦਰ ਸਿੰਘ ਗਰੇਵਾਲ

# ਗੁਰੂ ਨਾਨਕ ਦੀਆਂ ਸਿੱਖਿਆਵਾਂ ਦੀ ਸਾਰਥਕਤਾ ਸਬੰਧੀ ਸੈਮੀਨਾਰ

**ਬਰੈਂਪਟਨ, ਕੈਨੇਡਾ (ਡਾ. ਝੰਡ):** ਪੰਜਾਬੀ ਭਵਨ ਟੋਰਾਂਟੋ ਵਲੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਹਿਯੋਗ ਨਾਲ ਲੰਘੀ 16 ਜੂਨ ਨੂੰ ਇਥੇ ਮੈਰੀਆਟ ਹੋਟਲ ਵਿਚ ਕੌਮਾਂਤਰੀ ਸੈਮੀਨਾਰ ਕਰਵਾਇਆ ਗਿਆ, ਜਿਸ ਦੀ ਸ਼ੁਰੂਆਤ ਕਰਮ ਸਿੰਘ ਮਰਵਾਹਾ ਵਲੋਂ ਵਾਇਲਨ 'ਤੇ ਵਜਾਈ ਗਈ ਮਧੁਰ ਧੁਨ ਅਤੇ ਗਾਇਕ ਪ੍ਰੋ. ਉਪਕਾਰ ਸਿੰਘ ਪਾਤਰ ਵਲੋਂ ਗਾਏ ਗਏ ਗੁਰੂ ਨਾਨਕ ਦੇਵ ਜੀ ਦੇ ਕੁਦਰਤ ਦੀ ਆਰਤੀ ਵਾਲੇ ਸ਼ਬਦ 'ਕੈਸੀ ਆਰਤੀ ਹੋਇ...' ਨਾਲ ਹੋਈ। ਇਸ ਮੌਕੇ ਪੰਜਾਬੀ ਯੁਨੀਵਰਸਿਟੀ ਪਟਿਆਲਾ ਵਲੋਂ ਛਾਪੀ ਗਈ ਡਾ. ਦਲਜੀਤ ਸਿੰਘ ਵਾਲੀਆ ਦੀ ਸੰਪਾਦਿਤ ਪੁਸਤਕ 'ਗੁਰੂ ਨਾਨਕ ਦੇਵ: 1469-1539' ਲੋਕ ਅਰਪਿਤ ਕੀਤੀ ਗਈ।


ਵਰਿਆਮ ਸੰਧੂ


ਜਸਵੰਤ ਜ਼ਫਰ


ਪੂਰਨ ਸਿੰਘ ਪਾਂਧੀ


ਮੁਖਤਾਰ ਅਹਿਮਦ ਚੀਮਾ


ਡਾ. ਗੁਰਨਾਮ ਕੌਰ


ਕੰਵਲਜੀਤ ਢਿੱਲੋਂ


ਡਾ. ਸੁਖਦੇਵ ਸਿੰਘ ਝੰਡ


ਡਾ. ਦਲਜੀਤ ਸਿੰਘ


ਵਿਪਨਦੀਪ ਮਰੋਕ





*(ਖੱਬੇ) ਵਰਿਆਮ ਸਿੰਘ ਸੰਧੂ ਅਤੇ (ਸੱਜੇ) ਜਸਵੰਤ ਸਿੰਘ ਜ਼ਫਰ ਦਾ ਸਨਮਾਨ ਕਰਦੇ ਹੋਏ ਵਿਪਨਦੀਪ ਸਿੰਘ ਮਰੋਕ ਤੇ ਹੋਰ*

ਸੈਮੀਨਾਰ ਦੌਰਾਨ ਮੰਚ ਸੰਚਾਲਕ ਲਵੀਨ ਗਿੱਲ ਨੇ ਪ੍ਰਧਾਨਗੀ ਮੰਡਲ ਵਿਚ ਸੁਸ਼ੋਭਿਤ ਹੋਣ ਲਈ ਡਾ. ਵਰਿਆਮ ਸਿੰਘ ਸੰਧੂ, ਮੁੱਖ ਮਹਿਮਾਨ ਜਸਵੰਤ ਜ਼ਫਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਆਏ ਡਾ. ਦਲਜੀਤ ਸਿੰਘ ਵਾਲੀਆ, ਪ੍ਰਿੰ. ਸਰਵਣ ਸਿੰਘ ਅਤੇ ਡਾ. ਕੁਲਜੀਤ ਸਿੰਘ ਜੰਜੂਆ ਨੂੰ ਸੱਦਾ ਦਿੱਤਾ। ਸੈਮੀਨਾਰ ਦੇ ਮੁੱਖ ਆਯੋਜਕ ਵਿਪਨਦੀਪ ਸਿੰਘ ਮਰੋਕ ਨੇ ਭਾਰਤ ਤੋਂ ਆਏ ਵਿਸ਼ੇਸ਼ ਮਹਿਮਾਨਾਂ, ਸੈਮੀਨਾਰ ਵਿਚ ਹਿੱਸਾ ਲੈਣ ਵਾਲੇ ਸਮੂਹ ਬੁਲਾਰਿਆਂ ਅਤੇ ਹਾਜ਼ਰੀਨ ਨੂੰ ਜੀ ਆਇਆਂ ਕਿਹਾ।

ਉਪਰੰਤ ਲੁਧਿਆਣਾ ਵਿਚ ਨਾਨਕਸ਼ਾਹੀ ਇੱਟਾਂ ਦੇ ਬਣੇ ਘਰ ਵਿਚ ਰਹਿੰਦੇ ਪੇਸ਼ੇ ਵਜੋਂ ਇੰਜੀਨੀਅਰ, 'ਅਸੀਂ ਬਾਬੇ ਨਾਨਕ ਦੇ ਕੀ ਲੱਗਦੇ ਹਾਂ' ਤੇ 'ਗੁਰਮੁਖ ਸਿੰਘ' ਵਰਗੀਆਂ ਉਚ ਪਾਏ ਦੀਆਂ ਕਵਿਤਾਵਾਂ ਦੇ ਰਚੈਤਾ ਅਤੇ ਉਘੇ ਚਿੰਤਕ ਜਸਵੰਤ ਜ਼ਫਰ ਨੇ ਆਪਣੇ ਕੁੰਜੀਵਤ ਭਾਸ਼ਣ ਦੌਰਾਨ ਕਿਹਾ ਕਿ ਸਾਡੇ ਸਭ ਦੇ ਮਨਾਂ ਵਿਚ ਗੁਰੂ ਨਾਨਕ ਦੇਵ ਜੀ ਦਾ ਬਿਰਧ ਪੈਗੰਬਰੀ-ਬਿੰਬ ਬਣਿਆ ਹੋਇਆ ਹੈ ਅਤੇ ਉਨ੍ਹਾਂ ਦੀਆਂ ਚਾਰ ਉਦਾਸੀਆਂ ਦੇ ਲੰਮੇ ਸਫਰ ਦੇ ਪਹਿਲੇ ਪੜਾਵਾਂ ਦੀ ਜਵਾਨੀ ਵੇਲੇ ਦੀ ਕੋਈ ਵੀ ਤਸਵੀਰ ਸਾਡੇ ਜ਼ਿਹਨ ਵਿਚ ਨਹੀਂ ਆਉਂਦੀ।

ਸ. ਜ਼ਫਰ ਨੇ ਕਿਹਾ ਕਿ ਬੀਤੇ ਸਮੇਂ ਵਿਚ ਸੱਤਾ ਸਿਰਫ ਰਾਜਿਆਂ ਕੋਲ ਹੀ ਸੀ ਅਤੇ ਉਨ੍ਹਾਂ ਦੇ ਅਧਿਕਾਰ ਖੇਤਰ ਵਿਚ ਲੋਕਾਂ 'ਤੇ ਜ਼ੁਲਮ ਕਰਨ ਦਾ ਅਧਿਕਾਰ ਵੀ ਸ਼ਾਮਲ ਸੀ। ਇਸੇ ਲਈ ਬਾਬੇ ਨਾਨਕ ਨੂੰ ਵੀ ਇਸ ਜ਼ੁਲਮ ਦਾ ਸ਼ਿਕਾਰ ਹੋਣਾ ਪਿਆ। ਗੁਰੂ ਨਾਨਕ ਨੇ ਬ੍ਰਾਹਮਣ ਦੀ ਸੱਤਾ 'ਤੇ ਹਮਲਾ ਕੀਤਾ ਅਤੇ ਬ੍ਰਾਹਮਣ ਦੀ ਭੂਮਿਕਾ ਨੂੰ ਮੁੜ ਪਰਿਭਾਸ਼ਤ ਕੀਤਾ। ਉਨ੍ਹਾਂ ਕਿਹਾ ਕਿ ਪੁਰਸ਼ਈ ਸੱਤਾ ਦੀਆਂ ਹੱਕਦਾਰ ਇਸਤਰੀਆਂ ਵੀ ਹਨ ਅਤੇ ਉਨ੍ਹਾਂ ਨੂੰ ਸਮਾਜ ਵਿਚ ਬਰਾਬਰੀ ਦਾ ਹੱਕ ਹੋਣਾ ਚਾਹੀਦਾ ਹੈ। ਪਿਤਰੀ-ਸੱਤਾ ਨੂੰ ਨਾ ਹੀ ਉਨ੍ਹਾਂ ਆਪ ਕਬੂਲਿਆ ਅਤੇ ਨਾ ਹੀ ਇਸ ਨੂੰ ਆਪਣੇ ਪੁੱਤਰਾਂ 'ਤੇ ਲਾਗੂ ਕੀਤਾ। ਸ਼ਬਦ ਤੇ ਅੱਖਰ ਦੀ ਮਹਿਮਾ ਕਰਦਿਆਂ ਗੁਰੂ ਜੀ ਨੇ ਵਿਦਿਆ ਦੇ ਪਸਾਰ ਦੀ ਗੱਲ ਬਹੁਤ ਹੀ ਵਧੀਆ ਢੰਗ ਨਾਲ ਕੀਤੀ।

ਡਾ. ਵਰਿਆਮ ਸਿੰਘ ਸੰਧੂ ਨੇ ਵੀ ਆਪਣੀ ਗੱਲ ਗੁਰੂ ਨਾਨਕ ਦੇਵ ਜੀ ਦੀਆਂ ਤਸਵੀਰਾਂ ਤੋਂ ਹੀ ਸ਼ੁਰੂ ਕੀਤੀ ਅਤੇ ਕਿਹਾ ਕਿ ਉਨ੍ਹਾਂ ਦੇ ਉਪਦੇਸ਼ਾਂ ਦਾ ਨਿੱਘ ਅਜੇ ਤੀਕ ਸਾਡੇ ਮਨਾਂ ਵਿਚ ਨਹੀਂ ਪਹੁੰਚਿਆ ਅਤੇ ਅਸੀਂ ਗੁਰੂ ਜੀ ਦੀਆਂ ਤਸਵੀਰਾਂ ਨੂੰ ਹੀ ਮੱਥਾ ਟੇਕੀ ਜਾਂਦੇ ਹਾਂ, ਜਿਨ੍ਹਾਂ ਵਿਚ ਸਭ ਤੋਂ ਪ੍ਰਮੁੱਖ ਸੋਭਾ ਸਿੰਘ ਆਰਟਿਸਟ ਦੀ ਬਣਾਈ 1969 ਵਿਚ ਰਿਲੀਜ਼ ਹੋਈ ਤਸਵੀਰ ਹੈ।

ਸ. ਸੰਧੂ ਨੇ ਕਿਹਾ ਕਿ ਗੁਰੂ ਜੀ ਨੇ ਕਾਲੀ ਵੇਈਂ ਵਿਚ 'ਚੁੱਭੀ' ਆਤਮ-ਗਿਆਨ ਲਈ ਮਾਰੀ ਸੀ ਅਤੇ ਤਿੰਨ ਦਿਨਾਂ ਪਿਛੋਂ ਲੋਕਾਂ ਨੂੰ 'ਨਾ ਹਮ ਹਿੰਦੂ ਨਾ ਮੁਸਲਮਾਨ' ਦਾ ਹੋਕਾ ਦਿੱਤਾ ਸੀ ਤੇ ਚੰਗਾ ਇਨਸਾਨ ਹੋਣ ਨੂੰ ਉਤਮ ਕਿਹਾ ਸੀ। ਗੁਰੂ ਜੀ ਨੇ ਆਰਥਕ ਤੇ ਸਮਾਜਕ ਨਾ-ਬਰਾਬਰੀ ਵਿਰੁਧ ਨਾ ਕੇਵਲ ਆਵਾਜ਼ ਹੀ ਬੁਲੰਦ ਕੀਤੀ, ਸਗੋਂ ਅਮਲੀ ਤੌਰ 'ਤੇ ਮਲਿਕ ਭਾਗੋ ਜਿਹਿਆਂ ਦਾ ਸਾਥ ਨਾ ਦੇ ਕੇ ਭਾਈ ਲਾਲੋ ਵਰਗੇ ਕਿਰਤੀਆਂ ਨੂੰ ਪਹਿਲ ਦਿੱਤੀ। ਰਾਜਿਆਂ ਨੂੰ ਸ਼ੀਂਹ ਤੇ ਉਨ੍ਹਾਂ ਦੇ ਮੁਕੱਦਮਾਂ ਨੂੰ ਕੁੱਤੇ ਤੱਕ ਕਿਹਾ। ਯੋਗੀਆਂ ਤੇ ਸਿੱਧਾਂ ਆਦਿ ਨਾਲ ਸੰਵਾਦ ਰਚਾ ਕੇ ਉਨ੍ਹਾਂ ਨੂੰ ਦੁਨਿਆਵੀ-ਭਗੌੜੇ ਕਰਾਰ ਦੇ ਕੇ ਉਨ੍ਹਾਂ ਗ੍ਰਹਿਸਥੀ ਜੀਵਨ ਨੂੰ ਉੱਤਮ ਕਿਹਾ।

ਵਰਿਆਮ ਸੰਧੂ ਨੇ ਕਿਹਾ ਕਿ ਅੱਜ ਕੱਲ੍ਹ ਬਹੁਤ ਸਾਰੇ ਲੋਕ ਧਾਰਮਿਕ ਸੰਵਾਦ ਕਰਨ ਅਤੇ ਧਰਮ ਸਬੰਧੀ ਖੋਜ ਕਰਨ ਤੋਂ ਡਰਦੇ ਹਨ, ਕਿਉਂਕਿ ਪੁਰਾਤਨ ਜਨਮ ਸਾਖੀਆਂ ਅਤੇ ਹੋਰ ਸਿੱਖ ਇਤਿਹਾਸ ਉਪਰ ਖੋਜ ਕਰਕੇ ਸੱਚ ਸਾਹਮਣੇ ਲਿਆਉਣ ਵਾਲੇ ਖੋਜੀਆਂ ਡਾ. ਪਿਆਰ ਸਿੰਘ, ਡਾ. ਪਸ਼ੌਰਾ ਸਿੰਘ ਵਰਗਿਆਂ ਨੂੰ ਧਰਮ ਵਿਚੋਂ ਛੇਕ ਦਿੱਤਾ ਜਾਂਦਾ ਹੈ।

ਸੈਮੀਨਾਰ ਦੇ ਪਹਿਲੇ ਵਿਦਿਅਕ ਸੈਸ਼ਨ 'ਕਿਵ ਸਚਿਆਰਾ ਹੋਈਐ' ਦੀ ਸ਼ੁਰੂਆਤ ਕਰਦਿਆਂ ਇਸ ਦੇ ਕੋਆਰਡੀਨੇਟਰ ਪ੍ਰੋ. ਜਗੀਰ ਸਿੰਘ ਕਾਹਲੋਂ ਨੇ ਡਾ. ਸੁਖਦੇਵ ਸਿੰਘ ਝੰਡ, ਇਸ ਸੈਸ਼ਨ ਦੇ ਬੁਲਾਰਿਆਂ ਡਾ. ਡੀ. ਪੀ. ਸਿੰਘ, ਡਾ. ਗੁਰਨਾਮ ਕੌਰ, ਅਹਿਮਦੀਆ ਮੁਸਲਿਮ ਜਮਾਤ ਦੇ ਬੁਲਾਰੇ ਜਨਾਬ ਮੁਖਤਾਰ ਅਹਿਮਦ ਚੀਮਾ ਤੇ ਕਹਾਣੀਕਾਰ ਗੁਰਮੀਤ ਕੜਿਆਲਵੀ ਨੂੰ ਪ੍ਰਧਾਨਗੀ ਮੰਡਲ ਵਿਚ ਸ਼ਾਮਲ ਹੋਣ ਲਈ ਸੱਦਾ ਦਿੱਤਾ।



ਮੁਖਤਾਰ ਅਹਿਮਦ ਚੀਮਾ ਨੇ ਗੁਰੂ ਨਾਨਕ ਦੇਵ ਦੇ ਜੀਵਨ ਤੇ ਉਪਦੇਸ਼ਾਂ ਬਾਰੇ ਗੱਲ ਕਰਦਿਆਂ ਕਿਹਾ ਕਿ ਸਾਨੂੰ ਸਭ ਤੋਂ ਪਹਿਲਾਂ ਚੰਗੇ ਇਨਸਾਨ ਬਣਨ ਦੀ ਲੋੜ ਹੈ। ਮਜ਼ਹਬ ਤੇ ਫਿਰਕੇ ਸਭ ਬਾਅਦ ਦੇ ਮਸਲੇ ਹਨ। ਉਨ੍ਹਾਂ ਅਹਿਮਦੀਆ ਜਮਾਤ ਦੇ ਨਾਅਰੇ 'ਸਭ ਨੂੰ ਪਿਆਰ ਕਰੋ ਤੇ ਨਫਰਤ ਕਿਸੇ ਨਾਲ ਵੀ ਨਾ ਕਰੋ' ਦੀ ਵਿਆਖਿਆ ਵੀ ਕੀਤੀ।

ਡਾ. ਡੀ. ਪੀ. ਸਿੰਘ ਨੇ ਪਾਵਰ-ਪੁਆਇੰਟ ਦੀ ਮਦਦ ਨਾਲ ਆਪਣੇ ਪੇਪਰ 'ਗੁਰੂ ਨਾਨਕ ਦੀ ਫਿਲਾਸਫੀ ਅਤੇ ਇਸ ਨੂੰ ਅਮਲ ਵਿਚ ਲਿਆਉਣ' ਬਾਰੇ ਵਿਚਾਰ ਪ੍ਰਗਟ ਕਰਦਿਆਂ ਗੁਰੂ ਨਾਨਕ ਬਾਣੀ ਦੀਆਂ ਵੱਖ-ਵੱਖ ਤੁਕਾਂ ਰਾਹੀਂ ਲੋਕਤੰਤਰ ਦੇ 4 ਅਸੂਲਾਂ-ਬਰਾਬਰੀ, ਸਾਂਝੀਵਾਲਤਾ, ਆਜ਼ਾਦੀ ਤੇ ਨਿਆਂ ਦੀ ਵਿਆਖਿਆ ਕੀਤੀ।

ਪੰਜਾਬ ਦੀ ਹਵਾ ਤੇ ਪਾਣੀ ਦੇ ਪ੍ਰਦੂਸ਼ਿਤ ਹੋ ਜਾਣ 'ਤੇ ਚਿੰਤਾ ਪ੍ਰਗਟ ਕਰਦਿਆਂ ਉਨ੍ਹਾਂ ਗੁਰੂ ਨਾਨਕ ਦੇ ਵਾਕ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤੁ ਮਹਤੁ' ਅਨੁਸਾਰ ਇਨ੍ਹਾਂ ਦੇ ਸੁਧਾਰ ਲਈ ਅੱਜ ਕੱਲ੍ਹ ਕੋਸ਼ਿਸ਼ ਕਰ ਰਹੇ ਵਿਅਕਤੀਆਂ ਤੇ ਸੰਸਥਾਵਾਂ ਦੀ ਵੀ ਭਰਪੂਰ ਪ੍ਰਸ਼ੰਸਾ ਕੀਤੀ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਗੁਰੂ ਗ੍ਰੰਥ ਸਾਹਿਬ ਵਿਭਾਗ ਦੇ ਸਾਬਕਾ ਮੁਖੀ ਡਾ. ਗੁਰਨਾਮ ਕੌਰ ਨੇ ਆਪਣੇ ਪੇਪਰ 'ਆਸਾ ਦੀ ਵਾਰ: ਇਕ ਅਧਿਐਨ' ਵਿਚ ਗੁਰੂ ਨਾਨਕ ਵਲੋਂ ਇਸ ਵਿਚ ਧਾਰਮਿਕ ਪਖੰਡਾਂ, ਪਰਮਾਤਮਾ ਨੂੰ ਸਹੀ ਅਰਥਾਂ ਵਿਚ ਸਮਝਣ ਅਤੇ ਇਸ ਵਿਚ ਆਏ ਸ਼ਬਦਾਂ ਵਿਸਮਾਦ, ਕੁਦਰਤ, ਸੱਚ, ਆਦਿ ਦੀ ਵਿਆਖਿਆ ਕੀਤੀ। ਉਨ੍ਹਾਂ ਸੱਚ ਦਾ ਜਨੇਊ ਪਾਉਣ ਅਤੇ ਸਮਾਜ ਵਿਚ ਇਸਤਰੀ ਦੇ ਬਰਾਬਰੀ ਵਾਲੇ ਦਰਜੇ ਦੀ ਵੀ ਬਾਖੂਬੀ ਚਰਚਾ ਕੀਤੀ।

ਇਸ ਸੈਸ਼ਨ ਵਿਚ ਸਕੂਲ ਟਰੱਸਟੀ ਬਲਬੀਰ ਸੋਹੀ ਅਤੇ ਐਮ. ਪੀ. ਪੀ. ਦੀਪਕ ਅਨੰਦ ਨੇ ਵੀ ਹਾਜ਼ਰੀ ਲੁਆਈ। ਬਹਿਸ ਵਿਚ ਸ਼ਾਮਲ ਹੁੰਦਿਆਂ ਹਰਚਰਨ ਸਿੰਘ ਬਰਾੜ, ਡਾ. ਦਲਜੀਤ ਸਿੰਘ ਵਾਲੀਆ ਤੇ ਕਈ ਹੋਰ ਸਰੋਤਿਆਂ ਨੇ ਆਪਣੇ ਲਿਖਤੀ ਸੁਆਲ ਮੰਚ ਸੰਚਾਲਕ ਨੂੰ ਪਹੁੰਚਾਏ, ਜਿਨ੍ਹਾਂ ਦੇ ਤਸੱਲੀਬਖਸ਼ ਜੁਆਬ ਬੁਲਾਰਿਆਂ ਵਲੋਂ ਦਿੱਤੇ ਗਏ।

ਅਖੀਰ ਵਿਚ ਡਾ. ਸੁਖਦੇਵ ਸਿੰਘ ਝੰਡ ਨੇ ਸੈਸ਼ਨ ਦੀ ਕਾਰਵਾਈ ਸਮੇਟਦਿਆਂ ਕਿਹਾ ਕਿ ਇਸ ਸੈਸ਼ਨ ਵਿਚ ਸਾਰੇ ਹੀ ਬੁਲਾਰਿਆਂ ਨੇ ਬੜੇ ਵਿਦਵਤਾ ਭਰਪੂਰ ਵਿਚਾਰ ਪੇਸ਼ ਕੀਤੇ ਹਨ ਅਤੇ ਸਾਨੂੰ ਇਸ ਕਿਸਮ ਦੇ ਵਿੱਦਿਅਕ ਸੈਮੀਨਾਰ ਕਰਾ ਕੇ ਹੋਰ ਸੰਵਾਦ ਛੇੜਨ ਦੀ ਲੋੜ ਹੈ।

ਸੈਮੀਨਾਰ ਦੇ ਦੂਸਰੇ ਵਿੱਦਿਅਕ ਸੈਸ਼ਨ 'ਕੂੜਿ ਫਿਰੈ ਪਰਧਾਨ ਵੇ ਲਾਲੋ' ਦੀ ਵਾਗਡੋਰ ਸੰਭਾਲਦਿਆਂ ਪਿਆਰਾ ਸਿੰਘ ਕੁੱਦੋਵਾਲ ਨੇ ਪ੍ਰਧਾਨਗੀ ਮੰਡਲ ਵਿਚ ਬਿਰਾਜਮਾਨ ਹੋਣ ਲਈ ਪੰਜਾਬੀ ਲੇਖਕ ਪੂਰਨ ਸਿੰਘ ਪਾਂਧੀ, ਸੈਸ਼ਨ ਦੇ ਬੁਲਾਰਿਆਂ ਪੰਜਾਬੀ ਯੁਨੀਵਰਸਿਟੀ ਪਟਿਆਲਾ ਤੋਂ ਉਚੇਚੇ ਤੌਰ 'ਤੇ ਆਏ ਡਾ. ਦਲਜੀਤ ਸਿੰਘ ਵਾਲੀਆ, ਡਾ. ਕੰਵਲਜੀਤ ਕੌਰ ਢਿੱਲੋਂ, ਉੱਘੇ ਗਜ਼ਲਗੋ ਗੁਰਤੇਜ ਕੁਹਾੜਵਾਲਾ ਅਤੇ ਪੱਛਮੀ ਪੰਜਾਬ ਦੀ ਮਸ਼ਹੂਰ ਗਾਇਕਾ ਤਾਹਿਰਾ ਸਰਾਂ ਨੂੰ ਬੇਨਤੀ ਕੀਤੀ।

ਡਾ. ਦਲਜੀਤ ਸਿੰਘ ਵਾਲੀਆ ਨੇ ਆਪਣੇ ਪੇਪਰ 'ਗੁਰੂ ਨਾਨਕ ਬਾਣੀ ਦਾ ਸਮਾਜਿਕ ਪਰਿਪੇਖ' ਵਿਚ ਗੁਰੂ ਸਾਹਿਬ ਵਲੋਂ ਉਚਾਰੀਆਂ ਗਈਆਂ ਵੱਖ-ਵੱਖ ਪੰਕਤੀਆਂ ਰਾਹੀਂ ਧਾਰਮਿਕ ਸਹਿਣਸ਼ੀਲਤਾ, ਚੰਗੇ ਇਨਸਾਨ ਬਣਨ, ਚੰਗੀ ਜੀਵਨ-ਜਾਚ ਅਪਨਾਉਣ, ਲੰਗਰ, ਪੰਗਤ ਤੇ ਸੰਗਤ ਦੀ ਬਾਖੂਬੀ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਨੇ ਆਰਥਕ ਤੇ ਸਮਾਜਕ ਨਾ-ਬਾਰਬਰੀ ਖਿਲਾਫ ਜ਼ੋਰਦਾਰ ਆਵਾਜ਼ ਉਠਾਈ।

ਡਾ. ਵਾਲੀਆ ਅਨੁਸਾਰ ਅਜੋਕੇ ਵਿਸ਼ਵੀਕਰਣ ਦੇ ਯੁੱਗ ਵਿਚ ਮਨੁੱਖੀ ਕਦਰਾਂ-ਕੀਮਤਾਂ ਵਿਚ ਕਾਫੀ ਨਿਘਾਰ ਆ ਗਿਆ ਹੈ ਅਤੇ ਇਸ ਦੇ ਸੁਧਾਰ ਲਈ ਸਾਨੂੰ ਬਾਬੇ ਨਾਨਕ ਦੇ ਵਿਚਾਰਾਂ ਤੋਂ ਸੇਧ ਲੈਣ ਦੀ ਲੋੜ ਹੈ।

ਅਗਲੇ ਵਕਤਾ ਡਾ. ਕੰਵਲਜੀਤ ਢਿੱਲੋਂ ਨੇ ਆਪਣੇ ਪੇਪਰ 'ਗੁਰੂ ਨਾਨਕ ਦੀ ਵਿਚਾਰਧਾਰਾ ਤੇ ਔਰਤਾਂ ਦੀ ਸਥਿਤੀ' ਵਿਚ ਸਿੱਖ ਇਤਿਹਾਸ ਦੀਆਂ ਮਹਾਨ ਮਾਤਾਵਾਂ-ਮਾਤਾ ਤ੍ਰਿਪਤਾ, ਮਾਤਾ ਸੁਲੱਖਣੀ, ਬੇਬੇ ਨਾਨਕੀ, ਮਾਈ ਭਾਗੋ ਆਦਿ ਦਾ ਜ਼ਿਕਰ ਕਰਦਿਆਂ ਕਿਹਾ ਕਿ ਅੱਜ ਦੇ ਸਮਾਜ ਵਿਚ ਜੀਵਨ ਦੇ ਤਿੰਨ ਪ੍ਰਮੁੱਖ ਪੜਾਵਾਂ-ਜਨਮ, ਵਿਆਹ ਅਤੇ ਮੌਤ ਸਮੇਂ ਔਰਤ ਨੂੰ ਮਰਦ ਤੋਂ ਪਿੱਛੇ ਰੱਖਿਆ ਜਾਂਦਾ ਹੈ। ਸਾਡੇ ਸਮਾਜ ਵਿਚ ਮੁੰਡਿਆਂ ਲਈ ਤਾਂ ਅਨੇਕਾਂ ਲੋਰੀਆਂ ਹਨ ਪਰ ਕੁੜੀਆਂ ਲਈ ਕੋਈ ਵੀ ਲੋਰੀ ਨਹੀਂ ਹੈ। ਇਸੇ ਤਰ੍ਹਾਂ ਵਿਆਹ ਸਮੇਂ ਮਰਦ ਅੱਗੇ-ਅੱਗੇ ਚੱਲਦਾ ਹੈ ਤੇ ਔਰਤ ਉਸ ਦੇ ਪਿੱਛੇ-ਪਿੱਛੇ ਅਤੇ ਮੌਤ ਸਮੇਂ ਮ੍ਰਿਤਕ ਦੀ ਚਿਖਾ ਨੂੰ ਅਗਨੀ ਪੁੱਤਰ ਜਾਂ ਪਰਿਵਾਰ ਦਾ ਕੋਈ ਹੋਰ ਮਰਦ ਦਿੰਦਾ ਹੈ, ਧੀ ਨਹੀਂ।

ਡਾ. ਢਿੱਲੋਂ ਨੇ ਕਿਹਾ ਕਿ ਧਾਰਮਿਕ ਪੱਧਰ 'ਤੇ ਔਰਤ ਨੂੰ ਪੰਜ ਪਿਆਰਿਆਂ ਵਿਚ ਸ਼ਾਮਲ ਹੋਣ, ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਗ੍ਰੰਥੀ ਵਜੋਂ ਸੇਵਾ ਕਰਨ ਅਤੇ ਇੱਥੋਂ ਤੱਕ ਕਿ ਸਵੇਰ ਵੇਲੇ ਦਰਬਾਰ ਸਾਹਿਬ ਦੇ ਪਵਿੱਤਰ ਅਸਥਾਨ ਨੂੰ ਅੰਦਰੋਂ ਇਸ਼ਨਾਨ ਕਰਾਉਣ ਦੀ ਵੀ ਆਗਿਆ ਨਹੀਂ ਹੈ। ਉਨ੍ਹਾਂ ਸਮਾਜ ਵਿਚ ਫੋਕੀ ਆਕੜ ਲਈ ਧੀਆਂ ਨੂੰ ਕਤਲ ਕਰਨ ਦਾ ਵੀ ਜ਼ਿਕਰ ਕੀਤਾ।

ਇਸ ਸੈਸ਼ਨ ਵਿਚ ਹੋਰ ਬੁਲਾਰਿਆਂ ਡਾ. ਕੁਲਦੀਪ ਕੌਰ ਪਾਹਵਾ ਅਤੇ ਜਨਾਬ ਅਰਸ਼ਦ ਮਹਿਮੂਦ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ਤੇ ਸਰੋਤਿਆਂ ਦੇ ਸੁਆਲਾਂ ਦੇ ਜੁਆਬ ਬੁਲਾਰਿਆਂ ਨੇ ਦਿੱਤੇ। ਇਸ ਸੈਸ਼ਨ ਨੂੰ ਸਮੇਟਦਿਆਂ ਪੂਰਨ ਸਿੰਘ ਪਾਂਧੀ ਨੇ ਕਿਹਾ ਕਿ ਗੁਰੂ ਨਾਨਕ ਦੀ ਬਾਣੀ ਵਿਚ ਰਾਗਾਂ ਦੀ ਆਪਣੀ ਹੀ ਮਹੱਤਤਾ ਹੈ ਅਤੇ ਗੁਰੂ ਸਾਹਿਬ ਨੇ 19 ਵੱਖ-ਵੱਖ ਰਾਗਾਂ ਵਿਚ ਬਾਣੀ ਰਚੀ।

ਸੈਮੀਨਾਰ ਦੇ ਆਖਰੀ ਸੈਸ਼ਨ 'ਨਾਨਕ ਸਾਇਰ ਏਵ ਕਹਿਤ ਹੈ' ਵਿਚ ਹੋਏ ਕਵੀ ਦਰਬਾਰ ਦਾ ਸੰਚਾਲਨ ਉਘੀ ਕਵਿੱਤਰੀ ਸੁਰਜੀਤ ਕੌਰ ਨੇ ਕੀਤਾ। ਸੈਸ਼ਨ ਦੇ ਪ੍ਰਧਾਨਗੀ ਮੰਡਲ ਵਿਚ ਜਸਵੰਤ ਜ਼ਫਰ, ਗੁਰਤੇਜ ਕੁਹਾੜਵਾਲਾ, ਤਾਹਿਰਾ ਸਰਾਂ, ਗੁਰਮੀਤ ਕੜਿਆਲਵੀ ਅਤੇ ਬਲਜੀਤ ਰੈਣਾ ਸ਼ਾਮਲ ਹੋਰਨਾਂ ਤੋਂ ਇਲਾਵਾ ਜਸਪਾਲ ਦੇਸੂਹੀ, ਸੁਰਿੰਦਰ ਨੀਰ ਤੇ ਲਵੀਨ ਗਿੱਲ ਨੇ ਵੀ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ। ਜਸਵੰਤ ਜ਼ਫਰ, ਗੁਰਤੇਜ ਕੁਹਾੜਵਾਲਾ ਤੇ ਤਾਹਿਰਾ ਸਰਾਂ ਦੀਆਂ ਤਿੰਨ-ਤਿੰਨ, ਚਾਰ-ਚਾਰ ਕਵਿਤਾਵਾਂ ਸੁਣਨ ਤੋਂ ਬਾਅਦ ਵੀ ਸਰੋਤਿਆਂ ਨੇ ਉਨ੍ਹਾਂ ਨੂੰ ਹੋਰ ਕਵਿਤਾਵਾਂ ਸੁਣਾਉਣ ਦੀ ਮੰਗ ਕੀਤੀ, ਜਿਸ ਨੂੰ ਉਨ੍ਹਾਂ ਨੇ ਖਿੜੇ-ਮੱਥੇ ਪ੍ਰਵਾਨ ਕੀਤਾ।

ਇਸ ਮੌਕੇ ਮਹਿਮਾਨਾਂ ਤੇ ਬੁਲਾਰਿਆਂ ਦਾ ਪ੍ਰਬੰਧਕਾਂ ਨੇ ਮੋਮੈਂਟੋ ਤੇ ਲੋਈਆਂ ਦੇ ਕੇ ਸਨਮਾਨ ਕੀਤਾ। ਅਹਿਮਦੀਆ ਮੁਸਲਿਮ ਜਮਾਤ ਦੇ ਨੁਮਾਇੰਦਿਆਂ ਜਨਾਬ ਦਬੀਰ ਸ਼ੇਖ ਤੇ ਬਸ਼ੱਰਤ ਚੱਠਾ ਨੇ ਮਹਿਮਾਨਾਂ ਤੇ ਬੁਲਾਰਿਆਂ ਦਾ ਇਸਲਾਮ ਨਾਲ ਸਬੰਧਿਤ ਧਾਰਮਿਕ ਪੁਸਤਕਾਂ ਦੇ ਕੇ ਸਨਮਾਨ ਕੀਤਾ।

ਅਖੀਰ ਵਿਚ ਡਾ. ਝੰਡ ਨੇ ਸੈਮੀਨਾਰ ਦੇ ਬੁਲਾਰਿਆਂ ਅਤੇ ਮਹਿਮਾਨਾਂ ਦਾ ਧੰਨਵਾਦ ਕੀਤਾ। ਸੈਮੀਨਾਰ ਦੌਰਾਨ ਵੀਡੀਓਗ੍ਰਾਫੀ ਦੀ ਸੇਵਾ ਮਨਦੀਪ ਔਜਲਾ ਅਤੇ ਸਟਿੱਲ ਫੋਟੋਗ੍ਰਾਫੀ ਦੀ ਸੇਵਾ ਕੁਲਜੀਤ ਰੇਹਾਲ ਨੇ ਨਿਭਾਈ।

# ਭਾਰਤੀ ਜੋੜੇ 'ਤੇ ਬਿਰਧ ਮਾਂ ਉਤੇ ਤਸ਼ੱਦਦ ਢਾਹੁਣ ਦੇ ਦੋਸ਼ ਤੈਅ

**ਦੁੱਬਈ :** ਸਥਾਨਕ ਅਦਾਲਤ ਵਿਚ ਭਾਰਤੀ ਜੋੜੇ ਵੱਲੋਂ ਬਿਰਧ ਮਾਂ 'ਤੇ ਤਸ਼ੱਦਦ ਢਾਹੁਣ ਦੇ ਦੋਸ਼ ਤੈਅ ਕੀਤੇ ਗਏ ਹਨ। ਗਲਫ ਨਿਊਜ਼ ਮੁਤਾਬਕ 29 ਸਾਲਾ ਵਿਅਕਤੀ ਨੇ ਆਪਣੀ ਮਾਂ 'ਤੇ ਪਤਨੀ ਨਾਲ ਮਿਲ ਕੇ ਅਜਿਹਾ ਤਸ਼ੱਦਦ ਢਾਹਿਆ ਕਿ ਉਸ ਦੀਆਂ ਕਈ ਹੱਡੀਆਂ ਤੇ ਪਸਲੀਆਂ ਟੁੱਟ ਗਈਆਂ। ਸਰੀਰ ਅੰਦਰ ਖੂਨ ਵਗਣ ਤੇ ਭੁੱਖਾ ਰੱਖੇ ਜਾਣ ਨਾਲ ਔਰਤ ਦੀ ਮੌਤ ਹੋ ਗਈ। ਜੋੜੇ ਦੀ ਪਛਾਣ ਬਾਰੇ ਅਜੇ ਖੁਲਾਸਾ ਨਹੀਂ ਕੀਤਾ ਗਿਆ ਹੈ। ਭਾਰਤੀ ਜੋੜੇ ਨੇ ਔਰਤ 'ਤੇ ਲਗਾਤਾਰ ਤਸ਼ੱਦਦ ਢਾਹਿਆ ਤੇ ਅੱਖ ਦੀ ਪੁਤਲੀ ਤੱਕ ਬਾਹਰ ਕੱਢ ਦਿੱਤੀ।

ਫੋਰੈਂਸਿਕ ਟੀਮ ਮੁਤਾਬਕ ਇਹ ਸਾਰਾ ਕੁਝ ਜੁਲਾਈ 2018 ਤੋਂ ਅਕਤੂਬਰ 2018 ਤੱਕ ਕੀਤਾ ਗਿਆ ਹੈ। ਇਸ ਸਮੇਂ ਦੌਰਾਨ ਲਗਾਤਾਰ ਔਰਤ ਨੂੰ ਪਰੇਸ਼ਾਨ ਕੀਤਾ ਗਿਆ ਤੇ ਸਰੀਰ ਦਾ ਦਸ ਫੀਸਦ ਹਿੱਸਾ ਕਈ ਥਾਵਾਂ ਤੋਂ ਝੁਲਸਿਆ ਵੀ ਹੋਇਆ ਸੀ। ਡਾਕਟਰਾਂ ਦਾ ਕਹਿਣਾ ਹੈ ਕਿ ਇਸ ਤੋਂ ਬਾਅਦ ਔਰਤ ਦੀ ਹਾਲਤ ਵਿਗੜਦੀ ਗਈ ਤੇ ਹਸਪਤਾਲ ਦੇ ਸਰਟੀਫਿਕੇਟ ਮੁਤਾਬਕ 31 ਅਕਤੂਬਰ 2018 ਨੂੰ ਉਸ ਦੀ ਮੌਤ ਹੋ ਗਈ। ਜੋੜੇ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਪਰ ਉਹ ਦੋਸ਼ਾਂ ਤੋਂ ਇਨਕਾਰ ਕਰ ਰਹੇ ਹਨ। ਇਸ ਮਾਮਲੇ ਨੂੰ ਜੋੜੇ ਦੇ 54 ਸਾਲਾ ਗੁਆਂਢੀ ਨੇ ਸਾਹਮਣੇ ਲਿਆਂਦਾ ਸੀ ਜੋ ਕਿ ਹਸਪਤਾਲ 'ਚ ਮੁਲਾਜ਼ਮ ਹੈ।

PUNJAB SPORTS & CULTURAL ASSOCIATION MICHIGAN
PSCA Punjabi Khed Mela

# ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ, ਮਿਸ਼ੀਗਨ

ਸ਼ੋਹਰਤ ਦੇ ਦੀਵੇ ਵਿਚ ਖ਼ੂਨ ਜਿਗਰ ਦਾ ਪੈਂਦਾ ਏ, ਦੁਨੀਆਂ ਵਿਚ ਨਾਮ ਕਮਾਉਣਾ ਸੌਖਾ ਨਹੀਂ ਹੁੰਦਾ।
ਕਾਮਯਾਬ ਨੇ ਜਿਹੜੇ ਉਨ੍ਹਾਂ ਤੋਂ ਸਦਕੇ ਜਾਵਾਂ ਮੈਂ, ਬਾਹਰਲੇ ਮੁਲਕ 'ਚ ਪੈਰ ਜਮਾਉਣਾ ਸੌਖਾ ਨਹੀਂ ਹੁੰਦਾ।

## ਮਿਸ਼ੀਗਨ ਦੇ ਭਾਰਤੀ ਪੰਜਾਬੀ ਭਾਈਚਾਰੇ ਵਲੋਂ

# 12ਵਾਂ ਪੰਜਾਬੀ ਖੇਡ ਮੇਲਾ ਤੇ ਕਬੱਡੀ ਟੂਰਨਾਮੈਂਟ

ਖੇਡਾਂ: ਕਬੱਡੀ, ਵਾਲੀਬਾਲ, ਸੌਕਰ, ਅਥਲੈਟਿਕਸ

## 3 ਅਗਸਤ 2019

*(ਸਨਿਚਰਵਾਰ, ਸਵੇਰੇ 9 ਤੋਂ ਸ਼ਾਮ 8 ਵਜੇ ਤੱਕ)*

**Heritage Park**
46202 Heritage Park Dr., Canton Twp, MI 48188
Behind Canton Library
Address: 1150 S Canton Center Toad, Canton Twp, MI 48188

## ਇਨਾਮ

**ਕਬੱਡੀ ਓਪਨ**
ਪਹਿਲਾ ਇਨਾਮ $15,000
ਦੂਜਾ ਇਨਾਮ $12,000
ਤੀਜਾ ਇਨਾਮ $9,000
ਚੌਥਾ ਇਨਾਮ $7,000

**ਕਬੱਡੀ ਅੰਡਰ-21**
ਪਹਿਲਾ ਇਨਾਮ $3500
ਦੂਜਾ ਇਨਾਮ $2500
ਤੀਜਾ ਇਨਾਮ $1,000

**ਸੌਕਰ**
ਪਹਿਲਾ ਇਨਾਮ $3500
ਦੂਜਾ ਇਨਾਮ $2500

**ਵਾਲੀਬਾਲ (ਓਪਨ)**
ਪਹਿਲਾ ਇਨਾਮ $3100
ਦੂਜਾ ਇਨਾਮ $2100



ਪਰਿਵਾਰਾਂ ਸਮੇਤ ਆਓ ਤੇ ਮੇਲੇ ਦਾ ਲੁਤਫ ਉਠਾਓ

## ਸਭਨਾਂ ਨੂੰ ਖੁੱਲ੍ਹਾ ਸੱਦਾ

ਲੰਗਰ ਦਾ ਖਰਚਾ ਤੇ ਸੇਵਾ ਆਗੇਨਾਈਜ਼ਿੰਗ ਕਮੇਟੀ ਦੇ ਮੈਂਬਰਾਂ ਵਲੋਂ ਹੋਣਗੇ

**Free Entry Free Food & Free Entertainment**

## ਨਾਮੀ ਗਾਇਕ ਆਪਣੀ ਗਾਇਕੀ ਰਾਹੀਂ ਸਰੋਤਿਆਂ ਦਾ ਮਨੋਰੰਜਨ ਕਰਨਗੇ


Charger logistics inc

Radio Chann Pardesi ਰੇਡੀਓ ਚੰਨ ਪ੍ਰਦੇਸੀ

GN TRUCK SALES
TRUCK & TRAILER SALES
WE SELL ALL MAKES & MODELS
905-291-0210

AUTOBAHN FREIGHT LINES LTD.
ਸਾਰੇ ਟਰੱਕ
Under Warranty
800,000
kilometers



WORLD WIDE CARRIERS US INC.
SERVING NORTH AMERICA
Troy, MI
Sukhi Dhariwal
Ph: 416-213-1334


## PSCA Committee Members and Gold Sponsors


ਸੁੱਖਾ ਸੇਖੋਂ


ਕੇਵਲ ਗਿੱਲ


ਮਨਪ੍ਰੀਤ ਗਿੱਲ


ਕੁਲਬੀਰ ਗਿੱਲ


ਅਮਰਜੀਤ ਗਿੱਲ


ਰਵਿੰਦਰ ਬਿੰਦ


ਜਸਵਿੰਦਰ ਧਾਲੀਵਾਲ


ਸੁਖਵੰਤ ਸਿੰਘ ਗਿੱਲ


ਰਾਜ ਨਿੱਜਰ




ਅਰਜੁਨ ਗਿੱਲ


ਸੁਖਦੇਵ ਸੇਖੋਂ


ਕਰਮਬੀਰ ਸਿੰਘ


ਕਰਨ ਗਿੱਲ

### ਹੋਰ ਜਾਣਕਾਰੀ ਲਈ ਕਾਲ ਕਰੋ

ਜਸਵਿੰਦਰ ਧਾਲੀਵਾਲ ਫੋਨ: 734-347-1154
ਸੁਖਵੰਤ ਗਿੱਲ ਫੋਨ: 734-231-7035
ਰਾਜ ਨਿੱਜਰ ਫੋਨ: 734-637-7540
ਰਾਜ ਜਾਮਾਰਾਏ ਫੋਨ: 734-644-1010
ਸੁਖਦੇਵ ਸੇਖੋਂ ਫੋਨ: 248-431-9678
ਕਰਮਬੀਰ ਸਿੰਘ ਫੋਨ: 734-558-3151

*ਇਸ ਵਰ੍ਹੇ ਵੀ ਸੁਰੱਖਿਆ ਦੇ ਸਖਤ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਲੋਕ ਆਪਣੇ ਪਰਿਵਾਰਾਂ ਸਮੇਤ ਮੇਲੇ ਦਾ ਸੁਰੱਖਿਅਤ ਮਾਹੌਲ ਵਿਚ ਅਨੰਦ ਮਾਣ ਸਕਣ।*

LIVE ON Chardi tv CHANNEL 422 | Real tv CHANNEL 136 | f LIVE LIVEKABADDI | LIVE KABADDI | jadoo tv | YouTube LIVE KABADDI | IPTV | jus punjabi

# ਜੁਗਨੀ ਦੀ ਬਾਤ

ਸੁਖਵੀਰ ਸਿੰਘ ਕੰਗ

ਜੁਗਨੀ ਪੰਜਾਬੀ ਲੋਕ ਗੀਤਾਂ ਦੀ ਮੁੱਖ ਸ਼ੈਲੀ ਹੈ ਜੋ ਪੰਜਾਬੀ ਗੀਤ ਅਤੇ ਸੰਗੀਤ ਪ੍ਰੇਮੀਆਂ ਵਿਚ ਬਹੁਤ ਹਰਮਨ ਪਿਆਰੀ ਹੈ। ਇਸ ਨੂੰ ਚੜ੍ਹਦੇ ਅਤੇ ਲਹਿੰਦੇ ਪੰਜਾਬ ਵਿਚ ਬੜੇ ਚਾਅ ਨਾਲ ਗਾਇਆ ਅਤੇ ਸੁਣਿਆ ਜਾਂਦਾ ਹੈ। ਅਲਗੋਜ਼ਿਆਂ ਦੇ ਸੁਰ ਦੀ ਚਾਸ਼ਣੀ 'ਚ ਭਿੱਜੀ ਜੁਗਨੀ ਹਰ ਸੰਗੀਤ ਰਸੀਏ ਦਾ ਮਨ ਮੋਹ ਲੈਂਦੀ ਹੈ। ਪੰਜਾਬੀ ਗਾਇਕੀ ਦੇ ਇਸ ਸੂਹੇ ਰੰਗ ਦਾ ਪਿਛੋਕੜ ਅਤੇ ਇਤਿਹਾਸ ਬਹੁਤ ਪੁਰਾਣਾ ਹੈ। ਇਹ ਪੰਜਾਬੀ ਤੋਂ ਇਲਾਵਾ ਮੁਲਤਾਨੀ, ਫਾਰਸੀ, ਅਰਬੀ ਆਦਿ ਭਾਸ਼ਾਵਾਂ ਵਿਚ ਵੀ ਪ੍ਰਚੱਲਿਤ ਹੈ। ਜੁਗਨੀ ਗਾਉਣ ਵਾਲੇ ਪੁਰਾਣੇ ਅਤੇ ਜੱਦੀ-ਪੁਸ਼ਤੀ ਗਾਇਕਾਂ ਨੂੰ ਸੁਣਨ 'ਤੇ ਇਹ ਆਭਾਸ ਸਹਿਜੇ ਹੀ ਹੋ ਜਾਂਦਾ ਹੈ ਕਿ ਜੁਗਨੀ ਇਨਸਾਨੀ ਰੂਹ ਦੀ ਗੱਲ ਹੈ, ਇਹ ਜ਼ਿੰਦਗੀ ਦਾ ਸਾਰ ਹੈ ਅਤੇ ਰੱਬ ਦੇ ਨਾਂ ਦੀ ਤਸ਼ਬੀਹ ਹੈ:

ਅੱਵਲ ਨਾਮ ਅੱਲ੍ਹਾ ਦਾ ਲਈਏ
ਫੇਰ ਦਰੂਦ ਨਬੀ ਨੂੰ ਕਹੀਏ
ਹਰ ਦਮ ਆਜ਼ਿਜ਼ੀ ਵਿਚ ਰਹੀਏ
ਓ ਪੀਰ ਮੇਰਿਆ ਜੁਗਨੀ ਕਹਿੰਦੀ ਆ
ਨਾਮ ਅਲੀ ਦਾ ਲੈਂਦੀ ਆ।

ਗੀਤਾਂ ਅਤੇ ਦੰਦ ਕਥਾਵਾਂ ਵਿਚ ਸਾਂਭੀ ਜੁਗਨੀ ਦੇ ਆਰੰਭ ਅਤੇ ਪਿਛੋਕੜ ਬਾਰੇ ਕੋਈ ਪ੍ਰਮਾਣਕ ਤੱਥ ਤਾਂ ਨਹੀਂ ਮਿਲਦੇ ਪਰ ਇਸ ਦੀ ਪੁਰਾਣੀ ਗਾਇਕੀ ਦੇ ਕੇਂਦਰੀ ਭਾਵ ਨੂੰ ਮਹਿਸੂਸ ਕਰਕੇ ਅਤੇ ਇਸ ਸਬੰਧੀ ਪੜ੍ਹੇ-ਸੁਣੇ ਬਿਰਤਾਂਤਾਂ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਜੁਗਨੀ ਹਜ਼ਾਰਾਂ ਸਾਲ ਪਹਿਲਾਂ ਹੋਂਦ ਵਿਚ ਆ ਚੁੱਕੀ ਸੀ। ਪੁਰਾਤਨ ਸਮੇਂ ਤੋਂ ਸਿੱਧ, ਯੋਗੀ, ਪੀਰ ਅਤੇ ਫਕੀਰ ਆਪਣੇ ਗਲੇ ਵਿਚ ਧਾਤ ਦਾ ਕੈਪਸੂਲਨੁਮਾ ਤਵੀਤ ਧਾਗੇ ਜਾਂ ਮਾਲਾ ਵਿਚ ਪਰੋ ਕੇ ਧਾਰਨ ਕਰਕੇ ਰੱਖਦੇ ਸਨ ਜੋ ਉਨ੍ਹਾਂ ਦੀ ਸਾਧਨਾ, ਯੋਗ ਅਤੇ ਫਕੀਰੀ ਦੀ ਕਮਾਈ ਅਤੇ ਰੂਹ ਹੁੰਦਾ ਸੀ। ਇਸ ਨੂੰ ਯੋਗ ਗ੍ਰਹਿਣੀ ਕਿਹਾ ਜਾਂਦਾ ਸੀ ਜੋ ਅੱਗੇ ਚੱਲ ਕੇ ਯੋਗਿਨੀ ਅਤੇ ਫਿਰ ਜੁਗਨੀ ਬਣ ਗਈ।

ਕੁਝ ਯੋਗੀ ਜਾਂ ਫਕੀਰ ਇਸ ਨੂੰ ਡੌਲੇ ਨਾਲ ਵੀ ਬੰਨ੍ਹ ਲੈਂਦੇ ਸਨ। ਯੋਗੀ ਆਪਣੇ ਚੇਲਿਆਂ ਨੂੰ ਯੋਗ ਵਿੱਦਿਆ ਵਿਚ ਨਿਪੁੰਨ ਹੋਣ 'ਤੇ ਉਨ੍ਹਾਂ ਨੂੰ ਯੋਗ ਦੇਣ ਵੇਲੇ ਉਨ੍ਹਾਂ ਦੇ ਗਲ ਵਿਚ ਇਹ ਯੋਗਿਨੀ ਧਾਰਨ ਕਰਾਉਂਦੇ ਸਨ, ਭਾਵ ਇਹ ਯੋਗ ਗ੍ਰਹਿਣ ਅਤੇ ਨਿਪੁੰਨ ਯੋਗੀ ਦੇ ਚਿੰਨ੍ਹ ਵਜੋਂ ਪ੍ਰਚਲਿਤ ਹੋਈ। ਇਸੇ ਤਰ੍ਹਾਂ ਇਸਲਾਮ ਦੀ ਸੰਗੀਤ ਪ੍ਰੇਮੀ ਸੰਪਰਦਾਏ ਸੂਫੀ ਮਤ ਵਿਚ ਵੀ ਇਸੇ ਤਰ੍ਹਾਂ ਪੀਰ-ਮੁਰਸ਼ਦ ਆਪਣੇ ਸਭ ਤੋਂ ਕਾਬਲ ਸ਼ਾਗਿਰਦ ਨੂੰ ਜਦੋਂ ਆਪਣੀ ਗੱਦੀ ਦਿੰਦੇ ਜਾਂ ਖਾਸ ਅਵਸਥਾ ਵਿਚ ਪੁੱਜਣ ਵਾਲੇ ਦਰਵੇਸ਼ ਨੂੰ ਫਕੀਰੀ ਬਖਸ਼ਦੇ ਤਾਂ ਉਹ ਵੀ ਆਪਣੀ ਯੋਗਿਨੀ, ਭਾਵ ਰੂਹ ਉਸ ਨੂੰ ਧਾਰਨ ਕਰਵਾ ਦਿੰਦੇ ਸਨ।

ਇਉਂ ਯੋਗਿਨੀ ਅੱਗੇ ਤੋਂ ਅੱਗੇ ਚੱਲਦੀ ਰਹਿੰਦੀ ਸੀ। ਕਠਿਨ ਸਾਧਨਾ 'ਤੇ ਮਿਲੀ ਯੋਗਿਨੀ ਰੁਤਬਾ ਮੰਨੀ ਜਾਂਦੀ ਸੀ। ਇਸ ਮੌਕੇ 'ਤੇ ਜਸ਼ਨ ਵੀ ਮਨਾਏ ਜਾਂਦੇ ਸਨ ਜਿਨ੍ਹਾਂ ਵਿਚ ਰੱਬ, ਅੱਲ੍ਹਾ, ਪੀਰ, ਮੁਰਸ਼ਦ ਜਾਂ ਗੁਰੂ ਦੀ ਸਿਫਤ ਸਲਾਹ ਦਾ ਗਾਇਨ ਵੀ ਹੁੰਦਾ ਸੀ। ਇਸ ਤਰ੍ਹਾਂ ਜੁਗਨੀ ਵਰਗਾ ਪਾਕ-ਪਵਿੱਤਰ ਗਹਿਣਾ ਕਦੇ ਸਿੱਧਾਂ, ਯੋਗੀਆਂ ਅਤੇ ਪੀਰਾਂ ਦੀ ਕਮਾਈ ਹੁੰਦਾ ਸੀ ਜਿਸ ਨੂੰ ਧਾਰਨ ਕਰਕੇ ਉਹ ਲੋਕਾਈ ਦੀ ਸੇਵਾ ਅਤੇ ਸੁਧਾਰ ਕਰਦੇ ਸਨ। ਇਹ ਪੰਜਾਬੀ ਲੋਕ ਗੀਤਾਂ ਵਿਚਲੀ ਯੋਗਿਨੀ ਤੋਂ ਬਣੀ ਜੁਗਨੀ ਦਾ ਆਰੰਭ ਅਤੇ ਅਸਲ ਵਜੂਦ ਹੈ।

ਇਸ ਤੋਂ ਬਿਨਾਂ ਇਕ ਹੋਰ ਦੰਦ ਕਥਾ ਸੁਣਨ ਨੂੰ ਮਿਲਦੀ ਹੈ ਕਿ ਭਾਰਤ ਵਿਚ ਆਪਣੇ ਸਾਮਰਾਜ ਦੇ ਪੰਜਾਹ ਵਰ੍ਹੇ ਪੂਰੇ ਹੋਣ 'ਤੇ 1887 ਵਿਚ ਬਰਤਾਨਵੀ ਰਾਣੀ ਵਿਕਟੋਰੀਆ ਨੇ ਗੋਲਡਨ ਜੁਬਲੀ ਦੇ ਜਸ਼ਨਾਂ ਵਜੋਂ ਮਸ਼ਾਲ ਪੂਰੇ ਭਾਰਤ ਦੇ ਮੁੱਖ ਸ਼ਹਿਰਾਂ ਵਿਚ ਘੁੰਮਾਈ ਸੀ। ਇਹ ਮਸ਼ਾਲ ਜਿਸ ਸ਼ਹਿਰ ਜਾਂਦੀ ਤਾਂ ਉਥੇ ਇਕੱਠ ਕਰਕੇ ਅੰਗਰੇਜ਼ ਅਫਸਰਾਂ ਅਤੇ ਉਨ੍ਹਾਂ ਦੇ ਹਮਾਇਤੀਆਂ ਵਲੋਂ ਜਸ਼ਨ ਮਨਾਇਆ ਜਾਂਦਾ ਸੀ। ਇਸ ਦੇ ਖਿਲਾਫ ਪੰਜਾਬ ਦੇ ਸੁਤੰਤਰਤਾ ਸੰਗਰਾਮੀਆਂ ਨੇ ਅੰਗਰੇਜ਼ਾਂ ਦੇ ਜਸ਼ਨ ਦੇ ਮੁਕਾਬਲੇ ਵਜੋਂ ਉਸੇ ਸ਼ਹਿਰ, ਉਸੇ ਸਮੇਂ ਬਰਾਬਰ ਇਕੱਠ ਕਰਕੇ ਆਪਣਾ ਗੁੱਸਾ ਪ੍ਰਗਟਾਉਣ ਦਾ ਫੈਸਲਾ ਕੀਤਾ। ਇਕੱਠ ਕਰਨ ਅਤੇ ਵਧੇਰੇ ਲੋਕਾਂ ਨੂੰ ਬਿਠਾਈ ਰੱਖਣ ਲਈ ਅੰਮ੍ਰਿਤਸਰ ਜ਼ਿਲ੍ਹੇ ਦੇ ਦੋ ਕਵੀਸ਼ਰਾਂ ਨੂੰ ਬੁਲਾ ਕੇ ਹਰ ਪ੍ਰੋਗਰਾਮ 'ਤੇ ਜੁਬਲੀ ਵਿਰੋਧੀ ਗੀਤ ਗਾਉਣ ਲਈ ਕਿਹਾ ਗਿਆ। ਬਿਸ਼ਨਾ ਅਤੇ ਮਾਂਦਾ ਨਾਂ ਦੇ ਇਨ੍ਹਾਂ ਅਨਪੜ੍ਹ ਗਾਇਕਾਂ ਨੇ 'ਜੁਬਲੀ' ਸ਼ਬਦ ਨੂੰ 'ਜੁਗਨੀ' ਸਮਝਦਿਆਂ ਆਪਣੇ ਹਿਸਾਬ ਨਾਲ ਮੌਕੇ 'ਤੇ ਸਬੰਧਤ ਸ਼ਹਿਰ ਦਾ ਨਾਂ ਲੈ ਕੇ ਗੀਤ ਜੋੜ ਲਏ:

ਜੁਗਨੀ ਜਾ ਵੜੀ ਮਜੀਠੇ
ਕੋਈ ਰੰਨ ਨਾ ਚੱਕੀ ਪੀਠੇ
ਪੁੱਤ ਗੱਭਰੂ ਮੁਲਕ ਵਿਚ ਮਾਰੇ
ਰੋਵਣ ਅੱਖੀਆਂ ਪਰ ਬੁਲ੍ਹ ਸੀਤੇ
ਪੀਰ ਮੇਰਿਆ ਓਏ ਜੁਗਨੀ ਆਈ ਆ,
ਇਨ੍ਹਾਂ ਕਿਹੜੀ ਜੋਤ ਜਗਾਈ ਆ।
ਜੁਗਨੀ ਜਾ ਵੜੀ ਲੁਧਿਆਣੇ
ਉਹਨੂੰ ਪੈ ਗਏ ਅੰਨ੍ਹੇ ਕਾਣੇ
ਮਾਰਨ ਮੁੱਕੀਆਂ ਮੰਗਣ ਦਾਣੇ
ਪੀਰ ਮੇਰਿਆ ਉਏ ਜੁਗਨੀ ਕਹਿੰਦੀ ਆ
ਜਿਹੜੀ ਨਾਮ ਸਾਈਂ ਦਾ ਲੈਂਦੀ ਆ

ਕਈ ਇਸ ਘਟਨਾ ਨੂੰ ਜੁਗਨੀ ਦੀ ਉਪਜ ਕਹਿ ਦਿੰਦੇ ਹਨ ਪਰ ਇਹ ਸਹੀ ਨਹੀਂ ਹੈ। ਇਸ ਨੂੰ ਅਸੀਂ ਜੁਗਨੀ ਦੇ ਸਫਰ ਦਾ ਇਕ ਮੋੜ ਹੀ ਕਹਿ ਸਕਦੇ ਹਾਂ ਜਿਸ ਨੇ ਜੁਗਨੀ ਨੂੰ ਸ਼ਹਿਰਾਂ ਅਤੇ ਕਸਬਿਆਂ ਨਾਲ ਜੋੜ ਦਿੱਤਾ। ਮਰਦ ਅਤੇ ਔਰਤਾਂ ਜੁਗਨੀ ਨੂੰ ਗਹਿਣੇ ਵਜੋਂ ਵੀ ਪਹਿਨਦੇ ਹਨ।

ਜੁਗਨੀ ਨੂੰ ਸੰਗੀਤਕ ਰੂਪ ਵਿਚ ਗਾਉਣ ਵਾਲਿਆਂ ਦੀ ਗੱਲ ਕਰੀਏ ਤਾਂ ਸਭ ਤੋਂ ਪਹਿਲਾਂ ਦੋ ਨਾਂ ਉਭਰਦੇ ਹਨ: ਪਹਿਲਾ ਪਿੰਡ ਕੋਟ ਇਨਾਇਤ ਖਾਂ (ਪਾਕਿਸਤਾਨ) ਵਾਲਾ ਨਵਾਬ ਹੈ ਜੋ ਨੈਬ ਕੋਟੀਆ ਘੁਮਿਆਰ ਦੇ ਨਾਂ ਨਾਲ ਮਸ਼ਹੂਰ ਹੈ ਅਤੇ ਦੂਜਾ ਵੀ ਪਾਕਿਸਤਾਨ ਦੇ ਕਸਬੇ ਲਾਲਾ ਮੂਸਾ ਦਾ ਆਲਮ ਲੁਹਾਰ ਹੈ। ਨੈਬ ਕੋਟੀਆ ਆਪਣੇ ਪੁੱਤਰਾਂ ਸਰਜਾ, ਮਿਰਜ਼ਾ, ਬੂਟੇ ਅਤੇ ਜਾਨੇ ਨਾਲ ਗਾਉਂਦਿਆ ਜਦੋਂ 'ਪੀਰ ਮੇਰਿਆ ਜੁਗਨੀ' ਤੋਂ ਬਾਅਦ 'ਉਏ' ਕਹਿੰਦਾ ਹੈ ਤਾਂ ਸੰਗੀਤ ਰਸੀਆਂ ਦੇ ਕਾਲਜੇ ਧੂ ਪਾ ਦਿੰਦਾ ਹੈ, ਉਹ ਜੁਗਨੀ ਲੋਰੀ ਵਾਂਗ ਗਾਉਂਦਾ ਹੈ:

ਅੱਵਲ ਸਿਫਤ ਖੁਦਾ ਦੀ ਆਖਾਂ
ਜਿਹੜਾ ਪਰਵਰਦਿਗਾਰ
ਦੂਜੀ ਸਿਫਤ ਰਸੂਲ ਇਲ-ਲਿਲਹਾ ਦੀ
ਆਖਾਂ ਹਮਦ ਹਜ਼ਾਰ
ਤੀਜੀ ਸਿਫਤ ਉਨ੍ਹਾਂ ਦੀ ਆਖਾਂ,
ਜਿਹੜੇ ਪਿਆਰੇ ਯਾਰ
ਨਾਮ ਨਵਾਬ ਤੇ ਜਾਤ ਕੰਮੀ ਦੀ,
ਜੁਗਨੀ ਕਰਾਂ ਤਿਆਰ
ਪੀਰ ਮੇਰਿਆ ਜੁਗਨੀ ਉਏ
ਪੀਰ ਮੇਰਿਆ ਜੁਗਨੀ ਕਹਿੰਦੀ ਆ
ਜਿਹੜੀ ਨਾਮ ਅੱਲ੍ਹਾ ਦਾ ਲੈਂਦੀ ਆ।

ਇਸੇ ਤਰ੍ਹਾਂ ਆਲਮ ਲੁਹਾਰ ਨੇ ਜਿਥੇ ਬਹੁਤ ਸਾਰੀਆਂ ਲੋਕ-ਕਥਾਵਾਂ ਅਤੇ ਗੀਤਾਂ ਨੂੰ ਪੰਜਾਬੀ ਲੋਕ ਗਾਇਕੀ ਦੀ ਝੋਲੀ ਪਾਇਆ, ਉਥੇ ਉਸ ਨੇ ਜੁਗਨੀ ਨੂੰ ਵੀ ਬੜੀ ਰੂਹ ਨਾਲ ਗਾਇਆ:

ਅਲੀ ਵਾਕ ਇਮਾਮ ਦਾ
ਮੈਂ ਬਿਰਦ ਕਰਾਂ ਦਮ ਦਮ
ਇਹਨੂੰ ਪੈਣ ਉਜੱਲੇ ਨੂਰ ਦੇ
ਜਿਉਂ ਕਤਰੇ ਸ਼ਬਨਮ
ਮੈਂ ਪੜ੍ਹੀ ਨਮਾਜ਼ ਐ ਇਸ਼ਕ ਦੀ
ਦੂਰ ਹੋਏ ਸਭ ਗ਼ਮ
ਓ ਮੈਂ ਗਾਵਾਂ ਜੁਗਨੀ
ਆਸ਼ਕ ਲੋਕ ਤੇ ਕਮਲੇ ਰਮਲੇ
ਦੁਨੀਆਂ ਬੜੀ ਸਿਆਣੀ
ਚਿੱਟੇ ਦਿਨ ਤੇ ਕਾਲੀਆਂ ਰਾਤਾਂ
ਖਾਂਦੇ ਜਾਣ ਜੁਆਨੀ
ਕੀ ਮੁਨਿਆਦ ਐ ਬੰਦਿਆ ਤੇਰੀ
ਤੂੰ ਫਾਨੀ ਮੈਂ ਫਾਨੀ
ਰੰਗੇ ਜਾਈਏ ਜੇ ਮਿਲ ਜਾਵੇ
ਢੋਲ ਦਿਲਾਂ ਦਾ ਜਾਨੀ
ਓ ਮੈਂ ਗਾਵਾਂ ਜੁਗਨੀ

ਜੇ ਪੰਜਾਬੀ ਗਾਇਕੀ ਅਤੇ ਜੁਗਨੀ ਦਾ ਦਮ ਦੇਖਣਾ ਹੋਵੇ ਤਾਂ ਬੀਬਾ ਗੁਰਮੀਤ ਬਾਵਾ ਦੀ ਜੁਗਨੀ ਸੁਣੀ ਜਾ ਸਕਦੀ ਹੈ। ਉਹ ਲੰਮੀ ਹੇਕ ਲਾਉਂਦੀ ਤਾਂ ਸੁਣਨ ਵਾਲਿਆਂ ਦੇ ਸਾਹ ਰੁਕ ਜਾਂਦੇ ਹਨ। ਜੁਗਨੀ ਨੂੰ ਆਲਮੀ ਪ੍ਰਸਿਧੀ ਦੇਣ ਵਿਚ ਆਲਮ ਲੁਹਾਰ ਦੇ ਪੁੱਤਰ ਆਰਿਫ ਲੁਹਾਰ ਦਾ ਵੀ ਅਹਿਮ ਯੋਗਦਾਨ ਹੈ। ਅੱਜ ਦੀ ਪੰਜਾਬੀ ਲੋਕ ਗਾਇਕੀ ਦੇ ਨਾਮਵਰ ਤੇ ਦਮਦਾਰ ਫਨਕਾਰ ਆਰਿਫ ਲੁਹਾਰ ਨੇ ਕੋਕ ਸਟੂਡੀਓ ਵਿਚ ਮੀਸ਼ਾ ਸ਼ਫੀ ਨਾਲ ਨਿਵੇਕਲੇ ਸੰਗੀਤ ਵਿਚ ਜੁਗਨੀ ਗਾ ਕੇ ਇਸ ਨੂੰ ਹੋਰ ਪ੍ਰਸਿਧੀ ਅਤੇ ਵਧੇਰੇ ਹਰਮਨ ਪਿਆਰਤਾ ਦਿਵਾਈ:

ਏਹ ਵੇ ਅੱਲ੍ਹਾ ਵਾਲਿਆਂ ਦੀ ਜੁਗਨੀ ਜੀ
ਏਹ ਵੇ ਨਬੀ ਪਾਕ ਦੀ ਜੁਗਨੀ ਜੀ
ਏਹ ਵੇ ਮੌਲਾ ਅਲੀ ਵਾਲੀ ਜੁਗਨੀ ਜੀ
ਏਹ ਵੇ ਮੇਰੇ ਪੀਰ ਦੀ ਜੁਗਨੀ ਜੀ
ਦਮ ਗੁਟਕੂੰ, ਦਮ ਗੁਟਕੂੰ, ਕਰੇ ਸਾਈਂ
ਇਹ ਕਲਮਾਂ ਨਬੀ ਦਾ ਪੜ੍ਹੇ ਸਾਈਂ

ਨੈਬ ਕੋਟੀਆ ਘੁਮਿਆਰ, ਆਲਮ ਲੁਹਾਰ ਅਤੇ ਗੁਰਮੀਤ ਬਾਵਾ ਨੇ ਜੁਗਨੀ ਅਲਗੋਜ਼ਿਆਂ ਨਾਲ ਗਾਈ। ਇਨ੍ਹਾਂ ਸਭ ਗਾਇਕਾਂ ਨੇ ਜੁਗਨੀ ਦੇ ਵੱਖੋ-ਵੱਖ ਬੰਦ ਗਾਏ ਹਨ ਅਤੇ ਭਾਸ਼ਾ ਦਾ ਵੀ ਫਰਕ ਹੈ, ਫਿਰ ਵੀ ਇਨ੍ਹਾਂ ਦੇ ਕੁਝ ਬੰਦ ਸਾਂਝੇ ਹਨ:

ਮੇਰੀ ਜੁਗਨੀ ਦੇ ਧਾਗੇ ਬੱਗੇ
ਜੁਗਨੀ ਓਹਦੇ ਮੂੰਹੋਂ ਫੱਬੇ
ਜਿਸਨੂੰ ਸੱਟ ਇਸ਼ਕ ਦੀ ਲੱਗੇ
ਓ ਪੀਰ ਮੇਰਿਆ ਜੁਗਨੀ ਕਹਿੰਦੀ ਆ
ਜਦ ਨਾਮ ਅਲੀ ਦਾ ਲੈਂਦੀ ਆ

ਇਸ ਤੋਂ ਬਿਨਾਂ ਹਜ਼ਾਰਾ ਸਿੰਘ ਰਮਤਾ, ਕੁਲਦੀਪ ਮਾਣਕ, ਨਰਿੰਦਰ ਬੀਬਾ, ਜਗਮੋਹਣ ਕੌਰ, ਗੁਰਦਾਸ ਮਾਨ, ਸੁਰਜੀਤ ਬਿੰਦਰਖੀਆ, ਲਖਵਿੰਦਰ ਵਡਾਲੀ, ਹਰਭਜਨ ਮਾਨ ਆਦਿ ਤੋਂ ਬਿਨਾ ਹੋਰ ਵੀ ਬਹੁਤ ਸਾਰੇ ਗਾਇਕਾਂ ਨੇ ਜੁਗਨੀ ਗਾਈ ਜਿਸ ਵਿਚੋਂ ਬਹੁਤੇ ਗਾਇਕਾਂ ਦੀ ਜੁਗਨੀ ਅਸਲ ਸਿਧਾਂਤ ਤੋਂ ਦੂਰ ਹੈ। ਜੁਗਨੀ ਤਾਂ ਰੂਹ ਅਤੇ ਰਹਿਬਰ ਦੇ ਰਿਸ਼ਤੇ ਦੀ ਨਿਸ਼ਾਨੀ ਦੀ ਪਾਕ-ਪਵਿੱਤਰ ਬਾਤ ਹੈ।

**ਜੁਗਨੀ ਗਾਉਣ ਵਾਲੇ ਵੱਖ ਵੱਖ ਕਲਾਕਾਰ**


ਸੁਰਜੀਤ ਬਿੰਦਰਖੀਆ


ਗੁਰਦਾਸ ਮਾਨ


ਕੁਲਦੀਪ ਮਾਣਕ






(ਖੱਬੇ) ਜਗਮੋਹਣ ਕੌਰ ਅਤੇ (ਸੱਜੇ) ਕੋਕ ਸਟੂਡੀਓ ਵਿਚ ਜੁਗਨੀ ਗਾ ਰਹੇ ਲਹਿੰਦੇ ਪੰਜਾਬ ਦੇ ਗਾਇਕ ਆਰਿਫ ਲੁਹਾਰ ਅਤੇ ਮੀਸ਼ਾ ਸ਼ਫੀ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 6 ਜੁਲਾਈ 2019 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-384



*ਵੇਖ ਤਮਾਸ਼ਾ ਜੱਗ ਦਾ ਮਿੱਤਰਾ, ਵੇਖ ਜਰਾ ਚਿੱਤ ਲਾ ਕੇ।
ਸਾਡੇ ਵਿਚੋਂ ਨਿਕਲਿਆ ਬੰਦਾ, ਕੀ ਕੀ ਕਰਦਾ ਜਾ ਕੇ।*

### ਕੈਪਸ਼ਨ ਮੁਕਾਬਲਾ-382



ਵਿਚ ਸ਼ਰੀਕੇ ਸਾਂਝ ਸੀ ਹੁੰਦੀ
ਦਿਸਦਾ ਸੀ ਭਾਈਚਾਰਾ।
ਲੱਡੂ ਵੱਟਣ ਦਾ ਸੱਦਾ ਜਾਂਦਾ
ਆ ਜਾਂਦਾ ਪਿੰਡ ਸਾਰਾ।
ਨਾਲ ਵਕਤ ਦੇ ਸਾਂਝਾਂ ਟੁੱਟੀਆਂ
ਮੋਹ ਦੀ ਥਾਂ ਮੁੱਲ ਆ ਗਿਆ।
ਵਿਰਸੇ ਵਾਲੀਆਂ ਕਦਰਾਂ ਤਾਈਂ
ਨਵੇਂ ਯੁੱਗ ਦਾ ਦੈਂਤ ਖਾ ਗਿਆ।

***-ਜਗਮੀਤ ਸਿੰਘ ਪੰਧੇਰ***
***ਵਿੰਨੀਪੈਗ, ਐਮ.ਬੀ. (ਕੈਨੇਡਾ)***
***ਫੋਨ: 1-431-887-7222)***

---

ਭਾਗਾਂ ਵਾਲਿਆਂ ਨੂੰ ਦਿਨ ਆਉਂਦੇ
ਵਿਆਹ ਪੁੱਤਰ ਦਾ ਧਰਿਆ।
ਅੱਜ ਸੱਦ ਹਲਵਾਈ ਭੱਠੀ ਚਾੜ੍ਹੀ
ਘਾਣਾ ਲੱਡੂਆਂ ਦਾ ਕਰਿਆ।
ਪਤਲਾ ਵੇਸਣ ਪਾ ਕੇ ਝਰਨੀ 'ਤੇ
ਘੜੌਂਜੀ 'ਤੇ ਠੱਕ ਠੱਕ ਮਾਰੇ।
ਫਿਰ ਝਾੜ ਕੇ ਬੂੰਦੀ ਲੱਡੂ ਵੱਟਦੇ
ਭਰ ਦਿੱਤੇ ਪਰਾਤਾਂ ਭਾਂਡੇ ਸਾਰੇ।

***-ਸੇਵਾ ਸਿੰਘ ਨੂਰਪੁਰੀ***
***ਸੈਨ ਹੋਜੇ, ਕੈਲੀਫੋਰਨੀਆ।***

---

ਘਰ ਵਿਚ ਲੱਗੀਆਂ ਖੂਬ ਰੌਣਕਾਂ
ਪੱਕਦੇ ਨੇ ਪਕਵਾਨ।
ਸੱਦੇ ਪੱਤਰ ਹਰ ਥਾਂ ਭੇਜੇ
ਆਉਣਗੇ ਸਭ ਮਹਿਮਾਨ।
ਘੋੜੀਆਂ ਬੋਤੇ ਬਲਦ ਆਉਣਗੇ
ਰੱਥ ਗੱਡੀਆਂ 'ਤੇ ਗੱਡੇ।
ਝਾਗੋ, ਗਿੱਧਾ, ਨਾਚ 'ਤੇ ਨਕਲਾਂ
ਨੱਚਣੇ ਛੋਟੇ ਵੱਡੇ।
ਨਾਈ, ਧੋਈ, ਸੁਰਮਾ, ਸਿਹਰਾ
ਸਾਰੀ ਰਸਮ ਨਿਭਾਉਣੀ।
ਚੜ੍ਹਨੀ ਬਾਰਾਤ ਹੈ ਵੀਰ ਮੇਰੇ ਦੀ
ਭਾਬੋ ਵਿਆਹ ਕੇ ਲਿਆਉਣੀ।

***-ਮਾਸਟਰ ਪ੍ਰੀਤਮ ਸਿੰਘ ਲੰਮੇ***
***ਫੋਨ: 925-325-2486***

---

ਘਰ ਵਿਚ ਧੀ ਜਾਂ ਪੁੱਤ ਦਾ ਵਿਆਹ
ਕੜਾਹੀ ਚੜ੍ਹਾਉਣਾ ਰਸਮ ਪਿਆਰੀ।
ਬੂੰਦੀ, ਜਲੇਬੀਆਂ, ਸ਼ੀਰਨੀ, ਸ਼ੱਕਰਪਾਰੇ
ਸ਼ਗਨਾਂ ਲਈ ਲੱਡੂਆਂ ਦੀ ਸਰਦਾਰੀ।
ਭੇਲੀ, ਸੱਦੇ ਤੇ ਵਿਦਾ ਹੋਣ 'ਤੇ ਭਾਜੀ
ਮੇਲ ਦੀ ਸੇਵਾ ਦੀ ਹੁੰਦੀ ਪੂਰੀ ਤਿਆਰੀ।

***-ਦਵਿੰਦਰ ਕੌਰ***

---

ਪੁੱਟ ਭੱਠੀਆਂ, ਧਰ ਪਤੀਲੇ
ਦੇ ਦਿੱਤਾ ਤਾਅ
ਹਲਵਾਈ ਲੈ ਖੌਂਚਾ
ਬਣਾ ਰਿਹਾ ਮਿੱਠੇ ਸਲੂਣੇ ਪਕਵਾਨ
ਵੱਟ ਵੱਟ ਲੱਡੂ ਪਰਾਤਾਂ ਭਰੀਆਂ
ਕਿਤੇ ਸਮੋਸੇ, ਪਕੌੜੇ ਚਾਹ ਦੀਆਂ ਦੇਗਾਂ।
ਮਹਿਕ ਫੈਲੀ ਵਿਚ ਫਿਜ਼ਾ ਦੇ।
ਸਭ ਲੰਘਦੇ ਵੜਦੇ ਲਾਉਣ ਕਿਆਫੇ
ਕੀ ਹੈ ਸ਼ਾਦੀ ਜਾਂ ਬੱਚਾ ਜਨਮਿਆ
ਜਾਂ ਹੋਣਾ ਹੈ ਅਵਾਮੀ ਰੰਗਮੰਚ
ਸੰਗਤਾਂ ਆ ਰਹੀਆਂ ਹੁਮਹੁਮਾ ਕੇ
ਨਿਕਣਗੇ ਘੜਾਂਗੇ ਅੱਜ।
ਸੁੱਕੀ ਮਿੱਸੀ ਤਾਂ ਹਰ ਇਕ ਖਾਂਦਾ
ਪਕਵਾਨ ਬਣਦੇ ਕਦੀ ਕਦੀ।

***-ਦਰਸ਼ਨਪਾਲ ਦੋਸਾਂਝ***

## ਲਤੀਫਾ

### ਫਰਕ

ਇਕ ਆਦਮੀ ਆਪਣੀ ਪਤਨੀ ਨੂੰ ਲੈਣ ਲਈ ਬੱਸ ਸਟੈਂਡ 'ਤੇ ਗਿਆ। ਪਤਨੀ ਦੀ ਬੱਸ ਕਈ ਘੰਟੇ ਲੇਟ ਹੋ ਗਈ ਅਤੇ ਪਤੀ ਖਿਝਿਆ ਫਿਰੇ। ਜਦੋਂ ਪਤਨੀ ਆਈ ਤਾਂ ਉਸ ਨੇ ਮੱਥੇ 'ਤੇ ਤਿਉੜੀਆਂ ਪਾ ਕੇ ਕਿਹਾ, "ਦੋ ਘੰਟੇ ਤੋਂ ਤੈਨੂੰ ਉਡੀਕ ਰਿਹਾ ਹਾਂ।"

ਪਤੀ ਨੂੰ ਗੁੱਸੇ ਵਿਚ ਦੇਖ ਪਤਨੀ ਨੇ ਉਸ ਨੂੰ ਇਕ ਜੋੜੇ ਵਲ ਦੇਖਣ ਨੂੰ ਆ ਕੇ ਕਿਹਾ, "ਦੇਖੋ ਉਹ ਭਾਈ ਕਿੰਨੇ ਪਿਆਰ ਨਾਲ ਆਪਣੀ ਪਤਨੀ ਦੇ ਹੱਥ ਚੁੰਮ ਰਿਹਾ ਏ?"

ਪਤੀ ਬੋਲਿਆ, "ਹਾਂ, ਮੈਨੂੰ ਪਤਾ ਏ। ਬਸ ਫਰਕ ਇੰਨਾ ਏ, ਉਹ ਪਤਨੀ ਨੂੰ ਵਿਦਾ ਕਰਨ ਆਇਆ ਹੈ ਤੇ ਮੈਂ ਲੈਣ ਆਇਆ ਹਾਂ।"

***-ਵਾਸਦੇਵ ਸਿੰਘ ਪਰਹਾਰ***
***ਫੋਨ: 206-434-1155***

# ਸ਼੍ਰੋਮਣੀ ਕਮੇਟੀ ਅਤੇ ਸਿੱਖ ਰੈਫਰੈਂਸ ਲਾਇਬ੍ਰੇਰੀ ਬਾਰੇ ਨਵਾਂ ਵਿਵਾਦ

ਹਰ ਸਾਲ ਜੂਨ ਦੇ ਪਹਿਲੇ ਹਫਤੇ 1984 ਵਿਚ ਹੋਏ ਸਾਕਾ ਨੀਲਾ ਤਾਰਾ ਸਬੰਧੀ ਰੋਸ ਪ੍ਰਗਟ ਕੀਤਾ ਜਾਂਦਾ ਹੈ, ਇਸ ਵਾਰ ਵੀ ਰੋਸ ਪ੍ਰਗਟ ਕੀਤਾ ਗਿਆ। ਸਾਕੇ ਵਿਚ ਮਾਰੇ ਗਏ ਨਿਰਦੋਸ਼ ਲੋਕਾਂ ਨੂੰ ਸ਼ਰਧਾਂਜਲੀ ਦੇ ਕੇ ਜਿਥੇ ਉਨ੍ਹਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ ਜਾਂਦੀ ਹੈ, ਉਥੇ ਇਹ ਮੰਗ ਵੀ ਕੀਤੀ ਜਾਂਦੀ ਹੈ ਕਿ ਸਾਕੇ ਸਮੇਂ ਸਿੱਖ ਰੈਫਰੈਂਸ ਲਾਇਬ੍ਰੇਰੀ ਵਿਚੋਂ ਜੋ ਇਤਿਹਾਸਕ ਪੁਸਤਕਾਂ, ਗੁਰੂ ਗ੍ਰੰਥ ਸਾਹਿਬ ਦੇ ਸਰੂਪ ਅਤੇ ਹੋਰ ਬੇਸ਼ਕੀਮਤੀ ਸਮਾਨ ਫੌਜ ਲੈ ਗਈ ਸੀ, ਉਹ ਕੇਂਦਰ ਸਰਕਾਰ ਵਾਪਸ ਕਰੇ।

ਅੱਜ ਤੱਕ ਕਦੇ ਵੀ ਕੋਈ ਬਿਆਨ ਪੜ੍ਹਨ ਜਾਂ ਸੁਣਨ ਨੂੰ ਨਹੀਂ ਮਿਲਿਆ, ਜਿਸ ਵਿਚ ਸ਼੍ਰੋਮਣੀ ਕਮੇਟੀ ਦੇ ਕਿਸੇ ਅਧਿਕਾਰੀ ਜਾਂ ਕਮੇਟੀ 'ਤੇ ਕਾਬਜ਼ ਅਕਾਲੀ ਦਲ ਦੇ ਕਿਸੇ ਆਗੂ ਨੇ ਕਿਹਾ ਹੋਵੇ ਕਿ ਕੇਂਦਰ ਸਰਕਾਰ ਜਾਂ ਉਸ ਦੀ ਕਿਸੇ ਏਜੰਸੀ ਨੇ ਕੁਝ ਸਮਾਨ ਵਾਪਸ ਵੀ ਕੀਤਾ ਹੈ। ਬੱਸ, ਇਕ ਤੋਂ ਬਾਅਦ ਦੂਜਾ, ਇਹੀ ਰਟ ਲਾਈ ਜਾਂਦਾ ਹੈ ਕਿ

**ਨਰਿੰਦਰ ਸਿੰਘ ਢਿੱਲੋਂ**
ਫੋਨ : 403-616-4032

ਕੇਂਦਰ ਸਰਕਾਰ ਸਮਾਨ ਵਾਪਸ ਕਰੇ।

6 ਜੂਨ ਨੂੰ ਹੀ ਇਸੇ ਮੰਤਵ ਲਈ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅੰਮ੍ਰਿਤਸਰ ਆਉਣ ਦੀ ਥਾਂ ਦਿੱਲੀ ਵਿਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਮਿਲੇ ਅਤੇ ਸਮਾਨ ਦੀ ਮੰਗ ਕੀਤੀ ਪਰ ਜਦ ਗ੍ਰਹਿ ਮੰਤਰੀ ਨੇ ਪੁੱਛਿਆ ਕਿ ਸਮਾਨ ਦੀ ਲਿਸਟ ਦਿਉ ਜੋ ਵਾਪਸ ਕਰਨਯੋਗ ਹੈ ਤਾਂ ਸੁਖਬੀਰ ਸਿੰਘ ਬਾਦਲ ਕੱਪੜੇ ਝਾੜ ਕੇ ਵਾਪਸ ਆ ਗਏ।

ਹੁਣ ਇਸ ਮਸਲੇ ਨੇ ਨਵਾਂ ਮੋੜ ਲੈ ਲਿਆ ਹੈ। ਇਕ ਅਖਬਾਰ ਨੇ ਰਿਪੋਰਟ ਛਾਪੀ ਜਿਸ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਸੀ. ਬੀ. ਆਈ. ਨੇ ਕਿਸ ਕਿਸ ਮਿਤੀ ਨੂੰ ਕਿਹੜਾ ਕਿਹੜਾ ਸਮਾਨ ਵਾਪਸ ਕੀਤਾ ਹੈ। ਜੋ ਰਿਪੋਰਟ ਅਖਬਾਰ ਨੇ ਛਾਪੀ ਹੈ, ਉਸ ਨੇ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਅਤੇ ਸਾਬਕਾ ਅਧਿਕਾਰੀਆਂ, ਤਖਤਾਂ ਦੇ ਜਥੇਦਾਰ ਸਾਹਿਬਾਨ ਅਤੇ ਅਕਾਲੀ ਦਲ ਦੇ ਆਗੂਆਂ ਦਾ ਚਿਹਰਾ ਬੇਨਕਾਬ ਕਰ ਦਿੱਤਾ ਹੈ। ਇਸ ਤੋਂ ਸਪਸ਼ਟ ਹੋ ਗਿਆ ਹੈ ਕਿ ਗੁਰੂ ਰਾਮ ਦਾਸ ਜੀ ਦੇ ਪਵਿਤਰ ਅਸਥਾਨ 'ਤੇ ਬੈਠੇ ਇਹ ਲੋਕ ਨਿਜੀ ਹਿੱਤਾਂ ਲਈ ਪੰਥ ਦੇ ਬੇਸ਼ਕੀਮਤੀ ਖਜਾਨੇ ਦਾ ਘਾਣ ਕਰ ਰਹੇ ਹਨ। ਇਸ ਖਜਾਨੇ ਦੀਆਂ ਕਈ ਚੀਜ਼ਾਂ ਚੋਰੀ-ਚੋਰੀ ਵੇਚਣ ਦੀਆਂ ਰਿਪੋਰਟਾਂ ਵੀ ਹਨ।

ਰਿਪੋਰਟ ਅਨੁਸਾਰ 1984 ਤੋਂ ਬਾਅਦ ਸ੍ਰੀ ਅਕਾਲ ਤਖਤ ਦੇ ਇਕ ਜਥੇਦਾਰ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਦਸਤਖਤਾਂ ਵਾਲਾ ਸਰੂਪ ਇੰਗਲੈਂਡ ਵਿਚ ਚਾਰ ਹਜ਼ਾਰ ਪੌਂਡ ਵਿਚ ਵੇਚਿਆ। ਇਸੇ ਤਰ੍ਹਾਂ ਇਕ ਪੁਰਾਤਨ ਹੱਥ ਲਿਖਤ ਸਰੂਪ ਕਰੋੜਾਂ ਰੁਪਏ ਵਿਚ ਅਮਰੀਕਾ ਵਿਚ ਵੇਚਣ ਦਾ ਕੀਰਤੀਮਾਨ ਸਥਾਪਤ ਕੀਤਾ ਜਾ ਚੁਕਾ ਹੈ। ਭਗਤ ਸੂਰਦਾਸ ਰਚਿਤ 'ਭਾਗਵਤ ਪੁਰਾਣ' ਨਾਮੀ ਗ੍ਰੰਥ ਵੀ ਧਾਰਮਿਕ ਸੌਦੇਬਾਜ਼ਾਂ ਦੀ ਭੇਟ ਚੜ੍ਹ ਚੁਕਾ ਹੈ। ਮਹਾਰਾਜਾ ਰਣਜੀਤ ਸਿੰਘ ਦੀ ਇਤਿਹਾਸਕ ਪੇਂਟਿੰਗ ਨੂੰ ਮੁਰੰਮਤ ਦੇ ਨਾਂ 'ਤੇ ਪਹਿਲਾਂ ਵਿਦੇਸ਼ ਲਿਜਾਇਆ ਗਿਆ ਅਤੇ ਫਿਰ ਵੇਚਣ ਦੀ ਕੋਸ਼ਿਸ਼ ਕੀਤੀ ਗਈ।

ਸ਼੍ਰੋਮਣੀ ਕਮੇਟੀ ਦੇ ਕੁਝ ਅਧਿਕਾਰੀਆਂ ਅਤੇ ਅਕਾਲੀ ਦਲ ਦੇ ਕੁਝ ਆਗੂਆਂ ਵਲੋਂ ਸਿੱਖ ਰੈਫਰੈਂਸ ਲਾਇਬ੍ਰੇਰੀ ਦੇ ਇਸ ਖਜਾਨੇ ਦੀ ਕੀਤੀ ਗਈ ਕਥਿਤ ਲੁੱਟ ਦੀ ਰਿਪੋਰਟ ਸਾਹਮਣੇ ਆਈ ਹੈ, ਜਿਸ ਨੇ ਲੋਕਾਂ ਨੂੰ ਹੈਰਾਨ ਕਰ ਦਿੱਤਾ ਹੈ। ਸ਼੍ਰੋਮਣੀ ਕਮੇਟੀ ਦੇ ਇਕ ਅਧਿਕਾਰੀ ਨੇ ਕੁਝ ਪੇਂਟਿੰਗਾਂ ਫੌਜ ਤੋਂ ਪ੍ਰਾਪਤ ਕੀਤੀਆਂ ਸਨ, ਪਰ ਉਹ ਕਿਥੇ ਹਨ, ਕਿਸੇ ਨੂੰ ਕੁਝ ਨਹੀਂ ਪਤਾ।

ਮੀਡੀਆ ਰਿਪੋਰਟ ਮੁਤਾਬਕ 7 ਜੂਨ 1984 ਨੂੰ ਫੌਜ ਸਿੱਖ ਰੈਫਰੈਂਸ ਲਾਇਬ੍ਰੇਰੀ ਦਾ ਜੋ ਕੀਮਤੀ



*ਸਿੱਖ ਰੈਫਰੈਂਸ ਲਾਇਬ੍ਰੇਰੀ*

ਸਮਾਨ ਲੈ ਗਈ ਸੀ, ਉਹ 7 ਕਿਸ਼ਤਾਂ ਵਿਚ ਵੱਖ-ਵੱਖ ਸਰਕਾਰੀ ਏਜੰਸੀਆਂ ਨੇ ਵਾਪਸ ਕੀਤਾ। ਇਸ ਦੀ ਪਹਿਲੀ ਕਿਸ਼ਤ 29 ਸਤੰਬਰ 1984 ਨੂੰ ਵਾਪਸ ਕੀਤੀ ਗਈ ਸੀ। ਇਸ ਰਸੀਦ 'ਤੇ ਤਤਕਾਲੀ ਸਕੱਤਰ ਭਾਨ ਸਿੰਘ (ਜਿਸ ਦਾ ਬਾਅਦ ਵਿਚ ਕਤਲ ਹੋ ਗਿਆ ਸੀ) ਅਤੇ ਕੁਲਵੰਤ ਸਿੰਘ ਦੇ ਦਸਤਖਤ ਹਨ। ਪਿਛਲੀ 13 ਜੂਨ ਨੂੰ ਹੋਈ ਮੀਟਿੰਗ ਵਿਚ ਕੁਲਵੰਤ ਸਿੰਘ ਨੇ ਸਵੀਕਾਰ ਕੀਤਾ ਕਿ ਉਸ ਨੇ ਸਮਾਨ ਪ੍ਰਾਪਤ ਕੀਤਾ ਸੀ ਪਰ ਉਸ ਸਮਾਨ ਬਾਰੇ ਉਸ ਨੂੰ ਜਾਣਕਾਰੀ ਨਹੀਂ ਹੈ। ਸਮਾਨ ਦੀ ਲਿਸਟ ਲਾਇਬ੍ਰੇਰੀਅਨ ਨੇ ਤਿਆਰ ਕੀਤੀ ਸੀ।

ਇਸ ਕਿਸ਼ਤ ਵਿਚ ਫੌਜ ਨੇ ਸ਼੍ਰੋਮਣੀ ਕਮੇਟੀ ਨੂੰ 453 ਚੀਜ਼ਾਂ ਦਿਤੀਆਂ ਸਨ ਅਤੇ ਫੌਜ ਵਲੋਂ ਦਿਤੇ ਗਏ ਸਮਾਨ ਦੀ ਲਿਸਟ 'ਤੇ ਪੀ. ਐਨ. ਸਾਹਨੀ, ਆਰ. ਪੀ. ਨਾਇਰ ਅਤੇ ਐਸ. ਐਸ. ਢਿੱਲੋਂ ਦੇ ਦਸਤਖਤ ਹਨ। ਇਸ ਕਿਸ਼ਤ ਵਿਚ ਗੁਰੂ ਗ੍ਰੰਥ ਸਾਹਿਬ ਦੇ 185 ਸਰੂਪ ਵਾਪਸ ਕੀਤੇ ਗਏ। ਇਸ ਤੋਂ ਇਲਾਵਾ ਇਕ ਸਰੂਪ ਦਸਮ ਗ੍ਰੰਥ, ਭਗਤ ਮਾਲਾ ਭਾਈ ਮਨੀ ਸਿੰਘ ਦੀ ਲਿਖਤ, ਅਸਲ ਜਨਮ ਸਾਖੀ ਭਾਈ ਬਾਲੇ ਵਾਲੀ ਅਤੇ 26 ਹੱਥ ਲਿਖਤ ਹੁਕਮਨਾਮੇ ਸ਼ਾਮਿਲ ਸਨ। ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਤੱਕ 4000 ਪੁਸਤਕਾਂ ਲਾਇਬ੍ਰੇਰੀ ਤੱਕ ਪੁੱਜ ਚੁਕੀਆਂ ਸਨ। ਇਹ ਵੀ ਪਤਾ ਲੱਗਾ ਹੈ ਕਿ 31 ਪੇਂਟਿੰਗਾਂ ਗਾਇਬ ਹਨ। ਸੀ. ਬੀ. ਆਈ. ਨੇ 26 ਬੋਰੀਆਂ ਵਿਚ ਭਰ ਕੇ ਜੋ ਖਜਾਨਾ ਵਾਪਸ ਕੀਤਾ, ਉਸ ਵਿਚ ਲੜੀ ਨੰਬਰ 6364 ਤੋਂ 6395 ਤੱਕ ਦੀ ਸੂਚੀ ਹੈ। ਸ਼੍ਰੋਮਣੀ ਕਮੇਟੀ ਨੇ ਇਹ ਖਜਾਨਾ ਕਿਥੇ ਰੱਖਿਆ ਹੈ, ਇਸ ਬਾਰੇ ਸਭ ਚੁੱਪ ਹਨ।

ਮੀਡੀਏ ਮੁਤਾਬਕ ਸੀ. ਬੀ. ਆਈ. ਅਤੇ ਫੌਜ ਕੋਲੋਂ ਕਰੀਬ 10500 ਕਿਤਾਬਾਂ ਅਤੇ ਧਾਰਮਿਕ ਗ੍ਰੰਥ ਸ਼੍ਰੋਮਣੀ ਕਮੇਟੀ ਨੂੰ ਮਿਲ ਗਏ ਸਨ, ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

ਅੰਗਰੇਜ਼ੀ ਦੀਆਂ ਕਿਤਾਬਾਂ: 3496
ਪੰਜਾਬੀ ਦੀਆਂ ਕਿਤਾਬਾਂ: 4587
ਉਰਦੂ ਦੀਆਂ ਕਿਤਾਬਾਂ: 1400
ਹਿੰਦੀ ਦੀਆਂ ਕਿਤਾਬਾਂ: 466

ਸ਼੍ਰੋਮਣੀ ਕਮੇਟੀ ਨੇ ਇਸ ਮਾਮਲੇ 'ਤੇ 11 ਜੂਨ 2000 ਨੂੰ ਅਵਤਾਰ ਸਿੰਘ ਮੱਕੜ ਦੀ ਅਗਵਾਈ ਵਿਚ ਸਬ ਕਮੇਟੀ ਬਣਾਈ ਸੀ, ਜਿਸ ਦੀ ਰਿਪੋਰਟ ਜਨਤਕ ਨਹੀਂ ਹੋਈ। ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਅਤੇ ਵੱਖ-ਵੱਖ ਆਗੂ ਇਸ ਲਾਇਬ੍ਰੇਰੀ ਨੂੰ ਮੁੜ ਸਥਾਪਤ ਕਰਨ ਦੀਆਂ ਗੱਲਾਂ ਤਾਂ ਕਰਦੇ ਹਨ, ਪਰ ਸੱਚ ਪੰਥ ਤੋਂ ਲੁਕੋਈ ਰਖਿਆ।

ਫੌਜ ਨੇ ਜੋ ਸਮਾਨ ਬੋਰੀਆਂ ਵਿਚ ਬੰਦ ਕਰ ਲਿਆ ਸੀ, ਉਹ ਮੇਰਠ ਛਾਉਣੀ ਵਿਚ ਲਿਜਾਇਆ ਗਿਆ ਅਤੇ ਇਸ ਖਜਾਨੇ ਦਾ ਵੱਡਾ ਭਾਗ ਵੱਖ-ਵੱਖ ਮਿਤੀਆਂ 29 ਸਤੰਬਰ 1984, 31 ਅਕਤੂਬਰ 1984, 5 ਜੁਲਾਈ 1985, 13 ਅਕਤੂਬਰ 1989, 20 ਜੂਨ 1990 ਅਤੇ 28 ਦਸੰਬਰ 1990 ਨੂੰ ਵਾਪਸ ਕੀਤਾ ਗਿਆ।

ਇਹ ਸਮਾਨ ਸ਼੍ਰੋਮਣੀ ਕਮੇਟੀ ਨੇ ਵਸੂਲੀ ਪੱਤਰਾਂ ਉਤੇ ਦਸਤਖਤ ਕਰਕੇ ਪ੍ਰਾਪਤ ਕੀਤਾ। ਇਹ ਸਮਾਨ ਲਾਇਬ੍ਰੇਰੀ ਵਿਚ ਪੁੱਜਾ ਕਿ ਨਹੀਂ, ਇਸ ਦੀ ਜਾਂਚ ਹੋਣੀ ਚਾਹੀਦੀ ਹੈ। ਗੁਰੂ ਗ੍ਰੰਥ ਸਾਹਿਬ ਦੇ ਗਾਇਬ ਹੋਏ 185 ਸਰੂਪਾਂ ਦੀ ਤਿੰਨ ਪੰਨਿਆਂ ਦੀ ਸੂਚੀ ਵਿਚ ਕਰੀਬ 66 ਸਰੂਪਾਂ ਦਾ ਵੇਰਵਾ ਹੈ, ਜਿਸ ਨੂੰ ਭਾਈ ਗਿਆਨ ਸਿੰਘ ਨਿਹੰਗ ਨੇ ਤਿਆਰ ਕੀਤਾ ਸੀ। ਲਾਇਬ੍ਰੇਰੀ ਵਿਚੋਂ ਗਾਇਬ ਕੀਤੇ ਗਏ 185 ਸਰੂਪਾਂ ਵਿਚ ਉਹ ਸਰੂਪ ਵੀ ਸ਼ਾਮਿਲ ਹੈ, ਜਿਸ ਨੂੰ ਦਮਦਮੀ ਬੀੜ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਸਰੂਪ ਦਸਮ ਪਾਤਿਸ਼ਾਹ ਨੇ ਆਪਣੇ ਹੱਥੀਂ ਜੱਸਾ ਸਿੰਘ ਰਾਮਗੜ੍ਹੀਆ ਦੇ ਦਾਦਾ ਭਾਈ ਹਰਿਦਾਸ ਨੂੰ ਦਿਤਾ ਸੀ।

ਮੀਡੀਆ ਰਿਪੋਰਟ ਸਹੀ ਹੈ ਕਿ ਨਹੀਂ, ਸ਼੍ਰੋਮਣੀ ਕਮੇਟੀ ਨੂੰ ਸਪਸ਼ਟ ਕਰਨਾ ਚਾਹੀਦਾ ਹੈ। 13 ਜੂਨ ਨੂੰ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਕਮੇਟੀ ਦੇ ਸਾਬਕਾ ਅਤੇ ਮੌਜੂਦਾ ਅਧਿਕਾਰੀਆਂ ਦੀ ਮੀਟਿੰਗ ਵਿਚ ਇਸ ਰਿਪੋਰਟ ਨੂੰ ਰੱਦ ਨਾ ਕੀਤਾ ਸਗੋਂ ਇਕ ਹੋਰ ਸਬ ਕਮੇਟੀ ਬਣਾਉਣ ਦੀ ਗੱਲ ਕੀਤੀ। ਮੀਟਿੰਗ ਵਿਚ ਜਿਥੇ ਇਕ ਸਾਬਕਾ ਅਧਿਕਾਰੀ ਕੁਲਵੰਤ ਸਿੰਘ ਨੇ 29 ਸਤੰਬਰ 1984 ਨੂੰ ਪਹਿਲੀ ਕਿਸ਼ਤ ਦੀ ਵਸੂਲੀ ਨੂੰ ਸਵੀਕਾਰ ਕੀਤਾ ਪਰ ਸਮਾਨ ਤੋਂ ਅਗਿਆਨਤਾ ਪ੍ਰਗਟ ਕੀਤੀ, ਉਥੇ ਸਾਬਕਾ ਸਕੱਤਰ ਦਲੀਪ ਸਿੰਘ ਨੇ ਕਿਹਾ ਕਿ ਉਸ ਨੂੰ ਸਰਕਾਰੀ ਏਜੰਸੀਆਂ ਜਾਂ ਫੌਜ ਵਲੋਂ ਆਏ ਸਮਾਨ ਦੀ ਕੋਈ ਜਾਣਕਾਰੀ ਨਹੀਂ। ਦਿਲਮੇਘ ਸਿੰਘ ਨੇ ਵੀ ਮੰਨਿਆ ਕਿ ਡਿਪਟੀ ਕਮਿਸ਼ਨਰ ਦੇ ਦਫਤਰ ਵਿਚ ਉਸ ਵੇਲੇ ਦਾ ਰੱਖਿਆ ਸੰਦੂਕ ਮਿਲਿਆ ਸੀ, ਜਿਸ ਵਿਚ ਇਕ ਪੁਰਾਣਾ ਰਿਵਾਲਵਰ ਸ਼ਾਮਿਲ ਸੀ।

ਇਸ ਮਾਮਲੇ ਵਿਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ. ਕੇ. ਨੇ ਪੱਤਰਕਾਰਾਂ ਕੋਲ ਅਹਿਮ ਟਿਪਣੀਆਂ ਕੀਤੀਆਂ ਹਨ। 2003 ਵਿਚ ਸਤਨਾਮ ਸਿੰਘ ਖੰਡਾ ਨਾਂ ਦੇ ਵਿਅਕਤੀ ਨੇ ਅਦਾਲਤ ਵਿਚ ਮੁਕੱਦਮਾ ਕੀਤਾ ਸੀ, ਜਿਸ ਦੇ ਜਵਾਬ ਵਿਚ ਸੀ. ਬੀ. ਆਈ. ਨੇ ਕਿਹਾ ਸੀ ਕਿ ਉਹ ਸਮਾਨ ਵਾਪਸ ਕਰ ਚੁਕੇ ਹਨ। ਸ਼੍ਰੋਮਣੀ ਕਮੇਟੀ, ਜੋ ਅੱਜ ਤੱਕ ਸਮਾਨ ਵਾਪਸੀ ਦੀ ਮੰਗ ਕਰਦੀ ਆ ਰਹੀ ਹੈ ਅਤੇ ਸੁਖਬੀਰ ਸਿੰਘ ਬਾਦਲ ਹੁਣੇ-ਹੁਣੇ ਇਸ ਮੰਤਵ ਨਾਲ ਗ੍ਰਹਿ ਮੰਤਰੀ ਨੂੰ ਮਿਲ ਕੇ ਆਏ ਹਨ, ਉਹ ਸੀ. ਬੀ. ਆਈ. ਦੇ ਸਪਸ਼ਟੀਕਰਨ ਵਿਰੁਧ ਅਦਾਲਤ ਵਿਚ ਕਿਉਂ ਨਾ ਗਏ? ਸਾਬਕਾ ਰੱਖਿਆ ਮੰਤਰੀ ਏ. ਕੇ. ਐਂਟਨੀ ਨੇ ਰਾਜ ਸਭਾ ਵਿਚ ਇਕ ਪ੍ਰਸ਼ਨ ਦੇ ਜਵਾਬ ਵਿਚ ਕਿਹਾ ਸੀ ਕਿ ਸਰਕਾਰ ਕੋਲ ਬਕਾਇਆ ਸਿੱਖ ਸਾਹਿਤ ਨਹੀਂ ਹੈ। ਉਸ ਦੇ ਇਸ ਬਿਆਨ 'ਤੇ ਸ਼੍ਰੋਮਣੀ ਕਮੇਟੀ ਜਾਂ ਅਕਾਲੀ ਦਲ ਚੁੱਪ ਕਿਉਂ ਰਹੇ? ਸਾਬਕਾ ਗ੍ਰਹਿ ਮੰਤਰੀ ਬੂਟਾ ਸਿੰਘ ਵੀ ਕਹਿ ਚੁੱਕੇ ਹਨ ਕਿ 29 ਬੋਰੇ ਸਾਹਿਤ ਸ਼੍ਰੋਮਣੀ ਕਮੇਟੀ ਨੂੰ ਵਾਪਸ ਕੀਤਾ ਜਾ ਚੁਕਾ ਹੈ। ਫਿਰ ਉਹ ਚੀਜ਼ਾਂ ਕਿਥੇ ਗਈਆਂ?

13 ਜੂਨ ਦੀ ਮੀਟਿੰਗ ਵਿਚ ਸਾਬਕਾ ਸਕੱਤਰ ਦਲਜੀਤ ਸਿੰਘ ਬੇਦੀ ਸਵੀਕਾਰ ਕਰ ਚੁੱਕੇ ਹਨ ਕਿ 1991 ਵਿਚ ਫੌਜ ਨੇ ਕੁਝ ਸਮਾਨ ਵਾਪਸ ਕੀਤਾ ਸੀ, ਜਿਸ ਵਿਚ ਕੁਝ ਅਖਬਾਰਾਂ ਅਤੇ ਕਿਤਾਬਾਂ ਸ਼ਾਮਿਲ ਸਨ। ਉਹ ਪਹਿਲਾਂ ਕਿਉਂ ਚੁੱਪ ਰਹੇ? 13 ਜੂਨ ਦੀ ਮੀਟਿੰਗ ਵਿਚ ਜੋ ਫੈਸਲਾ ਕੀਤਾ ਗਿਆ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਇਸ ਸਾਰੇ ਮਾਮਲੇ ਦੀ ਜਾਂਚ ਕਰਨ ਲਈ ਕਮੇਟੀ ਬਣਾਉਣਗੇ, ਨਾਲ ਤਾਂ ਮਾਮਲਾ ਠੰਢੇ ਬਸਤੇ ਵਿਚ ਪਾਉਣ ਦੀ ਸੰਭਾਵਨਾ ਹੀ ਲਗਦੀ ਹੈ। ਚਾਹੀਦਾ ਇਹ ਹੈ ਕਿ ਕਿਸੇ ਗੈਰ ਵਿਵਾਦਤ ਰਿਟਾਇਰਡ ਜੱਜ ਨੂੰ ਇਸ ਦੀ ਜਾਂਚ ਦਾ ਕੰਮ ਸੌਂਪਿਆ ਜਾਵੇ ਤਾਂ ਜੋ ਨਿਰਪੱਖ ਜਾਂਚ ਰਾਹੀਂ ਸਥਿਤੀ ਸਪਸ਼ਟ ਕੀਤੀ ਜਾ ਸਕੇ।

ਕੁਝ ਲੋਕਾਂ ਦਾ ਵਿਚਾਰ ਹੈ ਕਿ ਅਕਾਲ ਤਖਤ ਦੇ ਜਥੇਦਾਰ ਇਸ ਸਾਰੇ ਘਟਨਾਕ੍ਰਮ ਦਾ ਨੋਟਿਸ ਲੈਣ। ਮੇਰਾ ਵਿਚਾਰ ਹੈ ਕਿ ਇਹ ਜਥੇਦਾਰ ਹੁਣ ਇਸ ਸਥਿਤੀ ਵਿਚ ਨਹੀਂ ਹਨ। ਪਿਛਲੇ ਕਈ ਸਾਲਾਂ ਤੋਂ ਅਕਾਲ ਤਖਤ ਦੇ ਜਥੇਦਾਰ ਦੇ ਰੁਤਬੇ ਨੂੰ ਢਾਹ ਲਾਈ ਜਾ ਰਹੀ ਹੈ ਤੇ ਜਥੇਦਾਰ ਉਤੇ ਲੋਕ ਦੋਸ਼ ਲਾਉਂਦੇ ਹਨ ਕਿ ਉਹ ਇਕ ਵੱਡੇ ਘਰ ਵਿਚੋਂ ਆਏ ਹੁਕਮ ਅਨੁਸਾਰ ਹੀ ਚਲਦੇ ਹਨ। ਕਦੇ ਸਮਾਂ ਸੀ, ਜਦ ਜਥੇਦਾਰ ਅਕਾਲ ਤਖਤ ਜਦੋਂ ਕਿਸੇ ਰਸਤੇ ਲੰਘਦੇ ਸੀ ਤਾਂ ਸਤਿਕਾਰ ਵਜੋਂ ਲੋਕ ਰਸਤਾ ਛੱਡ ਕੇ ਇਕ ਪਾਸੇ ਖਲੋ ਜਾਂਦੇ ਸਨ ਪਰ ਹੁਣ ਸਥਿਤੀ ਨਹੀਂ ਰਹੀ। ਹੁਣ ਤਾਂ ਜਥੇਦਾਰ ਇਕ ਪਰਿਵਾਰ ਦੇ ਹੁਕਮ 'ਤੇ ਪਹਿਲਾਂ ਇਕ ਵਿਵਾਦਤ ਸਾਧ ਨੂੰ ਮੁਆਫ ਕਰ ਦਿੰਦੇ ਹਨ, ਫਿਰ ਮੁਆਫੀ ਵਾਪਸ ਲੈ ਲੈਂਦੇ ਹਨ ਅਤੇ ਫਿਰ ਕਹਿ ਦਿੰਦੇ ਹਨ ਕਿ ਅਸੀਂ ਤਾਂ ਮੁਆਫ ਕੀਤਾ ਹੀ ਨਹੀਂ ਸੀ। ਇਸ ਕਰਕੇ ਜਥੇਦਾਰ ਤੋਂ ਇਨਸਾਫ ਦੀ ਆਸ ਰੱਖਣੀ ਠੀਕ ਨਹੀਂ ਅਤੇ ਨਾ ਹੀ ਗੋਬਿੰਦ ਸਿੰਘ ਲੌਂਗੋਵਾਲ ਦੁਆਰਾ 'ਆਪਣੇ' ਬੰਦਿਆਂ ਦੀ ਬਣਾਈ ਕਮੇਟੀ ਤੋਂ ਬਹੁਤੀ ਆਸ ਹੈ।

ਪਾਠਕ ਸੋਚਣਗੇ ਕਿ 29 ਸਤੰਬਰ 1984 ਤੋਂ ਹੀ ਕੇਂਦਰ ਦੀਆਂ ਏਜੰਸੀਆਂ ਅਤੇ ਫੌਜ ਨੇ ਜੋ ਸਮਾਨ ਵਾਪਸ ਕਰਨਾ ਸ਼ੁਰੂ ਕਰ ਦਿੱਤਾ ਸੀ, ਹੁਣ ਤੱਕ ਲੁਕਾ ਕੇ ਕਿਉਂ ਰਖਿਆ ਗਿਆ। ਮੇਰਾ ਵਿਚਾਰ ਹੈ ਕਿ ਅਕਾਲੀ ਦਲ ਕੇਂਦਰ ਸਰਕਾਰ ਵਿਰੁਧ, ਵਿਸ਼ੇਸ਼ ਤੌਰ 'ਤੇ ਕਾਂਗਰਸ ਵਿਰੁਧ ਸਾਕਾ ਨੀਲਾ ਤਾਰਾ ਅਤੇ ਸਿੱਖ ਰੈਫਰੈਂਸ ਲਾਇਬ੍ਰੇਰੀ ਦੇ ਸਾਹਿਤਕ ਖਜਾਨੇ ਦੇ ਮੁੱਦੇ ਨੂੰ ਕਾਇਮ ਰੱਖਣਾ ਚਾਹੁੰਦਾ ਸੀ। ਉਹ ਇਨ੍ਹਾਂ ਮੁੱਦਿਆਂ ਨੂੰ ਆਪਣੇ ਸੰਕਟ ਵੇਲੇ ਵਰਤਦਾ ਸੀ ਪਰ ਹੁਣ ਜਿਹੜੇ ਤੱਥ ਸਾਹਮਣੇ ਆਏ ਹਨ, ਉਸ ਨਾਲ ਅਕਾਲੀ ਦਲ ਅਤੇ ਇਸ ਦੀ ਅਗਵਾਈ ਵਿਚ ਚਲਦੀ ਸ਼੍ਰੋਮਣੀ ਕਮੇਟੀ ਦੀ ਬਿੱਲੀ ਥੈਲਿਓਂ ਬਾਹਰ ਆ ਗਈ ਹੈ। ਇਸ ਰਿਪੋਰਟ ਨੇ ਇਕ ਵਾਰ ਤਾਂ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਦੀਆਂ ਚੂਲਾਂ ਹਿਲਾਂ ਦਿੱਤੀਆਂ ਹਨ ਅਤੇ ਗੁਰੂ ਘਰ ਨਾਲ ਜੁੜੀ ਸੰਗਤ ਨੂੰ ਸਖਤ ਮਾਨਸਿਕ ਧੱਕਾ ਲੱਗਾ ਹੈ। ਦੇਖਣਾ ਇਹ ਹੈ ਕਿ ਸ਼੍ਰੋਮਣੀ ਕਮੇਟੀ ਇਸ ਰਿਪੋਰਟ ਨੂੰ ਗਲਤ ਸਾਬਤ ਕਰਦੀ ਹੈ ਜਾਂ ਫਿਰ ਚੁੱਪ ਵੱਟ ਲੈਂਦੀ ਹੈ।

ਚਾਹੀਦਾ ਇਹ ਹੈ ਕਿ ਅਕਾਲੀ ਦਲ ਧਾਰਮਿਕ ਮਾਮਲਿਆਂ ਤੋਂ ਦੂਰ ਰਹੇ ਅਤੇ ਸ਼੍ਰੋਮਣੀ ਕਮੇਟੀ ਸਿੱਖ ਰੈਫਰੈਂਸ ਲਾਇਬ੍ਰੇਰੀ ਬਾਰੇ ਜਲਦੀ ਸਥਿਤੀ ਸਪਸ਼ਟ ਕਰੇ ਕਿ ਕਿਹੜਾ ਸਮਾਨ ਉਸ ਨੂੰ ਪ੍ਰਾਪਤ ਹੋਇਆ, ਕਿਹੜਾ ਰਹਿੰਦਾ ਅਤੇ ਕਿਹੜਾ ਸਮਾਨ ਪ੍ਰਾਪਤ ਹੋਣ ਤੋਂ ਬਾਅਦ ਗਾਇਬ ਹੈ। ਇਸ ਨਾਲ ਲੋਕਾਂ ਵਿਚ ਕਮੇਟੀ ਦੀ ਭਰੋਸੇਯੋਗਤਾ ਵਧੇਗੀ, ਗੁਰੂ ਰਾਮਦਾਸ ਦੇ ਪਵਿਤਰ ਅਸਥਾਨ ਦਾ ਮਹੱਤਵ ਹੋਰ ਵਧੇਗਾ।

# ਪਾਣੀ ਦੇ ਮਸਲੇ ਨਾਲ ਨਜਿੱਠਣ ਲਈ ਸਰਗਰਮ ਹੋਈ ਸਰਕਾਰ

**ਚੰਡੀਗੜ੍ਹ:** ਪੰਜਾਬ ਵਿਚ ਪਾਣੀਆਂ ਦੀ ਸਮੱਸਿਆ ਨਾਲ ਨਜਿੱਠਣ ਲਈ ਪੰਜਾਬ ਸਰਕਾਰ ਪਿਛਲੇ ਕੁਝ ਦਿਨਾਂ ਤੋਂ ਕਾਫੀ ਸਰਗਰਮੀ ਵਿਖਾ ਰਹੀ ਹੈ। ਪੰਜਾਬ ਸਰਕਾਰ ਨੇ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਹੋਰ ਹੇਠਾਂ ਡਿੱਗਣ ਤੋਂ ਰੋਕਣ ਲਈ ਯਤਨ ਅਤੇ ਇਸ ਮੁੱਦੇ 'ਤੇ ਇਕ ਰਾਏ ਬਣਾਉਣ ਲਈ ਸਰਬ ਪਾਰਟੀ ਮੀਟਿੰਗ ਸੱਦਣ ਦਾ ਵੀ ਫੈਸਲਾ ਕੀਤਾ ਹੈ। ਇਸ ਦੇ ਨਾਲ ਪਾਣੀਆਂ ਬਾਰੇ ਅਥਾਰਿਟੀ ਬਣਾਉਣ ਤੋਂ ਇਲਾਵਾ ਪਾਣੀ ਦੀ ਬਚਤ ਲਈ ਕੁਝ ਹੋਰ ਕਦਮ ਚੁੱਕਣ ਦਾ ਫੈਸਲਾ ਕੀਤਾ ਹੈ।

ਫਸਲੀ ਚੱਕਰ ਬਦਲਣ ਦੀਆਂ ਸੰਭਾਵਨਾਵਾਂ ਦਾ ਪਤਾ ਲਾਉਣ ਲਈ ਇਕ ਕਮੇਟੀ ਬਣਾਉਣ ਦਾ ਫੈਸਲਾ ਕੀਤਾ ਹੈ। ਜ਼ਿਕਰਯੋਗ ਹੈ ਕਿ ਜੇ ਪਾਣੀ ਦੇ ਡਿੱਗਦੇ ਪੱਧਰ ਨੂੰ ਰੋਕਣ ਲਈ ਫੌਰੀ ਕਦਮ ਨਾ ਚੁੱਕੇ ਗਏ ਤਾਂ ਕੁਝ ਇਲਾਕਿਆਂ ਵਿਚ ਅਗਲੇ ਪੰਜ ਸਾਲਾਂ ਅਤੇ ਪੂਰੇ ਪੰਜਾਬ ਵਿਚ ਅਗਲੇ ਵੀਹ ਸਾਲਾਂ ਵਿਚ ਧਰਤੀ ਹੇਠਲਾ ਪੀਣ ਯੋਗ ਪਾਣੀ ਖਤਮ ਹੋ ਜਾਵੇਗਾ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਥੇ ਇਕ ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਪਾਣੀਆਂ ਦੇ ਮੁੱਦੇ ਉਤੇ ਇਤਫਾਕ ਰਾਏ ਬਣਾਉਣ ਲਈ ਜਲਦੀ ਸਰਬ ਪਾਰਟੀ ਸੱਦਣ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਪਾਣੀ ਦੀ ਸਮੱਸਿਆ ਨੂੰ ਹੱਲ ਕਰਨ ਵਾਸਤੇ ਇਹ ਬਹੁਤ ਹੀ ਉਚਿਤ ਸਮਾਂ ਹੈ ਤੇ ਜੇ ਕਰ ਅਸੀਂ ਕਦਮ ਨਾ ਚੁੱਕੇ ਅਗਲੇ ਕੁਝ ਸਾਲਾਂ ਵਿਚ ਪੰਜਾਬ ਰੇਗਿਸਥਾਨ ਬਣ ਜਾਵੇਗਾ। ਉਨ੍ਹਾਂ ਕਿਹਾ ਕਿ ਸੂਬੇ ਲਈ 1985:86 ਵਿਚ ਪਾਣੀ ਦੀ ਉਪਲੱਭਤਾ 17. ਐਮ.ਏ.ਐਫ ਸੀ ਜਿਹੜੀ ਘੱਟ ਕੇ 13.1 ਐਮ.ਏ.ਐਫ ਰਹਿ ਗਈ ਹੈ। ਮੁੱਖ ਮੰਤਰੀ ਨੇ ਫਸਲੀ ਚੱਕਰ ਬਦਲਣ ਦੀਆਂ ਸੰਭਾਵਨਾਵਾਂ ਦਾ ਪਤਾ ਲਾਉਣ ਲਈ ਵਧੀਕ ਮੁੱਖ ਸਕੱਤਰ ਵਿਸ਼ਵਜੀਤ ਖੰਨਾ ਅਤੇ ਪੀ.ਏ.ਯੂ.ਦੇ ਉਪਕੁਲਪਤੀ ਡਾ.ਬੀ.ਐਸ. ਢਿੱਲੋਂ ਦੀ ਅਗਵਾਈ ਹੇਠ ਕਮੇਟੀ ਬਣਾਉਣ ਦਾ ਵੀ ਐਲਾਨ ਕੀਤਾ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਧਰਤੀ ਹੇਠਲੇ ਪਾਣੀ ਦੇ ਡਿੱਗਦੇ ਪੱਧਰ ਨੂੰ ਰੋਕਣ ਲਈ ਮਹਾਂਰਾਸ਼ਟਰ ਦੇ ਪੈਟਰਨ 'ਤੇ ਵਾਟਰ ਰੈਗੂਲੇਟਰੀ ਅਥਾਰਿਟੀ ਬਣਾਈ ਜਾਵੇਗੀ। ਇਸ ਬਾਰੇ ਮਹਾਰਾਸ਼ਟਰ ਵਿਚ ਕਾਇਮ ਅਥਾਰਿਟੀ ਨੂੰ ਸਾਹਮਣੇ ਰੱਖ ਕੇ ਮੰਤਰੀਆਂ ਦੀ ਕਮੇਟੀ ਆਪਣੀਆਂ ਸਿਫਾਰਸ਼ਾਂ ਦੇਵੇਗੀ ਜਿਨ੍ਹਾਂ ਬਾਰੇ ਵਜ਼ਾਰਤ ਵਿਚ ਫੈਸਲਾ ਲਿਆ ਜਾਵੇਗਾ। ਬੁੱਢੇ ਨਾਲੇ ਦੀ ਸਫਾਈ ਕਰਨ, ਕਿਸਾਨਾਂ ਨੂੰ ਮੁਫਤ ਬਿਜਲੀ ਸਪਲਾਈ ਦੇਣ ਦੇ ਮਾਮਲੇ ਵੀ ਚਰਚਾ ਕੀਤੀ ਗਈ। ਛੱਪੜਾਂ ਦੀ ਸਫਾਈ ਕਰਨ ਅਤੇ ਸਨਅਤਾਂ ਦੇ ਜ਼ਹਿਰੀਲੇ ਪਾਣੀ ਨੂੰ ਨਦੀਆਂ ਨਾਲਿਆਂ ਵਿਚ ਪੈਣ ਤੋਂ ਰੋਕਣ ਸਮੇਤ ਕਈ ਹੋਰ ਮਾਮਲਿਆਂ ਬਾਰੇ ਵੀ ਚਰਚਾ ਕੀਤੀ ਗਈ।

# ਕੋਟਕਪੂਰਾ ਗੋਲੀਕਾਂਡ: ਐਸ. ਪੀ. ਬਲਜੀਤ ਸਿੰਘ ਨੂੰ ਅੰਤ੍ਰਿਮ ਜ਼ਮਾਨਤ


**ਚੰਡੀਗੜ੍ਹ :** ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਵਕੇਸ਼ਨ ਬੈਂਚ ਨੇ ਕੋਟਕਪੂਰਾ ਗੋਲੀਕਾਂਡ ਮਾਮਲੇ ਵਿਚ ਪੰਜਾਬ ਪੁਲਿਸ ਦੇ ਐਸ.ਪੀ. ਬਲਜੀਤ ਸਿੰਘ ਨੂੰ ਅੰਤ੍ਰਿਮ ਜਮਾਨਤ ਦੇ ਦਿੱਤੀ ਹੈ। ਇਸ ਮਾਮਲੇ ਵਿਚ ਕੋਟਕਪੂਰਾ ਪੁਲਿਸ ਥਾਣੇ 'ਚ ਹੱਤਿਆ ਦੀ ਕੋਸ਼ਿਸ਼, ਅਪਰਾਧਕ ਸਾਜਿਸ਼ ਰਚਣ ਤੇ ਹੋਰ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ। ਇਸ ਗੋਲੀਕਾਂਡ 'ਚ 18 ਪ੍ਰਦਰਸ਼ਨਕਾਰੀਆਂ ਦੇ ਸੱਟਾਂ ਲੱਗੀਆਂ ਸਨ।

ਚਲਾਨ ਪੇਸ਼ ਹੋਣ ਤੋਂ ਬਾਅਦ ਬਲਜੀਤ ਸਿੰਘ ਨੂੰ ਫਰੀਦਕੋਟ ਦੇ ਜੁਡੀਸ਼ੀਅਲ ਮੈਜਿਸਟ੍ਰੇਟ ਵੱਲੋਂ 12 ਜੁਲਾਈ ਨੂੰ ਪੇਸ਼ ਹੋਣ ਸਬੰਧੀ ਸੰਮਨ ਭੇਜੇ ਗਏ ਸਨ। ਇਸ ਤੋਂ ਬਾਅਦ ਮਾਮਲੇ ਨੂੰ ਸੈਸ਼ਨ ਕੋਰਟ ਹਵਾਲੇ ਕਰ ਦਿੱਤਾ ਜਾਵੇਗਾ। ਜਸਟਿਸ ਤੇਜਿੰਦਰ ਸਿੰਘ ਢੀਂਡਸਾ ਨੇ ਪਟੀਸ਼ਨਕਰਤਾ ਦੇ ਵਕੀਲ ਵੱਲੋਂ ਦਿੱਤੇ ਭਰੋਸੇ ਕਿ ਬਲਜੀਤ ਸਿੰਘ ਮਿਥੀ ਗਈ ਤਰੀਕ 'ਤੇ ਪੇਸ਼ ਹੋਵੇਗਾ ਤੋਂ ਬਾਅਦ ਜ਼ਮਾਨਤ ਮਨਜ਼ੂਰ ਕੀਤੀ ਗਈ ਹੈ।

ਹਾਈ ਕੋਰਟ ਨੇ ਅਗਲੀ ਸੁਣਵਾਈ ਲਈ 6 ਅਗਸਤ ਦੀ ਤਰੀਕ ਮਿਥੀ ਹੈ। ਇਸ ਮਾਮਲੇ ਵਿਚ ਐਫ.ਆਈ.ਆਰ. ਲੰਘੇ ਵਰ੍ਹੇ ਸੱਤ ਅਗਸਤ ਨੂੰ ਦਰਜ ਕੀਤੀ ਗਈ ਸੀ। ਘਟਨਾ ਵੇਲੇ ਪਟੀਸ਼ਨਕਰਤਾ ਕੋਟਕਪੂਰਾ ਪੁਲਿਸ ਥਾਣੇ ਵਿਚ ਡੀ.ਐਸ.ਪੀ. ਵਜੋਂ ਤਾਇਨਾਤ ਸੀ। ਬਲਜੀਤ ਸਿੰਘ ਜਾਂਚ ਵਿਚ ਸ਼ਾਮਲ ਹੋ ਗਿਆ ਸੀ ਤੇ 'ਸਿਟ' ਅੱਗੇ ਪੇਸ਼ ਹੁੰਦਾ ਰਿਹਾ ਹੈ।

# ਭਾਰਤ ਦੀ ਸਿੱਖਿਆ ਨੀਤੀ: ਦਾਨੀਆਂ ਦੇ ਆਸਰੇ ਦੀ ਉਡੀਕ

ਕੌਮੀ ਸਿੱਖਿਆ ਨੀਤੀ-2019 ਦਾ ਮਸੌਦਾ ਤਿਆਰ ਕਰਨ ਲਈ ਪੁਲਾੜ ਵਿਗਿਆਨੀ ਅਤੇ 'ਇਸਰੋ' ਦੇ ਸਾਬਕਾ ਮੁਖੀ ਕੇ. ਕਸਤੂਰੀਰੰਗਨ ਦੀ ਅਗਵਾਈ ਵਿਚ ਬਣੀ ਕਮੇਟੀ ਨੇ ਸਿੱਖਿਆ ਦੇ ਅਧਿਕਾਰ ਕਾਨੂੰਨ-2009 ਵਿਚ ਸੋਧ ਕਰਨ ਬਾਬਤ ਵਿਆਪਕ ਸੁਝਾਅ ਤਜਵੀਜ਼ ਕੀਤੇ ਹਨ। ਇਨ੍ਹਾਂ ਵਿਚ ਸਕੂਲਾਂ ਨੂੰ ਮਾਨਤਾ ਦੇਣ ਲਈ ਤੈਅ ਮਾਪਦੰਡਾਂ ਨੂੰ ਨਰਮ ਕਰਨਾ, ਪ੍ਰਾਈਵੇਟ ਸਕੂਲਾਂ ਵਿਚ ਕਮਜ਼ੋਰ ਤੇ ਪੱਛੜੇ ਵਰਗਾਂ ਦੇ ਬੱਚਿਆਂ ਦੇ ਦਾਖਲੇ ਲਈ ਘੱਟ ਤੋਂ ਘੱਟ ਪੰਝੀ ਫੀਸਦ ਸੀਟਾਂ ਰਾਖਵੀਆਂ ਰੱਖਣ ਵਾਲੀ ਮੱਦ ਤੇ ਮੁੜ ਵਿਚਾਰ ਕਰਨਾ ਅਤੇ ਮੁਫਤ ਤੇ ਲਾਜ਼ਮੀ ਸਿੱਖਿਆ ਮੁਹੱਈਆ ਕਰਨ ਦਾ ਘੇਰਾ ਵਧਾ ਕੇ ਤਿੰਨ ਤੋਂ ਅਠਾਰਾਂ ਸਾਲ ਤੱਕ ਦੀ ਉਮਰ ਦੇ ਬੱਚਿਆਂ ਨੂੰ ਸ਼ਾਮਿਲ ਕਰਨਾ ਅਹਿਮ ਹਨ।



**ਡਾ. ਕੁਲਦੀਪ ਪੁਰੀ**
ਫੋਨ: +91-98729-44552

ਸਿੱਖਿਆ ਦੇ ਅਧਿਕਾਰ ਕਾਨੂੰਨ ਅਧੀਨ ਸਕੂਲ ਦੀ ਇਮਾਰਤ, ਅਕਾਦਮਿਕ ਸਾਲ ਵਿਚ ਪੜ੍ਹਾਈ ਦੇ ਘੱਟ ਤੋਂ ਘੱਟ ਘੰਟੇ, ਲਾਇਬ੍ਰੇਰੀ ਵਿਵਸਥਾ, ਵੱਖ ਵੱਖ ਪੱਧਰਾਂ 'ਤੇ ਅਧਿਆਪਕ-ਵਿਦਿਆਰਥੀ ਅਨੁਪਾਤ ਅਤੇ ਅਧਿਆਪਕਾਂ ਦੀ ਭਰਤੀ ਲਈ ਘੱਟ ਤੋਂ ਘੱਟ ਯੋਗਤਾ ਬਾਰੇ ਮਿਆਰ ਤੈਅ ਕੀਤੇ ਗਏ ਹਨ। ਸਰਕਾਰੀ ਅਤੇ ਪ੍ਰਾਈਵੇਟ ਖੇਤਰਾਂ ਵਿਚ ਚੱਲ ਰਹੇ ਸਕੂਲਾਂ ਲਈ ਇਨ੍ਹਾਂ ਮਿਆਰਾਂ ਦੀ ਪਾਲਣਾ ਕਰਨੀ ਲਾਜ਼ਮੀ ਹੈ ਅਤੇ ਇਨ੍ਹਾਂ ਦੀ ਅਣਹੋਂਦ ਵਿਚ ਉਨ੍ਹਾਂ ਦੀ ਮਾਨਤਾ ਰੱਦ ਕੀਤੇ ਜਾਣ ਦੇ ਇੰਤਜ਼ਾਮ ਹਨ।

ਕਸਤੂਰੀਰੰਗਨ ਕਮੇਟੀ ਇਨ੍ਹਾਂ ਮਾਪਦੰਡਾਂ ਨੂੰ ਇਲਾਕਾਈ ਅਤੇ ਸਭਿਆਚਾਰਕ ਜ਼ਮੀਨੀ ਹਕੀਕਤਾਂ ਦੇ ਮੱਦੇਨਜ਼ਰ ਲਚੀਲਾ ਅਤੇ ਘੱਟ ਤੋਂ ਘੱਟ ਰੋਕਾਂ ਵਾਲਾ ਬਣਾਉਣ ਦੇ ਪੱਖ ਵਿਚ ਹੈ ਅਤੇ ਵੱਖ ਵੱਖ ਭਾਂਤ ਦੇ ਬਦਲਵੇਂ ਸਕੂਲਾਂ ਅਤੇ ਘਰ ਹੀ ਬੈਠ ਕੇ ਪੜ੍ਹਾਈ ਕਰਨ ਦੀਆਂ ਸਹੂਲਤਾਂ ਦੇਣ ਵਰਗੇ ਜਤਨਾਂ ਨੂੰ ਮਾਨਤਾ ਦਿੰਦੀ ਹੈ। ਗੁਰੂਕੁਲਾਂ, ਮਦਰਸਿਆਂ ਅਤੇ ਪਾਠਸ਼ਾਲਾਵਾਂ ਵਰਗੀਆਂ ਸੰਸਥਾਵਾਂ ਨੂੰ ਸਿੱਖਿਆ ਦੇਣ ਦੇ ਕਾਰਜ ਵਿਚ ਸ਼ਾਮਿਲ ਹੋਣ ਅਤੇ ਆਪਣੇ ਅੰਦਾਜ਼ ਵਿਚ ਸਿੱਖਿਆ ਮੁਹੱਈਆ ਕਰਾਉਣ ਦੀ ਮਨਜ਼ੂਰੀ ਦੇਣ ਦੀ ਸਿਫਾਰਿਸ਼ ਕਰਦੀ ਹੈ। ਇਸ ਕਮੇਟੀ ਤੋਂ ਪਹਿਲਾਂ ਟੀ.ਐਸ.ਆਰ. ਸੁਬਰਾਮਨੀਅਮ ਦੀ ਸਦਾਰਤ ਵਿਚ ਬਣੀ ਕਮੇਟੀ (2016) ਨੇ ਵੀ ਤਕਰੀਬਨ ਅਜਿਹੀ ਸਿਫਾਰਿਸ਼ ਕੀਤੀ ਸੀ ਪਰ ਵਰਤਮਾਨ ਕਮੇਟੀ ਨੇ ਘਰ ਹੀ ਬੈਠ ਕੇ ਪੜ੍ਹਾਈ ਕਰਨ ਦੀਆਂ ਸਹੂਲਤਾਂ ਦੇਣ ਵਰਗੇ ਜਤਨਾਂ ਦੀ ਪੈਰਵੀ ਕਰ ਕੇ ਤਾਂ ਹੱਦ ਹੀ ਮੁਕਾ ਦਿੱਤੀ ਹੈ।

ਮੌਜੂਦਾ ਕਾਨੂੰਨ ਨਾਲ ਉਮੀਦ ਬੱਝਦੀ ਸੀ ਕਿ ਸਾਰੇ ਹੀ ਬਾਲ ਬਾਕਾਇਦਾ ਸਕੂਲ ਦੇ ਖੁੱਲ੍ਹੇ ਵਾਤਾਵਰਨ ਵਿਚ ਵਿਚਰਨਗੇ ਜਿਸ ਨਾਲ ਉਨ੍ਹਾਂ ਦਾ ਵਾਧਾ ਅਤੇ ਵਿਕਾਸ ਯਕੀਨੀ ਬਣ ਸਕੇਗਾ। ਉਹ ਛੋਟੀ ਉਮਰੇ ਹੀ ਮਿਹਨਤ ਮਜ਼ਦੂਰੀ ਕਰਨ ਦੀ ਮਜਬੂਰੀ ਤੋਂ ਨਿਜਾਤ ਹਾਸਿਲ ਕਰ ਸਕਣਗੇ। ਕਮੇਟੀ ਦੀ ਇਹ ਸਿਫਾਰਿਸ਼ ਉਸ ਉਮੀਦ 'ਤੇ ਪਾਣੀ ਫੇਰਦੀ ਹੈ। ਇਸ ਸੋਧ ਦੇ ਨਤੀਜੇ ਵਿਚ ਵਸੀਲਿਆਂ ਦੀ ਥੋੜ੍ਹ ਨਾਲ ਜੂਝ ਰਹੇ ਲੋਕਾਂ ਦੇ ਮਾਸੂਮ ਬੱਚੇ ਪੂਰੇ ਸਮੇਂ ਦੇ ਸਕੂਲ ਦੀਆਂ ਬਰਕਤਾਂ ਤੋਂ ਮਹਿਰੂਮ ਹੋ ਜਾਣਗੇ। ਬਾਕਾਇਦਾ ਸਕੂਲ ਬਣਾਉਣ ਅਤੇ ਚਲਾਉਣ ਦੀਆਂ ਘੱਟ ਤੋਂ ਘੱਟ ਸ਼ਰਤਾਂ ਹੀ ਜਦ ਖਤਮ ਕਰ ਦਿੱਤੀਆਂ ਜਾਣਗੀਆਂ ਤਾਂ ਬਹੁਤੇਰੇ ਸਕੂਲਾਂ ਦੀ ਗੁਣਵੱਤਾ ਮੱਧਮ ਪੈ ਜਾਏਗੀ। ਕਈ ਥਾਈਂ ਤਾਂ ਸਕੂਲ ਸਥਾਪਿਤ ਕਰਨ ਦੀ ਜ਼ਰੂਰਤ ਹੀ ਨਹੀਂ ਸਮਝੀ ਜਾਏਗੀ। ਹੈਸੀਅਤ ਵਾਲੇ ਲੋਕਾਂ ਦੇ ਬੱਚਿਆਂ ਨੂੰ ਮਿਲਦੀ ਸਿੱਖਿਆ ਦੇ ਹਾਣ ਦੀ ਸਿੱਖਿਆ ਪ੍ਰਾਪਤ ਕਰਨਾ ਇਨ੍ਹਾਂ ਲਈ ਨਾਮੁਮਕਿਨ ਹੋ ਜਾਵੇਗਾ। ਕਮਜ਼ੋਰ ਵਰਗ ਦੇ ਬੱਚਿਆਂ ਲਈ ਖੇਡਣ-ਖਾਣ , ਵਧਣ-ਫੁੱਲਣ, ਪੜ੍ਹਨ-ਲਿਖਣ ਅਤੇ ਬਚਪਨ ਮਾਣਨ ਦੇ ਮਿਲੇ ਹੱਕਾਂ ਦਾ ਅੰਤ ਹੋ ਜਾਵੇਗਾ। ਕਮੇਟੀ ਦਾ ਇਹ ਮਸ਼ਵਰਾ ਬੱਚਿਆਂ ਦੇ ਭਵਿਖ ਨਾਲੋਂ ਵੱਧ ਪ੍ਰਾਈਵੇਟ ਅਦਾਰਿਆਂ ਦੇ ਪਾਲਕਾਂ ਦੇ ਸਵਾਰਥੀ ਹਿਤ ਪੂਰਦਾ ਪ੍ਰਤੀਤ ਹੁੰਦਾ ਹੈ। ਸਰਕਾਰੀ ਸਕੂਲਾਂ ਵਿਚ ਨਿਰਧਾਰਿਤ ਮਿਆਰਾਂ ਦੇ ਅਨੁਸਾਰੀ ਹੋ ਕੇ ਚੱਲਣ ਨਾਲ ਸਰਕਾਰੀ ਖਜ਼ਾਨੇ ਤੇ ਪੈਣ ਵਾਲੇ ਭਾਰ ਨੂੰ ਵੀ ਘਟਾਉਂਦਾ ਹੈ। ਅਗਲਾ ਸੁਝਾਅ ਵਧੇਰੇ ਸਵਾਲ ਖੜ੍ਹੇ ਕਰਦਾ ਹੈ।

ਕਾਨੂੰਨ ਦੀ ਧਾਰਾ 12 (1) ਸੀ ਅਨੁਸਾਰ, ਸਰਕਾਰੀ ਸਹਾਇਤਾ ਤੋਂ ਬਿਨਾ ਚੱਲਦੇ ਸਾਰੇ ਪ੍ਰਾਈਵੇਟ ਸਕੂਲਾਂ ਨੇ ਹਰ ਸਾਲ ਪਹਿਲੀ ਜਮਾਤ ਵਿਚ ਦਾਖਲ ਹੋਣ ਵਾਲੇ ਬੱਚਿਆਂ ਦੀ ਕੁਲ ਗਿਣਤੀ ਦਾ ਘੱਟੋ-ਘੱਟ ਪੰਝੀ ਫੀਸਦ ਗੁਆਂਢ ਵਿਚ ਵਸਦੇ ਕਮਜ਼ੋਰ ਅਤੇ ਪੱਛੜੇ ਵਰਗਾਂ ਦੇ ਬੱਚਿਆਂ ਨੂੰ ਦਾਖਲ ਕਰ ਕੇ ਅਠਵੀਂ ਜਮਾਤ ਤੱਕ ਮੁਫਤ ਅਤੇ ਲਾਜ਼ਮੀ ਸਿੱਖਿਆ ਮੁਹੱਈਆ ਹੁੰਦੀ ਹੈ। ਘੱਟ ਗਿਣਤੀਆਂ ਵਲੋਂ ਚਲਾਏ ਜਾਂਦੇ ਪ੍ਰਾਈਵੇਟ ਸਕੂਲਾਂ ਨੂੰ ਇਸ ਧਾਰਾ ਤੇ ਅਮਲ ਕਰਨ ਤੋਂ ਛੋਟ ਹੈ। ਕਮੇਟੀ ਮੰਨਦੀ ਹੈ ਕਿ ਪਿਛਲੀ ਅੱਧੀ ਸਦੀ ਵਿਚ ਪ੍ਰਾਈਵੇਟ ਸਕੂਲਾਂ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਦੇ ਸਮਾਜਿਕ ਅਤੇ ਆਰਥਿਕ ਪਿਛੋਕੜਾਂ ਦੇ ਪ੍ਰਸੰਗ ਵਿਚ ਇਨ੍ਹਾਂ ਸਕੂਲਾਂ ਦੀ ਵੰਨ-ਸਵੰਨਤਾ ਬਹੁਤ ਹੀ ਘੱਟ ਹੋਈ ਹੈ। ਕਮੇਟੀ ਇਸ ਵਰਗ ਵੰਡ ਦੇ ਖਤਰਿਆਂ ਬਾਰੇ ਵੀ ਸੁਚੇਤ ਕਰਦੀ ਹੈ। ਇਹ ਵੀ ਤਸਲੀਮ ਕੀਤਾ ਗਿਆ ਹੈ ਕਿ ਕਾਨੂੰਨ ਵਿਚ ਇਹ ਧਾਰਾ ਸਮਾਜਿਕ ਅਤੇ ਆਰਥਿਕ ਦ੍ਰਿਸ਼ਟੀ ਤੋਂ ਵਾਂਝੇ ਵਿਦਿਆਰਥੀਆਂ ਦੀ ਪ੍ਰਾਈਵੇਟ ਸਕੂਲਾਂ ਵਿਚ ਸ਼ਮੂਲੀਅਤ ਵਧਾਉਣ ਅਤੇ ਵਧੇਰੇ ਮਜ਼ਬੂਤ ਕਰਨ ਦੇ ਨਿਹਾਇਤ ਨੇਕ ਇਰਾਦੇ ਨਾਲ ਰੱਖੀ ਗਈ ਹੈ।

ਇਸ ਦੇ ਬਾਵਜੂਦ ਕਮੇਟੀ ਇਸ ਧਾਰਾ ਤੇ ਮੁੜ ਵਿਚਾਰ ਕਰਨਾ ਲੋੜੀਂਦਾ ਮੰਨਦੀ ਹੈ ਕਿਉਂਕਿ ਨਵੀਂ ਤਜਵੀਜ਼ਸ਼ੁਦਾ ਨੀਤੀ ਵਿਦਿਅਕ ਅਦਾਰਿਆਂ ਨੂੰ ਖੁਦਮੁਖਤਾਰੀ ਦੇਣ (ਦਾਖਲੇ ਕਰਨ ਦੀ ਆਜ਼ਾਦੀ ਸਮੇਤ) ਦੀ ਸਮਰਥਕ ਹੈ ਅਤੇ ਇਹ ਧਾਰਾ ਇਸ ਨਵੀਂ ਨੀਤੀ ਦੀ ਰੂਹ ਨਾਲ ਮੇਲ ਨਹੀਂ ਖਾਂਦੀ। ਨਵੀਂ ਨੀਤੀ ਪ੍ਰਾਈਵੇਟ ਸਕੂਲਾਂ ਉਤੇ ਪਾਬੰਦੀਆਂ ਲਾਉਣ ਦੀ ਬਜਾਏ ਉਨ੍ਹਾਂ ਨੂੰ ਸਮਰਥ ਬਣਾਉਣ ਵਿਚ ਯਕੀਨ ਰੱਖਦੀ ਹੈ ਅਤੇ ਇਹ ਵਿਸ਼ਵਾਸ ਕਰਨ ਲਈ ਤਤਪਰ ਹੈ ਕਿ ਇਹ ਸਕੂਲ ਸਾਰੇ ਕਾਰਜ ਆਪਣੇ ਆਪ ਨਿਆਂ ਪੂਰਵਕ ਤਰੀਕੇ ਨਾਲ ਹੀ ਕਰਨਗੇ। ਕਮੇਟੀ ਦਾ ਇਹ ਵੀ ਮਤ ਹੈ ਕਿ ਇਸ ਧਾਰਾ 'ਤੇ ਪੂਰੀ ਤਰ੍ਹਾਂ ਅਮਲ ਨਹੀਂ ਹੋ ਸਕਿਆ। ਜਾਅਲੀ ਅੰਕੜਿਆਂ ਦੇ ਨਿਰਮਾਣ ਅਤੇ ਭ੍ਰਿਸ਼ਟਾਚਾਰ ਦੀਆਂ ਸੰਭਾਵਨਾਵਾਂ ਵੀ ਵਧੀਆਂ ਹਨ। ਇਹ ਦਲੀਲਾਂ ਕਮਜ਼ੋਰ ਅਤੇ ਆਪਾ-ਵਿਰੋਧੀ ਪ੍ਰਤੀਤ ਹੁੰਦੀਆਂ ਹਨ।



ਪ੍ਰਾਈਵੇਟ ਸਕੂਲਾਂ ਦੀਆਂ ਜਥੇਬੰਦੀਆਂ ਨੇ ਕਾਨੂੰਨ ਦੀ ਇਸ ਧਾਰਾ ਦੇ ਖਿਲਾਫ ਸੁਪਰੀਮ ਕੋਰਟ ਵਿਚ ਕੇਸ ਦਾਇਰ ਕੀਤਾ ਸੀ। ਭਾਰਤ ਦੇ ਚੀਫ ਜਸਟਿਸ ਨੇ ਸ਼ਖਸੀ ਆਜ਼ਾਦੀਆਂ ਨਾਲ ਜੁੜੀਆਂ ਤਮਾਮ ਪ੍ਰਸੰਗਿਕ ਧਾਰਾਵਾਂ ਅਤੇ ਸੁਪਰੀਮ ਕੋਰਟ ਦੇ ਪੂਰਵਲੇ ਫੈਸਲਿਆਂ ਦਾ ਹਵਾਲਾ ਦਿੰਦਿਆਂ ਹੋਇਆਂ ਬਹੁਮਤ ਦੇ ਆਧਾਰ ਤੇ ਅਪਰੈਲ 2012 ਵਿਚ ਫੈਸਲਾ ਲਿਖਦਿਆਂ ਸਪਸ਼ਟ ਕਰ ਦਿੱਤਾ ਸੀ ਕਿ ਸਿੱਖਿਆ ਦਾ ਅਧਿਕਾਰ ਕਾਨੂੰਨ ਸੰਵਿਧਾਨਿਕ ਤੌਰ ਉਤੇ ਜਾਇਜ਼ ਹੈ ਅਤੇ ਸਰਕਾਰੀ ਸਹਾਇਤਾ ਤੋਂ ਬਿਨਾ ਚਲਦੇ ਪ੍ਰਾਈਵੇਟ ਸਕੂਲਾਂ ਉਤੇ ਘੱਟੋ-ਘੱਟ ਪੰਝੀ ਫੀਸਦ ਦਾਖਲਾ ਕਮਜ਼ੋਰ ਅਤੇ ਪੱਛੜੇ ਵਰਗਾਂ ਦੇ ਬੱਚਿਆਂ ਵਿਚੋਂ ਕਰਨ ਦੀ ਸ਼ਰਤ ਸੰਵਿਧਾਨ ਅਨੁਸਾਰ ਵਾਜਿਬ ਹੈ। ਸੁਪਰੀਮ ਕੋਰਟ ਨੇ ਇਸ ਧਾਰਾ ਨੂੰ ਸਕੂਲਾਂ ਦੀ ਆਜ਼ਾਦੀ ਤੇ ਅੰਕੁਸ਼ ਵਜੋਂ ਮਾਨਤਾ ਨਹੀਂ ਦਿੱਤੀ। ਇਸ ਲਿਹਾਜ਼ ਨਾਲ ਕਮੇਟੀ ਦਾ ਦ੍ਰਿਸ਼ਟੀਕੋਣ ਸੰਵਿਧਾਨਕ ਤੌਰ ਤੇ ਅਸੰਗਤ ਦਿਸਦਾ ਹੈ।

ਕਮੇਟੀ ਪ੍ਰਾਈਵੇਟ ਸਕੂਲਾਂ ਨੂੰ ਆਜ਼ਾਦੀ ਦੇਣ ਅਤੇ ਉਨ੍ਹਾਂ ਵਲੋਂ ਕੰਮ ਕਾਜ ਵਿਚ ਨੇਕਚਲਨੀ ਤੇ ਵਿਸ਼ਵਾਸ ਕਰਨ ਲਈ ਉਤਸੁਕ ਹੈ ਪਰ ਹੁਣ ਤੱਕ ਇਸ ਧਾਰਾ ਉਤੇ ਅਮਲ ਕਰਦਿਆਂ ਜਾਅਲੀ ਅੰਕੜਿਆਂ ਦੇ ਨਿਰਮਾਣ ਅਤੇ ਭ੍ਰਿਸ਼ਟਾਚਾਰ ਦੀਆਂ ਵਧੀਆਂ ਸੰਭਾਵਨਾਵਾਂ ਲਈ ਕਿਸ ਨੂੰ ਦੋਸ਼ੀ ਠਹਿਰਾਉਂਦੀ ਹੈ? ਨਾਲੇ ਕਿਸੇ ਕਾਨੂੰਨ ਦਾ ਜ਼ਮੀਨ ਤੇ ਚੰਗੀ ਤਰ੍ਹਾਂ ਲਾਗੂ ਨਾ ਹੋ ਸਕਣਾ ਜਾਂ ਕੁਝ ਧਿਰਾਂ ਵਲੋਂ ਲਾਗੂ ਨਾ ਹੋਣ ਦੇਣਾ ਕਾਨੂੰਨ ਦੀਆਂ ਧਾਰਾਵਾਂ ਨੂੰ ਬਦਲ ਦੇਣ ਲਈ ਠੋਸ ਆਧਾਰ ਨਹੀਂ ਬਣ ਸਕਦਾ।

ਸਿੱਖਿਆ ਦੇ ਅਧਿਕਾਰ ਕਾਨੂੰਨ ਨੂੰ ਵਿਸਥਾਰ ਦੇ ਕੇ 3-18 ਸਾਲ ਦੀ ਉਮਰ ਦੇ ਬੱਚਿਆਂ ਲਈ ਮੁਫਤ ਅਤੇ ਲਾਜ਼ਮੀ ਸਿੱਖਿਆ ਯਕੀਨੀ ਬਣਾਉਣ ਦੀ ਤਜਵੀਜ਼ ਸਵਾਗਤ ਦੀ ਹੱਕਦਾਰ ਹੈ। ਸਿੱਖਿਆ ਦੇ ਅਧਿਕਾਰ ਕਾਨੂੰਨ ਵਿਚ ਛੇ ਸਾਲ ਤੋਂ ਘੱਟ ਦੀ ਉਮਰ ਦੇ ਬੱਚਿਆਂ ਦੀ ਗੈਰ ਹਾਜ਼ਰੀ ਰੜਕਦੀ ਰਹੀ ਹੈ। ਇਸ ਦੇ ਨਾਲ ਚੌਦਾਂ ਤੋਂ ਅਠਾਰਾਂ ਸਾਲ ਦੇ ਬੱਚਿਆਂ ਨੂੰ ਵੀ ਇਸ ਘੇਰੇ 'ਚ ਲਿਆਉਣਾ ਵਾਜਿਬ ਹੈ। ਯੂਨੈਸਕੋ ਵਲੋਂ ਦੁਨੀਆ ਦੇ ਮੈਂਬਰ ਮੁਲਕਾਂ ਦੀ ਸਹਿਮਤੀ ਨਾਲ ਤਿਆਰ ਹੋਏ ਟਿਕਾਊ ਵਿਕਾਸ ਦੇ ਏਜੰਡਾ-2030 ਅਧੀਨ ਮਿਥੇ ਟੀਚਿਆਂ ਦੇ ਨਾਲ ਵੀ ਇਹ ਕਦਮ ਮੇਲ ਖਾਂਦਾ ਹੈ ਪਰ ਵਿੱਤੀ ਦਬਾਅ ਇਸ ਸਾਰਥਕ ਪਹਿਲ ਦੀ ਗਤੀ ਨੂੰ ਧੀਮਾ ਕਰ ਸਕਦੇ ਹਨ।

ਸਿੱਖਿਆ ਉਤੇ ਮੁਲਕ ਦੀ ਕੁੱਲ ਘਰੇਲੂ ਪੈਦਾਵਾਰ (ਜੀ.ਡੀ.ਪੀ.) ਦਾ ਛੇ ਫੀਸਦ ਖਰਚ ਕਰਨ ਦੀ ਵਕਾਲਤ ਕੋਠਾਰੀ ਕਮਿਸ਼ਨ ਦੇ ਸਮੇਂ ਤੋਂ ਹੀ ਹੁੰਦੀ ਆਈ ਹੈ ਲੇਕਿਨ ਅਸੀਂ ਚਾਰ ਫੀਸਦ ਦੇ ਅੰਕੜੇ ਤੋਂ ਕਦੀ ਵੀ ਪਾਰ ਨਹੀਂ ਜਾ ਸਕੇ ਅਤੇ ਅੱਜ ਅਸੀਂ ਸਿੱਖਿਆ ਉਤੇ ਜੀ.ਡੀ.ਪੀ. ਦਾ ਤਿੰਨ ਫੀਸਦ ਦੇ ਕਰੀਬ ਖਰਚ ਕਰ ਰਹੇ ਹਾਂ। ਕਮੇਟੀ ਨੇ ਮੁਲਕ ਦੇ ਵਰਤਮਾਨ ਆਰਥਿਕ ਹਾਲਾਤ ਵਿਚ ਸਿੱਖਿਆ ਉਤੇ ਜੀ.ਡੀ.ਪੀ. ਦਾ ਛੇ ਫੀਸਦ ਖਰਚ ਕਰਨ ਦੀ ਵਕਾਲਤ ਤਾਂ ਕੀਤੀ ਹੈ ਪਰ ਇਸ ਨੂੰ ਫੌਰੀ ਤੌਰ 'ਤੇ ਅਮਲ ਵਿਚ ਲਿਆਉਣ ਤੋਂ ਅਸਮਰਥਤਾ ਜਤਾਈ ਹੈ। ਇਸ ਵੇਲੇ ਕੇਂਦਰੀ ਬਜਟ ਦਾ ਦਸ ਫੀਸਦ ਸਿੱਖਿਆ ਉਤੇ ਖਰਚ ਹੁੰਦਾ ਹੈ ਅਤੇ ਕਮੇਟੀ ਨੇ ਹਰ ਸਾਲ ਇਕ ਫੀਸਦ ਦਾ ਵਾਧਾ ਕਰਦੇ ਹੋਏ ਦਸ ਸਾਲ ਵਿਚ ਇਹ ਖਰਚਾ ਵੀਹ ਫੀਸਦ ਤੱਕ ਲਿਜਾਣ ਦੀ ਸਿਫਾਰਿਸ਼ ਕੀਤੀ ਹੈ। ਇਨ੍ਹਾਂ ਹਾਲਾਤ ਵਿਚ ਸਿੱਖਿਆ ਦੇ ਅਧਿਕਾਰ ਕਾਨੂੰਨ ਦਾ ਸਿਧਾਂਤਕ ਰੂਪ ਵਿਚ ਤਤਫਟ ਵਿਸਥਾਰ ਤਾਂ ਸੰਭਵ ਹੈ ਲੇਕਿਨ ਜ਼ਮੀਨ ਤੇ ਇਸ ਲਈ ਵਿੱਤੀ ਵਸੀਲਿਆਂ ਦਾ ਪ੍ਰਬੰਧ ਕਰਨਾ ਵੱਡੀ ਚੁਣੌਤੀ ਹੋਵੇਗਾ।

ਸਾਧਨਾਂ ਦੀ ਮੌਜੂਦਗੀ ਅਤੇ ਜ਼ਰੂਰਤ ਵਿਚਲਾ ਖੱਪਾ ਪੂਰਨ ਲਈ ਅਕਸਰ ਮੁਨਾਫੇ ਦੀ ਝਾਕ ਨਾ ਰੱਖਣ ਵਾਲੀਆਂ ਲੋਕ ਹਿਤੈਸ਼ੀ ਪ੍ਰਾਈਵੇਟ ਸੰਸਥਾਵਾਂ ਤੋਂ ਦਾਨ ਦੇ ਰੂਪ ਵਿਚ ਮਦਦ ਜੁਟਾਉਣ ਦੀ ਸਲਾਹ ਦਿੱਤੀ ਜਾਂਦੀ ਹੈ। ਲੋਕ ਸੇਵਾ ਨੂੰ ਪਰਨਾਈਆਂ ਪ੍ਰਾਈਵੇਟ ਸੰਸਥਾਵਾਂ ਦੀ ਗਿਣਤੀ ਨਿਗੂਣੀ ਰਹਿ ਗਈ ਹੈ ਅਤੇ ਲੋਕ-ਹਿਤ ਦਾ ਮੁਖੌਟਾ ਚੜ੍ਹਾ ਕੇ ਨਿਰੋਲ ਵਪਾਰ ਕਰਨ ਦੀ ਲਾਲਸਾ ਪਾਲਣ ਵਾਲੀਆਂ ਧਿਰਾਂ ਉਭਾਰ 'ਤੇ ਹਨ। ਸਰਕਾਰਾਂ ਵੀ ਉਨ੍ਹਾਂ ਨੂੰ ਸਿੱਖਿਆ ਵਿਚ ਪੂੰਜੀ ਨਿਵੇਸ਼ ਕਰਨ ਦੇ ਖੁੱਲ੍ਹੇ ਸੱਦੇ ਦੇਣ ਦੀ ਨੀਤੀ ਉਪਰ ਚੱਲਦੀਆਂ ਹਨ। ਅਜਿਹੇ ਦੌਰ ਵਿਚ ਸਾਧਾਰਨ ਲੋਕਾਂ ਲਈ ਸਵੈਮਾਨ ਨਾਲ ਹੱਕਾਂ ਦੀ ਪ੍ਰਾਪਤੀ ਦਾ ਕਾਰਜ ਬੋਝਲ ਹੁੰਦਾ ਜਾ ਰਿਹਾ ਹੈ। ਇਸ ਦਾ ਹੱਲ ਸਿੱਖਿਆ ਉਪਰ ਸਰਕਾਰੀ ਖਰਚ ਵਧਾਉਣ ਨੂੰ ਪਹਿਲ ਦੇਣ ਵਿਚ ਹੈ, ਦਾਨੀਆਂ ਦੀ ਰਹਿਮਤ ਦੀ ਉਡੀਕ ਕਰਨ ਵਿਚ ਨਹੀਂ।

# ਹੁਣ ਪੰਜਾਬ ਕੀ ਕਰੇ?

**ਪਿਆਰਾ ਸਿੰਘ ਭੋਗਲ**

ਹਜ਼ਾਰਾਂ ਸਾਲਾਂ ਦੇ ਪੰਜਾਬ ਦੇ ਇਤਿਹਾਸ ਵਿਚ ਪਹਿਲਾਂ ਪ੍ਰਾਚੀਨ ਕਾਲ ਵਿਚ ਦੋ ਵੱਡੀਆਂ ਘਟਨਾਵਾਂ ਹੋਈਆਂ ਜਿਨ੍ਹਾਂ ਦਾ ਪ੍ਰਭਾਵ ਲੰਮੇ ਸਮੇਂ ਤੱਕ ਰਿਹਾ। ਪਹਿਲੀ ਕਪਿਲਵਸਤੂ ਵਿਚ ਮਹਾਤਮਾ ਬੁੱਧ ਦਾ ਜਨਮ ਸੀ। ਬੁੱਧ ਬਹੁਤਾ ਸਮਾਂ ਅੱਜਕਲ੍ਹ ਦੇ ਬਿਹਾਰ ਪ੍ਰਾਂਤ ਵਿਚ ਹੀ ਵਿਚਰੇ ਪਰ ਜਦੋਂ ਮਹਾਰਾਜਾ ਅਸ਼ੋਕ ਨੇ ਬੁੱਧ ਧਰਮ ਅਪਨਾ ਲਿਆ ਤਾਂ ਬੁੱਧ ਧਰਮ ਪੰਜਾਬ ਤੱਕ ਫੈਲ ਗਿਆ। ਦੂਜੀ ਘਟਨਾ ਸੀ, ਯੂਨਾਨ ਤੋਂ ਆਏ ਸਿਕੰਦਰ ਦਾ ਪੰਜਾਬ ਉਤੇ ਹਮਲਾ। ਸਿਕੰਦਰ ਪੰਜਾਬ ਤੋਂ ਅੱਗੇ ਨਹੀਂ ਵਧ ਸਕਿਆ ਤਾਂ ਵੀ ਸਿਕੰਦਰ ਦੇ ਹਮਲੇ ਨੇ ਵੀ ਪੰਜਾਬ ਨੂੰ ਬੁਰੀ ਤਰ੍ਹਾਂ ਝੰਜੋੜਿਆ। ਖੁਸ਼ਕਿਸਮਤੀ ਵਾਲੀ ਗੱਲ ਹੈ ਕਿ ਅੱਜ ਦੇ ਪੰਜਾਬ ਉਤੇ ਪ੍ਰਾਚੀਨ ਕਾਲ ਵਿਚ ਵਾਪਰੀਆਂ ਇਨ੍ਹਾਂ ਦੋ ਵੱਡੀਆਂ ਘਟਨਾਵਾਂ ਦਾ ਕੋਈ ਖਾਸ ਪ੍ਰਭਾਵ ਨਹੀਂ ਨਜ਼ਰ ਆ ਰਿਹਾ।

ਮੱਧ ਕਾਲ ਵਿਚ ਇਕ ਵਾਰ ਫਿਰ ਦੋ ਵੱਡੀਆਂ ਘਟਨਾਵਾਂ ਵਾਪਰੀਆਂ। ਪਹਿਲੀ ਸੀ 550 ਸਾਲ ਪਹਿਲਾਂ ਗੁਰੂ ਨਾਨਕ ਦਾ ਜਨਮ। ਦੂਜੀ ਸੀ, ਸਿੱਖ ਧਰਮ ਦਾ ਪੰਜਾਬ ਵਿਚ ਫੈਲਾਉ। ਇਹ ਦੋਵੇਂ ਘਟਨਾਵਾਂ ਕਰਾਮਾਤੀ ਸਨ। ਯੁੱਗ ਬਦਲਣ ਵਾਲੀਆਂ ਸਨ ਪਰ ਹਾਲਾਤ ਦੇ ਕਾਰਨ ਅਣਵੰਡੇ ਪੰਜਾਬ ਵਿਚ ਸਿੱਖ ਭਾਈਚਾਰਾ ਸਿਰਫ 11 ਫੀਸਦੀ ਰਿਹਾ। 1947 ਵਿਚ ਪੰਜਾਬ ਦੇ 29 ਜ਼ਿਲ੍ਹਿਆਂ ਵਿਚ ਸਿੱਖ ਸਿਰਫ 11 ਫੀਸਦੀ ਸਨ, ਹਿੰਦੂ 33 ਫੀਸਦੀ, ਮੁਸਲਮਾਨ 56 ਫੀਸਦੀ। ਮੁਹੰਮਦ ਅਲੀ ਜਿਨਾਹ ਪੂਰਾ ਪੰਜਾਬ ਪਾਕਿਸਤਾਨ ਵਿਚ ਸ਼ਾਮਿਲ ਕਰਨਾ ਚਾਹੁੰਦੇ ਸਨ ਪਰ ਸਿੱਖ ਪਾਕਿਸਤਾਨ ਵਿਚ ਰਹਿਣਾ ਪ੍ਰਵਾਨ ਕਰਨ ਲਈ ਤਿਆਰ ਨਹੀਂ ਸਨ। ਸੋ, ਉਨ੍ਹਾਂ ਨੇ ਪੰਜਾਬ ਦੀ ਵੰਡ ਕਰਵਾਈ। ਆਬਾਦੀਆਂ ਦਾ ਤਬਾਦਲਾ ਵੀ ਕਰਵਾਇਆ। ਡਾ. ਜੇ.ਐਸ. ਗਰੇਵਾਲ ਨੇ ਆਪਣੀ ਪੁਸਤਕ 'ਦਿ ਹਿਸਟਰੀ ਆਫ ਸਿਖਸ ਆਫ ਪੰਜਾਬ' ਵਿਚ ਲਿਖਿਆ ਹੈ-'ਪੂਰਬੀ ਪੰਜਾਬ ਅਕਾਲੀਆਂ ਦਾ ਇੰਡੀਅਨ ਯੂਨੀਅਨ ਲਈ ਤੋਹਫਾ ਸੀ।'

ਅਕਾਲੀ ਪੂਰਬੀ ਪੰਜਾਬ ਵਿਚ ਆ ਗਏ ਸਨ। ਭਾਰਤੀ ਆਗੂਆਂ ਨੂੰ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਸਮਝਣਾ ਚਾਹੀਦਾ ਸੀ। ਸਿੱਖ ਥੋੜ੍ਹੇ ਸਨ ਪਰ ਪੰਜਾਬ ਵਿਚ ਆਪਣਾ ਰਾਜ ਚਾਹੁੰਦੇ ਸਨ। ਹਕੀਕਤਾਂ ਤਲਖ ਸਨ। ਪਹਿਲੇ ਮੁੱਖ ਮੰਤਰੀ ਡਾ. ਗੋਪੀ ਚੰਦ ਭਾਰਗੋ, ਦੂਜੇ ਮੁੱਖ ਮੰਤਰੀ ਲਾਲਾ ਭੀਮ ਸੈਨ ਸੱਚਰ ਅਤੇ ਤੀਜੇ ਮੁੱਖ ਮੰਤਰੀ ਸ. ਪ੍ਰਤਾਪ ਸਿੰਘ ਕੈਰੋਂ ਅਕਾਲੀਆਂ ਨੂੰ ਝੁਕਾ ਕੇ ਰੱਖਣਾ ਚਾਹੁੰਦੇ ਸਨ। ਕੈਰੋਂ ਨੇ ਤਾਂ ਨਹਿਰੂ ਨੂੰ ਖੁਸ਼ ਕਰਨ ਲਈ ਅਕਾਲੀਆਂ ਉਤੇ ਖੂਬ ਸਖਤੀ ਕੀਤੀ ਪਰ ਅਕਾਲੀ 1966 ਵਿਚ ਪੰਜਾਬੀ ਸੂਬਾ ਬਣਾਉਣ ਵਿਚ ਸਫਲ ਹੋ ਗਏ।

ਉਂਜ, ਬਹੁਤ ਵੱਡੀ ਘਾਟ ਇਹ ਰਹੀ ਕਿ ਰਾਜਭਾਗ ਸੰਭਾਲ ਰਹੇ ਅਕਾਲੀ ਆਗੂਆਂ ਵਿਚ ਰਾਜ ਕਰਨ ਦਾ ਲਾਲਚ ਮੁੱਖ ਰਿਹਾ। ਇਹ ਆਗੂ ਗੁਰੂ ਨਾਨਕ ਅਤੇ ਸਿੱਖ ਧਰਮ ਦੀ ਮਹਾਨ ਸਿੱਖਿਆ ਨੂੰ ਕਦੇ ਨਹੀਂ ਸਮਝੇ। ਜੇ ਇਸ ਸਿੱਖਿਆ ਨੂੰ ਸਮਝਿਆ ਜਾਂਦਾ ਤੇ ਅਮਲ ਕੀਤਾ ਜਾਂਦਾ ਤਾਂ ਸਮੁੱਚੇ ਪੰਜਾਬ ਦੇ ਪੰਜਾਬੀ ਧਰਮਾਂ ਤੇ ਜਾਤਾਂ ਦੇ ਭਿੰਨ-ਭੇਦ ਭੁੱਲ ਕੇ ਪੰਜਾਬੀ ਕੌਮ ਬਣ ਚੁੱਕੇ ਹੁੰਦੇ। ਪੰਜਾਬੀ ਲੋਕ 'ਵੈੱਲਫੇਅਰ ਰਾਜ' ਕਾਇਮ ਕਰ ਲੈਂਦੇ। ਸਮੁੱਚੇ ਭਾਰਤ ਨੂੰ ਦਿਖਾਉਂਦੇ ਬਰਾਬਰੀ ਕਿਵੇਂ ਲਿਆਂਦੀ ਜਾ ਸਕਦੀ ਹੈ। ਅਸਲੀ ਆਜ਼ਾਦੀ ਕੀ ਹੁੰਦੀ ਹੈ?

ਦੁੱਖ ਦੀ ਗੱਲ ਹੈ, ਜਿਸ ਅਕਾਲੀ ਦਲ ਨੇ ਪੰਜਾਬੀ ਸੂਬਾ ਬਣਵਾਇਆ, ਵਾਰ-ਵਾਰ ਸੱਤਾ ਸੰਭਾਲੀ, ਉਹ 2019 ਦੀ 23 ਮਈ ਨੂੰ ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਵਿਚੋਂ ਸਿਰਫ ਦੋ ਸੀਟਾਂ ਉਤੇ ਜਿੱਤ ਹਾਸਲ ਕਰ ਸਕਿਆ। ਹਾਰ ਜਾਣ ਤੋਂ ਬਾਅਦ ਆਪਾ-ਮੰਥਨ ਵੀ ਨਹੀਂ ਹੋਇਆ। ਇਨ੍ਹਾਂ ਦਿਨਾਂ ਵਿਚ ਧੁਰ ਪੂਰਬ ਵਿਚ ਸ਼ਿਲਾਂਗ ਸ਼ਹਿਰ ਵਿਚ ਪੰਜਾਬੀ ਭਾਈਚਾਰਾ ਪੰਜਾਬ ਵੱਲ ਮਦਦ ਲਈ ਦੇਖ ਰਿਹਾ ਹੈ। ਕੀ ਅਕਾਲੀ ਦਲ (ਬਾਦਲ) ਦਾ ਫਰਜ਼ ਨਹੀਂ ਹੈ ਕਿ ਉਹ ਸ਼ਿਲਾਂਗ ਦੇ ਪੰਜਾਬੀਆਂ ਦੀ ਬਾਂਹ ਫੜੇ? ਉਨ੍ਹਾਂ ਲਈ ਸੰਘਰਸ਼ ਕਰੇ? ਅਕਾਲੀ ਦਲ ਸੰਘਰਸ਼ਾਂ ਵਿਚੋਂ ਜੰਮਿਆ-ਪਲਿਆ ਹੈ। ਅੱਜ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਨੂੰ ਫੌਰਨ ਸਿੰਘ ਗਰਜਣਾ ਸ਼ਿਲਾਂਗ ਦੇ ਪੰਜਾਬੀਆਂ ਦੇ ਹੱਕ ਵਿਚ ਮਾਰਨੀ ਚਾਹੀਦੀ ਹੈ। ਸੁਖਬੀਰ ਸਿੰਘ ਬਾਦਲ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਸੰਘਰਸ਼ ਨਾਲ ਹੀ ਪੰਜਾਬ ਵਿਚ ਘਟ ਗਿਆ ਪ੍ਰਭਾਵ ਬਹਾਲ ਹੋਣਾ ਹੈ। ਸ਼ਿਲਾਂਗ ਦੇ ਪੰਜਾਬੀਆਂ ਲਈ ਦਲੇਰੀ ਭਰਿਆ ਰੁਖ ਪੰਜਾਬ ਵਿਚ ਖੁਰ ਗਈ ਸਾਖ ਪੁਨਰ-ਸਥਾਪਤ ਕਰ ਸਕਦਾ ਹੈ।

ਉਂਜ ਵੀ ਅੱਜ ਦਾ ਪੰਜਾਬ ਬਹੁਤ ਪੀੜਤ ਹੈ। ਨੌਜਵਾਨ ਵਿਦੇਸ਼ਾਂ ਨੂੰ ਜਾਣ ਲਈ ਤਰਲੇ ਲੈ ਰਹੇ ਹਨ। ਝੋਨਾ ਪੰਜਾਬ ਦਾ ਖਹਿੜਾ ਨਹੀਂ ਛੱਡ ਰਿਹਾ। ਝੋਨਾ ਵਿਕ ਕੇ ਵੀ ਪੰਜਾਬ ਦੇ ਗੋਦਾਮਾਂ ਵਿਚ ਹੀ ਪਿਆ ਰਹਿੰਦਾ ਹੈ। ਬਾਦਲ ਨੇ ਮੱਕੀ ਦੀ ਫਸਲ ਪ੍ਰਚਲਿਤ ਕਰਨ ਦਾ ਯਤਨ ਕੀਤਾ ਪਰ ਮੱਕੀ ਕੇਂਦਰ ਖਰੀਦਦਾ ਨਹੀਂ। ਸੱਚੀ ਗੱਲ ਹੈ, ਮੋਦੀ ਨੂੰ ਵੀ ਕਿਸਾਨਾਂ ਦੇ ਕਸ਼ਟਾਂ ਦਾ ਗਿਆਨ ਨਹੀਂ। ਇਸ ਪੂੰਜੀਵਾਦੀ ਪ੍ਰਬੰਧ ਵਿਚ ਭਾਰਤ ਭਰ ਦੇ ਕਿਸਾਨ ਰੁਲ ਰਹੇ ਹਨ। ਮੋਦੀ ਕਿਸਾਨਾਂ ਨੂੰ ਭਰਮਾਉਣ ਦੇ ਯਤਨ ਕਰਦੇ ਰਹਿੰਦੇ ਹਨ। ਉਨ੍ਹਾਂ ਦੀ ਸਮੱਸਿਆ ਦਾ ਅਸਲੀ ਇਲਾਜ ਉਨ੍ਹਾਂ ਦੇ ਏਜੰਡੇ ਵਿਚ ਨਹੀਂ।

ਪਰ ਅਕਾਲੀ ਦਲ ਤਾਂ ਪੰਜਾਬ ਦੇ ਲੋਕਾਂ ਦੇ ਮਸਲਿਆਂ ਉਤੇ ਡੂੰਘਾ ਧਿਆਨ ਦੇਵੇ। ਝੋਨਾ ਬੀਜਣਾ ਬੰਦ ਹੋਵੇ। ਮੱਕੀ ਅਤੇ ਦੂਜੀਆਂ ਫਸਲਾਂ ਪ੍ਰਚਲਿਤ ਹੋਣ ਤੇ ਉਨ੍ਹਾਂ ਦੀ ਖਰੀਦ ਯਕੀਨੀ ਹੋਵੇ। ਪੰਜਾਬ ਪਿੰਡਾਂ ਦਾ ਸੂਬਾ ਹੈ। ਪਿੰਡ ਤਰੱਕੀ ਨਹੀਂ ਕਰ ਰਹੇ। ਪਿੰਡਾਂ ਵਿਚ ਰੁਜ਼ਗਾਰ ਨਹੀਂ ਪੈਦਾ ਹੋ ਰਹੇ। ਗੁਰੂ ਨਾਨਕ ਦਾ ਪੰਜਾਬ ਖੜੋਤ ਦੀ ਹਾਲਤ ਹੈ। ਚਾਹੀਦਾ ਹੈ, ਪੰਜਾਬ ਆਪ ਵੀ ਅੱਗੇ ਵਧੇ। ਬਾਕੀ ਭਾਰਤ ਨੂੰ ਵੀ ਅੱਗੇ ਵਧਣ ਦਾ ਰਸਤਾ ਦੱਸੇ। 550ਵਾਂ ਪ੍ਰਕਾਸ਼ ਪੁਰਬ ਸਿਰਫ ਰਸਮ ਬਣ ਕੇ ਨਾ ਰਹਿ ਜਾਏ, ਸਗੋਂ ਲਹਿਰ ਬਣੇ।

## ਕਿਸਾਨਾਂ ਨੂੰ 15 ਕਰੋੜ ਦੀ ਅਦਾਇਗੀ ਦਾ ਮਾਮਲਾ ਅਟਕਿਆ

**ਚੰਡੀਗੜ੍ਹ:** ਪੰਜਾਬ ਦੇ ਕਿਸਾਨਾਂ ਨੂੰ ਕਣਕ ਦੀ ਖਰੀਦ ਸਮੇਂ ਕੇਂਦਰ ਸਰਕਾਰ ਵੱਲੋਂ ਪਏ ਘਾਟੇ ਦੀ ਪੂਰਤੀ ਦਾ ਮਾਮਲਾ ਵਿੱਤ ਵਿਭਾਗ 'ਚ ਅਟਕਿਆ ਪਿਆ ਹੈ। ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਸਕੱਤਰ ਗੁਰਕਿਰਤ ਕਿਰਪਾਲ ਸਿੰਘ ਨੇ ਦੱਸਿਆ ਕਿ 15 ਕਰੋੜ ਰੁਪਏ ਦਾ ਮਤਾ ਤਿਆਰ ਕਰਕੇ ਵਿੱਤ ਵਿਭਾਗ ਨੂੰ ਭੇਜਿਆ ਗਿਆ ਸੀ ਤੇ ਵਿੱਤ ਵਿਭਾਗ ਦੀ ਪ੍ਰਵਾਨਗੀ ਤੋਂ ਬਾਅਦ ਹੀ ਇਹ ਰਾਸ਼ੀ ਕਿਸਾਨਾਂ ਨੂੰ ਅਦਾ ਕੀਤੀ ਜਾਵੇਗੀ।

ਜ਼ਿਕਰਯੋਗ ਹੈ ਕਿ ਬੇਮੌਸਮੀ ਮੀਂਹ ਕਾਰਨ ਸੂਬੇ ਦੇ 6 ਜ਼ਿਲ੍ਹਿਆਂ ਮਾਨਸਾ, ਬਠਿੰਡਾ, ਫਾਜ਼ਿਲਕਾ, ਫਿਰੋਜ਼ਪੁਰ, ਮੁਕਤਸਰ ਅਤੇ ਫਰੀਦਕੋਟ ਦੇ ਕਿਸਾਨਾਂ ਨੂੰ ਵਿੱਤੀ ਮਾਰ ਝੱਲਣੀ ਪਈ ਸੀ। ਕਣਕ ਦੇ ਦਾਣੇ ਬਦਰੰਗ ਹੋਣ ਕਾਰਨ ਕੇਂਦਰ ਸਰਕਾਰ ਨੇ ਪ੍ਰਤੀ ਕੁਇੰਟਲ 4 ਰੁਪਏ 60 ਪੈਸੇ ਦਾ ਕੱਟ ਲਾ ਦਿੱਤਾ ਸੀ। ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦਾ ਦੱਸਣਾ ਹੈ ਕਿ ਕਣਕ ਦੀ ਖਰੀਦ ਦੇ ਹਾਸਲ ਹੋਏ ਅੰਕੜਿਆਂ ਮੁਤਾਬਕ ਉਕਤ ਜ਼ਿਲ੍ਹਿਆਂ ਵਿਚ ਕਿਸਾਨਾਂ ਵੱਲੋਂ ਜੋ ਕਣਕ ਵੇਚੀ ਗਈ ਸੀ ਉਸ ਦੇ ਭਾਅ 'ਚ ਕਟੌਤੀ ਹੋਣ ਕਾਰਨ 15 ਕਰੋੜ ਰੁਪਏ ਦਾ ਘਾਟਾ ਕਿਸਾਨਾਂ ਨੂੰ ਪਿਆ ਸੀ।

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਹਿਲਾਂ ਤਾਂ ਕੇਂਦਰ ਸਰਕਾਰ ਨੂੰ ਕਟੌਤੀ ਦਾ ਫੈਸਲਾ ਵਾਪਸ ਲੈਣ ਲਈ ਕਿਹਾ ਸੀ ਜਦੋਂ ਕੇਂਦਰ ਸਰਕਾਰ ਨੇ ਸਮਰਥਨ ਮੁੱਲ 'ਚ ਲਾਈ ਕਟੌਤੀ ਦਾ ਫੈਸਲਾ ਵਾਪਸ ਨਾ ਲਿਆ ਤਾਂ ਮੁੱਖ ਮੰਤਰੀ ਨੇ ਰਾਜ ਸਰਕਾਰ ਦੇ ਖਜ਼ਾਨੇ ਵਿਚੋਂ ਕਿਸਾਨਾਂ ਨੂੰ ਪਿਆ ਘਾਟਾ ਪੂਰਾ ਕਰਨ ਦਾ ਐਲਾਨ ਕੀਤਾ ਸੀ।

# ਅਣਗਹਿਲੀ ਦੀਆਂ ਅਲਾਮਤਾਂ

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ। ਪਿਛਲੇ ਦੋ ਅੰਕਾਂ ਵਿਚ ਡਾ. ਭੰਡਾਲ ਨੇ ਮਾਪਿਆਂ ਦੇ ਤੁਰ ਜਾਣ ਦਾ ਦਰਦ ਬਿਆਨਦਿਆਂ ਕਿਹਾ ਸੀ, "ਇਹ ਹੂਕ ਮੇਰੀ ਹੀ ਨਹੀਂ, ਅਸਾਂ ਸਭ ਪਰਦੇਸੀਆਂ ਦੀ ਹੈ, ਜੋ ਆਪਣੇ ਪਿਆਰਿਆਂ ਨੂੰ ਆਖਰੀ ਵਕਤ ਮਿਲਣ ਲਈ ਵਤਨ ਪਰਤਦੇ ਨੇ ਅਤੇ ਉਨ੍ਹਾਂ ਦੀ ਰਾਖ ਨੂੰ ਵਗਦੇ ਪਾਣੀਆਂ ਦੇ ਨਾਮ ਕਰ, ਖਾਲੀ ਹੱਥ ਪਰਦੇਸੀਂ ਆਲ੍ਹਣਿਆਂ ਨੂੰ ਉਡਾਰੀ ਭਰਦੇ ਨੇ।" ਹਥਲੇ ਲੇਖ ਵਿਚ ਉਨ੍ਹਾਂ ਅਣਗਹਿਲੀ ਕਾਰਨ ਵਾਪਰਦੇ ਹਾਦਸਿਆਂ ਅਤੇ ਅਣਹੋਣੀਆਂ ਦਾ ਬਿਆਨ ਕੀਤਾ ਹੈ। ਉਹ ਕਹਿੰਦੇ ਹਨ, "ਅਣਗਹਿਲੀ ਕਈ ਵਾਰ ਸ਼ੇਖੀ ਹੁੰਦੀ। ਕੁਝ ਲੋਕ ਹੁੱਬ ਕੇ ਅਣਗਹਿਲੀ ਦੀਆਂ ਗੱਲਾਂ ਦੱਸਦੇ, ਪਰ ਪਤਾ ਉਸ ਵਕਤ ਲੱਗਦਾ, ਜਦ ਅਣਗਹਿਲੀ ਹੀ ਮਰਸੀਆ ਪੜ੍ਹਨ ਬਹਿ ਜਾਂਦੀ।" ਡਾ. ਭੰਡਾਲ ਕਹਿੰਦੇ ਹਨ, "ਅਣਗਹਿਲੀ, ਮਨ ਦੀ ਭਟਕਣਾ, ਅਸਥਿਰਤਾ, ਹਾਬੜਿਆਪਣ, ਜੀਵਨ-ਮੁੱਲਾਂ ਦੀ ਘਾਟ ਅਤੇ ਸੋਚ-ਸਮਝ ਦਾ ਖਾਲੀਪਣ।" ਪਰ ਸਾਵਧਾਨੀ ਹਮੇਸ਼ਾ ਹੀ ਸੁਪਨਿਆਂ, ਸਫਲਤਾਵਾਂ, ਸੰਵੇਦਨਾ, ਸੰਤੁਲਨ ਅਤੇ ਸੰਪੂਰਨਤਾ ਵੰਨੀਂ ਜਾਂਦੇ ਮਾਰਗ ਦੀ ਨਿਸ਼ਾਨਦੇਹੀ। -ਸੰਪਾਦਕ***

## ਚਿਰਾਗ-ਡਾਰ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਅਣਗਹਿਲੀ, ਅਲਾਮਤਾਂ ਨੂੰ ਸੱਦਾ, ਮਰਨ-ਮਿੱਟੀ ਨੂੰ ਹਾਕ, ਭਾਵਨਾਵਾਂ ਨੂੰ ਸੂਲੀ 'ਤੇ ਚਾੜ੍ਹਨ ਦਾ ਸ਼ੌਕ, ਆਪੇ ਹੀ ਅੱਗ 'ਚ ਕੁੱਦਣ ਦੀ ਤਿਆਰੀ ਅਤੇ ਮੌਤ-ਖੂਹ ਦੀ ਅਸਵਾਰੀ।

ਅਣਗਹਿਲੀ, ਆਦਤ, ਜਾਣ ਬੁੱਝ ਕੇ ਸੋਚ-ਸਰਵਰ ਨੂੰ ਗੰਧਲਾ ਕਰਨ ਦੀ ਪ੍ਰਕ੍ਰਿਆ ਅਤੇ ਜੀਵਨ-ਸ਼ੈਲੀ ਵਿਚਲੀ ਅੱਥਰੀ ਅਵੱਗਿਆ।

ਅਣਗਹਿਲੀ, ਜਾਣ-ਬੁਝ ਕੇ ਵੀ ਤੇ ਅਣਜਾਣੇ 'ਚ ਵੀ। ਅਕਸਰ ਹੀ ਕੁਤਾਹੀ। ਇਹ ਕਿਸੇ ਵੀ ਸਮੇਂ, ਕੋਈ ਵੀ ਕੰਮ ਕਰਦਿਆਂ, ਕਿਸੇ ਵੀ ਸੋਚ-ਧਰਾਤਲ 'ਤੇ ਘੁੰਮਦਿਆਂ ਜਾਂ ਕਿਸੇ ਵੀ ਸਥਿਤੀ ਵਿਚ ਵਾਪਰਨ ਦਾ ਸੁਭਾਵਕ ਡਰ।

ਅਣਗਹਿਲੀ, ਆਫਤਾਂ ਨੂੰ ਆਗਿਆ, ਮਾਰੂ-ਝੱਖੜ ਨੂੰ ਉਕਸਾਉਣਾ ਅਤੇ ਜਿੰਦ-ਬਰੂਹਾਂ 'ਤੇ ਮਿੱਟੀ ਦਾ ਤੇਲ ਚੋਣਾ।

ਅਣਗਹਿਲੀ ਕਈ ਵਾਰ ਸ਼ੇਖੀ ਹੁੰਦੀ। ਕੁਝ ਲੋਕ ਹੁੱਬ ਕੇ ਅਣਗਹਿਲੀ ਦੀਆਂ ਗੱਲਾਂ ਦੱਸਦੇ, ਪਰ ਪਤਾ ਉਸ ਵਕਤ ਲੱਗਦਾ, ਜਦ ਅਣਗਹਿਲੀ ਹੀ ਮਰਸੀਆ ਪੜ੍ਹਨ ਬਹਿ ਜਾਂਦੀ।

ਅਣਗਹਿਲੀ ਖਾਣ-ਪੀਣ, ਚੱਲਣ-ਫਿਰਨ, ਘੁੰਮਣ ਜਾਂ ਕਿਸੇ ਵੀ ਨਿੱਤ ਦੇ ਕਾਰ-ਵਿਹਾਰ ਵਿਚ ਹੁੰਦੀ, ਜਦ ਅਸੀਂ ਇਸ ਨਾਲ ਹੋਣ ਵਾਲੇ ਨੁਕਸਾਨ ਜਾਂ ਬਹੁ-ਪਰਤੀ ਅਸਰ ਨੂੰ ਕਿਆਸਣ ਤੋਂ ਹੀ ਟਾਲਾ ਵੱਟਦੇ।

ਅਣਗਹਿਲੀ ਨੂੰ ਕਰੋਪੀ ਦਾ ਲਿਬਾਸ ਪਾ ਕੇ ਖੁਦ ਦੀ ਜ਼ਿੰਮੇਵਾਰੀ ਤੋਂ ਸੁਰਖਰੂ ਹੋਣਾ, ਸਭ ਤੋਂ ਵੱਡੀ ਨਲਾਇਕੀ। ਇਸ ਨੂੰ ਕੁਦਰਤ ਦਾ ਭਾਣਾ ਮੰਨਣ ਵੰਨੀਂ ਤੁਰਨਾ, ਮਨੁੱਖੀ ਮਾਨਸਿਕਤਾ ਦਾ ਖੁਦ ਨੂੰ ਬਚਾਉਣਾ।

ਅਣਗਹਿਲੀ ਕਾਰਨ ਕਦੇ ਵੀ, ਕੁਝ ਵੀ ਅਤੇ ਕਿਸੇ ਨਾਲ ਵੀ, ਕੁਝ ਵੀ ਵਾਪਰ ਸਕਦਾ, ਕਿਉਂਕਿ ਅਣਗਹਿਲੀ ਸਾਡੀ ਨਾ-ਸਮਝੀ ਦੀ ਪ੍ਰਤੀਕ। ਅਸਾਵੀਂ ਜੀਵਨ-ਜਾਚ ਦਾ ਨਮੂਨਾ ਅਤੇ ਮਨੁੱਖੀ ਸ਼ਖਸੀਅਤ ਵਿਚਲਾ ਵਿਗਾੜ।

ਅਣਗਹਿਲੀ ਦੀ ਆਦਤ ਪੱਕ ਜਾਂਦੀ, ਜਦ ਬਚਪਨ ਦੀਆਂ ਆਦਤਾਂ ਵਿਚਲੇ ਵਿਗਾੜ ਨੂੰ ਕੋਈ ਨਾ ਸੁਧਾਰਦਾ ਜਾਂ ਅਸੀਂ ਸੁਧਰਨ ਦੀ ਥਾਂ ਇਸ ਦੀ ਅਵੱਗਿਆ ਵਿਚੋਂ ਹੀ ਮਸਨੂਈ ਖੁਸ਼ੀ ਮਾਣਨ ਦੇ ਰਾਹ ਤੁਰਦੇ। ਵਿਗੜੀਆਂ ਆਦਤਾਂ ਹੀ ਅਣਗਹਿਲੀ ਬਣਦੀਆਂ।

ਅਣਗਹਿਲੀ ਸਾਨੂੰ ਰੋਜ਼ਮੱਰਾ ਜੀਵਨ ਵਿਚ ਫਰਜ਼ਾਂ ਤੋਂ ਕੋਤਾਹੀ ਸਿਖਾਉਂਦੀ। ਨੇਮਾਂ ਦੀ ਉਲੰਘਣਾ, ਸਾਡਾ ਸੁਭਾਅ ਬਣਦਾ। ਕਾਇਦੇ-ਕਾਨੂੰਨ ਨੂੰ ਤੁੱਛ ਸਮਝਣਾ, ਸਾਡੀ ਫਿਤਰਤ ਹੁੰਦੀ। ਇਸ ਮਾਨਸਿਕ ਵਿਗਾੜ ਵਿਚੋਂ ਹੀ ਖਲਾਅ ਪੈਦਾ ਹੁੰਦਾ, ਜੋ ਅਣਹੋਣੀ ਵਾਪਰਨ ਪਿਛੋਂ ਕਦੇ ਨਾ ਭਰਿਆ ਜਾ ਸਕਦਾ।

ਅਣਗਹਿਲੀ, ਸਾਡੇ ਆਲੇ-ਦੁਆਲੇ ਪਸਰੀ, ਨਿੱਜ, ਪਰਿਵਾਰ, ਸਮਾਜ, ਕੌਮ, ਦੇਸ਼ ਜਾਂ ਸੰਸਾਰ ਵਿਚ ਆਪਣੀ ਹੋਂਦ ਨਾਲ ਕਹਿਰ ਵੀ ਵਰਤਾਉਂਦੀ, ਪਰ ਫਿਰ ਵੀ ਮਨੁੱਖ ਨੂੰ ਸਮਝ ਨਾ ਆਉਂਦੀ ਅਤੇ ਮਨੁੱਖੀ ਵਿਗਾੜ ਨੂੰ ਹੋਰ ਚਮਕਾਉਂਦੀ।

ਅਣਗਹਿਲੀ, ਜੀਵਨ ਦੇ ਹਰ ਮੋੜ 'ਤੇ ਦਸਤਕ ਦੇਣ ਲਈ ਕਾਹਲੀ। ਇਹ ਤਾਂ ਖੁਦ ਦੇਖਣਾ ਹੁੰਦਾ ਕਿ ਅਣਗਹਿਲੀ ਕਿੰਨੀ ਕੁ ਮਹਿੰਗੀ ਪਵੇਗੀ? ਕਿਧਰੇ ਇਹ ਸਾਡਾ ਖੁਰਾ-ਖੋਜ ਮਿਟਾਉਣ ਦਾ ਸਬੱਬ ਤਾਂ ਨਹੀਂ? ਕੀ ਸਾਡੇ ਸੁਪਨਿਆਂ ਨੂੰ ਸੁਆਹ ਤਾਂ ਨਹੀਂ ਕਰਨਾ ਚਾਹੁੰਦੀ? ਕੀ ਇਹ ਸਾਡੀਆਂ ਨਸਲਾਂ ਨੂੰ ਅਣਮਨੁੱਖੀ ਹਾਲਤਾਂ ਦਾ ਨਿਉਂਦਾ ਦੇਣ ਲਈ ਤਾਂ ਕਾਹਲੀ ਨਹੀਂ? ਇਹ ਸਮਝ ਤਾਂ ਮਨੁੱਖ ਨੂੰ ਆਉਣੀ ਚਾਹੀਦੀ ਹੈ, ਜਿਸ ਨੇ ਕੰਮ ਆਉਣਾ। ਇਹ ਸੋਚਣਾ ਚਾਹੀਦਾ ਕਿ ਇਸ ਤੋਂ ਕਿਵੇਂ ਬਚਣਾ? ਅਣਗਹਿਲੀ ਤੋਂ ਸਾਵਧਾਨੀ ਤੀਕ ਦਾ ਪੈਂਡਾ ਕਿੰਜ ਤੈਅ ਕਰਨਾ ਅਤੇ ਜੀਵਨ ਨੂੰ ਸੁਖਦ-ਅਹਿਸਾਸ ਨਾਲ ਕੀਕਣ ਭਰਨਾ?

ਅਣਗਹਿਲੀ ਦੀਆਂ ਬਹੁਤ ਸਾਰੀਆਂ ਘਟਨਾਵਾਂ ਰੋਜ਼ ਅਖਬਾਰਾਂ ਦੇ ਕਾਲੇ ਪੰਨੇ ਬਣਦੀਆਂ, ਪਰ ਅਸੀਂ ਇਸ ਤੋਂ ਕੁਝ ਸਿੱਖਣ ਲਈ ਤਿਆਰ ਹੀ ਨਹੀਂ। ਸਾਡੀ ਮਾਨਸਿਕਤਾ ਹੈ ਬਿਮਾਰ, ਜਿਸ ਨੇ ਵਿਗਾੜ ਦਿਤਾ ਏ ਸਾਡਾ ਕਿਰਦਾਰ, ਵਿਹਾਰ ਤੇ ਅਚਾਰ ਤੇ ਇਸ ਦੁਰਕਾਰਤਾ 'ਚੋਂ ਹੀ ਪੈ ਰਹੀ ਏ ਸਮਿਆਂ ਦੀ ਮਾਰ।

ਬਹੁਤ ਸੀਨੀਅਰ ਅਫਸਰ ਸੀ। ਇਕ ਦਿਨ ਗਾੜ੍ਹੀ ਧੁੰਦ ਵਿਚ ਕਾਰ ਆਪ ਚਲਾਉਣ ਲੱਗਾ ਪਿਆ ਤੇ ਡਰਾਈਵਰ ਨੂੰ ਪਿਛਲੀ ਸੀਟ 'ਤੇ ਬੈਠਾ ਦਿਤਾ। ਸ਼ਾਨ ਸਮਝਦਿਆਂ ਅਫਸਰ ਨੇ ਸੀਟ ਬੈਲਟ ਨਾ ਲਾਈ। ਧੁੰਦ ਇੰਨੀ ਕਿ ਕੁਝ ਨਜ਼ਰ ਨਹੀਂ ਸੀ ਆਉਂਦਾ। ਪੁਲ 'ਤੇ ਇੰਨਾ ਭਿਆਨਕ ਹਾਦਸਾ ਹੋਇਆ ਕਿ ਕਾਰ ਪੂਰੀ ਤਰ੍ਹਾਂ ਤਬਾਹ ਹੋ ਗਈ ਅਤੇ ਸਾਰੇ ਕਾਰ ਸਵਾਰ ਸਦਾ ਦੀ ਨੀਂਦ ਸੌਂ ਗਏ। ਨਿੱਕੀ ਜਿਹੀ ਅਣਗਹਿਲੀ ਕਈ ਘਰਾਂ ਵਿਚ ਸੱਥਰ ਵਿਛਾ ਗਈ ਅਤੇ ਪਰਿਵਾਰਾਂ 'ਤੇ ਟੁੱਟ ਪਿਆ ਕਹਿਰ। ਕਿਸ ਨੂੰ ਕਸੂਰਵਾਰ ਕਹੋਗੇ? ਰੱਬ ਦਾ ਭਾਣਾ ਤਾਂ ਬਿਲਕੁਲ ਹੀ ਨਹੀਂ।

ਰਾਤ ਦਾ ਇਕ ਵਜਿਆ ਹੈ। ਸ਼ਰਾਬ ਨਾਲ ਰੱਜਿਆ ਕਾਰ ਡਰਾਈਵਰ। 180 ਕਿਲੋਮੀਟਰ ਪ੍ਰਤੀ ਘੰਟਾ ਦੀ ਸਪੀਡ 'ਤੇ ਜਾ ਰਿਹਾ। ਨਸ਼ੇ ਦੀ ਲੋਰ 'ਚ ਕਾਰ ਬੇਕਾਬੂ ਹੋ ਕੇ ਦੂਸਰੀ ਲੇਨ ਵਿਚ ਜਾਂਦੀਆਂ ਕਾਰਾਂ ਨੂੰ ਆਪਣੀ ਲਪੇਟ ਵਿਚ ਲੈ ਲੈਂਦੀ ਏ ਅਤੇ ਕਈ ਜਾਨਾਂ ਭੰਗ ਦੇ ਭਾੜੇ ਗਵਾਚ ਜਾਂਦੀਆਂ ਨੇ। ਅਜਿਹਾ ਕਿਉਂ? ਆਪ ਤਾਂ ਮਰਨਾ ਸੀ, ਪਰ ਦੂਜਿਆਂ ਦਾ ਕੀ ਕਸੂਰ ਸੀ? ਕਿਹੜੀ ਮਾਨਸਿਕਤਾ ਏ, ਜੋ ਮਨੁੱਖ ਨੂੰ ਅਣਗਹਿਲੀ ਕਰਨ ਲਈ ਉਕਸਾਉਂਦੀ? ਮਨੁੱਖ ਜੀਵਨ ਨੂੰ ਤੁੱਛ ਸਮਝਦਾ, ਮੌਤ ਨੂੰ ਗਲਵਕੜੀ ਪਾਉਣ ਲਈ ਕਾਹਲਾ ਹੋ ਜਾਂਦਾ।

ਬੱਚੇ ਦਾ ਬੋਰ ਵੈਲ ਵਿਚ ਡਿਗਣਾ, ਪਾਣੀ ਦੇ ਚੁਬੱਚੇ ਵਿਚ ਡੁੱਬ ਜਾਣਾ, ਦਰਿਆ ਵਿਚ ਨਹਾਉਂਦਿਆਂ, ਪਾਣੀ ਦੀਆਂ ਲਹਿਰਾਂ ਵਿਚ ਗਵਾਚਣਾ, ਸੈਲਫੀ ਲੈਣ ਦੀ ਚਾਹਨਾ 'ਚ ਜਾਨ ਗਵਾ ਬਹਿਣਾ ਆਦਿ ਘਟਨਾਵਾਂ, ਸਾਵਧਾਨੀਆਂ ਨੂੰ ਵਿਸਾਰ ਕੇ, ਮਰਨ ਲਈ ਕਾਹਲਾਪਣ ਹੀ ਹੋ ਸਕਦਾ। ਛੋਟੇ ਬੱਚੇ ਦੀ ਅਣਗਹਿਲੀ ਲਈ ਤਾਂ ਵਡੇਰੇ ਕਸੂਰਵਾਰ, ਪਰ ਵੱਡਿਆਂ ਦੀ ਅਣਗਹਿਲੀ ਨੇ ਨੰਨ੍ਹੀ ਜਾਨ ਅਜਾਈਂ ਗਵਾਈ। ਅਜਿਹੀਆਂ ਘਟਨਾਵਾਂ ਨਿੱਤ ਦਾ ਵਰਤਾਰਾ, ਪਰ ਅਸੀਂ ਇਹ ਸਮਝਣ ਲਈ ਤਿਆਰ ਹੀ ਨਹੀਂ ਕਿ ਅਜਿਹੀ ਘਟਨਾ ਕਿਸੇ ਨਾਲ ਵੀ ਵਾਪਰ ਸਕਦੀ। ਫਿਰ ਵੀ ਵਾਰ ਵਾਰ ਅਣਗਹਿਲੀ ਵਰਤਦਿਆਂ ਕਈ ਜਾਨਾਂ ਨੂੰ ਜੋਖਮ ਵਿਚ ਪਾਉਣ ਲਈ ਤਿਆਰ।

ਦਰਅਸਲ ਅਣਗਹਿਲੀ ਸਾਡੀ ਮਾਨਸਿਕਤਾ ਦਾ ਹਿੱਸਾ। ਸੋਚ ਵਿਚਲਾ ਵਿਗਾੜ ਅਤੇ ਇਸ ਨੂੰ ਸੁਧਾਰਨ ਲਈ ਨਹੀਂ ਹਾਂ ਅਸੀਂ ਤਿਆਰ। ਬਿਜਲੀ ਦੀਆਂ ਲਮਕਦੀਆਂ ਤਾਰਾਂ, ਕਾਰ/ਟਰੱਕ ਚਲਾਉਂਦੇ ਸਮੇਂ ਫੋਨ ਵਰਤਣਾ ਵੱਡੀ ਤ੍ਰਾਸਦੀ ਦਾ ਕਾਰਨ। ਮੋਟਰ ਗੱਡੀ ਚਲਾਉਂਦੇ ਸਮੇਂ ਫੋਨ ਕਰਨਾ, ਟੈਕਸਟ ਕਰਨਾ ਜਾਂ ਸੋਸ਼ਲ ਅਪਡੇਟ ਕਰਨਾ ਤਰਜ਼ੀਹੀ ਮੌਤ ਹੀ ਤਾਂ ਬਣੇਗਾ। ਇਸ ਲਈ ਤੁਸੀਂ ਖੁਦ ਕਸੂਰਵਾਰ। ਕਿਸੇ ਨੂੰ ਕਾਹਦਾ ਦੋਸ਼?

ਅਣਗਹਿਲੀ, ਆਹਾਂ ਦੀ ਹੂਕ, ਸਾਹ ਵਿਚ ਸਿਸਕੀਆਂ, ਚਾਅ ਵਿਚ ਚੀਖ, ਭਾਵਨਾਵਾਂ ਵਿਚ ਭੈਅ ਅਤੇ ਦਰਿਆ-ਦਿਲੀ ਵਿਚ ਦੁੱਖਾਂ ਦਾ ਦਰਿਆ।

ਅਣਗਹਿਲੀ, ਆਸਾਂ 'ਤੇ ਤੇਜ਼ਾਬੀ ਬਾਰਸ਼, ਘਰ ਦੀ ਛੱਤ 'ਤੇ ਬਿਜਲੀ ਦਾ ਪੈਣਾ, ਉਮੀਦ-ਫਸਲ 'ਤੇ ਗੜ੍ਹੇਮਾਰ ਅਤੇ ਅਰਥੀ ਬਣਨ ਦੀ ਤਿਆਰੀ।

ਅਣਗਹਿਲੀ, ਨਾ-ਸਮਝੀ ਕਾਰਨ ਵੀ ਅਤੇ ਜਾਣ-ਬੁਝ ਕੇ ਵੀ; ਅਣਭੋਲਪੁਣੇ ਵਿਚ ਵੀ ਤੇ ਸ਼ੇਖੀ ਵਿਚ ਵੀ; ਕਿਸੇ ਨੂੰ ਭਰਮਾਉਣ ਲਈ ਵੀ ਅਤੇ ਦਾਅ 'ਤੇ ਜਿੰਦ ਲਾਉਣ ਲਈ ਵੀ; ਹੀਣਤਾ ਵੀ ਤੇ ਹੇਠੀ ਵੀ; ਵਡੱਪਣ ਦਿਖਾਉਣ ਲਈ ਤੇ ਹੀਣ-ਭਾਵਨਾ ਨੂੰ ਲੁਕਾਉਣ ਲਈ ਵੀ। ਅਣਗਹਿਲੀ ਗੱਲਬਾਤ ਵਿਚ ਵੀ ਤੇ ਲਿਖਤ ਵਿਚ ਵੀ; ਕੰਮ ਵਿਚ ਵੀ ਤੇ ਦਫਤਰੀ ਕਾਰਜ ਵਿਚ ਵੀ ਅਤੇ ਆਪਣੇ ਲਈ ਤੇ ਬਿਗਾਨਿਆਂ ਲਈ ਵੀ।

ਅਣਗਹਿਲੀ, ਮਨ ਦੀ ਭਟਕਣਾ, ਅਸਥਿਰਤਾ, ਹਾਬੜਿਆਪਣ, ਜੀਵਨ-ਮੁੱਲਾਂ ਦੀ ਘਾਟ ਅਤੇ ਸੋਚ-ਸਮਝ ਦਾ ਖਾਲੀਪਣ।

ਅਣਗਹਿਲੀ, ਜੀਵਨ ਦੇ ਹਰ ਪਲ 'ਚ ਅਵੇਸਲੇਪਣ ਨੂੰ ਜਾਹਰ ਕਰਦੀ। ਅਵੱਗਿਆ, ਅਣਜਾਣਪੁਣਾ, ਅਗਿਆਨ ਅਤੇ ਅਲਗਰਜ਼ੀ ਹੀ ਅਣਗਹਿਲੀ ਨੂੰ ਪੈਦਾ ਕਰਦੇ। ਇਸ ਤੋਂ ਕਿਵੇਂ ਬਚਣਾ, ਇਹ ਹੀ ਸਭ ਤੋਂ ਵੱਡੀ ਤਰਜ਼ੀਹ ਹੋਵੇ ਤਾਂ ਜੀਵਨੀ-ਸੁਹੰਢਣਾ, ਸੁਹੱਪਣ ਅਤੇ ਸਦੀਵਤਾ ਨੂੰ ਚਿੱਤਵਿਆ ਜਾ ਸਕਦਾ।

ਅਣਗਹਿਲੀ, ਘਾਟਾ ਹੀ ਘਾਟਾ। ਭਾਵੇਂ ਇਹ ਕਿਸੇ ਇਮਤਿਹਾਨ ਵਿਚ ਆਪਣੀ ਡਿਊਟੀ ਨਿਭਾਉਂਦਿਆਂ, ਪਰਿਵਾਰਕ ਫਰਜ਼ਾਂ ਦੀ ਪੂਰਤੀ ਜਾਂ ਸਮਾਜਕ ਜਿੰਮੇਵਾਰੀਆਂ ਨਿਭਾਉਣ ਸਮੇਂ ਹੋਵੇ। ਜਿੰਮੇਵਾਰ ਵਿਅਕਤੀ ਕਦੇ ਅਣਗਹਿਲੀ ਨਹੀਂ ਕਰਦਾ। ਹਰ ਕਦਮ ਸਾਵਧਾਨੀ ਤੇ ਸੋਚ ਕੇ ਧਰਦਾ ਅਤੇ ਜੀਵਨ-ਪੈਂਡੇ ਨੂੰ ਮਾਣਮੱਤੇ ਢੰਗ ਨਾਲ ਪੂਰਾ ਕਰਦਾ, ਪਰ ਅਣਗਹਿਲੀ ਦਾ ਆਲਮ ਕਿ ਸਾਵਧਾਨੀ ਹਟਦਿਆਂ ਹੀ ਅਣਗਹਿਲੀ ਹੋ ਜਾਂਦੀ।

ਅਣਗਹਿਲੀ, ਆਮ ਬੰਦੇ ਹੀ ਨਹੀਂ ਕਰਦੇ। ਸਭ ਕਰਦੇ ਨੇ, ਕੁਝ ਛੋਟੀ, ਪਰ ਕੁਝ ਵੱਡੀ। ਕਿਸੇ ਦੀ ਅਣਗਹਿਲੀ ਜਾਹਰ ਨਹੀਂ ਹੁੰਦੀ, ਪਰ ਕਈ ਅਣਗਹਿਲੀ ਦਾ ਹੀ ਨਾਮਕਰਨ ਹੋ ਜਾਂਦੇ।

ਅਣਗਹਿਲੀ ਕਈ ਵਾਰ ਵੱਡੇ-ਵੱਡੇ ਹਾਦਸਿਆਂ, ਮਾਰੂ ਘਟਨਾਵਾਂ ਅਤੇ ਸਰਬ-ਪ੍ਰਭਾਵਿਤ ਕ੍ਰਿਆਵਾਂ ਦਾ ਅਜਿਹਾ ਕਾਰਨ ਬਣਦੀ ਕਿ ਇਨਸਾਨ ਵਿਚਲੀ ਹੈਵਾਨੀਅਤ ਨੂੰ ਵੀ ਸ਼ਰਮਸ਼ਾਰ ਹੋਣਾ ਪੈਂਦਾ।

***ਬੱਚੇ ਦਾ ਬੋਰ ਵੈਲ ਵਿਚ ਡਿਗਣਾ, ਪਾਣੀ ਦੇ ਚੁਬੱਚੇ ਵਿਚ ਡੁੱਬ ਜਾਣਾ, ਦਰਿਆ ਵਿਚ ਨਹਾਉਂਦਿਆਂ, ਪਾਣੀ ਦੀਆਂ ਲਹਿਰਾਂ ਵਿਚ ਗਵਾਚਣਾ, ਸੈਲਫੀ ਲੈਣ ਦੀ ਚਾਹਨਾ 'ਚ ਜਾਨ ਗਵਾ ਬਹਿਣਾ ਆਦਿ ਘਟਨਾਵਾਂ, ਸਾਵਧਾਨੀਆਂ ਨੂੰ ਵਿਸਾਰ ਕੇ, ਮਰਨ ਲਈ ਕਾਹਲਾਪਣ ਹੀ ਹੋ ਸਕਦਾ। ਛੋਟੇ ਬੱਚੇ ਦੀ ਅਣਗਹਿਲੀ ਲਈ ਤਾਂ ਵਡੇਰੇ ਕਸੂਰਵਾਰ, ਪਰ ਵੱਡਿਆਂ ਦੀ ਅਣਗਹਿਲੀ ਨੇ ਨੰਨ੍ਹੀ ਜਾਨ ਅਜਾਈਂ ਗਵਾਈ।***

ਅਣਗਹਿਲੀ ਬੱਚੇ ਅਕਸਰ ਕਰਦੇ। ਮਾਪੇ ਸਮਝਾਉਂਦੇ ਤਾਂ ਫਿਰ ਉਹ ਕੋਈ ਅਵੱਗਿਆ ਜਾਂ ਅਣਗਹਿਲੀ ਨਹੀਂ ਕਰਦੇ। ਜਦ ਪੜ੍ਹੇ-ਲਿਖੇ ਤੇ ਬਾਲਗ ਹੀ ਅਣਗਹਿਲੀ ਕਰਨ ਲੱਗ ਪੈਣ ਤਾਂ ਕੌਣ ਸਮਝਾਵੇ? ਕਿਹੜੀ ਸੁਮੱਤ ਉਨ੍ਹਾਂ ਦੇ ਪੱਲੇ ਪਾਵੇ ਕਿ ਗਲਤੀਆਂ ਦਾ ਗੁਨਾਹ ਇਨ੍ਹਾਂ ਤੋਂ ਪਿੱਛਾ ਛੁਡਾਵੇ?

ਅਣਗਹਿਲੀ ਜਦ ਮਨੁੱਖ ਵਿਚ ਆਉਂਦੀ ਤਾਂ ਕੋਈ ਵੀ ਕਿੱਤਾ ਇਸ ਤੋਂ ਬੇਲਾਗ ਨਾ ਰਹਿੰਦਾ। ਡਾਕਟਰ ਦੀ ਅਣਗਹਿਲੀ ਪੇਟ ਵਿਚ ਕੈਂਚੀ ਤੇ ਪੱਟੀਆਂ ਸਿਉਂ ਦਿੰਦੀ, ਸੱਜੇ ਗੋਡੇ ਦੀ ਥਾਂ ਖੱਬੇ ਦਾ ਓਪਰੇਸ਼ਨ ਕਰ ਦਿੰਦੀ, ਕੁੜੀ ਦੱਸ ਕੇ ਮੁੰਡੇ ਦਾ ਗਰਭਪਾਤ ਕਰ ਦਿੰਦੀ। ਰੋਗ ਕੋਈ ਹੋਰ ਤੇ ਦਵਾਈ ਹੋਰ। ਇਕ ਦੀਆਂ ਮੈਡੀਕਲ ਰਿਪੋਰਟਾਂ ਨੂੰ ਦੂਸਰੇ ਨਾਲ ਰੱਲਗੱਡ ਕਰਕੇ ਜਾਨੀ ਨੁਕਸਾਨ ਕਰਨਾ, ਨਵ-ਜਨਮੇ ਬੱਚਿਆਂ ਦਾ ਵੱਟ ਜਾਣਾ ਤਾਂ ਵੱਡੇ ਵੱਡੇ ਹਸਪਤਾਲਾਂ ਵਿਚ ਆਮ ਵਰਤਾਰਾ ਏ। ਅਜਿਹੀ ਅਣਗਹਿਲੀ ਦੀ ਕੋਈ ਨਹੀਂ ਜਿੰਮੇਵਾਰੀ ਲੈਣ ਲਈ ਤਿਆਰ।

ਅਣਗਹਿਲੀ ਕਹਿਰ ਬਣ ਜਾਂਦੀ, ਜਦ ਇਹ ਬਹੁਤ ਸਾਰੀਆਂ ਜਾਨਾਂ ਦਾ ਸਵਾਲ ਹੋਵੇ। ਬਿਨਾ ਤੇਲ ਭਰਿਆਂ ਹਵਾਈ ਜਹਾਜ ਦੀ ਉਡਾਣ ਭਰਨੀ ਅਤੇ ਤੇਲ ਦੀ ਘਾਟ ਦੇਖ ਕੇ ਅੱਧਵਾਟੇ ਹੀ ਉਤਾਰ ਲੈਣਾ। ਜਰਾ ਪੁੱਛੇ ਜਹਾਜ ਚਾਲਕਾਂ ਨੂੰ ਕਿ ਕੀ ਜਹਾਜ ਦਾ ਤੇਲ ਹਰੇਕ ਪੈਟਰੋਲ ਪੰਪ 'ਤੇ ਮਿਲਦਾ ਏ ਅਤੇ ਇਸ ਨੂੰ ਜਿਥੇ ਮਰਜ਼ੀ ਉਤਾਰਿਆ ਜਾ ਸਕਦਾ ਏ? ਕਿੰਨੀਆਂ ਕੀਮਤੀ ਜਾਨਾਂ ਹੁੰਦੀਆਂ ਨੇ ਜਹਾਜ ਵਿਚ? ਪਰ ਨਹੀਂ ਕਿਸੇ ਨੂੰ ਪ੍ਰਵਾਹ!

ਅਣਗਹਿਲੀ ਵਾਰ-ਵਾਰ ਇਸ ਕਰਕੇ ਵਾਪਰਦੀ ਕਿ ਹਰੇਕ ਇਸ ਦੀ ਜਿੰਮੇਵਾਰੀ ਲੈਣ ਤੋਂ ਨਾਬਰ। ਨਾ ਹੀ ਕਿਸੇ 'ਤੇ ਜਿੰਮੇਵਾਰੀ ਨਿਰਧਾਰਤ ਹੁੰਦੀ। ਕੋਈ ਨਹੀਂ ਹੁੰਦਾ ਜੁਰਮਾਨਾ ਅਤੇ ਨਾ ਹੀ ਸਜ਼ਾ। ਇਸ ਕਰਕੇ ਅਣਗਹਿਲੀ ਭਰਪੂਰ ਵਰਤਾਰਾ ਬਿਨਾ ਰੋਕ-ਟੋਕ ਨਿਰੰਤਰ ਜਾਰੀ। ਇਹ ਭਾਵੇਂ ਪਰਿਵਾਰਕ ਇਕਾਈ ਹੋਵੇ, ਸੂਬਾ ਸਰਕਾਰ ਹੋਵੇ, ਦੇਸ਼ ਦੀ ਹਕੂਮਤ ਹੋਵੇ ਜਾਂ ਕੋਈ ਹੋਰ ਅਦਾਰਾ ਹੋਵੇ? ਫਿਰ ਸੁਧਾਰ ਦੀ ਆਸ ਕਿੰਜ ਕਰੋਗੇ? ਵਾਰ ਵਾਰ ਕੁਤਾਹੀਆਂ ਵਿਚੋਂ ਹੀ ਜੀਵਨ ਦੀ ਡਗਮਗਾਉਂਦੀ ਲਾਟ ਨੂੰ ਜਗਦੀ ਰੱਖਣ ਦਾ ਉਦਮ ਕਰੋਗੇ। ਸਾਹ-ਸੰਤਾਪ ਨੂੰ ਜਰੋਗੇ ਅਤੇ ਲਿੱਲਕੜੀਆਂ ਦੀ ਲਾਲਸਾ ਵਿਚ ਹੀ ਤੂਫਾਨਾਂ ਨਾਲ ਲੜੋਗੇ।

ਅਣਗਹਿਲੀ ਕਾਰਨ ਜੰਗਲ ਵਿਚ ਲੱਗੀ ਅੱਗ, ਸ਼ਾਰਟ ਸਰਕਟ ਕਾਰਨ ਤਬਾਹ ਹੋਈਆਂ ਬਿਲਡਿੰਗਾਂ ਤੋਂ ਬਿਨਾ ਜਾਨੀ ਨੁਕਸਾਨ ਅਤੇ ਆਰਥਕ ਨੁਕਸਾਨ ਵੀ ਹੁੰਦਾ। ਸਾਵਧਾਨੀਆਂ ਵਰਤ ਕੇ ਇਨ੍ਹਾਂ ਤੋਂ ਬਚਿਆ ਜਾ ਸਕਦਾ, ਪਰ ਅਸੀਂ ਸਾਵਧਾਨ ਹੋਣ ਦੀ ਥਾਂ ਕੁਝ ਵਾਪਰਨ ਪਿਛੋਂ ਰੌਲਾ ਪਾਉਣ ਜੋਗੇ ਹੀ ਹਾਂ।

ਅਣਗਹਿਲੀ, ਆਦਮੀਅਤ 'ਤੇ ਧੱਬਾ, ਮਾਸੂਮੀਅਤ 'ਤੇ ਕੋਝਾਪਣ, ਚੰਚਲਤਾ 'ਤੇ ਚੀਕ, ਚਾਵਾਂ 'ਤੇ ਝਪੱਟਾ ਅਤੇ ਹਰਫ-ਦਰਗਾਹ 'ਚ ਅਰਥਾਂ ਦੀ ਕੁਰਲਾਹਟ।

ਅਣਗਹਿਲੀ ਤੇ ਲਾਪ੍ਰਵਾਹੀ, ਬੇਸਮਝੀ ਤੇ ਬੇਅਕਲੀ, ਅਗਿਆਨ ਤੇ ਅਨਪੜ੍ਹਤਾ ਅਤੇ ਅੱਥਰਾਪਣ ਤੇ ਬੇਹੂਦਗੀ; ਜੀਵਨ ਸਲੇਟ 'ਤੇ ਪਈਆਂ ਅਜਿਹੀਆਂ ਝਰੀਟਾਂ, ਜੋ ਜ਼ਿੰਦਗੀ ਦੀ ਸੂਖਮ-ਕਲਾਕਾਰੀ ਅਤੇ ਚਿੱਤਕਬਰੀ ਰੰਗਤ ਵਿਚ ਕਾਲਖ ਭਰਨ ਲਈ ਕਾਹਲੀਆਂ। ਇਨ੍ਹਾਂ ਤੋਂ ਬਚਣਾ ਹੀ ਜੀਵਨ-ਦਿਸਹੱਦਿਆਂ ਦੀ ਹਾਥ।

ਅਣਗਹਿਲੀ ਆਪਣੇ ਤੇ ਬਿਗਾਨਿਆਂ ਦਾ ਫਰਕ, ਅਣਦੇਖੀ ਨੇੜਤਾ ਅਤੇ ਦੂਰੀ ਦੀ ਨਿਸ਼ਾਨੀ ਦਾ ਅੰਤਰ, ਅਣਗੌਲਾਪਣ, ਕਿਸੇ ਪ੍ਰਤੀ ਲਾਪ੍ਰਵਾਹੀ ਤੇ ਬੇਪ੍ਰਵਾਹੀ ਜੋ ਬਣ ਜਾਂਦੀ ਜ਼ਿੰਦ-ਫਾਹੀ।

ਅਣਗਹਿਲੀ ਕਰਨ ਵਾਲੇ, ਦੋਚਿੱਤੀ ਵਿਚ ਰਹਿਣ ਵਾਲੇ ਅਤੇ ਸੁਸਤ ਰਹਿਣ ਵਾਲੇ ਕਿਵੇਂ ਮੰਜ਼ਿਲਾਂ ਦੇ ਦਿਸਹੱਦੇ ਮਿੱਥਣਗੇ? ਕਿਵੇਂ ਸੁਪਨ-ਪੂਰਤੀ ਨੂੰ ਹਾਸਲ ਬਣਾਉਣਗੇ? ਅਜਿਹੇ ਲੋਕ ਰਾਹਾਂ ਦੀਆਂ ਖਾਈਆਂ, ਸੰਸਾਰ-ਸਾਹਾਂ ਵਿਚ ਸੰਤਾਪ ਤੇ ਹਰਫ-ਹਾਕ ਵਿਚ ਹਉਕੇ ਹੀ ਧਰਨਗੇ ਤੇ ਕੋਰੇ ਕਾਗਜ਼ ਨੂੰ ਕਾਲੇ ਹਾਸ਼ੀਏ ਨਾਲ ਭਰਨਗੇ।

ਅਣਗਹਿਲੀ ਸਭ ਮੁਸੀਬਤਾਂ ਦੀ ਜੜ੍ਹ, ਮੁਸ਼ਕਿਲਾਂ ਦਾ ਮੀਨਾਰ, ਮੌਤ ਦਾ ਮਰਸੀਆ ਅਤੇ ਮਾਨਤਾਵਾਂ ਨੂੰ ਮਰਨ-ਰੁੱਤ।

ਅਣਗਹਿਲੀ ਦੀ ਨਹੀਂ ਕੋਈ ਮੁਆਫੀ। ਦੇਣਾ ਪੈਣਾ ਏ ਹਿਸਾਬ-ਕਿਤਾਬ। ਕਰਨੀ ਪੈਣੀ ਏ ਕਰਨੀਆਂ ਦੀ ਭਰਪਾਈ। ਗੈਰ-ਜਿੰਮੇਵਾਰਾਨਾ ਹਰਕਤਾਂ ਦੀ ਜਵਾਬਦੇਹੀ, ਗੈਰ-ਰਵਾਇਤੀ ਵਤੀਰੇ ਦੀ ਸੁਧਾਈ ਅਤੇ ਖੁਦ ਵਿਚੋਂ ਨੇਕ-ਬਖਤੀ ਦੀ ਸਥਾਈ। ਅਣਗਹਿਲੀ ਜਦ ਮਿਲੇ ਹੋਏ ਮੌਕੇ, ਸੰਦਲੀ ਸੰਭਾਵਨਾਵਾਂ, ਚੰਗੇਰੀਆਂ ਮੱਤਾਂ, ਬਜ਼ੁਰਗੀ ਸਿਆਣਪਾਂ ਜਾਂ ਵਡੇਰਿਆਂ ਦੇ ਹੱਥੀਂ ਹੰਢਾਏ ਵਰਤਾਰਿਆਂ ਦੀ ਕਰਨੀ ਸ਼ੁਰੂ ਕਰਦੇ ਤਾਂ ਜੀਵਨ ਦੇ ਨਾਂ ਧੁੰਧਲਕਾ ਪੈਦਾ ਕਰਦੇ।

ਅਣਗਹਿਲੀ, ਅਜੋਕਾ ਜੀਵਨ-ਵਰਤਾਰਾ ਅਤੇ ਜੀਵਨ-ਸ਼ੈਲੀ। ਅਣਗਹਿਲੀ ਹੀ 'ਸਾਨੂੰ ਕੀ', 'ਕੁਝ ਨਹੀਂ ਹੁੰਦਾ', ਦੂਜੇ ਪ੍ਰਤੀ ਬੇਗਾਨਗੀ ਅਤੇ ਖੁਦਗਰਜ਼ੀ ਦਾ ਪ੍ਰਗਟਾਵਾ।

ਅਣਗਹਿਲੀ, ਭੁੱਲਣਾ, ਕਮਜ਼ੋਰ ਮਾਨਸਿਕਤਾ, ਕੋਤਾਹੀ ਕਰਨ ਦੀ ਆਦਤ ਅਤੇ ਆਪਣੀ ਜਾਨ-ਪ੍ਰਤੀ ਲਾਪ੍ਰਵਾਹੀ 'ਚੋਂ ਉਪਜਦੀ। ਇਹ ਕਿਸੇ ਦੇ ਨਾਲ-ਨਾਲ, ਖੁਦ ਦਾ ਵੀ ਨੁਕਸਾਨ ਕਰਦੀ ਜਿਸ ਦੀ ਕਦੇ ਨਹੀਂ ਹੁੰਦੀ ਪੂਰਤੀ।

ਅਣਗਹਿਲੀ ਜਦ ਹਵਾ, ਪਾਣੀ, ਧਰਤੀ ਅਤੇ ਦਰਿਆਵਾਂ ਦੀ ਸੁਧਤਾ ਵਲੋਂ ਕੀਤੀ ਤਾਂ ਮਨੁੱਖ ਦੇ ਨਾਮ ਹੋਈ ਸਾੜ-ਸਤੀ। ਗਲੋਬਲ ਵਾਰਮਿੰਗ ਦੀ ਕੀਤੀ ਜਾ ਰਹੀ ਅਣਦੇਖੀ ਨੇ ਆਉਣ ਵਾਲੇ ਸਮੇਂ ਵਿਚ ਕਿਵੇਂ ਵਧਾਉਣਾ ਏ ਤਾਪਮਾਨ, ਕਿਵੇਂ ਹੋਣਾ ਏ ਮੌਸਮੀ ਵਿਗਾੜ, ਕਿਵੇਂ ਅਨਿਸ਼ਚਿਤ ਹੋ ਜਾਣੀਆਂ ਨੇ ਰੁੱਤਾਂ, ਕਿਵੇਂ ਮਨੁੱਖ ਪਾਣੀ ਤੇ ਖੁਰਾਕ ਨੂੰ ਤਰਸੇਗਾ, ਕਿਵੇਂ ਕੁਦਰਤ ਵਿਚ ਪੈਦਾ ਹੋਇਆ ਵਿਗਾੜ ਮਨੁੱਖ ਨੂੰ ਆਪਣੀ ਲਪੇਟ ਵਿਚ ਲਵੇਗਾ, ਹੁਣ ਤੋਂ ਹੀ ਨਜ਼ਰ ਆਉਣਾ ਸ਼ੁਰੂ ਹੋ ਗਿਆ। ਲੋੜ ਹੈ, ਗਲੋਬਲ ਵਾਰਮਿੰਗ ਪ੍ਰਤੀ ਹੋਰ ਸੁਚੇਤ ਤੇ ਸਾਵਧਾਨ ਹੋਣ ਦੀ, ਤਾਂ ਕਿ ਇਸ ਨੂੰ ਘਟਾਉਣ ਲਈ ਸਾਰਥਕ ਕਦਮ ਉਠਾਏ ਜਾਣ ਅਤੇ ਧਰਤ 'ਤੇ ਵਾਪਰਨ ਵਾਲੇ ਕਹਿਰ ਤੋਂ ਬਚਿਆ ਜਾ ਸਕੇ। ਜੇ ਅਸੀਂ ਕੁਝ ਨਾ ਕੀਤਾ ਤਾਂ ਆਉਣ ਵਾਲੀਆਂ ਨਸਲਾਂ ਸਾਨੂੰ ਮੁਆਫ ਨਹੀਂ ਕਰਨਗੀਆਂ।

ਅਣਗਹਿਲੀ ਜਦ ਪੰਜਾਬ ਵਿਚ ਪਾਣੀਆਂ ਦੀ ਵਰਤੋਂ ਪ੍ਰਤੀ ਹੋਵੇ ਜਾਂ ਪਾਣੀ ਸਰੋਤਾਂ ਦਾ ਸੁੱਕਣਾ ਹੋਵੇ ਤਾਂ ਪੰਜਾਬ ਨੂੰ ਮਾਰੂਥਲ ਹੋਣ ਤੋਂ ਕੌਣ ਬਚਾਵੇਗਾ? ਲੋਕ-ਕਟਹਿਰੇ ਵਿਚ ਬੱਚਿਆਂ ਸਾਹਵੇਂ ਕਿੰਜ ਹੋਣਗੇ ਉਹ ਲੋਕ ਜਵਾਬ-ਦੇਹ ਜਿਨ੍ਹਾਂ ਨੇ ਬੱਚਿਆਂ ਦੇ ਮੱਥੇ 'ਤੇ ਹੀ ਮੌਤ ਚਿਪਕਾ ਦਿਤੀ ਹੋਵੇ?

ਅਣਗਹਿਲੀ ਸਭ ਤੋਂ ਵੱਡਾ ਪਾਪ। ਜਦ ਨਿੱਕੀ ਜਿਹੀ ਅਣਗਹਿਲੀ ਕਈ ਜ਼ਿੰਦਗੀਆਂ ਹਜ਼ਮ ਕਰ ਜਾਵੇ, ਅਣਭੋਲਪੁਣੇ ਦੀ ਝੋਲੀ ਪੀੜ-ਪਰਾਗਾ ਧਰੇ, ਇਸ ਦੀ ਰੁੱਤੇ ਚਾਅ ਮਰੇ ਅਤੇ ਜੀਵਨ ਦਾ ਹੱਜ ਸੂਲੀ ਚੜ੍ਹੇ।

ਅਣਗਹਿਲੀ ਕੀਤਿਆਂ ਤੁਹਾਡੇ ਪਿਆਰੇ ਹੀ ਤੁਹਾਥੋਂ ਦੂਰ ਹੋ ਜਾਂਦੇ ਕਿਉਂਕਿ ਪਿਆਰੇ, ਪਿਆਰੇ ਹੀ ਇਸ ਲਈ ਹੁੰਦੇ ਕਿ ਤੁਸੀਂ ਉਨ੍ਹਾਂ ਲਈ ਫਿਕਰਮੰਦੀ ਅਤੇ ਚੰਗੇਰੀ ਚਾਹਤ ਦੀ ਰੰਗਤ ਹੋ।

ਅਣਗਹਿਲੀ, ਅਧੂਰੀ ਨਹੀਂ। ਜਾਂ ਤਾਂ ਅਣਗਹਿਲੀ ਕਰਦੇ ਹਾਂ ਜਾਂ ਸਾਵਧਾਨੀ ਵਰਤਦੇ ਹਾਂ। ਵਿਚ-ਵਿਚਾਲੇ ਹੋਰ ਕੁਝ ਵੀ ਸੰਭਵ ਨਹੀਂ ਹੁੰਦਾ। ਜੇ ਅਣਗਹਿਲੀ ਤੋਂ ਸਾਵਧਾਨੀ ਵੰਨੀਂ ਕਦਮ ਰੱਖਾਂਗੇ ਤਾਂ ਰਾਹਾਂ ਨੂੰ ਪੈੜਾਂ ਨਸੀਬ ਹੋਣਗੀਆਂ ਤੇ ਮੰਜ਼ਿਲਾਂ ਨੂੰ ਸਿਰਨਾਂਵਾਂ ਮਿਲੇਗਾ। ਸਾਵਧਾਨੀ ਹਮੇਸ਼ਾ ਹੀ ਸੁਪਨਿਆਂ, ਸਫਲਤਾਵਾਂ, ਸੰਵੇਦਨਾ, ਸੰਤੁਲਨ ਅਤੇ ਸੰਪੂਰਨਤਾ ਵੰਨੀਂ ਜਾਂਦੇ ਮਾਰਗ ਦੀ ਨਿਸ਼ਾਨਦੇਹੀ। ਇਹ ਨਿਸ਼ਾਨਦੇਹੀ ਜਿੰਨੀ ਜਲਦੀ ਕਰਾਂਗੇ, ਜੀਵਨ-ਸਫਰ ਉਨਾ ਹੀ ਅਸਾਨ ਹੋਵੇਗਾ। ਇਸ ਵੰਨੀਂ ਕਦਮ ਜਰੂਰ ਉਠਾਉਣਾ, ਕਿਉਂਕਿ ਅਣਗਹਿਲੀਆਂ ਵਿਚੋਂ ਤਾਂ ਕੁਝ ਨਹੀਂ ਮਿਲਦਾ, ਸਿਰਫ ਗਵਾਚਦਾ ਹੀ ਹੈ। ਸਾਵਧਾਨੀਆਂ ਜਰੂਰ ਝੋਲੀ ਵਿਚ ਬਰਕਤਾਂ ਅਤੇ ਬਖਸ਼ਿਸ਼ਾਂ ਪਾਉਣਗੀਆਂ। ਸਾਵਧਾਨੀ ਵਿਚੋਂ ਹੀ ਸਫਰ, ਸਾਧਨਾ, ਸੰਜੋਗ, ਸਕੂਨ ਅਤੇ ਸਦਾਕਤ ਉਪਜਦੀ।

ਅਣਗੌਲਿਆਂ ਕਰੋ ਉਨ੍ਹਾਂ ਨੂੰ, ਜੋ ਤੁਹਾਡੇ ਬਾਰੇ ਘਟੀਆ ਸੋਚਦੇ ਨੇ ਅਤੇ ਤੁਹਮਤਾਂ ਲਾਉਂਦੇ ਨੇ। ਨਿਡਰ ਬਣੋ, ਜਦ ਇਹ ਜ਼ਿੰਦਗੀ ਦਾ ਸਵਾਲ ਹੋਵੇ। ਆਪਣੀਆਂ ਤਰਜ਼ੀਹਾਂ ਖੁਦ ਨਿਰਧਾਰਤ ਕਰੋ।

ਅਣਗਹਿਲੀ ਨੂੰ ਆਸਵੰਦੀ ਵਿਚ ਬਦਲੋ, ਯੁੱਗ ਜਿਉਣ ਦੀ ਅਰਦਾਸ ਬਣਾਓ, ਜੀਵਨੀ-ਸੁੱਚਮ ਦੀ ਅਰਾਧਨਾ ਦਾ ਲਕਬ ਦਿਓ। ਅਣਗਹਿਲੀ ਨੂੰ ਅੰਤਰੀਵੀ ਸਫਰ ਰਾਹੀਂ ਜੀਵਨੀ-ਸੁਹਪਣ ਦਾ ਨਾਮ ਦੇਵੋਗੇ ਤਾਂ ਜ਼ਿੰਦਗੀ ਨੂੰ ਅਣਗਹਿਲੀ ਭਰਪੂਰ ਵਰਤਾਰਿਆਂ ਦੇ ਰਹਿਮੋ-ਕਰਮ 'ਤੇ ਜੀਣ ਦਾ ਹੌਕਾ ਨਹੀਂ ਭਰਨਾ ਪਵੇਗਾ। ਸਗੋਂ ਜੀਵਨ ਬਣੇਗਾ ਜਿਉਣ ਦਾ ਨਾਮ। ਸਾਵਧਾਨੀ ਭਰਪੂਰ ਵਰਤਾਰਿਆਂ ਦੀ ਜੋਤ ਬਣ ਕੇ ਸਮੁੱਚ ਨੂੰ ਰੁਸ਼ਨਾਉਂਦੀ, ਚੌਗਿਰਦੇ ਦੀ ਆਭਾ ਨੂੰ ਹੋਰ ਨਿਖਾਰੇਗੀ।

# ਆਸਾ ਦੀ ਵਾਰ-ਇੱਕ ਅਧਿਐਨ

***ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਗੁਰੂ ਗ੍ਰੰਥ ਸਾਹਿਬ ਵਿਭਾਗ ਦੇ ਸਾਬਕਾ ਮੁਖੀ ਡਾ. ਗੁਰਨਾਮ ਕੌਰ ਨੇ ਇਸ ਲੇਖ ਵਿਚ ਗੁਰਮਤਿ ਫਲਸਫੇ ਉਤੇ ਤਫਸੀਲ ਨਾਲ ਚਾਨਣਾ ਪਾਇਆ ਹੈ, ਜੋ ਉਨ੍ਹਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਹਿਯੋਗ ਨਾਲ ਲੰਘੀ 16 ਜੁਲਾਈ ਨੂੰ ਟੋਰਾਂਟੋ ਵਿਚ ਕਰਵਾਏ ਗਏ ਸੈਮੀਨਾਰ ਵਿਚ ਪੜ੍ਹਿਆ ਸੀ। -ਸੰਪਾਦਕ***



**ਡਾ. ਗੁਰਨਾਮ ਕੌਰ, ਕੈਨੇਡਾ**

ਸਿੱਖ ਧਰਮ ਹੋਰ ਧਰਮਾਂ ਵਾਂਗ ਇੱਕ ਇਲਹਾਮੀ ਧਰਮ ਹੈ, ਪਰ ਇਸ ਦੇ ਇਲਹਾਮ ਦੀ ਵਿਲੱਖਣਤਾ ਇਸ ਤੱਥ ਵਿਚ ਹੈ ਕਿ ਇਹ ਪਹਿਲੇ ਗੁਰੂ ਨਾਨਕ ਦੇਵ ਤੋਂ ਲੈ ਕੇ ਦਸਵੇਂ ਅਤੇ ਆਖਰੀ ਸਰੀਰਕ ਗੁਰੂ, ਗੁਰੂ ਗੋਬਿੰਦ ਸਿੰਘ ਤੱਕ ਇੱਕ ਨਿਰੰਤਰ ਅਮਲ ਹੈ। ਇਸ ਇਲਹਾਮ ਦਾ ਮਾਧਿਅਮ ਗੁਰੂ ਜੋਤਿ ਤੇ ਗੁਰੂ ਜੁਗਤਿ ਨੂੰ ਪ੍ਰਵਾਨ ਕੀਤਾ ਗਿਆ ਹੈ ਅਤੇ ਸਾਰੇ ਗੁਰੂ ਸਾਹਿਬਾਨ ਵਿਚ ਇੱਕੋ ਹੀ ਜੋਤਿ ਤੇ ਇੱਕੋ ਹੀ ਗੁਰੂ ਜੁਗਤਿ ਨੂੰ ਮੰਨਿਆ ਗਿਆ ਹੈ, "ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥" (ਪੰਨਾ 966)

ਇਸੇ ਲਈ ਸਾਰੇ ਗੁਰੂ ਸਾਹਿਬਾਨ ਨੇ ਆਪਣੇ ਆਪ ਨੂੰ 'ਨਾਨਕ' ਸੰਬੋਧਨ ਨਾਲ ਮੁਖਾਤਿਬ ਕੀਤਾ ਹੈ। ਗੁਰੂ ਜੋਤਿ ਨੂੰ ਪਰਮਾਤਮਾ ਨਾਲ ਇਕਸੁਰਤਾ ਦੇ ਪਲਾਂ ਵਿਚ ਸਤਿ ਦਾ ਜੋ ਅਨੁਭਵ ਹੋਇਆ, ਉਸ ਨੂੰ ਉਨ੍ਹਾਂ ਨੇ ਸ਼ਬਦ ਦੇ ਮਾਧਿਅਮ ਰਾਹੀਂ, ਬਾਣੀ ਰਾਹੀਂ ਪ੍ਰਗਟ ਕੀਤਾ। ਇਸੇ ਲਈ ਬਾਣੀ ਨੂੰ 'ਖਸਮਿ ਕੀ ਬਾਣੀ', 'ਧੁਰਿ ਕੀ ਬਾਣੀ' ਕਿਹਾ ਗਿਆ ਹੈ। ਸਤਿ ਦੇ ਇਸ ਅਨੁਭਵ ਨੂੰ ਉਨ੍ਹਾਂ ਨੇ ਪਰਮਾਤਮਾ ਦੇ ਹੁਕਮ ਅੰਦਰ ਹੋਇਆ ਮੰਨਿਆ ਹੈ, "ਹਉ ਆਪਹੁ ਬੋਲਿ ਨ ਜਾਣਦਾ ਮੈਂ ਕਹਿਆ ਸਭੁ ਹੁਕਮਾਉ ਜੀਉ॥" (ਪੰਨਾ 763)

ਗੁਰੂ ਨਾਨਕ ਸਾਹਿਬ ਨੇ ਤਾਂ ਆਪਣੇ ਆਪ ਨੂੰ ਉਸ ਪਰਵਦਗਾਰ ਦਾ ਢਾਡੀ ਕਿਹਾ ਹੈ, ਜਿਨ੍ਹਾਂ ਨੂੰ ਅਕਾਲ ਪੁਰਖ ਵੱਲੋਂ ਲੋਕਾਂ ਤੱਕ ਸੰਦੇਸ਼ ਦੇਣ ਦਾ ਕੰਮ ਸੌਂਪਿਆ ਗਿਆ ਹੈ, "ਹਉ ਢਾਢੀ ਵੇਕਾਰੁ ਕਾਰੈ ਲਾਇਆ॥" (ਪੰਨਾ 150) ਗੁਰੂ ਸਾਹਿਬਾਨ ਦੀ ਬਾਣੀ ਦੇ ਨਾਲ ਹੋਰ ਸੂਫੀ ਸੰਤਾਂ ਅਤੇ ਭਗਤਾਂ ਦੀ ਬਾਣੀ, ਜਿਨ੍ਹਾਂ ਦੀ ਵਿਚਾਰਧਾਰਾ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਨਾਲ ਮੇਲ ਖਾਂਦੀ ਸੀ, 'ਗ੍ਰੰਥ' ਰੂਪ 'ਚ ਗੁਰੂ ਅਰਜਨ ਦੇਵ ਜੀ ਨੇ ਸੰਕਲਿਤ ਕੀਤੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਨੌਂਵੇਂ ਪਾਤਿਸ਼ਾਹ ਦੀ ਬਾਣੀ ਦਰਜ ਕਰਕੇ 'ਗ੍ਰੰਥ ਸਾਹਿਬ' ਨੂੰ ਗੁਰਗੱਦੀ ਸੌਂਪ ਕੇ ਆਉਣ ਵਾਲੇ ਸਰਬ ਸਮਿਆਂ ਲਈ 'ਸ਼ਬਦ ਗੁਰੂ' ਦਾ ਦਰਜਾ ਦੇ ਦਿੱਤਾ।

ਧਰਮ ਸ਼ਾਸਤਰ ਦੀ ਜੀਵਨ ਜਾਚ ਨਾਲ ਇੱਕਸੁਰਤਾ ਹੀ ਕਿਸੇ ਧਰਮ ਦੀ ਪਰਖ ਦੀ ਕਸਵੱਟੀ ਹੈ। ਕਿਸੇ ਵੀ ਧਰਮ ਦੇ ਇਲਹਾਮ ਦੀ ਵਿਲੱਖਣਤਾ ਇਸ ਗੱਲ ਵਿਚ ਨਿਹਿਤ ਹੈ ਕਿ ਉਹ ਮਨੁੱਖ ਦੇ ਸਾਹਮਣੇ ਕਿਸ ਕਿਸਮ ਦਾ ਆਦਰਸ਼ ਅਤੇ ਨਿਸ਼ਾਨਾ ਰੱਖਦਾ ਹੈ, ਜਿਸ ਦੀ ਮਨੁੱਖ ਨੇ ਪ੍ਰਾਪਤੀ ਕਰਨੀ ਹੈ ਤੇ ਉਸ ਇਲਹਾਮ ਰਾਹੀਂ ਮਨੁੱਖ ਦੇ ਕਿਹੋ ਜਿਹੇ ਵਿਅਕਤੀਤਵ ਦੀ ਘਾੜਤ ਘੜੀ ਜਾਣੀ ਹੈ। ਬਾਣੀ ਵਿਚ ਮਨੁੱਖ ਦੇ ਸਾਹਮਣੇ ਆਦਰਸ਼ ਆਪਣੇ ਆਤਮ ਨੂੰ, ਆਪਣੇ ਅਸਲੇ ਨੂੰ ਪਛਾਣਨ ਦਾ ਰੱਖਿਆ ਗਿਆ ਹੈ, "ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣ॥" (ਪੰਨਾ 441)

ਬਾਣੀ ਵਿਚ ਮਨੁੱਖ ਦੇ ਦੈਵੀ ਅੰਸ਼ ਹੋਣ ਨੂੰ ਮੂਲ ਵਿਚਾਰ ਮੰਨਿਆ ਗਿਆ ਹੈ, ਇਸ ਲਈ ਪਰਮਾਤਮਾ ਦੀ ਨਿਗਾਹ 'ਚ ਸਾਰੇ ਮਨੁੱਖ ਬਰਾਬਰ ਹਨ। ਕੋਈ ਵੀ ਮਨੁੱਖ ਜਨਮ, ਲਿੰਗ, ਜਾਤਿ, ਜਮਾਤ ਜਾਂ ਸੰਪਰਦਾ ਕਰਕੇ ਉਚਾ ਜਾਂ ਨੀਵਾਂ ਨਹੀਂ ਹੈ, ਕਿਉਂਕਿ ਸਾਰੇ ਮਨੁੱਖਾਂ ਵਿਚ ਉਸੇ ਇੱਕ ਦੀ ਜੋਤਿ ਜਗ ਰਹੀ ਹੈ। ਇਸ ਜੋਤਿ ਦਾ ਅਨੁਭਵ ਕਿ ਸਾਰੇ ਮਨੁੱਖ ਉਸੇ ਇੱਕ ਅਕਾਲ ਪੁਰਖ ਦੀ ਜੋਤਿ ਨਾਲ ਰੁਸ਼ਨਾਏ ਹਨ, ਗੁਰੂ ਦੀ ਸਿੱਖਿਆ 'ਤੇ ਚੱਲਣ ਨਾਲ ਹੁੰਦਾ ਹੈ, "ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥ ਗੁਰ ਸਾਖੀ ਜੋਤਿ ਪਰਗਟੁ ਹੋਇ॥" (ਪੰਨਾ 13) ਇਸ ਲਈ ਆਪਣੇ ਅੰਦਰ ਜੋਤਿ ਸਰੂਪ ਹੋਣ ਦਾ ਅਨੁਭਵ ਕਰਨ ਵਾਸਤੇ ਮਨੁੱਖ ਨੂੰ ਕਿਸੇ ਪੁਜਾਰੀ ਜਾਂ ਅਜਿਹੇ ਕਿਸੇ ਆਸਰੇ ਦੀ ਲੋੜ ਨਹੀਂ। ਮਨੁੱਖਾ ਜਨਮ ਨੂੰ ਆਪਣੇ ਜਗਦੀਸ਼ੈ ਅੰਸ਼ ਹੋਣ ਦਾ ਅਨੁਭਵ ਕਰਨ ਲਈ ਮਿਲਿਆ ਇੱਕ ਮੌਕਾ ਮੰਨਿਆ ਗਿਆ ਹੈ, "ਭਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥" (ਪੰਨਾ 378)

ਜਦੋਂ ਧਾਰਮਿਕ ਅਮਲ ਅਤੇ ਅਭਿਆਸ ਦੀ ਗੱਲ ਆਉਂਦੀ ਹੈ ਤਾਂ ਨੈਤਿਕ ਸਰੋਕਾਰਾਂ ਨੂੰ ਕੇਂਦਰੀ ਸਥਾਨ ਦਿੱਤਾ ਗਿਆ ਹੈ। ਭਾਈ ਗੁਰਦਾਸ ਨੇ ਇਸ ਦੀ ਨਿਸ਼ਾਨਦੇਹੀ ਕਰਦਿਆਂ ਕਿਹਾ ਹੈ, "ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ? ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ।" (ਵਾਰਾਂ ਭਾਈ ਗੁਰਦਾਸ, 1233)

ਗੁਰੂ ਨਾਨਕ ਦੇਵ ਜੀ ਨੇ ਜਪੁਜੀ ਵਿਚ ਹੀ ਮਨੁੱਖ ਦੇ ਸਾਹਮਣੇ ਨਿਸ਼ਾਨਾ 'ਸਚਿਆਰ' ਹੋਣ ਜਾਂ ਸਚਿਆਰ ਪਦ ਨੂੰ ਪ੍ਰਾਪਤ ਕਰਨ ਦਾ ਰੱਖਿਆ ਹੈ। ਸੱਚ ਪਰਮਾਤਮਾ ਦਾ ਗੁਣ ਹੈ, ਪਰਮਾਤਮਾ ਨੂੰ ਉਚਤਮ ਸਤਿ, ਪਰਮਸਤਿ ਮੰਨਿਆ ਹੈ ਅਤੇ ਉਸ ਪਰਮਸਤਿ ਨੂੰ ਆਪਣੇ ਅੰਦਰ ਅਨੁਭਵ ਕਰ ਲੈਣ ਪਿਛੋਂ ਹੀ ਮਨੁੱਖ ਸਚਿਆਰ ਬਣ ਸਕਦਾ ਹੈ। ਬਾਣੀ ਅਨੁਸਾਰ ਸਤਿ ਜਾਂ ਸੱਚ ਸਭ ਚੀਜ਼ਾਂ ਤੋਂ ਉਪਰ ਹੈ, ਪਰ ਸੱਚ ਤੋਂ ਵੀ ਉਪਰ ਸੱਚੀ ਰਹਿਣੀ, ਅਰਥਾਤ ਸੱਚ+ਅਚਾਰ ਨੂੰ ਮੰਨਿਆ ਗਿਆ ਹੈ। ਗੁਰੂ ਨਾਨਕ ਸਾਹਿਬ ਕਹਿੰਦੇ ਹਨ, "ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥" (ਪੰਨਾ 62) ਗੁਰੂ ਅਨੁਸਾਰ ਮਨੁੱਖ ਦਾ ਵਿਅਕਤੀਤਵ ਉਹੋ ਜਿਹਾ ਹੀ ਘੜਿਆ ਜਾਂਦਾ ਹੈ, ਜਿਸ ਕਿਸਮ ਦੇ ਇਸ਼ਟ ਨੂੰ ਉਹ ਧਿਆਉਂਦਾ ਹੈ, "ਜੈ ਸਿਉ ਰਾਤਾ ਤੈਸੋ ਹੋਵੈ॥" (ਪੰਨਾ 411)

ਗੁਰੂ ਅਮਰਦਾਸ ਜੀ ਨੇ ਵੀ ਦ੍ਰਿੜ ਕਰਵਾਇਆ ਹੈ ਕਿ ਜਿਸ ਕਿਸਮ ਦੇ ਇਸ਼ਟ ਨੂੰ ਮਨੁੱਖ ਸੇਵਦਾ ਹੈ, ਉਹ ਉਸੇ ਕਿਸਮ ਦਾ ਬਣ ਜਾਂਦਾ ਹੈ, "ਜੈਸਾ ਸੇਵੈ ਤੈਸੋ ਹੋਇ॥" ਇਸ ਆਦਰਸ਼ ਜਾਂ ਟੀਚੇ ਦੀ ਪ੍ਰਾਪਤੀ ਲਈ ਮਨੁੱਖ ਲਈ ਜ਼ਰੂਰੀ ਹੈ ਕਿ ਉਹ ਕੁਦਰਤਿ ਅੰਦਰ ਵਰਤ ਰਹੇ 'ਹੁਕਮ' ਨੂੰ ਸਮਝੇ, ਜੋ ਕੁੱਲ ਬ੍ਰਹਿਮੰਡ ਵਿਚ ਵਿਆਪਕ ਹੈ ਅਤੇ ਇਸ ਅਨੁਸਾਰ ਚੱਲਣ ਦੀ ਕੋਸ਼ਿਸ਼ ਕਰੇ। ਬਾਣੀ ਵਿਚ ਹੁਕਮ ਮੁੱਖ ਸਰੋਕਾਰ ਹੈ, ਜਿਸ ਅਨੁਸਾਰ ਇਹ ਸ੍ਰਿਸ਼ਟੀ ਨਿਯਮਿਤ ਰੂਪ ਵਿਚ ਚੱਲ ਰਹੀ ਹੈ; ਇਹ ਕੁਦਰਤੀ ਨਿਯਮ ਹੈ, ਜੋ ਸਾਰੀ ਕਾਇਨਾਤ ਵਿਚ ਵਿਆਪਕ ਰੂਪ ਵਿਚ ਵਰਤ ਰਿਹਾ ਹੈ। ਹੁਕਮ ਗਿਆਨ ਹੈ ਅਤੇ ਹੁਕਮ ਦੇ ਉਲਟ ਹਉਮੈ ਹੈ, ਜੋ ਅਗਿਆਨ ਹੈ।

'ਵਾਰ ਆਸਾ ਕੀ' ਵਿਚ ਗੁਰੂ ਨਾਨਕ ਸਾਹਿਬ ਸਮਕਾਲੀਨ ਹਿੰਦੁਸਤਾਨੀ ਧਾਰਮਿਕ, ਸਭਿਆਚਾਰਕ ਅਤੇ ਰਾਜਨੀਤਕ ਹਾਲਾਤ ਦੀ ਆਲੋਚਨਾ ਕਰਦੇ ਹਨ। ਕਿਸੇ ਵੀ ਸਮਾਜ ਦੀ ਉਦੋਂ ਗਿਰਾਵਟ ਸ਼ੁਰੂ ਹੋ ਜਾਂਦੀ ਹੈ, ਜਦੋਂ ਉਸ ਸਮਾਜ ਦੇ ਲੋਕ ਜਾਂ ਉਸ ਪਰੰਪਰਾ ਨੂੰ ਮੰਨਣ ਵਾਲੇ ਆਪਣੇ ਸਭਿਆਚਾਰ ਜਾਂ ਧਰਮ ਅੰਦਰ ਨਿਹਿਤ ਉਸ ਦੇ ਰੂਹਾਨੀ ਸਾਰ ਤੱਤ ਨੂੰ ਅੱਖੋਂ ਪਰੋਖੇ ਕਰਕੇ ਮਹਿਜ ਰਸਮਾਂ ਅਤੇ ਕਰਮ-ਕਾਂਡ ਵਿਚ ਪੈ ਜਾਂਦੇ ਹਨ। ਜਦੋਂ ਪੁਜਾਰੀ ਜਮਾਤ ਆਪਣੇ ਆਪ ਨੂੰ ਧਰਮ ਦੀ ਇੱਕ ਵਾਹਦ ਰੱਖਿਅਕ ਸਮਝਣ ਲੱਗ ਪੈਂਦੀ ਹੈ, ਤਾਂ ਆਮ ਲੋਕਾਈ ਦਾ ਸੋਸ਼ਣ ਹੀ ਉਸ ਦਾ ਧਰਮ ਬਣ ਜਾਂਦਾ ਹੈ।

ਜਿਸ ਸਮੇਂ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਨੀਂਹ ਰੱਖੀ, ਉਦੋਂ ਹਿੰਦੁਸਤਾਨ ਵਿਚ ਹਿੰਦੂ ਅਤੇ ਇਸਲਾਮ-ਦੋ ਪ੍ਰਮੁੱਖ ਧਰਮ ਪਰੰਪਰਾਵਾਂ ਪ੍ਰਚਲਿਤ ਸਨ; ਬੁੱਧ ਮੱਤ ਕਰੀਬ ਅਲੋਪ ਹੀ ਹੋ ਗਿਆ ਸੀ ਤੇ ਕੁਝ ਅਜਿਹਾ ਹੀ ਹਾਲ ਜੈਨ ਧਰਮ ਦਾ ਸੀ, ਬੇਸ਼ੱਕ ਇਨ੍ਹਾਂ ਦੋਹਾਂ ਧਾਰਮਿਕ ਪਰੰਪਰਾਵਾਂ ਦੇ ਹਵਾਲੇ ਵੀ ਸਾਨੂੰ ਬਾਣੀ ਵਿਚ ਮਿਲ ਜਾਂਦੇ ਹਨ। ਇਹ ਦੋਵੇਂ ਮੱਤ ਸੁਤੰਤਰ ਮੱਤ ਹਨ, ਜਿਨ੍ਹਾਂ ਨਾਲ ਗੁਰੂ ਨਾਨਕ ਸਾਹਿਬ ਨੇ ਵੱਖਰੇ ਤੌਰ 'ਤੇ ਨਿਪਟਿਆ ਹੈ। ਹਿੰਦੂ ਧਰਮ, ਜੋ ਮੁੱਖ ਧਰਮ ਸੀ, ਨੇ ਆਪਣੇ ਆਪ ਨੂੰ ਰਸਮਾਂ, ਰੀਤਾਂ ਨਿਭਾਉਣ ਅਤੇ ਕਰਮ ਕਾਂਡ ਤੱਕ ਮਹਿਦੂਦ ਕਰ ਲਿਆ ਸੀ। ਇਸ ਦਾ ਬਹੁਤ ਸਪੱਸ਼ਟ ਬਿਰਤਾਂਤ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਮਿਲ ਜਾਂਦਾ ਹੈ।

ਗੁਰੂ ਨਾਨਕ ਦੇਵ ਆਸਾ ਦੀ ਵਾਰ ਵਿਚ ਸਭ ਤੋਂ ਪਹਿਲਾਂ ਗੁਰੂ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਦੱਸਦੇ ਹਨ ਕਿ ਗੁਰੂ ਵਿਚ ਮਨੁੱਖ ਨੂੰ ਦੇਵਤਵ ਦੇ ਮੁਕਾਮ ਤੱਕ ਲੈ ਜਾਣ ਦੀ ਸਮਰੱਥਾ ਹੁੰਦੀ ਹੈ, ਅਰਥਾਤ ਗੁਰੂ ਮਨੁੱਖ ਨੂੰ ਆਪਣੇ ਅੰਦਰ ਨਿਹਿਤ ਜਗਦੀਸ਼ੈ-ਅੰਸ਼ ਹੋਣ ਨੂੰ ਅਨੁਭਵ ਕਰਾ ਸਕਣ ਦੀ ਸਮਰੱਥਾ ਰੱਖਦਾ ਹੈ, "ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥ ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥" (ਪੰਨਾ 462-63) ਗੁਰੂ ਨਾਨਕ ਦੇਵ ਜੀ ਅਨੁਸਾਰ ਜੋ ਮਨੁੱਖ ਆਪਣੇ ਆਪ ਨੂੰ ਗਿਆਨਵਾਨ ਸਮਝ ਕੇ ਗੁਰੂ ਦੀ ਮਹੱਤਤਾ ਨੂੰ ਨਹੀਂ ਸਮਝਦੇ, ਉਹ ਤਿਲ ਦੇ ਉਨ੍ਹਾਂ ਬੂਟਿਆਂ ਵਾਂਗ ਹਨ, ਜੋ ਫਲ ਵਿਹੂਣੇ ਰਹਿ ਜਾਂਦੇ ਹਨ ਅਤੇ ਫਸਲ ਕੱਟਣ ਵੇਲੇ ਕਿਸਾਨ ਉਨ੍ਹਾਂ ਨੂੰ ਖੇਤ ਵਿਚ ਹੀ ਛੱਡ ਦਿੰਦਾ ਹੈ, "ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ॥ ਛੁਟੇ ਤਿਲ ਬੁਆੜ ਜਿਉ ਸੁੰਞੇ ਅੰਦਰਿ ਖੇਤ॥" (ਪੰਨਾ 463)

ਗੁਰੂ ਸਾਹਿਬ ਨੇ 'ਸਿਧ ਗੋਸਟਿ' ਵਿਚ ਸਪੱਸ਼ਟ ਕੀਤਾ ਹੈ ਕਿ ਸ਼ਬਦ ਹੀ ਗੁਰੂ ਹੈ, "ਸਬਦੁ ਗੁਰੂ ਸੁਰਤਿ ਧੁਨਿ ਚੇਲਾ॥" (ਪੰਨਾ 943) ਇਸ ਤੱਥ ਨੂੰ ਗੁਰੂ ਸਾਹਿਬਾਨ ਨੇ ਵਾਰ ਵਾਰ ਦ੍ਰਿੜ ਕਰਵਾਇਆ ਹੈ ਕਿ ਸ਼ਬਦ ਅਰਥਾਤ ਬਾਣੀ ਹੀ ਗੁਰੂ ਹੈ; ਬਾਣੀ ਜਾਂ ਸ਼ਬਦ ਦੇ ਰੂਪ ਵਿਚ ਗੁਰੂ ਸਦੀਵੀ ਹੈ, ਜਦ ਕਿ ਸਰੀਰ ਬਿਨਸਣਹਾਰ ਹੈ। ਆਸਾ ਦੀ ਵਾਰ ਦੀ ਪਹਿਲੀ ਪਉੜੀ ਵਿਚ ਹੀ ਗੁਰੂ ਨਾਨਕ ਦੇਵ ਜੀ ਨੇ ਸਪੱਸ਼ਟ ਕੀਤਾ ਹੈ ਕਿ ਪਰਮਾਤਮਾ ਸੈਭੰ ਹੈ, ਜਿਸ ਨੇ ਆਪਣੇ-ਆਪ ਦੀ ਸਿਰਜਣਾ ਦੋਤਰਫਾ ਪਹਿਲੂਆਂ 'ਨਾਮ' ਅਤੇ 'ਰੂਪ' ਵਿਚ ਕੀਤੀ ਹੈ। ਉਸ ਨੇ ਆਪਣੇ ਸਵੈ ਦੀ ਸਿਰਜਣਾ ਕਰਕੇ ਆਪਣੇ ਦੂਸਰੇ ਪਹਿਲੂ ਕੁਦਰਤਿ ਦੀ ਰਚਨਾ ਕੀਤੀ ਤੇ ਆਪਣੀ ਕੁਦਰਤਿ ਵਿਚ 'ਨਾਮ' ਵਜੋਂ ਬਿਰਾਜਮਾਨ ਹੋ ਗਿਆ ਅਤੇ ਸਮੇਂ ਤੇ ਸਥਾਨ ਵਿਚ ਕੁਦਰਤਿ ਦੇ ਫੈਲਾਉ ਨੂੰ ਦੇਖ ਕੇ ਨਿਹਾਲ ਹੋ ਰਿਹਾ ਹੈ, "ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥ ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥" (ਪੰਨਾ 463)

ਗੁਰੂ ਨਾਨਕ ਮਨੁੱਖ ਦੇ ਸਾਹਮਣੇ ਅੰਤਿਮ ਮੰਜ਼ਿਲ ਪਰਮਸਤਿ ਦੀ ਪ੍ਰਾਪਤੀ ਅਰਥਾਤ ਮਨੁੱਖੀ ਮਨ ਜਾਂ ਸੁਰਤਿ ਦਾ ਪਰਮਾਤਮ-ਸੁਰਤਿ ਨਾਲ ਇੱਕਸੁਰ ਹੋਣਾ ਰੱਖਦੇ ਹਨ, ਜਿਸ ਨੂੰ ਸਤਿ ਦੀ ਪ੍ਰਾਪਤੀ ਵੀ ਕਿਹਾ ਜਾਂਦਾ ਹੈ। ਪਰਮਾਤਮਾ ਨਾਮ ਅਤੇ ਰੂਪ-ਦੋਵੇਂ ਹੈ ਅਤੇ ਪਰਮਾਤਮਾ ਦੇ ਸਮੁੱਚ ਵਿਚ ਉਸ ਦਾ ਪ੍ਰਗਟ ਰੂਪ ਭਾਵ ਕੁਦਰਤਿ ਤੇ ਉਸ ਵਿਚ ਸਮਾਇਆ ਨਾਮ-ਦੋਵੇਂ ਸ਼ਾਮਲ ਹਨ। ਨਾਮ ਉਸ ਦਾ ਨਿਰਗੁਣ ਸਰੂਪ ਹੈ, ਜੋ ਉਸ ਦੇ ਕਰਤਾ ਹੋਣ ਦਾ ਲਖਾਇਕ ਹੈ ਅਤੇ ਉਸ ਦਾ ਪ੍ਰਗਟ ਰੂਪ ਸਮੇਂ ਤੇ ਸਥਾਨ ਵਿਚ ਉਸ ਦੀ ਕੁਦਰਤਿ ਦਾ ਪਸਾਉ ਹੈ, "ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥" (ਪੰਨਾ 463)

ਇਸੇ ਲਈ ਇਸ ਜੱਗ ਨੂੰ ਸੱਚੇ ਦੀ ਕੋਠੜੀ ਕਿਹਾ ਹੈ। ਉਸ ਸੱਚੇ ਦਾ ਪ੍ਰਗਟ ਰੂਪ ਉਸ ਦੀ ਰਚਨਾ ਵੀ ਸੱਚ ਹੈ। ਤਾਤਵਿਕ ਪਰਮਾਤਮਾ ਨੂੰ ਅਭੂਤਪੂਰਬ ਰਚਨਾਤਮਕਤਾ ਵਿਚ ਪ੍ਰਗਟ ਕਰਨ ਦੀ ਇਸ ਸਹਿਜ ਪ੍ਰਕ੍ਰਿਆ ਦਾ ਕੋਈ ਅੰਤ ਨਹੀਂ ਹੈ। ਉਸ ਦੀ ਕੁਦਰਤਿ ਬੇਅੰਤ ਹੈ। ਕੁਦਰਤਿ ਦੀ ਇਸ ਰਚਨਾ ਨੂੰ ਗੁਰੂ ਨਾਨਕ ਨੇ ਕਰਤੇ ਦਾ ਖੇਲ ਕਿਹਾ ਹੈ। ਇਹ ਸਾਰੀ ਰਚਨਾ ਉਸੇ ਤੋਂ ਵਿਕਾਸ ਕਰਦੀ ਹੈ ਅਤੇ ਅੰਤ ਵਿਚ ਉਸੇ ਵਿਚ ਸਮਾ ਜਾਂਦੀ ਹੈ। ਕੁਦਰਤਿ ਦਾ ਇਹ ਨਿਕਾਸ ਅਤੇ ਵਿਕਾਸ ਤੇ ਅੰਤ ਵਿਚ ਉਸੇ ਵਿਚ ਸਮਾਉਣਾ ਨਿਯਮ ਅਨੁਸਾਰ ਵਾਪਰ ਰਿਹਾ ਹੈ, ਜਿਸ ਨੂੰ ਹੁਕਮ ਕਿਹਾ ਹੈ।

ਗੁਰੂ ਨਾਨਕ ਵਾਰ ਵਾਰ ਇਹ ਦ੍ਰਿੜ ਕਰਵਾਉਂਦੇ ਹਨ ਕਿ ਸੱਚਾ ਧਰਮ ਉਸ ਵਾਸਤਵਿਕ ਦੀ ਵਿਆਪਕ ਚੇਤਨਾ 'ਚ ਜਿਉਣ ਵਿਚ ਹੈ। ਅਭੂਤਪੂਰਵ ਅਸਤਿੱਤਵ ਪਰਮਾਤਮਾ ਨਾਲ ਇਸ ਦੇ ਸੰਯੋਜਨ ਵਿਚ ਵਾਸਤਵਿਕ ਹੈ, ਕਿਸੇ ਵਿਸ਼ੇਸ਼ ਘਟਨਾ ਦੇ ਰੂਪ ਵਿਚ ਨਹੀਂ। ਪ੍ਰਗਟ ਸੰਸਾਰ ਪਰਮਾਤਮਾ ਨਾਲ ਸੰਯੁਕਤ ਹੋਣ ਕਰਕੇ ਅਸਲੀ ਹੈ, ਕਿਸੇ ਖਾਸ ਘਟਨਾ ਦੇ ਰੂਪ ਵਿਚ ਨਹੀਂ। ਗੁਰੂ ਨਾਨਕ ਅੰਤਰ ਨਿਹਿਤ ਇਸ ਨੁਕਤੇ 'ਤੇ ਜ਼ੋਰ ਦਿੰਦੇ ਹਨ ਕਿ ਜੇ ਪਰਮਾਤਮਾ ਆਪਣੀ ਕੁਦਰਤਿ ਵਿਚ ਜ਼ਰੂਰੀ ਪ੍ਰਗਟ ਹੈ, ਤਾਂ ਧਾਰਮਿਕ ਵਿਅਕਤੀ ਨੂੰ ਇਸ ਤੱਥ ਦੀ ਰੋਸ਼ਨੀ ਵਿਚ ਜਿਉਣਾ ਚਾਹੀਦਾ ਹੈ। ਉਸ ਨੂੰ ਸੰਸਾਰਕ ਕਾਰਜਾਂ ਵਿਚ ਆਪਣੀ ਸ਼ਮੂਲੀਅਤ ਇਨਸਾਨਾਂ ਅਤੇ ਸਮਾਜ ਦੀ ਸੇਵਾ ਤੇ ਦਇਆ ਰਾਹੀਂ ਕਰਨੀ ਚਾਹੀਦੀ ਹੈ; ਸੇਵਾ ਅਤੇ ਦਇਆ ਰਾਹੀਂ ਇਹ ਸਾਧਨਾ ਇਸ ਨਜ਼ਰੀਏ ਤੋਂ ਕਰਨੀ ਚਾਹੀਦੀ ਹੈ ਕਿ ਇਹ ਅਕਾਲ ਪੁਰਖ ਦੀ ਅਰਾਧਨਾ ਹੈ। ਜਗਿਆਸੂ ਵਿਚ ਇਹ ਚੇਤਨਾ ਜਗਾਉਣ ਲਈ ਗੁਰੂ ਨਾਨਕ ਪਰਮਾਤਮਾ ਦੀ ਰਚਨਾ ਦੀ ਅਦਭੁਤਤਾ ਨੂੰ ਬਿਆਨ ਕਰਦੇ ਹਨ, "ਵਿਸਮਾਦੁ ਨਾਦ ਵਿਸਮਾਦੁ ਵੇਦ॥ ਵਿਸਮਾਦੁ ਜੀਅ ਵਿਸਮਾਦੁ ਭੇਦ॥...ਵੇਖਿ ਵਿਡਾਣੁ ਰਹਿਆ ਵਿਸਮਾਦੁ॥ ਨਾਨਕ ਬੁਝਣੁ ਪੂਰੈ ਭਾਗਿ॥" (ਪੰਨਾ 463-64)

ਇਸ ਤਰ੍ਹਾਂ ਇਹ ਸੰਸਾਰ ਸਾਧਨਾ ਅਤੇ ਧਾਰਮਿਕ ਸੰਸਕਾਰਾਂ ਦੇ ਪਾਲਣ ਕਰਨ ਦਾ ਆਧਾਰ ਬਣ ਜਾਂਦਾ ਹੈ। ਕੁਦਰਤਿ ਦੇ ਵਿਸਮਾਦੀ ਹੋਣ ਨੂੰ ਸਾਹਮਣੇ ਲਿਆਉਣ ਦਾ ਮਕਸਦ ਗੁਰੂ ਨਾਨਕ ਸਾਹਿਬ ਵੱਲੋਂ ਧਾਰਮਿਕ ਮਨੁੱਖ ਨੂੰ ਇਸ ਤੱਥ ਤੋਂ ਚੇਤੰਨ ਕਰਾਉਣਾ ਹੈ ਕਿ ਪਰਮਾਤਮਾ ਸਵੈ-ਸਿਰਜਿਤ ਕਰਤਾ ਹੈ ਅਤੇ ਬਾਕੀ ਸਭ ਦਿਸਦਾ ਸੰਸਾਰ ਉਸ ਦੀ ਸਿਰਜਣਾ ਹੈ। ਗੁਰੂ ਅਨੁਸਾਰ ਸਤਿ ਨੂੰ ਅਨੁਭਵ ਕਰਨ ਦੇ ਰਸਤੇ ਵਿਚ ਸਭ ਤੋਂ ਵੱਡਾ ਅੜਿੱਕਾ ਹਉਮੈ ਹੈ। ਮਨੁੱਖ ਇਸ ਹਉਮੈ ਤੋਂ ਤਾਂ ਹੀ ਛੁਟਕਾਰਾ ਪਾ ਸਕਦਾ ਹੈ ਜੇ ਕੁਦਰਤਿ ਦੇ ਇਸ ਸਾਰੇ ਪਸਾਰੇ ਨੂੰ ਸਮਝੇ ਅਤੇ ਗੁਰੂ ਦੀ ਸਿੱਖਿਆ ਅਰਥਾਤ ਸ਼ਬਦ ਦਾ ਅਨੁਸਾਰੀ ਹੋ ਕੇ ਆਪਣੇ ਆਪ ਨੂੰ ਉਸ ਕਰਤੇ ਦਾ ਰਚਿਆ ਤੁੱਛ ਜੀਵ ਹੋਣ ਦਾ ਅਹਿਸਾਸ ਕਰਾਵੇ। ਧਰਮ ਆਪਣੇ ਤੱਤ ਸਾਰ ਵਿਚ ਉਸ ਕਰਤਾ ਪੁਰਖ ਦੇ ਰਸਤੇ 'ਤੇ ਚੱਲਣ ਦਾ ਨਾਮ ਹੈ, ਆਪਣੇ ਅੰਦਰ ਇਹ ਅਹਿਸਾਸ ਜਗਾਉਣਾ ਹੈ ਕਿ ਇਹ ਪਸਾਰ ਉਸੇ ਦਾ ਪ੍ਰਗਟ ਰੂਪ ਹੈ।

ਆਸਾ ਦੀ ਵਾਰ ਵਿਚ ਗੁਰੂ ਨਾਨਕ ਦੇਵ ਇਸ ਵਿਚਾਰ ਨੂੰ ਦ੍ਰਿੜ ਕਰਾਉਂਦੇ ਹਨ ਕਿ ਜਿਨ੍ਹਾਂ ਦੀ ਸਾਡੇ ਵਿਚੋਂ ਬਹੁਤ ਸਾਰੇ ਲੋਕ ਪੂਜਾ ਕਰਦੇ ਹਨ, ਬੇਸ਼ੱਕ ਉਹ ਆਪਣੇ ਸਮਿਆਂ ਵਿਚ ਮਹਾਨ ਮਨੁੱਖ ਹੋਣਗੇ, ਪਰ ਉਹ ਜਨਮ-ਮਰਨ ਵਿਚ ਆਉਣ ਵਾਲੇ ਨਾਸ਼ਵਾਨ ਮਨੁੱਖ ਸਨ, ਜਿਨ੍ਹਾਂ ਦੀ ਪੂਜਾ ਕਰਨੀ ਨਹੀਂ ਬਣਦੀ, ਅਰਾਧਨਾ ਸਿਰਫ ਉਸ ਇੱਕ ਅਕਾਲ ਪੁਰਖ ਦੀ ਕਰਨੀ ਚਾਹੀਦੀ ਹੈ, ਜੋ ਜਨਮ-ਮਰਨ ਤੋਂ ਉਤੇ ਅਬਿਨਾਸ਼ੀ ਹੈ, "ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ॥ ਕੇਤੀਆ ਕੰਨ ਕਹਾਣੀਆ ਕੇਤੇ ਬੇਦ ਬੀਚਾਰ॥" (ਪੰਨਾ 463-64)

ਸ੍ਰੀ ਰਾਮ ਅਤੇ ਸ੍ਰੀ ਕ੍ਰਿਸ਼ਨ ਦੀ ਪੂਜਾ ਕਰਨ ਜਾਂ ਉਨ੍ਹਾਂ ਦੀ ਰਾਸ ਰਚਾਉਣ ਵਾਲਿਆਂ ਬਾਰੇ ਗੁਰੂ ਨਾਨਕ ਦਾ ਕਥਨ ਹੈ ਕਿ ਇਸ ਕਲਿਜੁਗ ਦੇ ਸਮੇਂ ਵਿਚ ਚੇਲੇ ਭਾਂਤ ਭਾਂਤ ਦੇ ਸਾਜ ਵਜਾਉਂਦੇ ਹਨ ਤੇ ਉਨ੍ਹਾਂ ਦੇ ਗੁਰੂ ਉਨ੍ਹਾਂ ਦੇ ਸਾਜਾਂ ਦੀ ਧੁਨੀ 'ਤੇ ਨੱਚਦੇ ਹਨ। ਲੋਕ ਰਾਸ-ਲੀਲ੍ਹਾ ਪਾਉਣ ਵਾਲਿਆਂ ਦਾ ਤਮਾਸ਼ਾ ਦੇਖਦੇ ਹਨ ਅਤੇ ਘਰ ਜਾ ਕੇ ਹੱਸਦੇ ਹਨ, ਕਿਉਂਕਿ ਉਹ ਜਾਣਦੇ ਹਨ ਕਿ ਇਹ ਸਭ ਉਹ "ਰੋਟੀਆ ਕਾਰਣਿ ਪੂਰਹਿ ਤਾਲ" ਭਾਵ ਰੋਟੀ-ਰੋਜ਼ੀ ਲਈ ਕਰਦੇ ਹਨ। ਇਸ ਤਰ੍ਹਾਂ ਇਹ ਸਵਾਂਗ ਤਮਾਸ਼ਾ ਦੇਖਣ ਵਾਲਿਆਂ ਦੇ ਮਨ ਵਿਚ ਕਿਸੇ ਤਰ੍ਹਾਂ ਦੇ ਅਧਿਆਤਮਕ ਜਾਂ ਪਵਿੱਤਰਤਾ ਦੇ ਅਹਿਸਾਸ ਜਗਾਉਣ ਦੀ ਥਾਂ ਹਾਸੇ ਦੀ ਵਜ੍ਹਾ ਬਣਦੇ ਹਨ, "ਵਾਇਨਿ ਚੇਲੇ ਨਚਨਿ ਗੁਰ॥ ਪੈਰ ਹਲਾਇਨਿ ਫੇਰਨਿ ਸਿਰ॥ ਉਡਿ ਉਡਿ ਰਾਵਾ ਝਾਟੇ ਪਾਇ॥ ਵੇਖੈ ਲੋਕੁ ਹਸੈ ਘਰਿ ਜਾਇ॥" (ਪੰਨਾ 465)

ਗੁਰੂ ਨਾਨਕ ਦੇਵ ਵੱਖ ਵੱਖ ਫਿਰਕਿਆਂ ਦੀਆਂ ਰਸਮਾਂ ਅਤੇ ਕਰਮਕਾਂਡ ਦਾ ਹਵਾਲਾ ਸਾਨੂੰ ਇਹ ਅਹਿਸਾਸ ਕਰਾਉਣ ਲਈ ਦਿੰਦੇ ਹਨ ਕਿ ਪਰਮਾਤਮਾ ਅਸੀਮ ਅਤੇ ਬੇਅੰਤਤਾ ਦਾ ਸੋਮਾ ਹੈ। ਮਿਸਾਲ ਵਜੋਂ ਮੁਸਲਮਾਨਾਂ ਵਲੋਂ ਸ਼ਰੀਅਤ ਨੂੰ ਮੰਨਣਾ, ਹਿੰਦੂਆਂ ਵੱਲੋਂ ਸ਼ਾਸਤਰ ਦੁਆਰਾ ਪਰਮਾਤਮਾ ਨੂੰ ਸਲਾਹੁਣਾ, ਤੀਰਥਾਂ 'ਤੇ ਇਸ਼ਨਾਨ ਕਰਨਾ, ਮੂਰਤੀਆਂ ਅੱਗੇ ਭੇਟਾ ਚੜ੍ਹਾਉਣੀਆਂ ਤੇ ਧੂਫ, ਦੀਪ ਤੇ ਚੰਦਨ ਦੇ ਟਿੱਕੇ ਲਾ ਕੇ ਮੂਰਤੀਆਂ ਦੀ ਪੂਜਾ ਕਰਨੀ, ਦਾਨੀਆਂ ਵਲੋਂ ਦਾਨ ਕਰਕੇ ਰੱਬ ਕੋਲੋਂ ਉਸ ਤੋਂ ਦੁਗਣਾ-ਚੌਗੁਣਾ ਮੰਗਣਾ, ਯੋਗੀਆਂ ਦੁਆਰਾ ਇਹ ਮੰਨਣਾ ਕਿ ਯੋਗ-ਸਮਾਧੀ ਰਾਹੀਂ ਮਾਇਆ ਤੋਂ ਦੂਰ ਰਹਿ ਕੇ ਉਸ ਦੇ ਦਰਸ਼ਨ ਸੰਭਵ ਹਨ ਆਦਿ; ਇਨ੍ਹਾਂ ਸਾਰੇ ਧਾਰਮਿਕ ਕਰਮਾਂ ਨਾਲ ਮਨੁੱਖ ਦੇ ਅੰਦਰ ਖਾਸ ਕਿਸਮ ਦੀ ਹਉਮੈ ਵੀ ਪੈਦਾ ਹੁੰਦੀ ਹੈ ਅਤੇ ਇੱਥੇ ਹੀ ਗੁਰੂ ਦਾ ਅਹਿਮ ਰੋਲ ਆਉਂਦਾ ਹੈ ਕਿ ਉਹ ਮਨੁੱਖ ਨੂੰ ਹਉਮੈ ਰੂਪੀ ਰੋਗ ਤੋਂ ਛੁਟਕਾਰਾ ਪਾਉਣ ਦਾ ਰਸਤਾ ਦਿਖਾਵੇ, "ਹਿੰਦੂ ਸਾਲਾਹੀ ਸਾਲਾਹਿਨ ਦਰਸਨਿ ਰੂਪਿ ਅਪਾਰੁ॥" (ਪੰਨਾ 465)

ਗੁਰੂ ਨਾਨਕ ਦੇਵ ਜੀ ਦਾ ਮਕਸਦ ਇਹ ਚੇਤਨਾ ਜਗਾਉਣਾ ਹੈ ਕਿ ਇਸ ਸਭ ਵਿਭਿੰਨ ਰਚਨਾ ਦਾ ਸੋਮਾ ਇੱਕ ਪਰਮਾਤਮਾ ਹੈ। ਜੇ ਕੋਈ ਧਾਰਮਿਕ ਫਿਰਕਾ ਜਾਂ ਜਾਤ ਦੇ ਲੋਕ ਇਹ ਸਮਝਦੇ ਹਨ ਕਿ ਉਨ੍ਹਾਂ ਨੂੰ ਪਰਮਾਤਮਾ ਨੇ ਖਾਸ ਪੈਦਾ ਕੀਤਾ ਹੈ ਜਾਂ ਉਹ ਕੋਈ ਪਰਮਾਤਮਾ ਦੇ ਚੁਣੇ ਹੋਏ ਲੋਕ ਹਨ, ਇਹ ਇੱਕ ਮਹਿਜ ਭਰਮ ਅਤੇ ਝੂਠ ਹੈ। ਧਾਰਮਿਕ ਹਉਮੈ ਤੋਂ ਰਹਿਤ ਸੇਵਾ ਉਹ ਹੈ, ਜੋ ਸੰਤੋਖੀ ਮਨੁੱਖ ਉਸ ਸੱਚ ਨਾਲ ਜੁੜ ਕੇ, ਨੇਕ ਕਮਾਈ ਨਾਲ ਕਰਦੇ ਹਨ।

ਗੁਰੂ ਨਾਨਕ ਦੇਵ ਵਲੋਂ ਸਥਾਪਤ ਕੀਤੀ ਗਈ ਵਿਚਾਰਧਾਰਾ ਵਿਚ ਨੈਤਿਕ ਗੁਣਾਂ ਨੂੰ ਕੇਂਦਰੀ ਸਥਾਨ ਪ੍ਰਾਪਤ ਹੈ। ਇਸ ਵਿਚਾਰ ਨੂੰ ਉਨ੍ਹਾਂ ਨੇ ਵੱਖ ਵੱਖ ਧਾਰਮਿਕ ਰਸਮਾਂ ਅਤੇ ਕਰਮ ਕਾਂਡਾਂ, ਧਾਰਮਿਕ ਚਿੰਨ੍ਹਾਂ, ਧਰਮ ਨਾਲ ਜੁੜੇ ਅਲੱਗ ਅਲੱਗ ਵਹਿਮਾਂ ਅਤੇ ਭਰਮਾਂ ਦੀਆਂ ਮਿਸਾਲਾਂ ਤੇ ਆਲੋਚਨਾ ਰਾਹੀਂ ਸਪੱਸ਼ਟ ਕੀਤਾ ਹੈ। ਧਾਰਮਿਕ ਭੇਖ ਕਰਨੇ, ਤੀਰਥਾਂ 'ਤੇ ਜਾਣਾ, ਮੌਨ ਵਰਤ ਰੱਖਣੇ, ਮੜ੍ਹੀਆਂ-ਮਸਾਣਾਂ ਵਿਚ ਰਹਿਣਾ, ਪਿੰਡੇ 'ਤੇ ਸੁਆਹ ਮਲਣੀ, ਅੰਨ ਦਾ ਤਿਆਗ ਕਰਨਾ ਅਤੇ ਅਜਿਹੇ ਹੋਰ ਸਭ ਕਰਮ ਬੇਕਾਰ ਹਨ, ਕਿਉਂਕਿ ਮਨੁੱਖ ਦਾ ਧਾਰਮਿਕ ਜਾਂ ਗੈਰ-ਧਾਰਮਿਕ ਹੋਣਾ ਉਸ ਦੀ ਨੇਕ ਕਮਾਈ ਅਤੇ ਉਸ ਦੀ ਜੀਵਨ ਜੁਗਤਿ ਤੋਂ ਪ੍ਰਗਟ ਹੁੰਦਾ ਹੈ।

ਇਸ ਜੁਗਤਿ ਵਿਚ ਸ਼ਾਮਲ ਨੈਤਿਕ ਗੁਣ ਸਤਿ, ਸੰਤੋਖ, ਗਿਆਨ, ਦਇਆ, ਹਲੀਮੀ, ਪਰਉਪਕਾਰ, ਸੇਵਾ ਆਦਿ ਹਨ, ਜਿਸ ਦੀ ਸਮਝ ਗੁਰੂ ਤੋਂ ਮਿਲਦੀ ਹੈ। ਇਨ੍ਹਾਂ ਗੁਣਾਂ ਦੀ ਅਹਿਮੀਅਤ ਨੂੰ ਧਾਰਮਿਕ ਹੋਣ ਦੇ ਚਿੰਨ੍ਹ ਜਨੇਊ ਪਹਿਨਣ ਦੀ ਮਿਸਾਲ ਰਾਹੀਂ ਸਮਝਾਇਆ ਹੈ ਕਿ ਧਾਰਮਿਕ ਹੋਣ ਲਈ ਮਨੁੱਖ ਅੰਦਰ ਦਇਆ, ਸੰਤੋਖ, ਜਤ, ਸਤ ਦਾ ਹੋਣਾ ਲਾਜ਼ਮੀ ਹੈ, ਨਹੀਂ ਤਾਂ ਧਾਰਮਿਕ ਚਿੰਨ੍ਹ ਪਹਿਨਣ ਦਾ ਕੋਈ ਲਾਭ ਨਹੀਂ ਹੈ, "ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥ ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥ ਨਾ ਏਹੁ ਤੁਟੈ ਮਲੁ ਲਗੈ ਨਾ ਏਹੁ ਜਲੈ ਨ ਜਾਇ॥ ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥" (ਪੰਨਾ 471)

ਆਸਾ ਦੀ ਵਾਰ ਵਿਚ ਗੁਰੂ ਨਾਨਕ ਸਾਹਿਬ ਨੇ ਹਰ ਤਰ੍ਹਾਂ ਦੇ ਧਾਰਮਿਕ ਕਰਮਕਾਂਡ ਦੀ ਤਰਕ ਅਤੇ ਦਲੀਲ ਦੇ ਆਧਾਰ 'ਤੇ ਆਲੋਚਨਾ ਕਰਦਿਆਂ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਨੈਤਿਕ ਗੁਣਾਂ ਤੋਂ ਵਿਹੂਣੀਆਂ ਸਭ ਧਾਰਮਿਕ ਰਸਮਾਂ ਅਤੇ ਰੀਤਾਂ ਮਹਿਜ ਪਖੰਡ ਤੇ ਦਿਖਾਵਾ ਮਾਤਰ ਬਣ ਜਾਂਦੀਆਂ ਹਨ, ਜਿਨ੍ਹਾਂ ਦਾ ਅਧਿਆਤਮਕਤਾ ਨਾਲ ਦੂਰ ਦਾ ਵੀ ਵਾਸਤਾ ਨਹੀਂ ਹੁੰਦਾ। ਇਥੇ ਸਿਰਫ ਇਸ਼ਾਰਾ ਹੀ ਕੀਤਾ ਜਾ ਸਕਦਾ ਹੈ, ਕਿਉਂਕਿ ਵਿਸਥਾਰ ਵਿਚ ਜਾਣ ਦੀ ਇਥੇ ਗੁੰਜਾਇਸ਼ ਨਹੀਂ ਹੈ। ਇਨ੍ਹਾਂ ਸਭ ਗੁਣਾਂ ਦਾ ਆਧਾਰ ਸੱਚ ਜਾਂ ਸਤਿ ਨੂੰ ਬਣਾਇਆ ਗਿਆ ਹੈ, ਜਿਸ ਦਾ ਸਿੱਟਾ "ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥" (ਪੰਨਾ 468) ਵਿਚ ਨਿਕਲਦਾ ਹੈ। ਗੁਰੂ ਨਾਨਕ ਦੇਵ ਜੀ ਨੇ ਉਸ ਵੇਲੇ ਦੀ ਸਮਾਜਕ, ਸਭਿਆਚਾਰਕ ਅਤੇ ਰਾਜਨੀਤਕ ਗਿਰਾਵਟ ਦਾ ਕਾਰਨ ਮਨੁੱਖ ਦਾ ਸੱਚ ਕੋਲੋਂ ਦੂਰ ਹੋ ਜਾਣਾ ਮੰਨਿਆ ਹੈ, ਜਿਸ ਨੂੰ "ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ॥ ਬੀਉ ਬੀਜਿ ਪਤਿ ਲੈ ਗਏ ਅਬ ਕਿਉ ਦਾਲਿ॥" (ਪੰਨਾ 468) ਕਿਹਾ ਹੈ।

ਗੁਰੂ ਨਾਨਕ ਉਸ ਵੇਲੇ ਦੀ ਰਾਜਸੀ ਹਾਲਤ ਤੋਂ ਭਲੀ ਭਾਂਤ ਚੇਤੰਨ ਹਨ, ਜਿਸ ਵਿਚ ਲਾਲਚ, ਝੂਠ, ਜ਼ੁਲਮ, ਵਾਸ਼ਨਾ, ਬੇਇਨਸਾਫੀ ਆਦਿ ਦਾ ਬੋਲਬਾਲਾ ਹੈ ਅਤੇ ਇਸ ਅਵਸਥਾ ਤੋਂ ਮਨੁੱਖ ਨੂੰ ਚੇਤੰਨ ਵੀ ਕਰਾਉਂਦੇ ਹਨ ਕਿ ਅਜਿਹੇ ਹਾਲਾਤ ਲਈ ਅਗਿਆਨ ਕਾਰਨ ਪਰਜਾ ਵੀ ਕੁਝ ਹੱਦ ਤੱਕ ਜਿੰਮੇਵਾਰ ਹੁੰਦੀ ਹੈ, ਕਿਉਂਕਿ ਉਹ ਆਪਣੇ ਹੱਕਾਂ ਪ੍ਰਤੀ ਚੇਤੰਨ ਨਹੀਂ ਹੁੰਦੀ ਅਤੇ ਮੁਰਦਿਆਂ ਵਾਂਗ ਵਫਾਦਾਰੀ ਕਰਦੀ ਹੈ, "ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ॥ ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ॥ ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥" (ਪੰਨਾ 468-69)

ਉਸ ਵੇਲੇ ਦੇ ਹਾਕਮਾਂ, ਜਿਨ੍ਹਾਂ ਦਾ ਧਰਮ ਇਸਲਾਮ ਸੀ, ਜੋ ਨਮਾਜ਼ ਵੀ ਪੜ੍ਹਦੇ ਹਨ, ਬਾਕੀ ਧਾਰਮਿਕ ਰਸਮਾਂ ਵੀ ਕਰਦੇ ਹਨ ਅਤੇ ਉਨ੍ਹਾਂ ਦੇ ਕਾਰਿੰਦਿਆਂ, ਜੋ ਧਰਮ ਵਜੋਂ ਹਿੰਦੂ ਹੋਣ ਕਰਕੇ ਧੋਤੀ, ਟਿੱਕਾ, ਮਾਲਾ, ਜਨੇਊ ਪਹਿਨਣ ਤੋਂ ਲੈ ਕੇ ਪੂਜਾ ਤੱਕ ਸਾਰੇ ਧਾਰਮਿਕ ਕਰਮ ਕਰਦੇ ਹਨ, ਦੋਹਾਂ ਦੀ ਅਸਲੀਅਤ ਨੂੰ ਸਪੱਸ਼ਟ ਕੀਤਾ ਹੈ ਕਿ ਕਿਸ ਤਰ੍ਹਾਂ ਉਹ ਮਿਲੀਭੁਗਤ ਨਾਲ ਲੋਕਾਂ ਦੀ ਲੁੱਟ-ਖਸੁੱਟ ਕਰਦੇ ਹਨ, "ਮਾਣਸ ਖਾਣੇ ਕਰਹਿ ਨਿਵਾਜ॥ ਛੁਰੀ ਵਗਾਇਨ ਤਿਨ ਗਲਿ ਤਾਗ॥" (ਪੰਨਾ 471)

ਗੁਰੂ ਜੀ ਨੇ ਇਸ ਸਾਰੀ ਮਿਲੀਭੁਗਤ ਨੂੰ 'ਕੂੜਾ ਵਾਪਾਰ' ਕਹਿ ਕੇ ਨਿੰਦਿਆ ਹੈ, ਜਿਨ੍ਹਾਂ ਦੇ ਅੰਦਰ ਖੋਟ ਹੈ, ਪਰ ਬਾਹਰੋਂ ਧਾਰਮਿਕ ਹੋਣ ਦਾ ਪਖੰਡ ਕਰਦੇ ਹਨ। ਇੱਕ ਪਾਸੇ ਮੁਸਲਮਾਨ ਹਾਕਮਾਂ ਨੂੰ ਮਲੇਛ ਕਹਿੰਦੇ ਹਨ ਤੇ ਦੂਜੇ ਪਾਸੇ ਮੁਸਲਮਾਨਾਂ ਦਾ ਧਾਨ ਖਾਂਦੇ ਹਨ, "ਮਥੈ ਟਿਕਾ ਤੇੜਿ ਧੋਤੀ

*(ਬਾਕੀ ਅਗਲੇ ਸਫੇ 'ਤੇ)*

# ਗੁਰਬਾਣੀ ਦੇ ਸੰਦਰਭ ਵਿਚ ਰਾਗਾਂ ਨਾਲ 'ਘਰੁ' ਦੀ ਸੂਚਨਾ

ਕਸ਼ਮੀਰਾ ਸਿੰਘ (ਪ੍ਰੋ.)
ਫੋਨ: 801-414-0171

ਗੁਰਬਾਣੀ ਦੇ ਬਹੁਤੇ ਸਿਰਲੇਖਾਂ ਵਿਚ 'ਘਰੁ' ਜਾਂ 'ਘਰਿ' (ਘਰ ਵਿਚ, 'ਘਰੁ' ਦਾ ਅਧਿਕਰਣ ਕਾਰਕ) ਸ਼ਬਦ ਵਰਤਿਆ ਮਿਲਦਾ ਹੈ। ਇਸ ਸ਼ਬਦ ਦੀ ਵਰਤੋਂ, 'ਘਰੁ' ਜਾਂ 'ਘਰਿ' ਸ਼ਬਦ ਪ੍ਰਤੱਖ ਤੌਰ 'ਤੇ ਲਿਖ ਕੇ ਜਾਂ 'ਘਰੁ' ਦੀ ਸੂਚਨਾ ਰਾਗ-ਸੂਚਕ ਸ਼ਬਦਾਂ ਦੇ ਪੈਰੀਂ ਕੇਵਲ ਬਾਰੀਕ ਅੰਕ ਲਾ ਕੇ ਦੋ ਤਰ੍ਹਾਂ ਕੀਤੀ ਗਈ ਹੈ। ਕੁਝ ਮਿਸਾਲਾਂ ਦੇਖੋ:

(ੳ) ਸਿਰੀ ਰਾਗੁ ਮਹਲਾ 5 ਘਰੁ 1॥ (ਪੰਨਾ 42)

ਉਚਾਰਣ ਵਿਧੀ- ਸ਼ਿਰੀ ਰਾਗੁ ਮਹਲਾ ਪੰਜਵਾਂ ਘਰੁ ਪਹਿਲਾ।

(ਅ) ਰਾਗੁ ਗਉੜੀ ਪੂਰਬੀ 1 ਮਹਲਾ 5॥ (ਪੰਨ 204)

ਉਚਾਰਣ ਵਿਧੀ- ਰਾਗੁ ਗਉੜੀ ਪੂਰਬੀ ਘਰੁ ਪਹਿਲਾ ਮਹਲਾ ਪੰਜਵਾਂ।

(ੲ) ਰਾਗੁ ਗਉੜੀ ਪੂਰਬੀ 1 ਕਬੀਰ ਜੀ॥

ਉਚਾਰਣ ਵਿਧੀ- ਰਾਗੁ ਗਉੜੀ ਪੂਰਬੀ ਘਰੁ ਪਹਿਲਾ ਕਬੀਰ ਜੀ।

(ਸ) ਸ੍ਰੀ ਰਾਗੁ ਬਾਣੀ ਭਗਤ ਬੇਣੀ ਜੀਉ ਕੀ॥ ਪਹਰਿਆ ਕੈ ਘਰਿ ਗਾਵਣਾ॥ (ਪੰਨਾ 93)

'ਘਰੁ' ਨੰਬਰ ਦੀ ਗਿਣਤੀ ਕਿੰਨੀ ਹੈ?

ਗੁਰਬਾਣੀ ਵਿਚ 1 ਤੋਂ 17 ਤਕ ਘਰੁ ਨੰਬਰ ਹਨ। ਘਰ ਦੇ ਸੂਚਕ ਅੰਕ ਨੂੰ ਕਰਮ ਵਾਚਕ ਸੰਖਿਆਕ ਵਿਸ਼ੇਸ਼ਣ ਮੰਨ ਕੇ ਪਾਠ ਵਿਚ ਸ਼ਾਮਲ ਕਰੀਦਾ ਹੈ, ਜਿਵੇਂ, ਘਰੁ 1 ਨੂੰ ਘਰੁ ਪਹਿਲਾ, ਘਰੁ 2 ਨੂੰ ਘਰੁ ਦੂਜਾ ਆਦਿ ਪੜ੍ਹੀਦਾ ਹੈ।

ਨੋਟ: ਜਿਹੜੀ ਬਾਣੀ ਰਾਗਾਂ ਵਿਚ ਨਹੀਂ ਲਿਖੀ ਗਈ, ਉਸ ਬਾਣੀ ਨਾਲ 'ਘਰੁ' ਦੀ ਵਰਤੋਂ ਵੀ ਨਹੀਂ ਹੈ, ਜਿਵੇਂ ਮੰਗਲ (ਵਾਰਤਕ), ਜਪੁ, ਸ਼ਲੋਕ, ਸਵਯੇ, ਮੁੰਦਾਵਣੀ ਮਹਲਾ 5; ਗੱਲ ਕੀ, 'ਜਪੁ' ਬਾਣੀ ਤੋਂ ਬਿਨਾ ਗੁਰੂ ਗ੍ਰੰਥ ਸਾਹਿਬ ਦੇ ਪੰਨਾ ਨੰਬਰ 1353 (ਜੈਜਾਵੰਤੀ ਰਾਗੁ ਦੇ ਸ਼ਬਦਾਂ ਤੋਂ ਪਿੱਛੋਂ) ਸਾਰੀ ਬਾਣੀ {ਰਾਗਮਾਲਾ ਕੱਚੀ ਬਾਣੀ ਹੈ} ਰਾਗ-ਮੁਕਤ ਅਤੇ ਘਰ-ਮੁਕਤ ਹੈ। ਰਾਗਮਾਲਾ ਗੁਰੂ-ਕ੍ਰਿਤ ਨਹੀਂ, ਪਰ ਇਹ ਵੀ ਰਾਗ ਮੁਕਤ ਇੱਕ ਰਚਨਾ {ਬਾਣੀ ਨਹੀਂ} ਹੈ, ਜਿਸ ਦਾ ਸਿੱਖੀ ਨਾਲ ਸਬੰਧ ਨਹੀਂ ਹੈ। ਰਹਿਤ ਮਰਿਆਦਾ ਬਣਾਉਣ ਵਾਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਇਸ ਨੂੰ ਪੜ੍ਹਨ ਜਾਂ ਨਾ ਪੜ੍ਹਨ ਦੀ ਗੱਲ ਲਿਖੀ ਹੈ, ਪਰ ਅਜਿਹਾ ਲਿਖ ਕੇ ਸਿੱਖ ਕੌਮ ਵਿਚ ਦੁਬਿਧਾ ਜ਼ਰੂਰ ਪਾ ਦਿੱਤੀ ਹੈ। ਜੇ ਇਹ ਪੜ੍ਹਨੀ ਹੀ ਨਹੀਂ ਤਾਂ ਇਸ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਹੀ ਕਿਉਂ ਰੱਖਿਆ ਜਾ ਰਿਹਾ ਹੈ? ਜਿਵੇਂ ਹੋਰ 6-7 ਕੱਚੀਆਂ ਬਾਣੀਆਂ ਨੂੰ ਬਾਹਰ ਕੱਢਿਆ ਸੀ, ਰਾਗਮਾਲਾ ਨੂੰ ਵੀ ਉਦੋਂ ਹੀ ਕੱਢ ਦੇਣਾ ਬਣਦਾ ਸੀ। ਇਸ ਦਾ ਸ਼੍ਰੋਮਣੀ ਕਮੇਟੀ ਕੋਲ ਕੋਈ ਜਵਾਬ ਨਹੀਂ, ਕਿਉਂਕਿ ਉਹ ਬ੍ਰਾਹਮਣਵਾਦ ਦਾ ਪੱਖ ਪੂਰ ਕੇ ਸਿੱਖਾਂ ਨੂੰ ਆਪਸ ਵਿਚ ਉਲਝਾਈ ਰੱਖਣਾ ਚਾਹੁੰਦੀ ਹੈ ਅਤੇ ਅਜਿਹਾ ਹੀ ਹੋ ਰਿਹਾ ਹੈ।

ਰਾਗਾਂ ਨਾਲ ਵਰਤੇ 'ਘਰੁ' ਤੋਂ ਕੀ ਪਤਾ ਲੱਗਦਾ ਹੈ?

ਇੱਕ ਗੱਲ ਤਾਂ ਸਪੱਸ਼ਟ ਹੈ ਕਿ ਇਸ ਸ਼ਬਦ ਦਾ ਰਾਗ ਵਿੱਦਿਆ ਨਾਲ ਹੀ ਸਬੰਧ ਹੈ, ਕਿਉਂਕਿ ਰਾਗ-ਮੁਕਤ ਬਾਣੀ ਨਾਲ ਇਹ ਸ਼ਬਦ ਨਹੀਂ ਵਰਤਿਆ ਗਿਆ।

ਘਰੁ ਸ਼ਬਦ ਬਾਰੇ ਖੋਜੀਆਂ ਦੇ ਵਿਚਾਰ:

1. ਭਾਈ ਕਾਨ੍ਹ ਸਿੰਘ ਨਾਭਾ ਕ੍ਰਿਤ 'ਮਹਾਨ ਕੋਸ਼' ਵਿਚ 'ਘਰੁ' ਬਾਰੇ ਲਿਖਿਆ ਗਿਆ ਹੈ:

(ੳ) ਇੱਕ ਹੀ ਰਾਗ ਦੇ ਸਰਗਮ ਪ੍ਰਸਤਾਰ ਅਨੁਸਾਰ ਗਾਉਣ ਦੇ ਪ੍ਰਕਾਰ।

(ਅ) ਇਸ ਤੋਂ ਗਵੱਯੇ ਨੂੰ ਸੂਚਨਾ ਮਿਲਦੀ ਹੈ ਕਿ ਸ਼ਬਦ ਨੂੰ ਰਾਗ ਦੇ ਇਤਨਵੇਂ ਸਵਰ ਪ੍ਰਸਤਾਰ ਅਨੁਸਾਰ ਗਾਓ।

ਮਹਾਨ ਕੋਸ਼ ਵਿਚ ਸਵਰ ਪ੍ਰਸਤਾਰ ਦਾ ਖੁਲਾਸਾ ਨਹੀਂ ਕੀਤਾ ਗਿਆ, ਸੂਚਨਾ ਅਧੂਰੀ ਹੈ।

2. ਸਿੱਖ ਰੀਸਰਚ ਇੰਸਟੀਚਿਊਟ ਵਲੋਂ ਛਾਪੀ ਗਈ ਪੁਸਤਕ ਵਿਚ 'ਘਰੁ' ਬਾਰੇ sikhnet.com ਉਤੇ ਲਿਖਿਆ ਹੈ,

"Gharu indicates the rhythm, the pitch and the variation of notes." {Source- Guru Granth Sahib, its language and grammar a book by Sikh Research Institute}

ਇਸ ਪੁਸਤਕ ਵਿਚ ਵੀ 'ਘਰੁ' ਬਾਰੇ ਵਿਸਥਾਰ ਨਾਲ ਜਾਣਕਾਰੀ ਨਹੀਂ ਦਿੱਤੀ ਗਈ।

3. gurbani.org ਉਤੇ ਸ. ਟੀ. ਸਿੰਘ ਨੇ 'ਘਰੁ' ਬਾਰੇ ਹੇਠ ਲਿਖੀ ਸੂਚਨਾ ਦਿੱਤੀ ਹੈ,

"It gives a hint to Raagees as to what musical clef (beat) to sing the Shabad in. In other words, "Gharu" binds music and poetry in their metrical-form."

4. sikhiwiki.org ਅਤੇ ਸ. ਟੀ. ਸਿੰਘ ਦੀ 'ਘਰੁ' ਬਾਰੇ ਸੂਚਨਾ ਇੱਕੋ ਜਿਹੀ ਹੈ, ਜਿਸ ਵਿਚ 'ਘਰੁ' ਨੰਬਰ ਤੋਂ ਤਾਲ ਵਿਚ ਵਰਤੇ ਤਾਲੀ ਨੰਬਰ ਦਾ ਬੋਧ ਹੋਣਾ ਦੱਸਿਆ ਗਿਆ ਹੈ।

ਉਪਰੋਕਤ ਨੰਬਰ 3-4 ਅਨੁਸਾਰ 'ਘਰੁ' ਬਾਰੇ ਸੂਚਨਾ: ਇਹ ਸੂਚਨਾ ਦੇਣ ਤੋਂ ਪਹਿਲਾਂ ਤਾਲ ਬਾਰੇ ਕੁਝ ਜਾਣਕਾਰੀ ਦਿੱਤੀ ਜਾਂਦੀ ਹੈ ਤਾਂ ਜੁ ਸੂਚਨਾ ਦੀ ਸਮਝ ਆ ਜਾਵੇ। ਤਾਲ (beat) ਦਾ ਸਬੰਧ ਤਬਲੇ ਨਾਲ ਹੁੰਦਾ ਹੈ। ਤਾਲ ਵਿਚ ਮਾਤ੍ਰਾਵਾਂ ਹੁੰਦੀਆਂ ਹਨ, ਜਿਨ੍ਹਾਂ ਨੂੰ ਲੋੜ ਅਨੁਸਾਰ ਵਿਭਾਗਾਂ ਵਿਚ ਵੰਡਿਆ ਗਿਆ ਹੁੰਦਾ ਹੈ। ਤਾਲ ਵਿਚ ਪਹਿਲੀ ਮਾਤ੍ਰਾ ਨੂੰ ਸਮ ਕਿਹਾ ਜਾਂਦਾ ਹੈ। ਸਮ ਤੋਂ ਬਿਨਾ ਤਾਲ ਵਿਚ ਤਾਲੀ ਅਤੇ ਖਾਲੀ ਦੇ ਅੰਕ ਹੁੰਦੇ ਹਨ ਕਿ ਕਿੰਨਵੀਂ-ਕਿੰਨਵੀਂ ਮਾਤ੍ਰਾ ਉਤੇ ਤਾਲੀ ਅਤੇ ਖਾਲੀ ਹੈ। ਰਾਗੀ ਨੂੰ ਤਾਲੀ ਤੇ ਖਾਲੀ ਦੀ ਮਾਤ੍ਰਾ ਅਤੇ ਜੋੜੀ ਉਤੇ ਇਨ੍ਹਾਂ ਦੇ ਬੋਲਾਂ ਦਾ ਗਿਆਨ ਹੋਣਾ ਜ਼ਰੂਰੀ ਹੈ। ਹੇਠ ਲਿਖੀਆਂ ਦੋ ਤਾਲਾਂ ਵਿਚ ਇਹ ਜਾਣਕਾਰੀ ਦਿੱਤੀ ਜਾ ਰਹੀ ਹੈ,

ਤਾਲ ਕਹਿਰਵਾ: 8 ਮਾਤ੍ਰਾਵਾਂ, ਪਹਿਲੀ ਮਾਤ੍ਰਾ ਉਤੇ ਤਾਲੀ, ਪੰਜਵੀਂ ਮਾਤ੍ਰਾ ਉਤੇ ਖਾਲੀ ਅਤੇ 4-4 ਮਾਤ੍ਰਾਵਾਂ ਦੇ ਦੋ ਵਿਭਾਗ। ਸਮ ਨੂੰ ਗੁਣਾ ਦੇ ਨਿਸ਼ਾਨ ਨਾਲ, ਤਾਲੀਆਂ ਨੂੰ ਅੰਕਾਂ ਨਾਲ ਅਤੇ ਖਾਲੀ ਮਾਤ੍ਰਾ ਨੂੰ ਸਿਫਰ ਨਾਲ ਲਿਖਿਆ ਜਾਂਦਾ ਹੈ।

ਮਾਤ੍ਰਾਵਾਂ: 1 2 3 4 5 6 7 8

ਬੋਲ- ਧਾ ਗੇ ਨਾ ਤੀ ਨਾ ਕੇ ਧਿੰ ਨਾ

ਚਿੰਨ੍ਹ- 0

ਤਾਲ ਤੀਨ- 16 ਮਾਤ੍ਰਾਵਾਂ, 4 ਵਿਭਾਗ, 3 ਤਾਲੀਆਂ ਅਤੇ ਇੱਕ ਖਾਲੀ।

ਮਾਤ੍ਰਾ ਨੰਬਰ 9 ਤੇ ਖਾਲੀ, 1, 5 ਅਤੇ 13 ਉਤੇ ਤਾਲੀ।

ਮਾਤ੍ਰਾ- 1 2 3 4 5 6 7 8 9 10 11 12 13 14 15 16

ਬੋਲ- ਧਾ ਧਿੰ ਧਿੰ ਧਾ ਧਾ ਧਿੰ ਧਿੰ ਧਾ ਧਾ ਤਿੰ ਤਿੰ ਤਾ ਤਾ ਧਿੰ ਧਿੰ ਧਾ

ਚਿੰਨ੍ਹ- 2 0 3

ਘਰੁ ਤੋਂ ਮਿਲਦੀ ਸੂਚਨਾ (ਨੰਬਰ 3-4 ਅਨੁਸਾਰ) ਹੇਠ ਲਿਖੀ ਜਾਂਦੀ ਹੈ,

'ਘਰੁ' ਵਾਲੇ ਸੂਚਕ ਅੰਕ ਦਾ ਅਰਥ ਹੈ, ਸ਼ਬਦ ਨੂੰ ਉਸ ਤਾਲ ਵਿਚ ਗਾਉਣਾ ਜਿਸ ਵਿਚ ਸੂਚਕ ਅੰਕ ਜਿੰਨੀਆਂ ਤਾਲੀਆਂ ਹੋਣ। ਜੇ 'ਘਰੁ' 1 ਹੈ ਤਾਂ ਤਾਲ ਇੱਕ ਤਾਲੀ ਵਾਲਾ ਚੁਣਿਆ ਜਾਂਦਾ ਹੈ, ਘਰੁ 12 ਹੈ ਤਾਂ ਸ਼ਬਦ ਦਾ ਗਾਇਨ 12 ਤਾਲੀਆਂ ਵਾਲੇ ਤਾਲ ਵਿਚ ਕਰਨਾ ਹੁੰਦਾ ਹੈ ਆਦਿ। ਵੇਰਵਾ ਇਸ ਪ੍ਰਕਾਰ ਹੈ,

ਘਰੁ ਨੰਬਰ ਤਾਲੀ/ਤਾਲੀਆਂ ਸਬੰਧਤ ਤਾਲ, ਜੋ ਰਾਗ ਨਾਲ ਵੱਜ ਸਕਦਾ ਹੈ,

1. ਦਾਦਰਾ ਅਤੇ ਕਹਿਰਵਾ
2. ਰੂਪਕ ਅਤੇ ਤਲਵਾੜਾ
3. ਤਿੰਨ, ਛੋਟਾ ਤਿੰਨ, ਠੁਮਰੀ, ਧਮਾਰ, ਚੰਚਲ, ਝਪ ਅਤੇ ਸੂਲਫਾਕ

ਦੀਪਚੰਦੀ, ਚਾਚਰ, ਝੂਮਰਾ ਅਤੇ ਸਿਖਰ ਤਾਲ

4. ਚਾਰ, ਇੱਕ, ਆਡਾ ਚੁਤਾਲਾ, ਭਾਨ ਮਤੀ, ਜਗ ਪਾਲ ਅਤੇ ਜੈ ਤਾਲ
5. ਪੰਜ ਤਾਲ ਸਵਾਰੀ
6. ਖਟ ਅਤੇ ਇੰਦ੍ਰ ਤਾਲ
7. ਮਤ ਤਾਲ
8. ਅਸ਼ਟ ਮੰਗਲ ਤਾਲ
9. ਮੋਹਿਨੀ ਤਾਲ
10. ਬ੍ਰਹਮ ਤਾਲ
11. ਰੁਦ੍ਰ ਤਾਲ
12. ਵਿਸ਼ਨੂ ਤਾਲ
13. ਮੁਚਕੁੰਡ ਤਾਲ
14. ਮਹਾਸ਼ਨੀ ਤਾਲ
15. ਮਿਸ਼ਰ ਬਰਨ ਤਾਲ
16. ਕੁਲ ਤਾਲ
17. ਚਰਚਰੀ ਤਾਲ

ਉਪਰ ਦਿੱਤੇ ਤਾਲ 6 ਤੋਂ 47 ਮਾਤ੍ਰਾਵਾਂ ਰੱਖਦੇ ਹਨ।

ਵਿਚਾਰ ਦਾ ਸਾਰ: ਅਜੋਕੇ ਯੁੱਗ ਵਿਚ ਜਿਸ ਤਰ੍ਹਾਂ ਗੁਰਬਾਣੀ ਦਾ ਕੀਰਤਨ ਹੋ ਰਿਹਾ ਹੈ, ਉਸ ਤੋਂ ਲੱਗਦਾ ਨਹੀਂ ਕਿ ਸਾਰੇ ਘਰਾਂ ਵਿਚ ਕੋਈ ਕੀਰਤਨ ਕਰਨ ਦੇ ਸਮਰੱਥ ਹੈ। ਆਮ ਕਰਕੇ ਦਾਦਰਾ, ਕਹਿਰਵਾ, ਤਿੰਨ, ਝਪ, ਇੱਕ, ਦੀਪਚੰਦੀ ਜਾਂ ਦੋ ਚਾਰ ਹੋਰ ਤਾਲ ਹੀ ਵਰਤੇ ਜਾ ਰਹੇ ਹਨ। ਬਹੁਤੇ ਕੀਰਤਨੀਏ ਤਾਂ ਭੰਗੜੇ-ਗਿੱਧੇ ਵਾਲੇ ਤਾਲਾਂ ਤੋਂ ਅਗਾਂਹ ਨਹੀਂ ਤੁਰਦੇ ਅਤੇ ਪੰਜਾਬੀ-ਹਿੰਦੀ ਗਾਇਕਾਂ ਦੇ ਵਰਤੇ ਤਾਲਾਂ ਦੇ ਪ੍ਰਭਾਵ ਨੂੰ ਕਬੂਲਦੇ ਹਨ। 'ਘਰੁ' ਸ਼ਬਦ ਦੀ ਖੋਜ ਦੀ 'ਤਾਲੀਆਂ ਦੀ ਗਿਣਤੀ ਵਾਲੀ' ਜੇ ਇਹ ਵਿਚਾਰਧਾਰਾ ਸਹੀ ਹੈ ਤਾਂ ਗੁਰਬਾਣੀ ਸੰਗੀਤ ਦੇ ਵਿਦਵਾਨਾਂ ਦੀ ਰਾਏ ਸਹੀ ਹੈ ਕਿ ਤਬਲਾ ਵਾਦਕਾਂ ਨੂੰ 17 ਘਰਾਂ ਦੇ ਤਾਲਾਂ ਦੀ ਸਿਖਲਾਈ ਦੇ ਕੇ ਇਸ ਵਿਧੀ ਨੂੰ ਕੀਰਤਨ ਰਾਹੀਂ ਉਜਾਗਰ ਕਰਨ ਦੀ ਬੇਹੱਦ ਲੋੜ ਹੈ। ਜੇ 17 ਘਰਾਂ ਵਾਲੇ 6 ਤੋਂ 47 ਮਾਤ੍ਰਾਵਾਂ ਵਾਲੇ ਤਾਲਾਂ ਨੂੰ ਰਾਗ-ਗਾਇਨ ਵਿਚ ਵਰਤਣਾ ਸੰਭਵ ਨਹੀਂ ਜਾਪਦਾ ਜਾਂ 'ਘਰੁ' ਸ਼ਬਦ ਦੀ ਇਹ ਖੋਜ ਠੀਕ ਨਹੀਂ ਤਾਂ ਵਿਸ਼ਵ ਵਿਦਿਆਲਿਆਂ ਦੇ ਗੁਰਬਾਣੀ ਸੰਗੀਤ ਦੇ ਵਿਦਵਾਨ ਪ੍ਰੋਫੈਸਰ ਆਪਣੀ ਖੋਜ ਅਨੁਸਾਰ ਦੱਸਣ ਕਿ ਗੁਰਬਾਣੀ ਵਿਚ ਰਾਗਾਂ ਨਾਲ ਵਰਤੇ 'ਘਰੁ' ਸ਼ਬਦ ਨੂੰ ਕਿਸ ਅਰਥ ਵਿਚ ਦੇਖਿਆ ਜਾਵੇ, ਕਿਉਂਕਿ ਇਹ ਸ਼ਬਦ ਗੁਰਬਾਣੀ ਦੇ ਮਹਾਨ ਵਿਰਸੇ ਦਾ ਸ਼ਬਦ ਹੈ, ਜੋ ਅੱਜ ਤਕ ਅਰਥ ਪੱਖੋਂ ਅੱਖੋਂ ਪਰੋਖੇ ਕੀਤਾ ਜਾਂਦਾ ਰਿਹਾ ਹੈ।

# ਧਰਮ, ਸਿੱਖ, ਖਾਲਸਾ ਤੇ ਖਾਲਿਸਤਾਨ

ਸੇਵਕ ਸਿੰਘ ਕੋਟਕਪੂਰਾ
ਫੋਨ: 661-444-3657

**ਧਰਮ ਕੀ ਹੈ?**

ਸਰਬ ਧਰਮ ਮਹਿ ਸ੍ਰੇਸਟ ਧਰਮੁ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥

ਧਰਮ ਦੇ ਤਿੰਨ ਸਰੂਪ ਹਨ। ਪਹਿਲਾ, ਸਰੀਰਕ ਧਰਮ, ਜੋ ਗੁਰੂ ਸਿਰਫ ਸਰੀਰਕ ਪੱਧਰ ਤਕ ਹੀ ਸੀਮਤ ਹੈ, ਭਾਵ ਸਰੀਰ ਕਰਕੇ ਹੀ ਸਰੀਰਕ ਪੱਧਰ 'ਤੇ ਹੀ ਧਰਮ ਸੀਮਤ ਹੁੰਦਾ ਹੈ। ਧਾਰਮਿਕ ਸਥਾਨ 'ਤੇ ਮੱਥਾ ਟੇਕਿਆ, ਲੋਕਾਂ ਨੂੰ ਮਿਲ ਗਿਲ ਕੇ ਕੁਝ ਸਮਾਂ ਬਿਤਾਇਆ ਅਤੇ ਫਰਜ਼ ਪੂਰਾ। ਦੂਜਾ ਰੂਪ ਹੈ, ਸਮਾਜਕ ਧਰਮ, ਜਿਸ ਵਿਚ ਨੈਤਿਕ ਕਦਰਾਂ-ਕੀਮਤਾਂ ਪੂਰੀਆਂ ਕੀਤੀਆਂ, ਜਿਥੋਂ ਤਕ ਸਮਾਜ ਜਾਂ ਭਾਈਚਾਰੇ ਦੀਆਂ ਭਾਵਨਾਵਾਂ ਅਤੇ ਲੋੜਾਂ ਦੀ ਪੂਰਤੀ ਹੁੰਦੀ ਰਹਿੰਦੀ ਤਾਂ ਸਮਾਜਕ ਧਰਮ ਪੂਰਾ ਹੋ ਜਾਂਦਾ ਹੈ। ਤੀਜਾ ਅਤੇ ਸਭ ਤੋਂ ਅਹਿਮ ਹੈ, ਅਧਿਆਤਮਕ ਧਰਮ, ਜਿਸ ਅਨੁਸਾਰ ਪ੍ਰਕਿਰਤੀ, ਮਨੁੱਖ ਅਤੇ ਪਰਾਭੌਤਿਕ ਸ਼ਕਤੀਆਂ ਕੀ ਹਨ ਤੇ ਇਨ੍ਹਾਂ ਦਾ ਆਪਸ ਵਿਚ ਕੀ ਸਬੰਧ ਹੈ ਅਤੇ ਮਨੁਖਾ ਜੀਵਨ ਵਿਚ ਇਨ੍ਹਾਂ ਦਾ ਕੀ ਕੰਮ ਹੈ ਤੇ ਮਨੁਖਤਾ ਨੂੰ ਇਹ ਕਿਵੇਂ ਪ੍ਰਭਾਵਿਤ ਕਰਦੀਆਂ ਹਨ? ਇਸ ਸਭ ਦਾ ਸਿਧਾਂਤਕ ਪੱਖ ਕੀ ਹੈ?

ਸਿਧਾਂਤਕ ਪੱਖ ਤੋਂ ਸਮੇਂ ਤੇ ਸਥਾਨ ਅਨੁਸਾਰ ਸਥਾਨਕ ਸਭਿਆਚਾਰ ਤੇ ਰੀਤੀ-ਰਿਵਾਜ ਅਤੇ ਭਾਸ਼ਾ ਅਨੁਸਾਰ ਸਿਧਾਂਤ ਘੜੇ ਤੇ ਪ੍ਰਚਾਰੇ ਜਾਂਦੇ ਹਨ। ਲੋਕਾਂ ਨੂੰ ਉਨ੍ਹਾਂ ਅਨੁਸਾਰ ਜੀਵਨ ਬਤੀਤ ਕਰਨ ਦੀ ਪ੍ਰੇਰਨਾ ਦਿੱਤੀ ਜਾਂਦੀ ਹੈ ਅਤੇ ਉਨ੍ਹਾਂ ਦੀ ਪਾਲਣਾ ਦੀ ਹਦਾਇਤ ਅਤੇ ਉਮੀਦ ਕੀਤੀ ਜਾਂਦੀ ਹੈ।

**ਸਿੱਖ ਕੌਣ ਹੈ?**

ਸਿਖੀ ਸਿਖਿਆ ਗੁਰ ਵੀਚਾਰਿ॥

ਸਿੱਖ ਉਹ ਹੈ, ਜੋ ਸਿਖਿਆ ਪ੍ਰਾਪਤ ਕਰਦਾ ਹੈ। ਹਰ ਵੇਲੇ ਸਿਖਣ ਨੂੰ ਤਿਆਰ ਰਹਿੰਦਾ ਹੈ। ਜੋ ਸਿਖਿਆ ਹੈ, ਉਸ 'ਤੇ ਅਮਲ ਕਰਦਾ ਹੈ। ਜੋ ਸਿਖਿਆ ਸਿੱਖ ਧਰਮ ਅਨੁਸਾਰ ਗੁਰੂ ਸਾਹਿਬਾਨ ਨੇ ਦਿੱਤੀ, ਉਸ ਅਨੁਸਾਰ ਜੀਵਨ ਬਤੀਤ ਕਰਦਾ ਹੈ, ਉਹ ਸਿੱਖ ਹੈ। ਜੋ ਸਿਖਿਆ ਅਤੇ ਸਿਧਾਂਤ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ, ਉਨ੍ਹਾਂ ਦੀ ਪਾਲਣਾ ਕਰਦਾ ਹੈ ਅਤੇ ਅਮਲ ਵਿਚ ਲਿਆਉਂਦਾ ਹੈ, ਉਹ ਸਿੱਖ ਹੈ। ਸਿਰਫ ਗੁਰੂ ਘਰ ਜਾਣਾ ਅਤੇ ਮੱਥਾ ਟੇਕ ਕੇ ਤੇ ਲੰਗਰ ਛਕ ਕੇ ਆ ਜਾਣਾ ਸਿੱਖੀ ਨਹੀਂ ਹੈ। ਸਿਰਫ ਸਰੀਰਕ, ਸਮਾਜਕ ਰਸਮਾਂ-ਰੀਤਾਂ ਪੂਰੀਆਂ ਕਰਨਾ ਹੀ ਸਿੱਖੀ ਨਹੀਂ ਹੈ।

ਗੁਰਬਾਣੀ ਦਾ ਨਿਤਨੇਮ ਤੇ ਉਸ ਦੀ ਵਿਚਾਰ ਤੇ ਪਾਲਣਾ ਕਰਨੀ ਅਤੇ ਉਸ ਅਨੁਸਾਰ ਜੀਵਨ ਬਤੀਤ ਕਰਨ ਦਾ ਨਾਮ ਹੀ ਸਿੱਖੀ ਹੈ। ਜੇ ਅਜਿਹਾ ਨਹੀਂ ਹੈ ਤਾਂ ਇਹ ਸਿਰਫ ਸਰੀਰਕ ਅਤੇ ਸਮਾਜਕ ਧਰਮ ਹੀ ਹੈ, ਉਸ ਤੋਂ ਅੱਗੇ ਨਹੀਂ ਤੁਰਿਆ।

ਗੁਰੂ ਨਾਨਕ ਸਾਹਿਬ ਨੇ ਕਿਸੇ ਦਾ ਵੀ ਸਮਾਜਕ ਧਰਮ ਤਬਦੀਲ ਨਹੀਂ ਕੀਤਾ। ਉਨ੍ਹਾਂ ਦਾ ਸਭ ਤੋਂ ਪਹਿਲਾ ਸਿੱਖ ਰਾਏ ਬੁਲਾਰ ਸੀ। ਸਿੱਖ ਵੀ ਐਨਾ ਵਿਸ਼ਵਾਸ ਵਾਲਾ ਕਿ ਉਸ ਨੇ 1500 ਏਕੜ ਜ਼ਮੀਨ ਉਨ੍ਹਾਂ ਨੂੰ ਅਰਪਣ ਕਰ ਦਿਤੀ। ਕੀ ਗੁਰੂ ਸਾਹਿਬ ਨੇ ਉਸ ਨੂੰ ਧਰਮ ਤਬਦੀਲ ਕਰਨ ਨੂੰ ਕਿਹਾ? ਦੂਜਾ ਸਿੱਖ ਭਾਈ ਮਰਦਾਨਾ ਸੀ, ਜਿਸ ਨੇ ਸਾਰੀ ਉਮਰ ਸਾਥ ਦਿੱਤਾ। ਕੀ ਉਸ ਦਾ ਧਰਮ ਤਬਦੀਲ ਕਰਨ ਨੂੰ ਕਿਹਾ? ਬਾਕੀ ਸਿੱਖ ਇਤਿਹਾਸ ਵਿਚ ਵੀ ਇਸ ਕਿਸਮ ਦੀ ਕੋਈ ਮਿਸਾਲ ਨਹੀਂ ਮਿਲਦੀ ਕਿ ਕਿਸੇ ਗੁਰੂ ਸਾਹਿਬ ਨੇ ਕਿਸੇ ਦਾ ਧਰਮ ਤਬਦੀਲ ਕੀਤਾ ਹੋਵੇ ਜਾਂ ਕਰਨ ਨੂੰ ਕਿਹਾ ਹੋਵੇ। ਗੁਰੂ ਸਾਹਿਬ ਨੇ ਸਿਰਫ ਜੀਵਨ ਤਬਦੀਲ ਕਰਨ ਲਈ ਹੀ ਕਿਹਾ ਹੈ। ਧਰਮ ਅਨੁਸਾਰ ਹੀ ਜੀਵਨ ਬਤੀਤ ਕਰਨ ਦੀ ਸਿੱਖਿਆ ਦਿੱਤੀ ਹੈ। ਪਹਿਲਾਂ ਹੋ ਚੁਕੇ ਭਗਤ ਸਹਿਬਾਨ ਵੱਲੋਂ ਉਚਾਰੀ ਬਾਣੀ ਨੂੰ ਵੀ ਪੂਰੇ ਸਤਿਕਾਰ ਸਹਿਤ ਗੁਰੂ ਗ੍ਰੰਥ ਸਹਿਬ ਵਿਚ ਸ਼ਾਮਲ ਕੀਤਾ ਹੈ।

**ਖਾਲਸਾ ਕੌਣ ਹੈ?**

ਕਹੁ ਕਬੀਰ ਜਨ ਭਏ ਖਾਲਸੇ
ਪ੍ਰੇਮ ਭਗਤਿ ਜਿਹ ਜਾਨੀ॥

ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਾਜਨਾ ਕੀਤੀ ਤਾਂ ਉਨ੍ਹਾਂ ਨੇ ਸਭ ਤੋਂ ਪਹਿਲਾਂ ਸਿੱਖ ਦਾ ਪਿਛਲਾ ਜੀਵਨ ਬਦਲ ਕੇ ਉਸ ਨੂੰ ਦੂਜਾ ਜਨਮ ਦਿਤਾ ਅਤੇ ਕਿਹਾ ਕਿ ਇਸ ਤੋਂ ਬਾਅਦ ਤੁਹਾਡੀ ਪਿਛਲੀ ਜਾਤ ਅਤੇ ਗੋਤ ਖਤਮ। ਤੁਹਾਨੂੰ ਨਵਾਂ ਜਨਮ ਮਿਲਿਆ, ਅੱਜ ਤੋਂ ਬਾਅਦ ਤੁਸੀਂ ਸਿਰਫ ਖਾਲਸਾ ਹੋ ਅਤੇ ਭਾਈ ਹੋ।

ਪਰ ਅੱਜ ਕੀ ਹੋ ਰਿਹਾ ਹੈ, ਉਚੀ ਜਾਤ ਵਾਲੇ ਸਿੱਖ ਕਥਿਤ ਨੀਵੀਂ ਜਾਤ ਵਾਲਿਆਂ ਨੂੰ ਨਫਰਤ ਕਰ ਰਹੇ ਹਨ। ਜਾਤ ਪਾਤ ਅੱਜ ਵੀ ਪ੍ਰਧਾਨ ਹੈ। ਗੁਰੂ ਘਰਾਂ 'ਤੇ ਅੱਜ ਵਿਸ਼ੇਸ਼ ਜਾਤ ਭਾਰੂ ਹੈ, ਜਿਸ ਦਾ ਨਤੀਜਾ ਇਹ ਹੈ ਕਿ ਡੇਰਾਵਾਦ ਵਧ ਰਿਹਾ ਹੈ, ਕਥਿਤ ਨੀਵੀਂ ਸਮਝੀ ਜਾਂਦੀ ਜਾਤ ਦੇ ਲੋਕ ਜਾਂ ਤਾਂ ਡੇਰਿਆਂ ਵਿਚ ਜਾ ਰਹੇ ਹਨ ਜਾਂ ਫਿਰ ਧਰਮ ਤਬਦੀਲ ਕਰ ਰਹੇ ਹਨ।

ਸ਼੍ਰੋਮਣੀ ਕਮੇਟੀ ਤੇ ਗੁਰੂ ਘਰਾਂ ਦੇ ਪ੍ਰਬੰਧਕ ਸਿਰਫ ਗੋਲਕ ਬਾਰੇ ਹੀ ਫਿਕਰਮੰਦ ਹਨ, ਧਰਮ ਦੇ ਪ੍ਰਚਾਰ ਲਈ ਕੋਈ ਫਿਕਰ ਨਹੀਂ। ਪ੍ਰਚਾਰਕ ਵੀ ਵਕਤ ਪੂਰਾ ਕਰ ਰਹੇ ਹਨ। ਉਨ੍ਹਾਂ ਦੀ ਕਥਨੀ ਅਤੇ ਕਰਨੀ ਵਿਚ ਫਰਕ ਹੈ। ਜਿਸ ਦਾ ਆਪਣਾ ਜੀਵਨ ਹੀ ਗੁਰੂ ਦੀ ਸਿੱਖਿਆ ਅਨੁਸਾਰ ਨਹੀਂ ਹੈ, ਉਸ ਦੀ ਸਿਖਿਆ 'ਤੇ ਕਿਵੇਂ ਅਮਲ ਹੋਵੇਗਾ?

ਨਵੀਂ ਪੀੜ੍ਹੀ ਜਦੋਂ ਦੇਖਦੀ ਹੈ, ਸਵਾਲ ਕਰਦੀ ਹੈ ਤਾਂ ਤਸੱਲੀਬਖਸ਼ ਜਵਾਬ ਨਹੀਂ ਮਿਲਦਾ। ਨਤੀਜਾ, ਉਹ ਧਰਮ ਤੋਂ ਹੀ ਬੇਮੁੱਖ ਹੋ ਰਹੀ ਹੈ। ਵਿਸ਼ੇਸ਼ ਤੌਰ 'ਤੇ ਇਨ੍ਹਾਂ ਮੁਲਕਾਂ ਵਿਚ।

**ਖਾਲਿਸਤਾਨ**

ਅੱਜ ਪੰਜਾਬ ਦੀ ਹਾਲਤ ਕੀ ਹੈ? ਲੋਕ ਜਾਂ ਤਾਂ ਖੁਦਕੁਸ਼ੀ ਕਰ ਰਹੇ ਹਨ ਜਾਂ ਫਿਰ ਥੱਬਿਆਂ ਦੇ ਥੱਬੇ ਨੋਟ ਦੇ ਕੇ ਦੂਜੇ ਦੇਸ਼ਾਂ ਵਿਚ ਜਾ ਰਹੇ ਹਨ। ਜੇ ਅਜਿਹਾ ਹੀ ਹੁੰਦਾ ਰਿਹਾ ਤਾਂ ਹੋਰ ਦਸਾਂ ਸਾਲਾਂ ਤਕ ਪੰਜਾਬ ਵਿਚ ਸਿੱਖ ਘੱਟ ਗਿਣਤੀ ਵਿਚ ਅਤੇ ਦੂਜੇ ਸੂਬਿਆਂ ਦੇ ਲੋਕ ਬਹੁਗਿਣਤੀ ਵਿਚ ਹੋ ਜਾਣਗੇ। ਫਿਰ ਕਿਨ੍ਹਾਂ ਲਈ ਅਤੇ ਕਿਸ ਨੇ ਖਾਲਿਸਤਾਨ ਬਣਾਉਣਾ ਹੈ? ਜੇ ਖਾਲਿਸਤਾਨ ਬਣਾਉਣਾ ਹੈ ਤਾਂ ਜਿੱਥੇ ਬਣਾਉਣਾ ਹੈ, ਉਥੇ ਜਾ ਕੇ ਹੀ ਕੋਸ਼ਿਸ਼ ਕਰਨੀ ਪੈਣੀ ਹੈ। ਸਿਰਫ ਸੁਪਨੇ ਲੈਣ ਨਾਲ ਹੀ ਨਹੀਂ ਬਣ ਜਾਣਾ।

ਇਕ ਹੋਰ ਗੱਲ, ਜਿਹੜੇ ਅੱਜ ਖਾਲਿਸਤਾਨ ਲਈ ਸੰਘਰਸ਼ ਕਰ ਰਹੇ ਹਨ, ਜੇ ਬਣਾਉਣ ਲਈ ਹੀ ਇੱਕਠੇ ਨਹੀਂ ਹੋ ਸਕਦੇ ਤਾਂ ਜੇ ਬਣ ਵੀ ਗਿਆ ਤਾਂ ਉਸ ਨੂੰ ਸੰਭਾਲਣ ਲਈ ਇੱਕਠੇ ਕਿਵੇਂ ਹੋਣਗੇ? ਜਿਹੜੇ ਅੱਜ ਜਾਤ ਛੱਡਣ ਲਈ ਤਿਆਰ ਨਹੀਂ, ਫਿਰ ਕਥਿਤ ਨੀਵੀਂ ਜਾਤ ਵਾਲਿਆਂ ਨਾਲ ਕੀ ਸਲੂਕ ਕਰਨਗੇ?

ਖਾਲਿਸਤਾਨ ਬਣ ਗਿਆ ਤਾਂ ਉਸ ਦੀ ਆਮਦਨ ਦਾ ਸਾਧਨ ਕੀ ਹੋਵੇਗਾ ਅਤੇ ਉਹ ਕਿਵੇਂ ਸਥਿਰ ਰਹਿ ਸਕੇਗਾ? ਇਸ ਬਾਰੇ ਕੋਈ ਸਿਧਾਂਤ ਸਾਹਮਣੇ ਨਹੀਂ ਆਇਆ। ਇਨ੍ਹਾਂ ਕੁਝ ਸਵਾਲ 'ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ।

# ਆਸਾ ਦੀ ਵਾਰ-ਇੱਕ ਅਧਿਐਨ

*(ਪਿਛਲੇ ਸਫੇ ਦੀ ਬਾਕੀ)*

ਕਖਾਈ॥ ਹਥਿ ਛੁਰੀ ਜਗਤ ਕਾਸਾਈ॥ ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥ ਮਲੇਛ ਧਾਨੁ ਲੇ ਪੂਜਹਿ ਪੁਰਾਣੁ॥" (ਪੰਨਾ 472) ਇਸ ਦੇ ਨਾਲ ਹੀ ਮਨੁੱਖ ਨੂੰ ਹੱਕ-ਸੱਚ ਦੀ ਸੱਚੀ ਸੁੱਚੀ ਕਮਾਈ ਕਰਨ ਅਤੇ ਉਸ ਨੂੰ ਲੋੜਵੰਦਾਂ ਨਾਲ ਵੰਡ ਕੇ ਖਾਣ ਦੀ ਪ੍ਰੇਰਨਾ ਕੀਤੀ ਹੈ, ਕਿਉਂਕਿ ਅਜਿਹੀ ਕਮਾਈ ਹੀ ਸਾਰਥਕ ਹੁੰਦੀ ਹੈ, "ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ॥" (ਪੰਨਾ 472)

ਗੁਰੂ ਨਾਨਕ ਦੇਵ ਵੱਲੋਂ ਸਥਾਪਤ ਕੀਤਾ ਗਿਆ ਧਰਮ ਸਮਾਜਕ ਅਤੇ ਸਮੁੱਚੇ ਜੀਵਨ ਨਾਲ ਸਬੰਧਿਤ ਧਰਮ ਹੈ, ਜਿਸ ਵਿਚ ਪਰਿਵਾਰ, ਸਮਾਜ ਅਤੇ ਇਸਤਰੀ ਦੇ ਤਿਆਗ ਨੂੰ ਕੋਈ ਸਥਾਨ ਪ੍ਰਾਪਤ ਨਹੀਂ ਹੈ। ਜਿਵੇਂ ਸ਼ੁਰੂ ਵਿਚ ਹੀ ਸੰਕੇਤ ਕੀਤਾ ਸੀ ਕਿ ਧਾਰਮਿਕ ਮਨੁੱਖ ਨੂੰ ਸੰਸਾਰ ਵਿਚ ਸ਼ਮੂਲੀਅਤ ਸਮਾਜ ਵਿਚ ਦਇਆ ਅਤੇ ਸੇਵਾ ਰਾਹੀਂ ਕਰਨੀ ਚਾਹੀਦੀ ਹੈ, ਇਸ ਲਈ ਗੁਰੂ ਨਾਨਕ ਅਨੁਸਾਰ ਇਸਤਰੀ ਸਮਾਜ ਦਾ ਅਹਿਮ ਅੰਗ ਹੈ। ਇਸਤਰੀ ਸਮਾਜ ਦੀ ਚੂਲ ਹੈ, ਜਿਸ ਤੋਂ ਬਿਨਾ ਸਮਾਜ ਦੀ ਹੋਂਦ ਹੀ ਸੰਭਵ ਨਹੀਂ ਹੈ। ਇਸਤਰੀ ਤੋਂ ਹੀ ਸਮਾਜ ਅੱਗੇ ਚਲਦਾ ਹੈ। ਵੱਡੇ ਤੋਂ ਵੱਡਾ, ਮਹਾਨ ਤੋਂ ਮਹਾਨ ਪੁਰਸ਼ ਵੀ ਇਸ ਸੰਸਾਰ 'ਤੇ ਇਸਤਰੀ ਤੋਂ ਹੀ ਜਨਮ ਲੈਂਦਾ ਹੈ। ਇੱਕ ਅਕਾਲ ਪੁਰਖ ਹੀ ਹੈ, ਜਿਸ ਦੀ ਹੋਂਦ ਆਪਣੇ ਆਪ ਤੋਂ ਹੈ; ਫਿਰ ਇਸਤਰੀ ਨੂੰ ਦੁਰਕਾਰਿਆ ਜਾਂ ਛੁਟਿਆਇਆ ਕਿਵੇਂ ਜਾ ਸਕਦਾ ਹੈ? "ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥ ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥" (ਪੰਨਾ 473) ਉਸ ਨੂੰ ਵੀ ਪੁਰਸ਼ ਵਾਂਗ ਹੀ ਸਮਾਜਕ ਤੇ ਅਧਿਆਤਮਕ ਹੱਕ ਪ੍ਰਾਪਤ ਹਨ। ਪਰਮਾਤਮਾ ਦੀ ਨਜ਼ਰ ਵਿਚ ਕੋਈ ਵੀ ਇਸਤਰੀ ਜਾਂ ਪੁਰਸ਼ ਛੋਟਾ ਜਾਂ ਵੱਡਾ, ਉਚਾ ਜਾਂ ਨੀਵਾਂ ਨਹੀਂ ਹੈ। ਮਨੁੱਖ ਦੀ ਉਚਾ ਜਾਂ ਨੀਵਾਂ, ਛੋਟਾ ਜਾਂ ਵੱਡਾ ਹੋਣ ਦੀ ਪਛਾਣ ਇਸ ਤੱਥ ਤੋਂ ਹੋਣੀ ਹੈ ਕਿ ਉਹ ਜੀਵਨ 'ਚ ਕਿੰਨਾ ਕੁ ਸੱਚ ਦਾ ਅਨੁਸਾਰੀ ਹੋ ਕੇ, ਉਸ ਦੇ ਹੁਕਮ ਦੀ ਪਛਾਣ ਕਰਕੇ ਜਿਉਂ ਰਿਹਾ ਹੈ।

ਗੁਰੂ ਨਾਨਕ ਸਾਹਿਬ ਵੱਲੋਂ ਇਹ ਕੋਈ ਦੂਜੇ ਧਰਮਾਂ ਬਾਰੇ ਦਿੱਤੇ ਬਿਆਨ ਨਹੀਂ ਹਨ, ਪਰ ਇਹ ਉਨ੍ਹਾਂ ਦੇ ਆਪਣੇ ਧਾਰਮਿਕ ਅਤੇ ਅਧਿਆਤਮਕ ਦ੍ਰਿਸ਼ਟੀਕੋਣ ਬਾਰੇ ਬਿਆਨ ਹੈ। ਇਥੋਂ ਤੱਕ ਕਿ ਜੇ ਗੁਰੂ ਨਾਨਕ ਦੇਵ ਦੇ ਆਪਣੇ ਸਿੱਖ ਵੀ ਸਿੱਖ ਧਰਮ ਪ੍ਰਤੀ ਕੱਟੜਵਾਦੀ ਪਹੁੰਚ ਦੀਆਂ ਸੱਤਾਤਮਕ ਹੋਂਦ ਸਬੰਧੀ ਰੁਕਾਵਟਾਂ ਭੁਗਤਦੇ ਹਨ, ਸਿਧਾਂਤ ਉਨ੍ਹਾਂ ਨੂੰ ਇਸ ਦੀ ਆਗਿਆ ਨਹੀਂ ਦਿੰਦਾ। ਭਾਵ ਆਸਾ ਦੀ ਵਾਰ ਵਿਚ ਧਰਮ ਪ੍ਰਤੀ ਦਿੱਤਾ ਹੋਇਆ ਸਿਧਾਂਤ ਸਿੱਖ ਧਰਮ ਨੂੰ ਮੰਨਣ ਵਾਲਿਆਂ 'ਤੇ ਵੀ ਉਵੇਂ ਹੀ ਲਾਗੂ ਹੁੰਦਾ ਹੈ। ਰਹਿਤ ਮਰਿਆਦਾ ਦੀ ਪ੍ਰਮਾਣਕ ਵਿਆਖਿਆ ਅਧਿਆਤਮਕਤਾਹੀਣ ਚਿੰਨ੍ਹਾਂ ਦੀ ਆਗਿਆ ਨਹੀਂ ਦਿੰਦੀ। ਧਾਰਮਿਕ ਚਿੰਨ੍ਹ ਦਾ ਪਹਿਨਣਾ ਮਨੁੱਖ ਦੇ ਅੰਦਰਲੀ ਅਧਾਰਮਿਕਤਾ ਦਾ ਕਵਚ ਨਹੀਂ ਹੈ। ਮਨੁੱਖ ਦੀ ਅਸਲੀ ਯੋਗਤਾ, ਉਤਮੱਤਾ ਉਸ ਅੰਦਰਲੇ ਗੁਣਾਂ ਦਇਆ, ਸੰਤੋਖ, ਸੰਜਮ, ਪਰਉਪਕਾਰ ਆਦਿ ਦੀ ਵਰਤੋਂ ਰਾਹੀਂ ਹੀ ਮਾਪੀ ਜਾਣੀ ਹੈ। ਗੁਰੂ ਨਾਨਕ ਵੱਲੋਂ ਦਿੱਤਾ ਸਿਧਾਂਤ ਕਿਸੇ ਵੀ ਧਾਰਮਿਕ ਪਰੰਪਰਾ, ਧਾਰਮਿਕ ਕਹੇ ਜਾਣ ਵਾਲੇ ਮਨੁੱਖ ਅਤੇ ਹਰ ਸਮੇਂ ਤੇ ਸਥਾਨ 'ਤੇ ਲਾਗੂ ਹੁੰਦਾ ਹੈ।

###

# ਸੰਤ ਭਿੰਡਰਾਂਵਾਲੇ ਦੇ ਰੂ-ਬ-ਰੂ 1984 ਦੀ ਪੱਤਰਕਾਰੀ

ਐਤਕੀਂ ਪਹਿਲੀ ਵਾਰ ਹਿੰਦੁਸਤਾਨ ਜਾਣ ਦਾ ਕੋਈ ਚਾਅ ਸੀ। ਕਾਰਨ ਸੀ, ਕਈ ਅਜ਼ੀਜ਼ਾਂ ਨੂੰ ਮਿਲਣਾ ਅਤੇ ਪੁਸਤਕਾਂ ਖਰੀਦਣੀਆਂ ਜਿਨ੍ਹਾਂ ਵਿਚੋਂ ਜਸਪਾਲ ਸਿੰਘ ਸਿੱਧੂ ਦੀ 'ਸੰਤ ਭਿੰਡਰਾਂਵਾਲੇ ਦੇ ਰੂ-ਬ-ਰੂ 1984 ਦੀ ਪੱਤਰਕਾਰੀ' ਮੁੱਖ ਸੀ। ਮੈਨੂੰ ਯਕੀਨ ਸੀ ਕਿ ਇਹ ਪੁਸਤਕ ਉਸ ਸਮੇਂ ਦੇ ਵਰਤਾਰਿਆਂ ਨੂੰ ਪੂਰੀ ਇਮਾਨਦਾਰੀ ਨਾਲ ਬਿਆਨ ਕਰੇਗੀ। ਇਸ ਦਾ ਪਹਿਲਾ ਕਾਰਨ ਹੈ ਕਿ ਹੁਣ ਤੱਕ ਜੂਨ 84 ਬਾਰੇ ਉਨ੍ਹਾਂ ਲਿਖਿਆ ਜਿਨ੍ਹਾਂ ਨੂੰ ਕਲਮ ਤੇ ਚਸ਼ਮਾ ਕੇਂਦਰੀ ਸਰਕਾਰ ਨੇ ਮੁਹੱਈਆ ਕਰਵਾਇਆ ਸੀ ਅਤੇ ਉਸ ਚਸ਼ਮੇ ਦੀ ਖਾਸੀਅਤ ਸੀ ਕਿ ਉਸ ਵਿਚੋਂ ਦਿੱਲੀ ਬੈਠਿਆਂ ਹੀ ਪੰਜਾਬ ਦਿਸਦਾ ਸੀ। ਦੂਜਾ ਕਾਰਨ, ਲੇਖਕ ਦੇ ਹੱਥ ਜਦੋਂ ਵੀ ਕਲਮ ਆਈ ਤਾਂ ਇਸ ਦੀ ਵਰਤੋਂ ਉਸ ਨੇ ਸਿੱਖ ਵਜੋਂ ਕਰਨ ਦੀ ਕੋਸ਼ਿਸ਼ ਕੀਤੀ ਤੇ ਮੌਜੂਦਾ ਹਾਲਾਤ ਉਸ ਨੂੰ ਬਗੈਰ ਚਸ਼ਮੇ ਦੇ ਵੀ ਸਪੱਸ਼ਟ ਨਜ਼ਰ ਆ ਗਏ। ਤੀਜਾ ਕਾਰਨ ਸੀ, ਉਨ੍ਹਾਂ ਲੋਕਾਂ ਦਾ ਲੇਖਕ ਦੀ ਸਵੈਪੜਚੋਲ ਤੇ ਹਸਤਾਖਰ (ਅਸਰ) ਜਿਹੜੇ ਸਾਢੇ

**ਗੁਰਜੀਤ ਕੌਰ**
**ਫੋਨ: 713-469-2474**

ਤਿੰਨ ਦਹਾਕਿਆਂ ਤੋਂ ਲੇਖਕ ਜਿੰਨੇ ਹੀ ਗਮਜ਼ਦਾ ਹਨ।

ਪੁਸਤਕ ਵਿਚ ਲੇਖਕ ਨੇ ਸਪਸ਼ਟ ਕਰ ਦਿੱਤਾ ਕਿ ਕਿਸੇ ਵੀ ਵਰਤਾਰੇ ਨੂੰ ਬਿਆਨਣ ਲਈ ਇਮਾਨਦਾਰ ਦ੍ਰਿਸ਼ਟੀਕੋਣ ਦੀ ਕਿੰਨੀ ਲੋੜ ਹੁੰਦੀ ਹੈ। ਲੇਖਕ ਨੇ ਸਾਫਗੋਈ ਨਾਲ ਉਸ ਸਮੇਂ ਵਾਪਰਦੀਆਂ ਰੋਜ਼ਾਨਾ ਘਟਨਾਵਾਂ ਨੂੰ ਅਦ੍ਰਿਸ਼ ਲੋਕ ਅਦਾਲਤ ਵਿਚ ਪੇਸ਼ ਕੀਤਾ ਹੈ ਤਾਂ ਜੋ ਜਿਸ ਦਾ ਮਨ ਹੈ, ਉਹ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੋਂ ਆਪਣੀ ਜ਼ਹਿਨੀਅਤ ਵਿਚ ਪਲਦੇ ਭਰਮ-ਭੁਲੇਖਿਆਂ ਨੂੰ ਕੱਢੇ ਅਤੇ ਹਕੀਕਤ ਨੂੰ ਕਬੂਲਣ ਦੀ ਜੁਰਅਤ ਕਰੇ।

ਪੁਸਤਕ ਪੜ੍ਹਨ ਤੋਂ ਬਾਅਦ ਪਾਠਕ ਨੂੰ 'ਜੋ ਹੋਇਆ' ਦੀ ਤਾਂ ਬਾਖੂਬੀ ਜਾਣਕਾਰੀ ਮਿਲਦੀ ਹੀ ਹੈ, 'ਕਿਸ ਤਰ੍ਹਾਂ ਹੋਇਆ', ਇਸ ਦੇ ਸੰਕੇਤ ਵੀ ਬਾਖੂਬੀ ਦੇ ਕੇ ਇਹ ਪ੍ਰਤੱਖ ਕਰਵਾ ਦਿੱਤਾ ਗਿਆ ਹੈ ਕਿ ਸੱਤਾ 'ਤੇ ਕਬਜ਼ੇ ਦਾ ਜਨੂੰਨ ਹੱਡ-ਮਾਸ ਦੇ ਕਿਸੇ ਵੀ ਪੁਤਲੇ ਨੂੰ ਵਹਿਸ਼ਤ ਦੀਆਂ ਸਾਰੀਆਂ ਹੱਦਾਂ ਪਾਰ ਕਰਵਾ ਕੇ ਉਸ ਨੂੰ ਇਨਸਾਨ ਤੋਂ ਹੈਵਾਨ ਵਿਚ ਕਦੋਂ ਤਬਦੀਲ ਕਰ ਦੇਵੇ, ਪਤਾ ਹੀ ਨਹੀਂ ਲਗਦਾ।


ਜਸਪਾਲ ਸਿੰਘ ਸਿੱਧੂ ਨੇ ਇਸ ਪੁਸਤਕ ਦੀ ਭੂਮਿਕਾ ਕਿਸੇ ਹੋਰ ਤੋਂ ਨਹੀਂ ਲਿਖਵਾਈ, ਜਿਸ ਤੋਂ ਸਾਬਤ ਹੁੰਦਾ ਹੈ ਕਿ ਲੇਖਕ ਅੱਗੇ ਉਸ ਦਾ ਮੰਤਵ ਸਪਸ਼ਟ ਹੈ ਤੇ ਉਸ ਲਈ ਕਿਸੇ ਦੀ ਨਾਰਾਜ਼ਗੀ ਜਾਂ ਰਜ਼ਾਮੰਦੀ ਬਿਲਕੁਲ ਬੇਅਰਥ ਹੈ। ਪੜ੍ਹਾਈ ਦੌਰਾਨ ਕਿਸੇ ਜਮਾਤ ਵਿਚ 'ਜੱਗ ਬੀਤੀ ਹੱਡ ਬੀਤੀ' ਦੇ ਸਿਰਲੇਖ ਹੇਠ ਇਕ ਪੁਸਤਕ ਪੜ੍ਹੀ ਸੀ। ਇਸ ਸਿਰਲੇਖ ਦਾ ਇੰਨਾ ਡੂੰਘਾ ਮਤਲਬ ਵੀ ਹੋ ਸਕਦਾ ਸੀ, ਜਸਪਾਲ ਸਿੰਘ ਸਿੱਧੂ ਦੀ ਕਲਮ ਨੇ ਦਸ ਦਿੱਤਾ ਹੈ। 'ਸੰਤ ਭਿੰਡਰਾਂਵਾਲੇ ਦੇ ਰੂਬਰੂ...' ਉਸੇ ਸਿਰਲੇਖ ਦੀ ਤਰਜਮਾਨੀ ਹੈ।

ਤਿੰਨ ਦਹਾਕਿਆਂ ਤੋਂ ਲੋਕ ਦਰਬਾਰ ਸਾਹਿਬ 'ਤੇ ਵਾਪਰੇ ਜ਼ੁਲਮ ਨੂੰ ਬੜੇ ਹੀ ਗਿਣੇ ਮਿੱਥੇ ਤੇ ਰੱਟੇ ਰਟਾਏ ਵਾਰਤਾਲਾਪ ਤੇ ਸੁੰਗੜੇ ਜਿਹੇ ਦ੍ਰਿਸ਼ਟੀਕੋਣ ਰਾਹੀਂ ਬਿਆਨ ਕਰ ਰਹੇ ਹਨ। ਲੇਖਕ ਨੇ ਇਸ ਵਰਤਾਰੇ ਨੂੰ ਨਾ ਸਿਰਫ 'ਕੀ ਹੋਇਆ' ਨਹੀਂ ਸਗੋਂ 'ਕਿਉਂ ਹੋਇਆ' ਦੇ ਪ੍ਰਸੰਗ ਹੇਠ ਬਿਆਨਣ ਦੀ ਕੋਸ਼ਿਸ਼ ਕੀਤੀ ਹੈ। ਇਸ ਕਰਕੇ ਇਸ ਪੁਸਤਕ ਨੂੰ ਖੋਲ੍ਹਣ ਲੱਗਿਆਂ ਇਹ ਜ਼ਰੂਰੀ ਹੈ ਕਿ ਆਪਣੇ ਆਪ ਨੂੰ ਫਿਰਕਿਆਂ, ਜਾਤਾਂ ਤੇ ਕੌਮਾਂ ਦੇ ਬੰਧਨਾਂ ਤੋਂ ਮੁਕਤ ਕਰਕੇ ਨਿਰਪੱਖ ਪਾਠਕ ਵਜੋਂ ਪੜ੍ਹਿਆ ਜਾਵੇ ਤਾਂ ਜੋ ਰਾਸ਼ਟਰਵਾਦ, ਦੇਸ਼ ਭਗਤੀ, ਅਹਿੰਸਾ, ਧਰਮ ਨਿਰਪੇਖਤਾ, ਏਕਤਾ, ਅਖੰਡਤਾ ਦੇ ਸਰਕਾਰੀ ਮਤਲਬ ਸਮਝ ਆ ਸਕਣ।

ਹੁਣ ਪੁਸਤਕ ਖੋਲ੍ਹੀਏ। ਹਿੰਦੁਸਤਾਨ ਫੇਰੀ ਦੌਰਾਨ ਮੈਂ ਜਿਨ੍ਹਾਂ ਨੂੰ ਮਿਲ ਸਕੀ, ਉਨ੍ਹਾਂ ਵਿਚੋਂ ਇਕ ਸਨ ਭਾਈਆ ਜੀ (ਲੇਖਕ ਜਸਵੰਤ ਸਿੰਘ ਕੰਵਲ); ਤੇ ਪੁਸਤਕ ਬਾਰੇ ਵਿਚਾਰ ਚਰਚਾ ਉਨ੍ਹਾਂ ਦੀ ਪੁਸਤਕ ਦਾ ਸਹਾਰਾ ਲੈ ਕੇ ਹੀ ਕਰਨੀ ਸੋਭਦੀ ਹੈ। ਉਹ ਲਿਖਦੇ ਹਨ ਕਿ ਚੁਆਤੀ ਭਾਂਬੜ ਦੀ ਮਾਂ ਹੁੰਦੀ ਹੈ। ਇਹੀ ਤੱਥ ਲੇਖਕ ਨੇ ਪ੍ਰਮਾਣਿਕਤਾ ਸਹਿਤ ਆਪਣੀ ਪੁਸਤਕ ਵਿਚ ਪੇਸ਼ ਕੀਤਾ ਹੈ ਕਿ ਜੂਨ 1984 ਵਿਚ ਸੰਤਾਂ ਦਾ ਸਿੱਖ ਨੇਤਾ ਦੇ ਤੌਰ 'ਤੇ ਉਭਰਨਾ, ਅਕਾਲੀ ਮੋਰਚੇ ਦੀ ਲਾਮਬੰਦੀ, ਹਥਿਆਰਾਂ ਦੀ ਮੌਜੂਦਗੀ, ਅਕਾਲ ਤਖਤ ਦਾ ਢਹਿ ਢੇਰੀ ਹੋਣਾ, ਦਰਬਾਰ ਸਾਹਿਬ ਦੇ ਵਰਾਂਡਿਆਂ ਵਿਚ ਲਾਸ਼ਾਂ ਦਾ ਵਿਛਿਆ ਹੋਣਾ, ਅਰਬਾਂ-ਖਰਬਾਂ ਦੀ ਸੰਪਤੀ ਦਾ ਵਿਨਾਸ਼, ਪੰਜਾਬ ਦਾ ਅੰਨ੍ਹੇ ਖੂਹ ਵਿਚ ਡਿੱਗ ਪੈਣਾ, ਤਾਨਾਸ਼ਾਹੀ, ਇਹ ਸਭ ਉਸ ਚੁਆਤੀ ਦੇ ਨਤੀਜੇ ਸਨ, ਜੋ ਉਸ ਰੋਟੀ ਕਮਾਉਣ ਦੇ ਜ਼ਰੀਏ ਨੇ ਲਾਈ ਜਿਸ ਨੂੰ ਪੱਤਰਕਾਰੀ ਕਿਹਾ ਜਾਂਦਾ ਹੈ।

ਸੰਤਾਂ ਦੇ ਆਪਣੇ ਬਚਨ ਇਸ ਪੁਸਤਕ ਵਿਚ ਦਰਜ ਹਨ ਕਿ ਅਖਬਾਰ ਕੋਈ ਰੱਬੀ ਬਾਣੀ ਨਹੀਂ। ਇਹ ਤਾਂ ਕੁਝ ਲੋਕਾਂ ਦੀ ਪੇਟ ਪੂਰਤੀ ਦਾ ਸਾਧਨ ਹੈ। ਇਥੋਂ ਤੱਕ ਕਿ ਪੱਤਰਕਾਰਾਂ ਨੇ ਆਪ ਹੀ ਪ੍ਰਕਾਸ਼ਕਾਂ ਦੀ ਮਨਮਾਨੀ ਨੂੰ 'ਗਟਰ ਪ੍ਰੈੱਸ' ਦੇ ਵਿਸ਼ੇਸ਼ਣ ਨਾਲ ਸੰਬੋਧਿਤ ਕੀਤਾ। ਜਿਸ ਤਰ੍ਹਾਂ ਸਿੱਖਾਂ ਦੇ ਸਿਰ ਸਰਕਾਰੀ ਮਹਿਕਮੇ ਵਿਚ ਤਰੱਕੀਆਂ ਲੈਣ ਦਾ ਜ਼ਰੀਆ ਬਣ ਰਹੇ ਸਨ, ਉਸੇ ਤਰ੍ਹਾਂ ਪੱਤਰਕਾਰ ਅਖਵਾਉਣ ਲਈ ਵੱਧ ਤੋਂ ਵੱਧ ਕੂੜ ਪ੍ਰਚਾਰ ਕਰ ਸਕਣ ਦੀ ਕਾਬਲੀਅਤ ਹੀ ਕਾਫੀ ਸੀ।

ਪੂਰੀ ਕੌਮ ਹਰ ਸਾਲ ਜੂਨ ਦੇ ਮਹੀਨੇ ਉੱਭੇ ਸਾਹ ਲੈਂਦੀ ਹੈ ਪਰ ਸਿੱਖਾਂ ਅੰਦਰੋਂ ਇਹ ਭੁਲੇਖਾ ਵੀ ਲੇਖਕ ਨੇ ਕੱਢਿਆ ਹੈ ਕਿ ਇਹ ਕਾਰਾ ਤਾਂ ਕਿਤੇ ਪਹਿਲਾਂ ਹੋ ਜਾਣਾ ਸੀ, ਪਰਜਾਤੰਤਰ ਨੇ ਤਾਂ ਤੋਪਾਂ-ਟੈਂਕ ਕਦੋਂ ਦੇ ਤਿਆਰ ਕਰ ਲਏ ਸਨ, ਪਰ ਰੱਬੀਂ ਸਾਰੇ ਸਰਕਾਰੀ ਅਫਸਰਾਂ ਦੀ ਜ਼ਮੀਰ ਨਹੀਂ ਸੀ ਮਰ ਗਈ। ਇਹੀ ਕਾਰਨ ਸੀ, ਤਰੀਕਾਂ ਅੱਗੇ ਪਿੱਛੇ ਹੋਣ ਦਾ। ਅਖਬਾਰਾਂ ਦੀਆਂ ਸਤਰਾਂ ਨੇ ਇਕ




ਪਾਸੇ ਤਾਂ ਸੱਤਾਧਾਰੀਆਂ ਨੂੰ ਪੰਜਾਬ 'ਤੇ ਗੈਰ ਮਨੁੱਖੀ ਕਦਮ ਚੁੱਕਣ ਨੂੰ ਪ੍ਰੇਰਿਆ, ਦੂਜੇ ਪਾਸੇ ਆਮ ਲੋਕਾਂ ਵਿਚ ਸਿੱਖਾਂ ਨੂੰ ਦਹਿਸ਼ਤਗਰਦਾਂ ਵਜੋਂ ਪ੍ਰਚਾਰਿਆ।

ਪੁਸਤਕ ਪੜ੍ਹਦਿਆਂ ਇਸ ਜਮਾਤ ਦੀ ਮੱਕਾਰੀ ਦੇ ਕਈ ਨਮੂਨੇ ਮਿਲਦੇ ਹਨ। ਜਿਸ ਤਰ੍ਹਾਂ ਇਕ ਅਣਭੋਲ ਬੱਚੇ ਦੀ ਹਥਿਆਰ ਸਾਫ ਕਰਦੇ ਦੀ ਫੋਟੋ ਖਿੱਚ ਕੇ ਉਸ ਨੂੰ ਅਤਿਵਾਦੀ ਤੇ ਅਕਾਲ ਤਖਤ ਨੂੰ ਹਥਿਆਰਾਂ ਦੇ ਜ਼ਖੀਰੇ ਵਜੋਂ ਮਸ਼ਹੂਰ ਕਰ ਦੇਣਾ। ਇਕ ਸਰਕਾਰੀ ਮੁਲਾਜ਼ਮ, ਜੋ ਦੁਕਾਨ 'ਤੇ ਚਾਹ ਪੀ ਰਿਹਾ ਹੈ, ਉਸ ਦੇ ਅਗਵਾ ਹੋਣ ਦੀ ਖਬਰ ਛਾਪ ਦੇਣਾ। ਜੇ ਕੋਈ ਪੁੱਛਣ ਵਾਲਾ ਹੋਵੇ ਕਿ ਨਿਰਦੋਸ਼ ਜੁਆਨਾਂ, ਬਜ਼ੁਰਗਾਂ ਤੇ ਮਾਸੂਮ ਬੱਚਿਆਂ ਨੂੰ ਕੋਹ-ਕੋਹ ਕੇ ਮਾਰਨਾ ਕਿਹੜੀ ਭਲੀ ਸਭਿਅਤਾ ਦੀ ਨਿਸ਼ਾਨੀ ਹੈ ਤੇ ਇਸ ਦੀ ਨਿਖੇਧੀ ਨਾ ਕਰਕੇ ਇਸ ਨੂੰ ਵਡਿਆਉਣਾ ਪੱਤਰਕਾਰਾਂ ਦੀ ਅਣਮਨੁੱਖੀ ਜ਼ਹਿਨੀਅਤ ਨਹੀਂ ਤਾਂ ਹੋਰ ਕੀ ਹੈ?

ਹੁਣ ਸੁਆਲ ਉਠਦਾ ਹੈ ਕਿ ਲੇਖਕ ਤਾਂ ਆਪ ਵੀ ਉਸ ਸਮੇਂ ਦੌਰਾਨ ਸਰਗਰਮ ਪੱਤਰਕਾਰ ਸੀ, ਫਿਰ ਕਿਉਂ ਇਸ ਦੌੜ ਵਿਚ ਸ਼ਾਮਿਲ ਹੋਣ ਤੋਂ ਗੁਰੇਜ਼ ਕਰ ਰਿਹਾ ਹੈ? ਅਸਲ ਵਿਚ ਪੁਸਤਕ ਨੂੰ ਲੇਖਕ ਦੀ ਆਤਮ ਕਥਾ ਵੀ ਕਿਹਾ ਜਾ ਸਕਦਾ ਹੈ ਜਿਸ ਨੂੰ ਲਿਖਣ ਲਈ ਪੂਰੀ ਉਮਰ ਦੇ ਤਜਰਬੇ ਦੀ ਲੋੜ ਨਹੀਂ। ਉਸ ਦੀ ਰਹਿੰਦੀ ਉਮਰ ਦਾ ਹਰ ਪੜਾਅ 84 ਦੇ ਤਜਰਬੇ ਨਾਲ ਬੱਝਾ ਹੋਵੇਗਾ। ਜਿਥੇ ਬਾਕੀ ਪੱਤਰਕਾਰਾਂ ਲਈ ਸੰਨ 84 ਸਿਰਫ ਘਟਨਾ-ਮਾਤਰ ਹੈ, ਉਥੇ ਲੇਖਕ ਲਈ ਇਹ ਸਾਕਾ ਇਨਸਾਨੀਅਤ ਦੀ ਮੌਤ, ਸਭਿਅਤਾ ਦਾ ਵਿਨਾਸ਼, ਸਿੱਖੀ ਸੰਕਲਪ ਨੂੰ ਢਾਹ, ਗੁਰੂ ਦੀ ਬੇਅਦਬੀ ਤੇ ਮੁਲਕ ਦੇ ਅਖੌਤੀ ਅਹਿੰਸਾਵਾਦ ਦੀ ਨੁਮਾਇਸ਼ ਹੈ, ਜਿਸ ਲਈ ਉਹ ਕੇਵਲ ਤਨਖਾਹ ਹੀ ਨਹੀਂ ਸਗੋਂ ਮਾਨਸਿਕ ਤਣਾਓ ਵੀ ਖੱਟ ਰਿਹਾ ਹੈ।

ਗਹੁ ਨਾਲ ਦੇਖ ਕੇ ਜੇ ਲੇਖਕ ਨੂੰ ਲੇਖਕ ਨਾ ਕਹਿ ਕੇ 84 ਦੇ ਰੰਗ ਮੰਚ ਦਾ ਸੂਤਰਧਾਰ ਕਿਹਾ ਜਾਵੇ ਤਾਂ ਅਤਿਕਥਨੀ ਨਹੀਂ ਹੋਵੇਗੀ। ਪੁਸਤਕ ਦੇ ਸਫਿਆਂ 'ਤੇ ਕਿਰਦਾਰ ਵਿਚਰਦੇ ਹਨ। ਹਰ ਕਿਰਦਾਰ ਆਪਣੀ ਵਾਰੀ ਆਉਣ 'ਤੇ ਆਪਣੇ ਵਿਚਾਰ ਪੇਸ਼ ਕਰਦਾ ਹੈ ਤਾਂ ਜੋ ਦਰਸ਼ਕ ਨਾਟਕਕਾਰ ਦਾ ਪ੍ਰਸੰਗ ਸਮਝ ਸਕਣ। ਮਸਲਨ ਜੇ ਇਕ ਪਾਸੇ ਪੱਤਰਕਾਰਾਂ ਦੀ ਗੱਲਬਾਤ ਰਾਹੀਂ ਉਨ੍ਹਾਂ ਦੀ ਮਾਨਸਿਕ ਗਿਰਾਵਟ ਬਾਰੇ ਪਤਾ ਲੱਗ ਰਿਹਾ ਹੈ ਤਾਂ ਦੂਸਰੇ ਪਾਸੇ ਅਕਾਲ ਤਖਤ ਵਿਚ ਵਿਚਰ ਰਹੇ ਮਰਜੀਵੜਿਆਂ ਨਾਲ ਉਸ ਦੀ ਗੱਲਬਾਤ ਸ਼ਹੀਦਾਂ ਦੇ ਨਿਰਦੋਸ਼ ਹੋਣ ਦਾ ਸਬੂਤ ਪੇਸ਼ ਕਰ ਰਹੀ ਹੈ।

ਇਕ ਪਾਸੇ ਗੋਸ਼ਟੀਆਂ ਵਿਚ ਹਿੱਸਾ ਲੈ ਰਿਹਾ ਪੜ੍ਹਿਆ ਲਿਖਿਆ ਵਰਗ ਸੰਤਾਂ ਦੀ ਭੂਮਿਕਾ ਦੀ ਨਿਖੇਧੀ ਸਰਕਾਰੀ ਬੋਲੀ ਵਿਚ ਕਰ ਰਿਹਾ ਹੈ, ਦੂਜੇ ਪਾਸੇ ਇਕ ਧੜਾ ਸਰਕਾਰ ਦੀਆਂ ਕੋਝੀਆਂ ਚਾਲਾਂ ਤੋਂ ਬਾਖੂਬੀ ਜਾਣੂ ਹੈ ਤੇ ਖੂਨ ਦੇ ਹੰਝੂ ਵਹਾ ਰਿਹਾ ਹੈ। ਬਦਕਿਸਮਤੀ ਨਾਲ ਇਹ ਵਰਗ ਆਟੇ ਵਿਚ ਲੂਣ ਜਿੰਨਾ ਹੀ ਹੈ, ਜੋ ਇਸ ਵਹਿਸ਼ਤ ਦਾ ਮੁਲੰਕਣ ਬਹੁਤ ਵੱਡੇ ਦਾਇਰੇ ਵਿਚ ਕਰਦਾ ਹੈ। ਮਸਲਨ, ਬਾਬਾ ਗੁਰਦਿਆਲ ਸਿੰਘ ਸਿੱਧੀ ਪਾਸੋਂ ਪੂਰੇ ਭੂਗੋਲ ਦੀ ਰਾਜਨੀਤੀ ਫਰੋਲਣਾ। ਉਨ੍ਹਾਂ ਦੀ ਗੱਲਬਾਤ ਤੋਂ ਪਤਾ ਲੱਗਦਾ ਹੈ ਕਿ ਸਰਕਾਰਾਂ ਆਪਣੀ ਸਰਬਉਚਤਾ ਕਾਇਮ ਕਰਨ ਲਈ ਹਰ ਹੱਥਕੰਡਾ ਅਪਨਾਉਂਦੀਆਂ ਹਨ। ਪਹਿਲਾਂ ਵਰਗ ਵਿਸ਼ੇਸ਼ ਦੇ ਹੱਕਾਂ ਦਾ ਘਾਣ, ਫਿਰ ਉਸ 'ਤੇ ਝੂਠੀਆਂ ਤੋਹਮਤਾਂ, ਉਸ ਮਗਰੋਂ ਉਨ੍ਹਾਂ ਨੂੰ ਵਿਦਰੋਹ ਲਈ ਉਕਸਾਉਣਾ ਤੇ ਫਿਰ ਉਨ੍ਹਾਂ 'ਤੇ ਹਮਲਾ।

ਇਥੇ ਹੀ ਬਸ ਨਹੀਂ, ਜਮਹੂਰੀ ਸਰਕਾਰਾਂ ਆਪਣੇ ਤਾਨਾਸ਼ਾਹੀ ਰਵੱਈਏ ਨੂੰ ਸਮੇਂ ਦੀ ਮੰਗ ਤੇ ਆਖਰੀ ਇਲਾਜ ਦੱਸ ਕੇ ਲੋਕਾਂ ਤੋਂ ਹਮਦਰਦੀ ਹਾਸਲ ਕਰਨ ਵਿਚ ਮਾਹਰ ਹੁੰਦੀਆਂ ਹਨ ਤੇ ਪੰਜਾਬ ਵਿਚ ਵੀ ਇਹੀ ਦਾਅ ਵਰਤਿਆ ਗਿਆ। ਸਿੱਖਾਂ ਨੂੰ ਕੁਚਲਣ ਦੀ ਹਸਰਤ ਭਾਰਤ ਸਰਕਾਰ ਹਮੇਸ਼ਾ ਤੋਂ ਪਾਲੀ ਬੈਠੀ ਸੀ ਤੇ ਦਰਬਾਰ ਸਾਹਿਬ 'ਤੇ ਹਮਲਾ ਉਨ੍ਹਾਂ ਦੀ ਮਜਬੂਰੀ ਨਹੀਂ ਸਗੋਂ ਹਸਰਤ ਸੀ ਤੇ ਇਸ ਹਸਰਤ ਦੀ ਸੰਪੂਰਨਤਾ ਦੇ ਮਨਸੂਬੇ ਦਹਾਕਿਆਂ ਤੋਂ ਬਣ ਰਹੇ ਸਨ।

ਲੇਖਕ ਨੇ ਕੇਂਦਰ ਸਰਕਾਰ ਵਲੋਂ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਬਚਾਉਣ ਦੀ ਰਣਨੀਤੀ ਨੂੰ 'ਹਿੰਦੁਸਤਾਨ ਦਾ ਪੰਜਾਬ ਉਤੇ ਹਮਲਾ' ਵਜੋਂ ਬਿਆਨ ਕੀਤਾ ਹੈ ਤੇ ਪੋਲ ਖੋਲ੍ਹੀ ਹੈ, ਦੇਸ਼ ਦੀ ਅਖੰਡਤਾ ਨੂੰ ਬਚਾਉਣ ਦੇ ਉਸ ਢੰਗ ਦੀ ਜਿਸ ਨੂੰ ਵੇਖ ਕੇ ਅਬਦਾਲੀ ਵੀ ਗਸ਼ ਖਾ ਜਾਵੇ। ਦੂਜੇ ਪਾਸੇ ਅਮਨ ਦੀ ਬਹਾਲੀ ਸਿੱਖਾਂ ਦਾ ਮੂਲ ਮਕਸਦ ਸੀ ਤੇ ਹਥਿਆਰ ਚੁੱਕਣਾ ਉਨ੍ਹਾਂ ਦੀ ਮਜਬੂਰੀ। ਕਿਸੇ ਉਰਦੂ ਸ਼ਾਇਰ ਦੀਆਂ ਸਤਰਾਂ ਉਨ੍ਹਾਂ 'ਤੇ ਸਹੀ ਢੁੱਕਦੀਆਂ ਹਨ:

ਹਮ ਅਮਨ ਚਾਹਤੇ ਹੈਂ ਜ਼ੁਲਮ ਕੇ ਖਿਲਾਫ।
ਗਰ ਜੰਗ ਲਾਜ਼ਮੀ ਹੈ ਤੋ ਫਿਰ ਜੰਗ ਹੀ ਸਹੀ।

ਜੇ ਸਰਕਾਰ ਚਾਹੁੰਦੀ ਤਾਂ ਇਹ ਸਭ ਕੁਝ ਨਾ ਹੁੰਦਾ, ਪਰ ਸਰਕਾਰ ਨੇ ਇਹ ਸਭ ਕੁਝ ਕਰਨਾ ਹੀ ਸੀ। ਸੰਤ ਤਾਂ ਦਰਬਾਰ ਸਾਹਿਬ ਨੂੰ ਰਣਭੂਮੀ ਬਣਾਉਣ ਦਾ ਬਹਾਨਾ ਸਨ। ਬਾਬਾ ਸਿੱਧੀ ਵਲੋਂ 'ਮੈਕਾਰਥਿਜ਼ਮ' ਦੀ ਵਿਆਖਿਆ ਵੀ ਇਹੀ ਸਾਬਤ ਕਰਦੀ ਹੈ ਕਿ ਅਖੌਤੀ ਲੋਕਤੰਤਰ ਵਿਚ ਸਭ ਚਲਦਾ ਹੈ, ਫਿਰ ਭਾਵੇਂ ਸਰਕਾਰ ਬ੍ਰਾਹਮਣ ਦੀ ਹੋਵੇ, ਬਰਤਾਨਵੀ ਦੀ ਜਾਂ ਨਾਜ਼ੀ ਦੀ, ਕੋਈ ਫਰਕ ਨਹੀਂ ਪੈਂਦਾ।

ਦਸਮ ਪਾਤਸ਼ਾਹ ਨੇ ਜੰਗ ਦੇ ਮੈਦਾਨ ਦੇ ਹਾਲਾਤ ਕਦੇ ਇਉਂ ਕਲਮਬਧ ਕੀਤੇ ਸਨ:

ਤਰੱਕਾਰ ਤੀਰੋ ਤਰੰਗੇ ਕਮਾਂ
ਬਰਆਮਦ ਯਕੇ ਹਾਇ ਹੂ ਅਜ਼ ਜਹਾਂ।

ਟੈਂਕਾਂ ਦੀ ਗੜਗੜਾਹਟ, ਤੋਪਾਂ ਦੇ ਗੋਲੇ, ਮਸ਼ੀਨਗੰਨਾਂ ਦੀ ਤੜ-ਤੜ, ਪਲੀਤੇ ਦੇ ਭਾਂਬੜ, ਮਨੁੱਖੀ ਚੀਕਾਂ ਦਾ ਅਸਮਾਨ ਪਾੜੂ ਰੌਲਾ ਪੁਸਤਕ ਦੇ ਪੰਨਿਆਂ 'ਤੇ ਪ੍ਰਤੱਖ ਨਜ਼ਰ ਆਉਂਦਾ ਹੈ, ਤੇ ਲਗਦਾ ਹੈ ਕਿ ਬਾਦਸ਼ਾਹਤ ਜਿਸ ਦੀ ਮਰਜ਼ੀ ਹੋਵੇ, ਸਿੱਖ ਹਮੇਸ਼ਾ ਹੀ ਸਭ ਨੂੰ ਨਾਗਵਾਰ ਗੁਜ਼ਰਨਗੇ ਅਤੇ ਪਤਾ ਨਹੀਂ ਕਿੰਨੀਆਂ ਕੁ ਹੋਰ ਚਮਕੌਰ ਦੀਆਂ ਗੜ੍ਹੀਆਂ ਉਲੀਕੀਆਂ ਜਾਣਗੀਆਂ ਤੇ ਉਨ੍ਹਾਂ ਸਾਰੀਆਂ 'ਤੇ ਦਸਮ ਪਾਤਸ਼ਾਹ ਦਾ ਉਪਰੋਕਤ ਕਲਾਮ ਢੁਕਦਾ ਰਹੇਗਾ।

ਲੇਖਕ ਦੀ ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਉਸ ਨੇ ਇਹ ਪੁਸਤਕ ਬਿਨਾ ਕਿਸੇ ਪੱਖਪਾਤ ਦੇ ਲਿਖੀ ਹੈ। ਜੇ ਇਕ ਪਾਸੇ ਮੌਜੂਦਾ ਸਰਕਾਰ ਦੇ ਕੋਝੇ ਫੈਸਲੇ ਤੇ ਸ਼ਰਮਨਾਕ ਕਾਰਗੁਜ਼ਾਰੀਆਂ ਨੂੰ ਬਿਆਨਿਆ ਤਾਂ ਦੂਜੇ ਪਾਸੇ ਅਕਾਲੀ ਲੀਡਰਾਂ ਦੇ ਮੌਜੂਦਾ ਹਾਲਾਤ ਪ੍ਰਤੀ ਰਵੱਈਏ ਦੀ ਸੱਚਾਈ ਨੂੰ ਵੀ ਉਭਾਰਿਆ ਤਾਂ ਜੋ ਪਾਠਕ ਇਸ ਸਰਵਨਾਸ਼ ਵਿਚ ਉਨ੍ਹਾਂ ਦੀ ਭਾਈਵਾਲੀ ਤੇ ਸੁਆਰਥ ਨੂੰ ਵੀ ਸਮਝ ਸਕਣ। ਲੇਖਕ ਦੀ ਕਲਮ ਸਰਕਾਰ ਅਤੇ ਅਕਾਲੀ ਲੀਡਰਾਂ ਦੀਆਂ ਬੇਗੈਰਤੀਆਂ, ਜਿੰਨੀ ਦਲੇਰੀ ਨਾਲ ਕਲਮਬੱਧ ਕਰਦੀ ਜਾ ਰਹੀ ਹੈ, ਮਰਜੀਵੜਿਆਂ ਦਾ ਸਿਰੜ ਤੇ ਗੁਰੂ 'ਤੇ ਭਰੋਸਾ ਓਨਾ ਹੀ ਪ੍ਰਚੰਡ ਹੋ ਕੇ ਉਜਾਗਰ ਹੋ ਰਿਹਾ ਹੈ। ਮਿਸਾਲ ਵਜੋਂ ਸੁਰਿੰਦਰ ਸੋਢੀ ਦਾ ਕਤਲ ਤੇ ਸੰਤਾਂ ਦਾ ਉਸ ਘਟਨਾ ਬਾਰੇ ਪ੍ਰਤੀਕਰਮ, ਜਾਂ ਫਿਰ ਬ੍ਰਿਗੇਡੀਅਰ ਮਹਿੰਦਰ ਸਿੰਘ ਦੇ ਵਿਅੰਗ ਕੱਸਣ 'ਤੇ ਸੰਤਾਂ ਦਾ ਦਲੇਰਾਨਾ ਜੁਆਬ 'ਤੇਰੇ ਵਰਗੇ ਬਹੁਤ ਜਰਨੈਲ ਦੇਖੇ ਨੇ... ਜਾਓ ਆਪਣਾ ਕੰਮ ਕਰੋ।' ਸੰਤਾਂ ਨੂੰ ਇਹ ਵੀ ਭਰੋਸਾ ਸੀ ਕਿ ਜੇ ਸਰਕਾਰ ਕੋਈ ਕੋਝੀ ਹਰਕਤ ਕਰਦੀ ਹੈ ਤਾਂ ਚਮਕੌਰ ਦੀ ਗੜ੍ਹੀ ਦਾ ਇਤਿਹਾਸ ਮਰਜੀਵੜੇ ਦੁਹਰਾ ਦੇਣਗੇ।

ਪੁਸਤਕ ਵਿਚ ਕਿਤੇ ਵੀ ਦੇਖਣ ਨੂੰ ਨਹੀਂ ਮਿਲਦਾ ਕਿ ਕਿਸੇ ਹਿੰਸਕ ਗੱਲ ਦੀ ਸ਼ੁਰੂਆਤ ਸਿੰਘ ਆਪ ਕਰ ਰਹੇ ਹਨ। ਅਖੌਤੀ ਲੀਡਰਾਂ ਤੇ ਫੌਜ ਨੂੰ ਜਿੰਨੀ ਭਾਜੜ ਇਨ੍ਹਾਂ ਨੂੰ ਮਾਰ ਮੁਕਾਉਣ ਦੀ ਪਈ ਹੈ, ਮਰ ਮੁੱਕਣ ਵਾਲੇ ਓਨੀ ਹੀ ਸ਼ਿੱਦਤ ਨਾਲ ਗੁਰੂ ਦੇ ਹੁਕਮ ਨੂੰ ਪੁਗਾਉਣ ਲਈ ਤਿਆਰ ਵੱਟੀ ਬੈਠੇ ਹਨ। ਇਥੇ ਮੈਨੂੰ ਨੌਜੁਆਨ ਖਿਡਾਰੀ ਹਰਮਨਜੀਤ ਸਿੰਘ ਦੀਆਂ ਸਤਰਾਂ ਯਾਦ ਆਉਂਦੀਆਂ ਹਨ:

ਜਿੰਨੀ-ਜਿੰਨੀ ਵੈਰੀ ਅੱਤ ਚੱਕਣੀ,
ਓਨਾ-ਓਨਾ ਸਿਦਕਾਂ ਨੇ ਪੱਕਣਾ।

ਮੋਰਚੇ ਤੋਂ ਲੈ ਕੇ ਸੰਤਾਂ ਦੀ ਸ਼ਹੀਦੀ ਤੱਕ ਦਾ ਸਫਰ ਤਾਂ ਕਈ ਲਿਖਾਰੀਆਂ ਦੀਆਂ ਕਲਮਾਂ ਨੇ ਤੈਅ ਕੀਤਾ ਹੈ ਪਰ ਅਕਾਲ ਤਖਤ ਦੇ ਫਨਾਹ ਹੋ ਜਾਣ ਤੇ ਸਰਕਾਰੀ ਠੇਕੇਦਾਰਾਂ ਵਲੋਂ ਤਖਤ ਦੀ ਮੁੜ ਉਸਾਰੀ, ਸ਼ਹੀਦਾਂ ਦੇ ਸਿਵਿਆਂ 'ਤੇ ਪੱਕਦੀਆਂ ਸਿਆਸੀ ਰੋਟੀਆਂ, ਖਾੜਕੂ ਸਿੰਘਾਂ ਨੂੰ ਦਿਸ਼ਾਹੀਣ ਕਰਨ ਦੀ ਸਾਜ਼ਿਸ਼, ਸੰਤਾਂ ਦੇ ਜ਼ਿੰਦਾ ਹੋਣ ਦੀ ਅਫਵਾਹ ਮਗਰ ਸੱਚਾਈ ਆਦਿ ਤੱਥਾਂ ਨੂੰ ਜਸਪਾਲ ਸਿੰਘ ਸਿੱਧੂ ਨੇ ਬੇਬਾਕੀ ਨਾਲ ਬਿਆਨਿਆ ਹੈ।

ਕਿਤਾਬ ਦੀ ਖਾਸੀਅਤ ਹੀ ਇਹ ਹੈ ਕਿ ਹੁਣ ਤੱਕ ਕਿਤਾਬਾਂ ਦੂਜਿਆਂ ਦੇ ਬਿਆਨਾਂ ਦੇ ਆਧਾਰ 'ਤੇ ਲਿਖੀਆਂ ਗਈਆਂ ਪਰ ਇਹ ਕਿਤਾਬ ਕੋਈ ਕਥਾ ਕਹਾਣੀ ਨਾ ਹੋ ਕੇ ਘਟਨਾਕ੍ਰਮ ਦਾ ਵਿਸ਼ਲੇਸ਼ਣ


ਜਸਪਾਲ ਸਿੰਘ ਸਿੱਧੂ

ਹੈ ਜੋ ਲੇਖਕ, ਲੇਖਕ ਨਾ ਹੋ ਕੇ ਗਵਾਹ ਬਣ ਕੇ ਕਰ ਰਿਹਾ ਹੈ। ਇਹ ਵਿਸ਼ਲੇਸ਼ਣ ਸਪਸ਼ਟ ਕਰਦਾ ਹੈ ਕਿ ਕਿਸ ਤਰ੍ਹਾਂ ਆਪਣੇ ਸਮਝੇ ਜਾਣ ਵਾਲਿਆਂ ਲਈ ਮੋਰਚਾ ਸਿਰਫ ਸਿਆਸੀ ਚਾਲ ਤੇ ਸਿੱਖ ਕੌਮ ਪ੍ਰਤੀ ਵਿਸ਼ਵਾਸਘਾਤ ਸੀ। ਆਪਣਿਆਂ ਦੇ ਝੂਠੇ ਦਾਅਵਿਆਂ ਤੇ ਤਸੱਲੀਆਂ ਮਗਰ ਲੱਗ ਕੇ ਸਿੱਖ ਨੌਜੁਆਨਾਂ ਨੇ ਜਾਨਾਂ ਵਾਰ ਦਿੱਤੀਆਂ, ਜਿਸ ਤੋਂ ਜਾਹਰ ਹੈ ਕਿ ਜੂਨ 84 ਲਈ ਸਿਰਫ ਇਕ ਸਿਆਸੀ ਪਾਰਟੀ ਨੂੰ ਹੀ ਜ਼ਿੰਮੇਵਾਰ ਠਹਿਰਾਉਣਾ ਅਗਿਆਨਤਾ ਹੈ।

ਜਿਸ ਦਿਨ ਮੈਂ ਇਹ ਪੁਸਤਕ ਪੜ੍ਹਨੀ ਅਰੰਭ ਕੀਤੀ, ਸਬੱਬੀਂ ਉਸੇ ਦਿਨ ਹੀ ਸਿਰੀ ਰਾਗ ਵਿਚ ਪਹਿਲੇ ਪਾਤਸ਼ਾਹ ਦੀ ਬਾਣੀ ਪੜ੍ਹੀ ਜਿਸ ਵਿਚ ਗੁਰੂ ਸਾਹਿਬ ਨੇ ਮਨੁੱਖੀ ਜੀਵਨ ਦੇ ਚਾਰ ਪਹਿਰਾਂ ਦੀ ਗੱਲ ਕੀਤੀ ਸੀ। ਉਸ ਪਹਿਰ ਬਾਰੇ ਲਿਖਦੇ ਹਨ:

ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਲਾਵੀ ਆਇਆ ਖੇਤੁ॥

ਜਾ ਜਮਿ ਪਕੜਿ ਚਲਾਇਆ ਵਣਜਾਰਿਆ ਮਿਤ੍ਰਾ ਕਿਸੈ ਨ ਮਿਲਿਆ ਭੇਤੁ॥

ਭੇਤੁ ਚੇਤੁ ਹਰਿ ਕਿਸੈ ਨ ਮਿਲਿਓ ਜਾ ਜਮਿ ਪਕੜਿ ਚਲਾਇਆ॥

ਝੂਠਾ ਰੁਦਨੁ ਹੋਆ ਦੁੋਆਲੈ ਖਿਨ ਮਹਿ ਭਇਆ ਪਰਾਇਆ॥

ਸਮਝ ਆ ਗਿਆ ਕਿ ਲੇਖਕ ਨੇ ਵੀ ਲੋਕਾਂ ਵਾਂਗੂ ਰੁਜ਼ਗਾਰ ਕਮਾਇਆ ਸੀ ਪਰ ਸਿੱਖ ਹੋਣ ਦੇ ਫਰਜ਼ ਦੀ ਅਦਾਇਗੀ ਵੀ ਗੁਰੂ ਨੇ ਉਸ ਤੋਂ ਕਰਵਾ ਲਈ ਸੀ। ਜੋ ਕੁਝ ਵੀ ਉਨ੍ਹਾਂ ਲਿਖਿਆ, ਇਹ ਲਿਖਣਾ ਬਣਦਾ ਸੀ।

ਕਾਸ਼! ਇਹ ਗੱਲ ਉਨ੍ਹਾਂ ਸਭਨਾਂ ਨੂੰ ਵੀ ਸਮਝ ਆ ਜਾਵੇ ਜੋ ਅਕਾਲ ਤਖਤ ਦੇ ਵਿਨਾਸ਼ ਵਿਚ ਭਾਗੀਦਾਰ ਬਣੇ, ਕਿਉਂਕਿ ਝੂਠੀਆਂ ਖਬਰਾਂ, ਸੱਤਾ ਦੀ ਚਾਪਲੂਸੀ, ਸੱਚੇ ਪਾਤਸ਼ਾਹ ਵਲੋਂ ਉਸਾਰੇ ਤਖਤ ਦਾ ਵਿਨਾਸ਼, ਬੇਦੋਸ਼ਿਆਂ ਦੀ ਕਤਲੋਗਾਰਤ ਤੋਂ ਬਾਅਦ ਭਾਵੇਂ ਜਿੰਨੇ ਵੀ ਤਮਗੇ ਜਾਂ ਸਰਮਾਇਆ ਸਰਕਾਰੀ ਦਰਬਾਰ ਤੋਂ ਹਾਸਲ ਹੋ ਗਿਆ ਹੋਵੇ ਪਰ ਚੌਥਾ ਪਹਿਰ ਤਾਂ ਸਭ 'ਤੇ ਹੀ ਆਉਣਾ ਹੈ ਤੇ ਗੁਰੂ ਦਾ ਆਖਿਆ ਸਿਰਫ ਸਿੱਖਾਂ 'ਤੇ ਹੀ ਨਹੀਂ ਲਾਗੂ ਹੁੰਦਾ। ਜਮਾਂ ਨੇ ਭੇਤ ਤਾਂ ਕਿਸੇ ਨੂੰ ਵੀ ਨਹੀਂ ਦੇਣਾ। ਦੋ ਗਜ਼ ਚਿੱਟਾ ਕਪੜਾ ਪਾ ਕੇ ਘੜੀ ਦੀ ਘੜੀ ਵਿਰਲਾਪ ਕਰ ਕੇ ਆਪਣਿਆਂ ਨੇ ਹੀ ਅਗਨ ਭੇਟ ਕਰ ਦੇਣਾ ਹੈ ਤੇ ਫਿਰ ਕਿਉਂ ਨਾ ਗੁਰੂ ਅੱਗੇ ਸੱਚਾਈ ਕਬੂਲ ਕਰ ਲਈ ਜਾਵੇ। ਉਮਰ ਦੇ ਚੌਥੇ ਪਹਿਰ ਵਿਚ ਆ ਕੇ ਖੁੰਝਾਉਣ ਜੋਗਾ ਹੈ ਹੀ ਕੀ ਜਾਣਾ ਹੈ? ਉਂਜ ਵੀ ਤਾਂ ਬੰਦਾ ਭਾਵੇਂ ਸਰੀਰੋਂ ਜਿੰਨਾ ਮਰਜ਼ੀ ਹੌਲਾ ਹੋਵੇ, ਮਰਨ ਉਪਰੰਤ ਉਸ ਦਾ ਭਾਰ ਬਹੁਤ ਵਧ ਜਾਂਦਾ ਹੈ ਤੇ ਹੱਡੀਆਂ ਦੇ ਭਾਰ 'ਤੇ ਤਾਂ ਬੰਦੇ ਦਾ ਕੋਈ ਵਸ ਨਹੀਂ; ਦਿਮਾਗੀ ਭਾਰ ਤੋਂ ਤਾਂ ਬੰਦਾ ਮੁਕਤੀ ਹਾਸਲ ਕਰ ਹੀ ਸਕਦਾ ਹੈ ਤਾਂ ਜੋ ਉਸ ਨੂੰ ਚੁੱਕਣ ਵਾਲਿਆਂ ਦੇ ਵੀ ਚੁੱਕਾਂ ਨਾ ਪੈਣ। ਜੇ ਭੋਗ- ਵਿਲਾਸ ਦੇ ਪਦਾਰਥ ਮਰਨ ਮਗਰੋਂ ਜੱਗ ਜਾਹਰ ਹੋ ਜਾਣੇ ਨੇ, ਤਾਂ ਕਿਉਂ ਨਾ ਦਿਮਾਗੀ ਬੋਝ ਵੀ ਉਸ ਦੁਨੀਆਂ ਅੱਗੇ ਜਾਹਰ ਕਰ ਲਿਆ ਜਾਵੇ ਤਾਂ ਜੋ ਸਾਡੇ ਸ਼ਬਦ ਕੋਸ਼ ਵਿਚ 'ਜ਼ਮੀਰ' ਨਾਂ ਦਾ ਲਫਜ਼ ਹਮੇਸ਼ਾ ਬਣਿਆ ਰਹੇ।

# ਨੀਲਾ ਮੋਰ

ਜੇ. ਬੀ. ਸਿੰਘ, ਕੈਂਟ
Email: jupneja@gmail.com



ਉਹ ਦਿਨ ਬੜੇ ਚੰਗੇ ਸਨ। ਕਹਿਣ ਨੂੰ ਉਹ ਬਚਪਨ ਦੇ ਦਿਨ ਸਨ। ਮਾਪੇ ਕਹਿੰਦੇ, ਸਾਨੂੰ ਖੇਡਣ-ਕੁੱਦਣ ਤੋਂ ਬਿਨਾ ਕੰਮ ਹੀ ਕੀ ਸੀ? ਪਰ ਅੱਜ ਮੈਂ ਸੋਚਦਾ ਹਾਂ, ਉਹੀ ਤਾਂ ਦਿਨ ਸਨ, ਜਿਨ੍ਹਾਂ ਸਦਕਾ ਅੱਜ ਮੈਂ ਸਾਇੰਟਿਸਟ ਬਣ ਸਕਿਆ। ਉਨ੍ਹਾਂ ਦਿਨਾਂ ਦੀਆਂ ਯਾਦਾਂ ਕਿਵੇਂ ਭੁੱਲਣ?

ਦਲੇਰ ਮੇਰਾ ਹਮ-ਉਮਰ ਸੀ, ਹਮ ਸਫਰ ਵੀ। ਸਕੂਲ ਅਸੀਂ ਇਕੱਠੇ ਦਾਖਲ ਹੋਏ। ਦਿਨ ਚੜ੍ਹਨ ਤੋਂ ਰਾਤ ਹੋਣ ਤੱਕ ਸਾਡਾ ਚੋਲੀ-ਦਾਮਨ ਦਾ ਸਾਥ ਸੀ। ਹੱਸਣਾ ਵੀ ਸਾਂਝਾ ਤੇ ਰੋਣਾ ਵੀ। ਖਾਣਾ ਕਦੇ ਉਹਦੇ ਘਰ ਤੇ ਕਦੇ ਮੇਰੇ ਘਰ, ਪਰ ਖਾਣਾ ਇਕੱਠੇ ਹੀ।

ਦਲੇਰ ਦੇ ਡੈਡੀ ਬ੍ਰਿਟਿਸ਼ ਆਰਮੀ ਵਿਚ ਨੌਕਰੀ ਕਰਦੇ ਸਨ। ਖਾਨ-ਮੁਲਾਜ਼ਮ ਸਨ, ਬਾਰੂਦ ਦੀਆਂ ਸੁਰੰਗਾਂ ਵਿਛਾਉਣ ਵਾਲੇ ਸਿਪਾਹੀ। ਜ਼ਮੀਨ ਹੇਠਾਂ ਸੁਰੰਗਾਂ ਬਣਾ ਕੇ ਦੁਸ਼ਮਣ ਦੇਸ਼ ਵਿਚ ਬਾਰੂਦ ਰੱਖਣਾ, ਉਨ੍ਹਾਂ ਦੀ ਡਿਊਟੀ ਹੁੰਦੀ ਸੀ। ਬਹੁਤ ਖਤਰਨਾਕ ਕੰਮ ਸੀ, ਪਰ ਉਹ ਬਹਾਦਰੀ ਕਰਕੇ ਸਤਿਕਾਰੇ ਜਾਂਦੇ ਸਨ।

ਸਾਲ ਬਾਅਦ ਉਨ੍ਹਾਂ ਨੂੰ ਛੁੱਟੀਆਂ ਹੁੰਦੀਆਂ। ਵਾਪਸ ਇੰਡੀਆ ਪਰਤਦੇ। ਤਦ ਦਲੇਰ ਖੇਡਾਂ ਭੁੱਲ ਜਾਂਦਾ। ਸਾਰਾ ਦਿਨ ਡੈਡੀ ਨਾਲ ਚੰਬੜਿਆ ਰਹਿੰਦਾ, ਤੇ ਨਾਲੇ ਮੈਂ ਵੀ। ਅਸੀਂ ਸਕੂਲ ਛੁੱਟੀ ਹੋਣ ਬਾਅਦ ਗਲੀਆਂ ਕੱਛਣ ਦੀ ਥਾਂ ਉਹਦੇ ਡੈਡੀ ਨਾਲ ਖੇਡਦੇ। ਰਾਤ ਨੂੰ ਉਹ ਸਾਨੂੰ ਆਪਣੀਆਂ ਹੱਡ ਬੀਤੀਆਂ ਸੁਣਾਉਂਦੇ। ਬ੍ਰਿਟਿਸ਼ ਆਰਮੀ ਦੇ ਜ਼ਾਬਤੇ ਦੀਆਂ ਕਹਾਣੀਆਂ, ਗੋਰਿਆਂ ਦੀਆਂ ਤੇ ਉਨ੍ਹਾਂ ਦੀਆਂ ਮੇਮਾਂ ਦੀਆਂ। ਉਨ੍ਹਾਂ ਦੀ ਆਪਣੇ ਦੇਸ਼ ਪ੍ਰਤੀ ਵਫਾਦਾਰੀ ਦੀਆਂ। ਇੰਗਲੈਂਡ ਤੇ ਜਰਮਨੀ ਦੇ ਸਬੰਧਾਂ ਦੀਆਂ। ਬਹੁਤਾ ਇਤਿਹਾਸ, ਪਰ ਕਹਾਣੀਆਂ ਦੇ ਰੂਪ ਵਿਚ।

ਅਗਲੇ ਦਿਨ ਅਸੀਂ ਸਕੂਲ ਜਾਂਦੇ। ਬਾਕੀ ਦੇ ਦੋਸਤਾਂ ਨੂੰ ਉਹੀ ਕਹਾਣੀਆਂ ਸੁਣਾਉਂਦੇ। ਬੱਸ ਇੰਨੇ ਨਾਲ ਹੀ ਸਾਰੇ ਸਕੂਲ ਉਤੇ ਸਾਡੀ ਧਾਕ ਜੰਮ ਜਾਂਦੀ। ਜਿਹੜੇ ਮੰਨ ਲੈਂਦੇ, ਸਾਡੇ ਉਤੇ ਮੋਹਿਤ ਹੋ ਜਾਂਦੇ; ਜਿਹੜੇ ਨਾ ਮੰਨਦੇ, ਸਾਡਾ ਮਜ਼ਾਕ ਉਡਾ ਲੈਂਦੇ। ਸਾਡੇ ਸਾਥੀ ਸਾਥੋਂ ਕਈ ਸਵਾਲ ਪੁੱਛਦੇ। ਅਸੀਂ ਉਹੀ ਸਵਾਲ ਰਾਤ ਨੂੰ ਉਹਦੇ ਡੈਡੀ ਨੂੰ ਕਰਦੇ ਤੇ ਅਗਲੇ ਦਿਨ ਉਹੀ ਕਿੱਸਾ ਜਾਰੀ ਰਹਿੰਦਾ, ਰਮਾਇਣ ਦੀ ਕਥਾ ਵਾਂਗ।

ਪਰ ਕੁਝ ਸਵਾਲ ਅਜਿਹੇ ਸਨ, ਜਿਨ੍ਹਾਂ ਦੇ ਉਤਰ ਸਾਨੂੰ ਉਨ੍ਹਾਂ ਕੋਲੋਂ ਨਾ ਮਿਲਦੇ। ਉਹ ਸਵਾਲ ਸਾਡੇ ਵੀ ਸਨ ਤੇ ਸਾਡੇ ਮਿੱਤਰਾਂ ਦੇ ਵੀ। ਬੱਸ ਇਹੀ ਜਵਾਬ ਮਿਲਦਾ, "ਵੱਡੇ ਹੋ ਕੇ ਆਪੇ ਸਮਝ ਜਾਓਗੇ, ਬੱਸ ਜੀਅ ਲਾ ਕੇ ਪੜ੍ਹਿਆ ਕਰੋ।" ਅਸੀਂ ਉਨ੍ਹਾਂ ਦੇ ਇਸ ਜਵਾਬ ਨੂੰ ਵੀ ਕੁਰਾਨ ਦੀਆਂ ਆਇਤਾਂ ਵਾਂਗ ਮੰਨ ਲੈਂਦੇ। ਦਲੇਰ ਦੇ ਡੈਡੀ ਸਨ, ਸੋ ਮੇਰੇ ਅੰਕਲ। ਝੂਠ ਕਿਵੇਂ ਬੋਲ ਸਕਦੇ ਸਨ।

ਪਰ ਇਕ ਵਾਰ ਉਨ੍ਹਾਂ ਨੂੰ ਡਿਊਟੀ 'ਤੇ ਗਿਆਂ ਪੰਜ-ਸੱਤ ਸਾਲ ਬੀਤ ਗਏ। ਵਾਪਸ ਹੀ ਨਹੀਂ ਆਏ। ਦਲੇਰ ਦੀ ਮੰਮੀ ਤੇ ਭੈਣਾਂ ਸਭ ਉਦਾਸ ਸਨ। ਮੈਂ ਆਪਣੀ ਉਦਾਸੀ ਬਾਰੇ ਉਨ੍ਹਾਂ ਨੂੰ ਦੱਸਣਾ ਨਹੀਂ ਸਾਂ ਚਾਹੁੰਦਾ, ਪਰ ਮੈਨੂੰ ਅੰਕਲ ਦੀ ਯਾਦ ਰਹਿ ਰਹਿ ਕੇ ਆਉਂਦੀ ਰਹੀ। ਉਨ੍ਹਾਂ ਦੀ ਗੱਲ, 'ਵੱਡੇ ਹੋ ਕੇ ਸਮਝ ਜਾਓਗੇ' ਭੁੱਲਦੀ ਨਹੀਂ ਸੀ।

"ਜੇ ਉਹ ਕਦੇ ਵਾਪਸ ਆਏ ਹੀ ਨਾ ਤਾਂ?" ਮੈਨੂੰ ਕਦੇ ਕਦੇ ਸ਼ੰਕਾ ਹੁੰਦਾ, ਪਰ ਇਹ ਗੱਲ ਮੈਂ ਯਕੀਨਨ ਵੱਡੇ ਹੋ ਕੇ ਲੱਭ ਲੈਣੀ ਸੀ ਕਿ ਉਹ ਫਿਰ ਤੇ ਵਾਪਸ ਕਿਉਂ ਨਹੀਂ ਆਏ?

"ਵੱਡਾ ਹੋ ਕੇ ਕੋਈ ਆਪ ਹੀ ਥੋੜ੍ਹਾ ਸਮਝ ਜਾਂਦੈ! ਅੰਕਲ ਕਹਿੰਦੇ ਸਨ, ਜੀਅ ਲਾ ਕੇ ਪੜ੍ਹਿਆ ਕਰੋ।" ਮੈਂ ਸੋਚਦਾ ਤੇ ਫਿਰ ਬਹੁਤ ਪੜ੍ਹਦਾ। ਇਤਿਹਾਸ ਬਾਰੇ, ਦੇਸ਼ਾਂ ਵਿਚ ਹੋ ਰਹੇ ਯੁੱਧਾਂ ਬਾਰੇ।

ਫਿਰ ਇਕ ਦਿਨ ਦਲੇਰ ਨੇ ਦੱਸਿਆ ਕਿ ਉਹਦੇ ਡੈਡੀ ਆ ਰਹੇ ਹਨ। ਬੱਸ! ਮੈਨੂੰ ਚਾਅ ਚੜ੍ਹ ਗਿਆ। ਇਕ-ਇਕ ਪਲ ਕਰਕੇ ਦਿਨ ਲੰਘਾਏ ਤੇ ਜਦ ਉਹਦੇ ਡੈਡੀ ਆਏ, ਮੈਂ ਉਨ੍ਹਾਂ ਦੇ ਮੂੰਹ ਵੱਲ ਇਉਂ ਦੇਖ ਰਿਹਾ ਸਾਂ, ਜਿਵੇਂ ਕੋਈ ਫਰਿਸ਼ਤਾ ਆ ਗਿਆ ਹੋਵੇ। ਤਦ ਮੈਂ ਹਾਈ ਸਕੂਲ ਵਿਚ ਸਾਂ, ਪਰ ਫਿਰ ਵੀ ਉਹਦੇ ਘਰ ਜਾ ਕੇ ਅੰਕਲ ਦੀਆਂ ਹੱਡ ਬੀਤੀਆਂ ਸੁਣਨ ਲਈ ਰਹਿ ਪਿਆ।

ਇਸ ਵਾਰ ਉਨ੍ਹਾਂ ਦੀਆਂ ਗੱਲਾਂ ਮੇਰੀ ਸਮਝ ਵਿਚ ਪੂਰੀ ਤਰ੍ਹਾਂ ਆ ਰਹੀਆਂ ਸਨ, ਪਰ ਹੁਣ ਯਕੀਨ ਘਟਦਾ ਜਾ ਰਿਹਾ ਸੀ। ਲੱਗਦਾ ਸੀ, ਉਹ ਗੱਲਾਂ ਕੋਲੋਂ ਬਣਾ ਰਹੇ ਨੇ। ਉਹ ਹੱਡ ਬੀਤੀਆਂ ਨਹੀਂ, ਕਹਾਣੀਆਂ ਹਨ। ਮਸਲਨ, ਉਨ੍ਹਾਂ ਨੇ ਨੀਲੇ ਮੋਰ ਦੀ ਗੱਲ ਦੱਸੀ। ਕਹਿੰਦੇ, ਬ੍ਰਿਟਿਸ਼ ਆਰਮੀ ਨੇ ਦਸ 'ਨੀਲੇ ਮੋਰ' ਆਡਰ ਕੀਤੇ ਹਨ, ਨਾਰਥ ਜਰਮਨੀ ਵਿਚ ਲੜਾਈ ਹੋਣ ਦੀ ਸੂਰਤ ਵਿਚ ਉਹ ਸੁਰੰਗਾਂ ਵਿਚ ਰੱਖਣੇ ਹਨ।

"ਪਰ ਇਹ 'ਨੀਲੇ ਮੋਰ' ਲੜਾਈ ਵਿਚ ਕਿਵੇਂ ਮਦਦ ਕਰਨਗੇ?" ਮੈਂ ਪੁੱਛਿਆ।

ਇਹ ਨੀਲੇ ਮੋਰ ਅਸਲ ਵਿਚ ਪੰਛੀ ਨਹੀਂ ਹਨ, ਇਹ ਖਾਸ ਤਰ੍ਹਾਂ ਦੇ ਬੰਬ ਹਨ। ਇਨ੍ਹਾਂ ਦਾ ਨਾਂ 'ਬਲੂ ਪੀਕਾਕ' (ਭਲੂਣ ਫਣਅਚੋਚਕ) ਭਾਵ 'ਨੀਲੇ ਮੋਰ' ਰੱਖਿਆ ਹੈ। 'ਨੀਲਾ ਮੋਰ' ਤਾਂ ਕੋਡ ਵਰਡ ਹੈ, ਬਾਰੂਦ ਭਰੇ ਬੰਬਾਂ ਲਈ।

"ਕੀ ਤੁਸਾਂ ਨੇ ਇਹ ਬੰਬ ਉਥੇ ਖੁਦ ਰੱਖਣੇ ਹਨ?" ਅਸਾਂ ਹੈਰਾਨੀ ਨਾਲ ਪੁੱਛਿਆ।

"ਹਾਂ, ਇਹ ਸਾਡੀ ਡਿਊਟੀ ਹੀ ਲੱਗੇਗੀ।"

"ਇਹ ਕਿੱਡੇ ਕੁ ਵੱਡੇ ਹਨ?"

"ਹਰ ਇਕ ਬੰਬ ਸੱਤ ਟਨ ਤੋਂ ਵੀ ਵੱਧ ਭਾਰਾ ਹੈ।"

"ਪਰ ਜੇ ਇਹ ਰਾਹ ਵਿਚ ਫਟ ਗਏ ਤਾਂ?" ਦਲੇਰ ਨੇ ਡਰਦਿਆਂ ਪੁੱਛਿਆ।

"ਨਹੀਂ, ਪਹਿਲਾਂ ਇਹ ਬੰਬ ਇਥੇ ਟੈਸਟ ਕੀਤੇ ਜਾਣਗੇ।"

"ਕਿੱਥੇ?"

"ਸਟੀਵਨ ਓਕ ਵਿਚ। ਇਹ ਇੰਗਲੈਂਡ ਵਿਚ ਇਕ ਸ਼ਹਿਰ ਦਾ ਨਾਂ ਹੈ। 'ਕੈਂਟ' ਜਿਲੇ ਵਿਚ ਆਉਂਦਾ ਹੈ। ਲੰਡਨ ਤੋਂ ਕੋਈ ਬਾਈ ਕੁ ਮੀਲ ਦੂਰ ਹੈ।"

"ਕੀ ਤੁਸੀਂ ਉਥੇ ਇਹ ਬੰਬ ਚਲਾ ਕੇ ਦੇਖੋਗੇ?"

"ਨਹੀਂ, ਇਹ ਕੰਮ ਮੇਰਾ ਨਹੀਂ ਹੈ। ਇਹ ਕੰਮ ਤਾਂ ਸਾਇੰਸਦਾਨਾਂ ਦਾ ਹੈ। ਉਹ ਕਹਿੰਦੇ ਹਨ, ਬਾਕੀ ਸਭ ਤਾਂ ਠੀਕ ਹੈ, ਪਰ ਸਮੱਸਿਆ ਇਹ ਹੈ ਕਿ ਉਥੇ ਸੁਰੰਗ ਵਿਚ ਠੰਢ ਬਹੁਤ ਹੁੰਦੀ ਹੈ। ਹੁਣ ਬੰਬ ਸਟੀਲ ਦੇ ਇਕ ਵੱਡੇ ਡੱਬੇ ਵਾਂਗ ਹੈ ਤੇ ਉਸ ਨੂੰ ਅੰਦਰੋਂ ਗਰਮ ਰੱਖਣਾ ਹੈ।"

"ਫਿਰ?"

"ਸਾਇੰਸਦਾਨ ਅਜੇ ਸੋਚ ਰਹੇ ਹਨ। ਬਹੁਤਿਆਂ ਦਾ ਤਾਂ ਇਹੀ ਖਿਆਲ ਹੈ ਕਿ ਉਸ ਵਿਚ ਕੁਝ ਚੂਚੇ ਰੱਖ ਦਿੱਤੇ ਜਾਣ ਤੇ ਚੂਚਿਆਂ ਦੇ ਖਾਣ ਲਈ ਦਾਣਾ ਪਾਣੀ ਵੀ ਵਿਚ ਰੱਖ ਦਿਤਾ ਜਾਵੇ। ਹਫਤਾ ਕੁ ਚੂਚੇ ਜਿੰਦਾ ਰਹਿ ਸਕਣਗੇ। ਉਨ੍ਹਾਂ ਦੇ ਸਰੀਰ ਦੀ ਗਰਮੀ ਦਾ ਤਾਪਮਾਨ ਬਿਲਕੁਲ ਉਨਾ ਹੀ ਹੋਵੇਗਾ, ਜਿੰਨਾ ਬੰਬ ਦੀਆਂ ਤਾਰਾਂ ਨੂੰ ਗਰਮ ਕਰਨ ਲਈ ਚਾਹੀਦਾ ਹੈ।"

ਦਲੇਰ ਤੇ ਮੈਂ ਹੈਰਾਨ ਹੋਏ। ਦੋਹਾਂ ਨੂੰ ਯਕੀਨ ਨਾ ਆਇਆ ਪਰ ਦੋਹਾਂ ਨੇ ਹਾਂ ਵਿਚ ਹਾਂ ਮਿਲਾ ਦਿੱਤੀ ਤੇ ਉਠ ਗਏ।

"ਅੰਕਲ ਉਸੇ ਤਰ੍ਹਾਂ ਹੀ ਗੱਲਾਂ ਕਰਦੇ ਨੇ, ਜਿਵੇਂ ਪੰਜ ਸਾਲ ਪਹਿਲਾਂ ਕਰਦੇ ਸਨ। ਹੁਣ ਅਸੀਂ ਵੱਡੇ ਹੋ ਗਏ ਹਾਂ। ਚੂਚਿਆਂ ਵਾਲੀ ਕਹਾਣੀ ਤਾਂ ਸਰਾਸਰ ਝੂਠੀ ਹੈ।" ਮੈਂ ਸੋਚਿਆ।

ਅਗਲੇ ਦਿਨ ਸਵੇਰੇ ਸਕੂਲ ਗਏ। ਮੇਰਾ ਦਿਲ ਨਾ ਕੀਤਾ ਕਿ ਬਾਕੀ ਕਲਾਸ ਦੇ ਮੁੰਡਿਆਂ ਨੂੰ ਗੱਲ ਦੱਸਾਂ। ਪਰ ਦਲੇਰ ਤੋਂ ਰਿਹਾ ਨਾ ਗਿਆ, ਉਹਨੇ ਸਾਰੀ ਕਹਾਣੀ ਇੰਜ ਦੀ ਇੰਜ ਸੁਣਾ ਦਿੱਤੀ। ਸੁਣ ਕੇ ਸਾਰੇ ਹੱਸੇ। ਲੱਗੇ ਯਕੀਨ ਕਿਸੇ ਨੂੰ ਵੀ ਨਹੀਂ ਆਇਆ। ਉਲਟਾ ਉਨ੍ਹਾਂ ਨੇ ਦਲੇਰ ਦਾ ਨਾਂ ਹੀ 'ਨੀਲਾ ਮੋਰ' ਰੱਖ ਛੱਡਿਆ। ਉਸ ਤੋਂ ਬਾਅਦ ਦਲੇਰ ਨੂੰ ਕਿਸੇ ਨੇ ਵੀ ਉਹਦੇ ਅਸਲੀ ਨਾਂ ਨਾਲ ਨਹੀਂ ਸੀ ਬੁਲਾਇਆ।

ਅੰਕਲ ਵਾਪਿਸ ਚਲੇ ਗਏ। ਦਲੇਰ 'ਨੀਲਾ ਮੋਰ' ਬਣ ਗਿਆ। ਉਹਨੂੰ ਇਹ ਨਾਂ ਚੰਗਾ ਨਾ ਲੱਗਦਾ ਤੇ ਕਦੇ ਕਦੇ ਉਹ ਹੱਥੋਂ ਪਾਈ 'ਤੇ ਵੀ ਆ ਜਾਂਦਾ, ਪਰ ਦਿਨ-ਬ-ਦਿਨ ਗੱਲ ਵਧਦੀ ਗਈ ਤੇ ਹੌਲੀ ਹੌਲੀ ਸਾਰੇ ਸਕੂਲ ਦੇ ਬੱਚਿਆਂ ਨੂੰ ਪਤਾ ਲੱਗ ਗਿਆ ਕਿ ਦਲੇਰ ਨੂੰ ਛੇੜਨਾ ਹੋਵੇ ਤਾਂ ਨੀਲਾ ਮੋਰ ਆਖ ਦਿਓ। ਸਾਰੇ ਸਕੂਲ ਲਈ ਇਹ ਮਜ਼ਾਕ ਬਣ ਗਿਆ। ਦਲੇਰ ਨੇ ਸਕੂਲ ਜਾਣਾ ਛੱਡ ਦਿੱਤਾ।

ਮੈਂ ਕਾਲਜ ਗਿਆ ਤੇ ਫਿਰ ਯੂਨੀਵਰਸਿਟੀ। ਦਲੇਰ ਤੇ ਮੈਂ ਫਿਰ ਵੀ ਮਿਲਦੇ ਰਹੇ-ਪਰ ਖਾਸ ਕਰ ਜਦ ਉਹਦੇ ਡੈਡੀ ਆਏ ਹੁੰਦੇ। ਉਹਦੇ ਡੈਡੀ ਮੇਰੇ ਸਾਹਮਣੇ, ਦਲੇਰ ਦੀ ਮੇਰੇ ਨਾਲ ਤੁਲਨਾ ਕਰਦੇ। ਮੈਨੂੰ ਇਹ ਹੋਰ ਵੀ ਚੰਗਾ ਨਾ ਲੱਗਦਾ।

ਮੈਂ ਪੀਐਚ.ਡੀ. ਕਰ ਲਈ। ਦਲੇਰ ਦੇ ਡੈਡੀ ਮੈਨੂੰ ਬਹੁਤ ਪਿਆਰ ਕਰਦੇ ਸਨ। ਉਨ੍ਹਾਂ ਨੇ ਮੈਨੂੰ ਤਜਵੀਜ਼ ਦਿੱਤੀ ਕਿ ਡਿਫੈਂਸ ਸਾਇੰਸ ਤੇ ਤਕਨਾਲੋਜੀ, ਫੋਰਟ ਹਾਲਸਟੇਡ ਵਿਚ, ਸਾਇੰਟਿਸਟ ਦੀ ਅਸਾਮੀ ਲਈ ਅਰਜ਼ੀ ਦਿਆਂ। ਉਨ੍ਹਾਂ ਨੇ ਮੇਰੀ ਮਦਦ ਕੀਤੀ। ਮੈਂ ਸਾਇੰਟਿਸਟ ਲੱਗ ਗਿਆ। ਇਨ੍ਹਾਂ ਹੀ ਦਿਨਾਂ ਵਿਚ ਉਹ ਆਪ ਰਿਟਾਇਰ ਹੋ ਗਏ।

ਵਰ੍ਹੇ ਬੀਤ ਗਏ। ਚਾਰ-ਪੰਜ ਸਾਲ ਪਹਿਲਾਂ ਇਕ ਪੁਰਾਣੀ ਰਿਪੋਰਟ ਮੇਰੇ ਸਾਹਮਣੇ ਆਈ। ਪ੍ਰੋਫੈਸਰ ਪੀਟਰ ਹੈਨਸੀ ਨੇ ਦਿੱਤੀ ਸੀ। ਇਹੀ ਤਜਵੀਜ਼ ਹੂਬਹੂ ਉਹੀ ਸੀ, ਜੋ ਮੈਨੂੰ ਅੰਕਲ ਨੇ ਦੱਸੀ ਸੀ। ਇਹ ਬਰਕਸ਼ਾਇਰ ਵਿਚਲੇ ਐਲਡਰ ਮੇਸਟਨ ਨਿਊਕਲੀਅਰ ਰਿਸਰਚ ਸੈਂਟਰ ਤੋਂ ਆਈ ਸੀ।

ਅਗਲੇ ਦਿਨ ਹੀ ਇਹ ਖਬਰ ਬੀ.ਬੀ.ਸੀ. ਲੰਡਨ ਤੋਂ ਬਰਾਡਕਾਸਟ ਹੋਈ। ਇਹ ਪਹਿਲੀ ਅਪਰੈਲ 2004 ਦਾ ਦਿਨ ਸੀ। ਸਭ ਅਖਬਾਰਾਂ ਵਿਚ ਛਪੀ ਇਹ ਰਿਪੋਰਟ ਪੜ੍ਹ ਕੇ ਮੈਂ ਬਹੁਤ ਹੈਰਾਨ ਹੋਇਆ। ਮੈਨੂੰ ਅੰਕਲ ਦੀ ਗੱਲ ਯਾਦ ਆਈ, "ਵੱਡੇ ਹੋ ਕੇ ਆਪੇ ਸਮਝ ਜਾਓਗੇ।" ਮੈਂ ਅਖਬਾਰਾਂ ਦੀਆਂ ਕਾਤਰਾਂ ਇਕੱਠੀਆਂ ਕੀਤੀਆਂ ਤੇ ਇਕ ਲਿਫਾਫੇ ਵਿਚ ਬੰਦ ਕਰ ਲਈਆਂ। ਮੈਨੂੰ ਦਲੇਰ ਉਤੇ ਬਹੁਤ ਤਰਸ ਆਇਆ। ਇਸ ਘਟਨਾ ਨੇ ਉਹਦੀ ਪੜ੍ਹਾਈ ਉਥੇ ਹੀ ਰੋਕ ਦਿੱਤੀ ਸੀ, ਉਸ ਦਾ ਮਨੋ ਵਿਗਿਆਨ ਬਿਲਕੁੱਲ ਬਦਲ ਦਿਤਾ ਸੀ ਤੇ ਡੈਡੀ 'ਤੇ ਬਣਿਆ ਟਰਸਟ ਬਿਲਕੁੱਲ ਖਤਮ ਕਰ ਦਿਤਾ ਸੀ। ਸਭ ਤੋਂ ਵੱਡੀ ਗੱਲ, ਇਸ ਘਟਨਾ ਬਾਰੇ ਉਸ ਦੇ ਡੈਡੀ ਖੁਦ ਵੀ ਨਹੀਂ ਸਨ ਜਾਣਦੇ।

ਮੈਂ ਇੰਡੀਆ ਜਾਣ ਦੀ ਤਿਆਰੀ ਕੀਤੀ। ਦਲੇਰ ਤੇ ਹੋਰ ਕੁਝ ਦੋਸਤ ਜਿਨ੍ਹਾਂ ਨੂੰ ਮੈਂ ਜਾਣਦਾ ਸਾਂ, ਨੂੰ ਦੱਸਣਾ ਜ਼ਰੂਰੀ ਸੀ ਕਿ 'ਨੀਲਾ ਮੋਰ' ਅਸਲ ਵਿਚ ਕਹਾਣੀ ਨਹੀਂ ਸੀ-ਬੰਬ ਸੀ, ਤੇ ਸੱਚਮੁੱਚ ਚੂਚਿਆਂ ਵਾਲੀ ਤਜਵੀਜ਼ ਦਿੱਤੀ ਗਈ ਸੀ। ਸੋ, ਮੈਂ ਇੰਡੀਆ ਪਹੁੰਚਿਆ। ਦਲੇਰ ਹੁਣ ਰਾਜਨੀਤੀ ਵਿਚ ਚਲਾ ਗਿਆ ਸੀ। ਅਖਬਾਰਾਂ ਵਿਚ ਉਹਦਾ ਨਾਂ ਵੀ ਸੀ।

ਮੈਂ ਦਲੇਰ ਨੂੰ ਕਾਲ ਕੀਤੀ। ਉਹਨੇ ਵੀ ਮਿਲਣ ਦੀ ਉਨੀ ਹੀ ਚਾਹਤ ਦਿਖਾਈ, ਜਿੰਨੀ ਮੈਨੂੰ ਸੀ। ਉਹ ਹੁਣ ਐਮ.ਐਲ.ਏ. ਚੁਣਿਆ ਗਿਆ ਸੀ। ਮੈਂ ਉਹਦੀ ਕੋਠੀ ਗਿਆ। ਉਸ ਦੇ ਨੌਕਰਾਂ ਨੇ ਪੂਰੇ ਚਾਅ ਨਾਲ ਮੇਰੀ ਆਓ ਭਗਤ ਕੀਤੀ। ਮੈਂ ਉਸ ਦੇ ਨਾਲ 'ਨੀਲੇ ਮੋਰ' ਵਾਲੀ ਗੱਲ ਸਾਂਝੀ ਕਰਨਾ ਚਾਹੁੰਦਾ ਸਾਂ, ਪਰ ਉਹ ਸਵੇਰ ਤੋਂ ਸ਼ਾਮ ਤੱਕ ਬੰਦਿਆਂ ਵਿਚ ਹੀ ਘਿਰਿਆ ਰਹਿੰਦਾ। ਪੰਜ ਸੱਤ ਹਥਿਆਰਬੰਦ ਬਾਡੀਗਾਰਡ ਉਹਦੇ ਨਾਲ ਰਹਿੰਦੇ-ਦੋ ਤਿੰਨ ਬੰਦੇ, ਦੋ ਤਿੰਨ ਔਰਤਾਂ। ਦਲੇਰ ਹੁਣ ਪੂਰੀ ਤਰ੍ਹਾਂ ਬਦਲ ਚੁਕਾ ਸੀ।

ਮੈਂ ਉਹਦੇ ਕੋਲ ਦੋ ਦਿਨ ਠਹਿਰਿਆ, ਪਰ ਕੋਈ ਖਾਸ ਗੱਲਾਂ ਨਾ ਹੋ ਸਕੀਆਂ। ਤੀਸਰੇ ਦਿਨ ਸ਼ਾਮ ਨੂੰ ਮੈਂ ਦਲੇਰ ਨੂੰ ਕਿਹਾ, "ਤੈਨੂੰ ਯਾਦ ਆਉਂਦੇ ਨੇ ਉਹ ਬਚਪਨ ਦੇ ਦਿਨ?"

"ਖਾਸ ਨਹੀਂ, ਦਿਮਾਗ ਵਿਹਲਾ ਹੀ ਨਹੀਂ ਹੁੰਦਾ।"

"ਕੀ ਤੂੰ ਅੱਜ ਇਨ੍ਹਾਂ ਬਾਡੀਗਾਰਡਾਂ ਤੋਂ ਅਲੱਗ ਹੋ ਕੇ ਕੇਵਲ ਮੇਰੇ ਲਈ ਟਾਈਮ ਕੱਢ ਸਕਦਾਂ?"

"ਇਨ੍ਹਾਂ ਬਾਰਡੀਗਾਰਡਾਂ ਦੀ ਚਿੰਤਾ ਨਾ ਕਰੋ। ਇਹ ਤਾਂ ਮੇਰੇ ਚੂਚੇ ਨੇ, ਪਾਲੇ ਹੋਏ।

"ਚੂਚੇ?" ਮੈਂ ਹੈਰਾਨ ਹੋ ਕੇ ਕਿਹਾ।

"ਹਾਂ, ਤੈਨੂੰ ਪਤਾ ਹੀ ਹੈ ਅੱਜ ਕੱਲ੍ਹ ਐਮ.ਐਲ.ਏ. ਦੀ ਵੁੱਕਤ ਕੀ ਏ? ਇਨ੍ਹਾਂ ਚੂਚਿਆਂ ਨੂੰ ਰੱਖਣ ਨਾਲ ਪਬਲਿਕ ਉਤੇ ਇਕ ਖਾਸ ਤਰ੍ਹਾਂ ਦਾ ਪ੍ਰਭਾਵ ਪੈਂਦਾ ਹੈ। ਇਹ ਇਕ ਅਲੱਗ ਤਰ੍ਹਾਂ ਦੀ ਗਰਮੀ ਜਿਹੀ ਦਿੰਦੇ ਨੇ-ਮਨ ਨੂੰ ਵੀ ਤੇ ਸਰੀਰ ਨੂੰ ਵੀ। ਹੁਣ ਤਾਂ ਇਨ੍ਹਾਂ ਬਿਨਾ ਇਕ ਪਲ ਵੀ ਨਹੀਂ ਸਰਦਾ। ਇਹ ਆਸੇ ਪਾਸੇ ਨਾ ਹੋਣ ਤਾਂ ਚਲਣ ਲੱਗਿਆਂ ਪੈਰ ਫਰੀਜ਼ ਹੋ ਜਾਂਦੇ ਨੇ।"

"ਤੂੰ ਤਾਂ ਸੱਚਮੁੱਚ ਹੀ 'ਨੀਲਾ ਮੋਰ' ਨਿਕਲਿਆ, ਦਲੇਰ।" ਮੈਂ ਕਹਿਣਾ ਚਾਹਿਆ ਪਰ ਕਿਹਾ ਨਹੀਂ।

"ਨੀਲਾ ਮੋਰ ਆਪਣੇ ਆਪ ਵਿਚ ਫੋਕਾ ਸਾਬਿਤ ਹੋਇਆ। ਨਾਲ ਬੈਠੇ ਪੰਜ-ਸੱਤ ਚੂਚੇ ਹੀ ਉਸ ਨੂੰ ਗਰਮੀ ਦੇ ਕੇ ਜ਼ਿੰਦਾ ਰੱਖ ਸਕਦੇ ਹਨ। ਤੂੰ ਵੀ ਤਾਂ ਉਹੀ ਕੁਝ ਹੈਂ।" ਮੈਂ ਸੋਚ ਰਿਹਾ ਸੀ।

"ਕਿਹੜੀ ਸੋਚ ਵਿਚ ਪੈ ਗਿਐਂ।" ਉਹਨੇ ਪੁੱਛਿਆ।

"ਕੋਈ ਨਹੀਂ।" ਮੈਂ ਕਿਹਾ ਤੇ ਉਹਦੀ ਤਲੀ 'ਤੇ ਉਹ ਲਿਫਾਫਾ, ਜਿਸ ਵਿਚ ਅਖਬਾਰਾਂ-ਰਸਾਲਿਆਂ ਦੀਆਂ ਕਾਤਰਾਂ ਸਨ, ਰੱਖ ਦਿੱਤਾ।

ਉਹਨੇ ਉਹੀ ਲਿਫਾਫਾ ਆਪਣੇ ਸੈਕਟਰੀ ਨੂੰ ਫੜਾ ਦਿੱਤਾ। ਸ਼ਾਇਦ ਸਿਫਾਰਸ਼ੀ ਚਿੱਠੀ ਸਮਝ ਕੇ। ਬਿਨਾ ਖੋਲ੍ਹੇ।

ਜੇ ਕਿਤੇ ਖੋਲ੍ਹ ਵੀ ਲੈਂਦਾ, ਤਾਂ ਇਹੀ ਸੋਚਦਾ ਕਿ ਚੂਚਿਆਂ ਦੀ ਅਸਲੀਅਤ ਨੂੰ ਤਾਂ ਮੇਰੇ ਤੋਂ ਵੱਧ ਜਾਣਦਾ ਸੀ ਉਹ।

# ਪਰਸੂ, ਪਰਸਾ, ਪਰਸ ਰਾਮ

ਵਾਸਦੇਵ ਸਿੰਘ ਪਰਹਾਰ
ਫੋਨ: 206-434-1155



'ਪਰਸੂ ਪਰਸਾ ਪਰਸ ਰਾਮ, ਇਸ ਮਾਇਆ ਕੇ ਤੀਨ ਨਾਮ' ਵਰਗਾ ਅਖਾਣ ਪ੍ਰਾਚੀਨ ਸਮੇਂ ਤੋਂ ਐਵੇਂ ਹੀ ਪ੍ਰਚਲਿਤ ਨਹੀਂ ਹੋਇਆ। ਅੱਜ ਕੱਲ੍ਹ ਦੇ ਜ਼ਮਾਨੇ ਵਿਚ ਜਦੋਂ ਬਹੁਤ ਸਾਰੇ ਲੋਕ ਰਾਤੋ-ਰਾਤ ਦਮੜੀ ਮੱਲ ਤੋਂ ਕਰੋੜੀ ਮੱਲ ਬਣ ਗਏ ਹਨ ਤਾਂ ਇਸ ਅਖਾਣ ਵਿਚ ਛੁਪੀ ਸੱਚਾਈ ਬਾਰੇ ਬਹੁਤੀ ਵਿਆਖਿਆ ਦੀ ਲੋੜ ਨਹੀਂ ਰਹਿੰਦੀ। ਬੰਦਾ ਜਦੋਂ ਗਰੀਬ ਸੀ ਤਾਂ ਲੋਕੀਂ ਉਸ ਨੂੰ ਪਰਸੂ ਆਖ ਕੇ ਬੁਲਾਉਂਦੇ, ਜਦੋਂ ਉਸ ਕੋਲ ਜ਼ਰਾ ਕੁ ਧਨ ਆਇਆ ਤਾਂ ਲੋਕੀਂ ਉਸ ਨੂੰ ਪਰਸਾ ਆਖਣ ਲੱਗ ਪਏ, ਪਰ ਜਦੋਂ ਉਸ ਕੋਲ ਬਹੁਤ ਧਨ ਹੋ ਗਿਆ ਤਾਂ ਲੋਕੀਂ ਉਸ ਨੂੰ ਪਰਸ ਰਾਮ ਆਖ ਕੇ ਸਲਾਮਾਂ ਕਰਨ ਲੱਗ ਪਏ। ਬੰਦਾ ਤਾਂ ਉਹੀ ਹੈ, ਪਰ ਇਹ ਧਨ ਦੀ ਕਰਾਮਾਤ ਹੈ, ਜੋ ਬੰਦੇ ਦਾ ਸਮਾਜ ਵਿਚ ਰੁਤਬਾ ਤੈਅ ਕਰਦੀ ਹੈ। ਜਾਵੇਦ ਅਖਤਰ, ਜਿਸ ਨੇ ਮਸ਼ਹੂਰ ਫਿਲਮ 'ਸ਼ੋਅਲੇ' ਦੇ ਡਾਇਲਾਗ ਲਿਖ ਕੇ ਪ੍ਰਸਿਧੀ ਹਾਸਲ ਕੀਤੀ, ਦਾ ਕਹਿਣਾ ਹੈ,

ਜਹਾਂ ਲਿਬਾਸ ਕੀ ਕੀਮਤ ਹੈ,
ਆਦਮੀ ਕੀ ਨਹੀਂ।
ਮੁਝੇ ਗਿਲਾਸ ਬੜਾ ਦੇ, ਜਾਮ ਕਮ ਦੇ।

ਇਸ ਸੰਸਾਰ ਵਿਚ ਧਨੀਆਂ ਦੇ ਵੈਰੀ ਵੀ ਉਨ੍ਹਾਂ ਨਾਲ ਸਾਕ-ਸਬੰਧੀਆਂ ਵਾਂਗ ਵਰਤਦੇ ਹਨ, ਪਰ ਗਰੀਬਾਂ ਦੇ ਸਾਕ-ਸਬੰਧੀ ਵੀ ਉਨ੍ਹਾਂ ਨਾਲ ਭੈੜੀ ਤਰ੍ਹਾਂ ਵਰਤਦੇ ਹਨ। ਇਹ ਧਨ ਦੀ ਹੀ ਕਰਾਮਾਤ ਹੈ ਕਿ ਅਪੂਜ ਪੂਜ ਹੋ ਜਾਂਦੇ ਹਨ ਅਤੇ ਅਪਹੁੰਚ ਪਹੁੰਚ ਹੋ ਜਾਂਦਾ ਹੈ, ਨਖਿਧ ਵੀ ਸਤਿਕਾਰਿਆ ਜਾਣ ਲਗਦਾ ਹੈ; ਜਿਵੇਂ ਰੋਟੀ ਖਾਣ ਨਾਲ ਸਭ ਇੰਦਰੀਆਂ ਆਪੋ ਆਪਣੇ ਕੰਮ 'ਚ ਰੁਝ ਜਾਂਦੀਆਂ ਹਨ, ਤਿਵੇਂ ਹੀ ਧਨ ਨਾਲ ਸਾਰੇ ਕੰਮ ਆਪਣੇ ਆਪ ਸਿਧ ਹੋ ਜਾਂਦੇ ਹਨ। ਧਨੀ ਬੁੱਢਾ ਵੀ ਜਵਾਨ ਹੈ ਅਤੇ ਗਰੀਬ ਜਵਾਨ ਵੀ ਬੁੱਢਾ ਹੈ।

ਅਮਰੀਕਾ ਵਾਲੇ ਧਨ ਨੂੰ ਅਲਾਦੀਨ ਦਾ ਚਿਰਾਗ ਕਹਿੰਦੇ ਹਨ। ਜਿਸ ਪਾਸ ਧਨ ਹੋਵੇ, ਜੇ ਉਹ ਅਜਨਬੀ ਲੋਕਾਂ ਪਾਸ ਜਾਵੇ ਤਾਂ ਉਸ ਦੀ ਬੋਲਚਾਲ ਤੋਂ ਪਤਾ ਲੱਗ ਜਾਂਦਾ ਹੈ ਕਿ ਉਹ ਕਿੰਨਾ ਕੁ ਧਨੀ ਹੈ। ਇਸ ਬਾਰੇ ਭਾਈ ਗੁਰਦਾਸ ਜੀ ਨੇ ਇਕ ਵਾਰ ਵਿਚ ਬੜਾ ਢੁਕਵਾਂ ਲਿਖਿਆ ਹੈ,

ਪੁੱਤ ਜਣੈ ਵੜ ਕੋਠੜੀ ਬਾਹਰ ਜੱਗ ਜਾਣੈ
ਧਨ ਧਰਤੀ ਵਿਚ ਦਬੀਐ ਮਸਤਕ ਪਰਵਾਣੈ
ਗੋਰਖ ਦੇ ਗਲ ਗੋਦੜੀ ਜੱਗ ਨਾਥ ਵਖਾਣੈ।

ਕਿਸੇ ਦੇ ਘਰ ਪੁੱਤਰ ਹੋਵੇ ਤਾਂ ਉਹ ਲੁਕਾ ਕੇ ਰੱਖਣਾ ਚਾਹੇ ਤਾਂ ਇਹ ਲੁਕਦਾ ਨਹੀਂ। ਉਸ ਘਰ ਤੋਂ ਬਾਹਰ ਆਉਣ ਦੇ ਚਿਹਰਿਆਂ ਦੇ ਹਾਵ-ਭਾਵ ਤੋਂ ਪ੍ਰਤੱਖ ਹੋ ਜਾਂਦਾ ਹੈ। ਇਸੇ ਤਰ੍ਹਾਂ ਕਿਸੇ ਪਾਸ ਧਨ ਹੋਵੇ ਅਤੇ ਉਸ ਨੇ ਧਰਤੀ ਵਿਚ ਦੱਬ ਰੱਖਿਆ ਹੋਵੇ, ਉਹ ਭਾਵੇਂ ਫਟੇ-ਪੁਰਾਣੇ ਕਪੜਿਆਂ ਵਿਚ ਹੋਵੇ, ਉਸ ਦੇ ਮੱਥੇ ਦੀ ਚਮਕ ਤੋਂ ਸਾਧਾਰਨ ਤੌਰ 'ਤੇ ਹੀ ਪਤਾ ਲੱਗ ਜਾਂਦਾ ਹੈ ਕਿ ਇਹ ਕੋਈ ਛੁਪਿਆ ਰੁਸਤਮ ਹੈ।

ਗੋਰਖ ਨਾਥ ਕਿਹੜੇ ਰੇਸ਼ਮੀ ਕੱਪੜੇ ਜਾਂ ਸੋਨੇ ਦੇ ਗਹਿਣੇ ਪਾਉਂਦੇ ਸਨ? ਪਰ ਲੋਕ ਉਨ੍ਹਾਂ ਦੀ ਗੋਦੜੀ (ਫਕੀਰਾਂ ਦਾ ਲਿਬਾਸ) ਦੀ ਥਾਂ ਉਨ੍ਹਾਂ ਦੇ ਗੁਣਾਂ ਤੋਂ ਜਾਣੂ ਸਨ ਅਤੇ ਉਨ੍ਹਾਂ ਦਾ ਪੂਰਨ ਸਤਿਕਾਰ ਸੀ।

ਮਾਇਆ ਬਾਰੇ ਭਗਤ ਕਬੀਰ ਜੀ ਦੀ ਬਾਣੀ ਹੈ,

ਨਾਕਹੁ ਕਾਟੀ ਕਾਨਹੁ ਕਾਟੀ
ਕਾਟਿ ਕੂਟਿ ਕੈ ਡਾਰੀ॥
ਕਹੁ ਕਬੀਰ ਸੰਤਨ ਕੀ ਬੈਰਨਿ
ਤੀਨਿ ਲੋਕ ਕੀ ਪਿਆਰੀ॥ (ਪੰਨਾ 476)

ਮਾਇਆ ਦਾ ਆਪਣਾ ਨੱਕ ਹੁੰਦਾ ਹੀ ਨਹੀਂ, ਭਾਵ ਨੱਕ ਕਟੀ ਹੈ। ਕੰਨ ਵੀ ਕਦੇ ਹੋਲੇ ਹਨ। ਮਾਇਆਧਾਰੀ ਅੰਨੇ ਬੋਲੇ ਦੀ ਤਰ੍ਹਾਂ। ਮਾਇਆਧਾਰੀ ਇਹ ਪਰਵਾਹ ਨਹੀਂ ਕਰਦਾ ਕਿ ਮਾਇਆ ਉਸ ਪਾਸ ਨਾਜਾਇਜ਼ ਧੰਦਿਆਂ ਰਾਹੀਂ ਆ ਰਹੀ ਹੈ, ਲੋਕ ਉਸ ਬਾਰੇ ਕੀ ਕਹਿੰਦੇ ਹਨ।

ਵੈਦਿਕ ਕਾਲ ਜਾਂ ਮੱਧ ਕਾਲ ਦੀ ਗੱਲ ਛੱਡੋ। ਅੱਜ ਕੱਲ੍ਹ ਵੀ ਜੋ ਹੋ ਰਿਹਾ ਹੈ, ਗਰੀਬ ਦੇ ਦੋਸਤ-ਮਿੱਤਰ ਵੀ ਉਸ ਦੇ ਆਏ ਦਾ ਮੱਥੇ ਵੱਟ ਪਾ ਕੇ ਹੀ ਸਵਾਗਤ ਕਰਦੇ ਹਨ। ਇਸ ਬਾਰੇ ਭਗਤ ਕਬੀਰ ਜੀ ਦਾ ਕਥਨ ਹੈ,

ਜਉ ਨਿਰਧਨੁ ਸਰਧਨ ਕੈ ਜਾਇ॥
ਆਗੇ ਬੈਠਾ ਪੀਠਿ ਫਿਰਾਇ॥
ਜਉ ਸਰਧਨੁ ਨਿਰਧਨ ਕੈ ਜਾਇ॥
ਦੀਆ ਆਦਰੁ ਲੀਆ ਬੁਲਾਇ॥
ਨਿਰਧਨੁ ਸਰਧਨੁ ਦੋਨਉ ਭਾਈ॥
ਪ੍ਰਭ ਕੀ ਕਲਾ ਨ ਮੇਟੀ ਜਾਈ॥

ਨਿਰਧਨ ਵਿਚ ਕਿੰਨੇ ਹੀ ਗੁਣ ਹੋਣ, ਉਨ੍ਹਾਂ ਦੀ ਕੋਈ ਕੀਮਤ ਨਹੀਂ। ਉਹ ਪਰਲੇ ਦਰਜੇ ਦਾ ਇਮਾਨਦਾਰ ਹੋਵੇ, ਚਾਲ-ਚਲਨ ਦਾ ਸੱਚਾ ਸੁੱਚਾ ਹੋਵੇ, ਕਿਸੇ ਨੂੰ ਉਸ ਦੀ ਕਦਰ ਨਹੀਂ। ਲੋਕ ਸੇਵਾ ਵਿਚ ਵੱਧ ਤੋਂ ਵੱਧ ਸਮਾਂ ਲਾਉਂਦਾ ਹੋਵੇ ਤਾਂ ਵੀ ਉਸ ਦਾ ਕੋਈ ਮਾਣ ਨਹੀਂ ਕਰਦਾ। ਸਮੁੰਦਰ ਦਾ ਪਾਣੀ ਪੀਣ ਯੋਗ ਨਹੀਂ, ਫਿਰ ਵੀ ਲੋਕ ਸਮੁੰਦਰ ਨੂੰ ਵੱਡਾ ਕਹਿੰਦੇ ਹਨ। ਇਵੇਂ ਹੀ ਕੰਜੂਸ ਸਰਮਾਏਦਾਰ, ਜੋ ਕਿਸੇ ਦੀ ਵੱਢੀ ਉਂਗਲੀ 'ਤੇ ਵੀ ਧਰ ਨਾ ਮਾਰੇ ਭਾਵ ਮੂਤੇ ਨਾ, ਫਿਰ ਵੀ ਉਹ ਵੱਡਾ ਸਮਝਿਆ ਜਾਂਦਾ ਹੈ। ਲੋਕ ਕੁਲੀਨ ਅਤੇ ਸਿਆਣੇ ਮਨੁੱਖ ਦੀ ਥਾਂ ਅਕੁਲੀਨ, ਮੂਰਖ ਅਤੇ ਭੈੜੇ ਧਨੀ ਨੂੰ ਕਲਪ ਬ੍ਰਿਛ ਵਾਂਗ ਪੂਜਦੇ ਹਨ। ਇਸ ਸੰਸਾਰ ਵਿਚ ਸੂਰਬੀਰ, ਰੂਪਨਾਕ, ਭਗਵਾਨ ਅਤੇ ਨਿਪੁੰਨ ਵਕਤਾ, ਸ਼ਾਸਤਰ ਅਤੇ ਸ਼ਸਤਰ ਨੂੰ ਸਿੱਖ ਸਕਦਾ ਹੈ, ਪਰ ਧਨ ਤੋਂ ਬਿਨਾ ਸੋਭਾ ਤੇ ਮਾਣ ਪ੍ਰਾਪਤ ਨਹੀਂ ਕਰ ਸਕਦਾ।

ਕਹਿੰਦੇ ਹਨ, ਲੱਛਮੀ ਬਹੁਤ ਚੰਚਲ ਹੈ। ਬਾਂਸ 'ਤੇ ਚੜ੍ਹਨ ਵਾਂਗ ਇਸ ਦੀ ਪ੍ਰਾਪਤੀ ਬੜੀ ਕਠਿਨ ਹੈ। ਜਿੰਨੀ ਵੀ ਕੋਈ ਲੱਛਮੀ ਦੀ ਪ੍ਰਾਪਤ ਕਰਦਾ ਹੈ, ਓਨੀ ਹੀ ਹੋਰ ਪ੍ਰਾਪਤ ਕਰਨ ਦੀ ਇੱਛਾ ਵਧਦੀ ਜਾਂਦੀ ਹੈ। ਸੋ, ਸੌ ਦਾ ਧਨੀ ਹਜ਼ਾਰ ਦੀ, ਹਜ਼ਾਰ ਵਾਲਾ ਲੱਖ ਦੀ, ਲੱਖ ਵਾਲਾ ਕਰੋੜ ਦੀ ਅਤੇ ਅਰਬਾਂ ਵਾਲਾ ਧਨੀ ਰਾਜ ਦੀ ਅਤੇ ਰਾਜਾ ਸਵਰਗ ਦੀ ਇੱਛਾ ਕਰਦਾ ਹੈ। ਧਨ ਦੀ ਪ੍ਰਾਪਤੀ ਲਈ ਲੋਕ ਤਰ੍ਹਾਂ ਤਰ੍ਹਾਂ ਦੀਆਂ ਠੱਗੀਆਂ, ਬੇਈਮਾਨੀਆਂ ਅਤੇ ਹੇਰਾਫੇਰੀਆਂ ਕਰਦੇ ਹਨ। ਪਾਲਤੂ ਬਟੇਰੇ ਜੰਗਲੀ ਬਟੇਰਿਆਂ ਨੂੰ ਫੜਨ ਲਈ ਅਤੇ ਪਾਲਤੂ ਹਾਥੀ ਜੰਗਲੀ ਹਾਥੀਆਂ ਨੂੰ ਫੜਨ ਲਈ ਵਰਤੇ ਜਾਂਦੇ ਹਨ। ਆਦਮੀ ਵੀ ਆਪਣੇ ਸਾਥੀਆਂ ਨੂੰ ਗੁਲਾਮ ਬਣਾਉਣ ਵਿਚ ਮਦਦ ਕਰਦਾ ਰਿਹਾ ਹੈ। ਜੋ ਜ਼ਰਾ ਕੁ ਹੁਸ਼ਿਆਰ ਹੋਵੇ, ਉਹ ਭੋਲੇ ਭਾਲਿਆਂ ਨੂੰ ਠੱਗਣ ਵਿਚ ਸ਼ਰਮ ਮਹਿਸੂਸ ਨਹੀਂ ਕਰਦਾ, ਪਰ ਅੰਤ ਵਿਚ ਇਹ ਸਾਰੇ ਠੱਗ ਬੇਈਮਾਨ ਪਛਤਾਉਂਦੇ ਹੀ ਹਨ। ਗੁਰੂ ਨਾਨਕ ਸਾਹਿਬ ਦਾ ਫੁਰਮਾਨ ਹੈ,

ਹਰਣਾਂ ਬਾਜਾਂ ਤੈ ਸਿਕਦਾਰਾਂ
ਏਨਾ ਪੜਿਆ ਨਾਉ॥
ਫਾਂਧੀ ਲਗੀ ਜਾਤਿ ਫਹਾਇਨਿ
ਅਗੈ ਨਾਹੀ ਥਾਉ॥
ਸੋ ਪੜਿਆ ਸੋ ਪੰਡਿਤੁ ਬੀਨਾ
ਜਿਨੀ ਕਮਾਣਾ ਨਾਉ॥
ਪਹਿਲੋ ਦੇ ਜੜ ਅੰਦਰਿ ਜੰਮੈ
ਤਾ ਉਪਰਿ ਹੋਵੈ ਛਾਉ॥
ਰਾਜੇ ਸੀਹ ਮੁਕਦਮ ਕੁਤੇ॥
ਜਾਇ ਜਗਾਇਨਿ ਬੈਠੇ ਸੁਤੇ॥
ਚਾਕਰ ਨਹਦਾ ਪਾਇਨਿ ਘਾਉ॥
ਰਤੁ ਪਿਤੁ ਕੁਤਿਹੋ ਚਟਿ ਜਾਹੁ॥
ਜਿਥੈ ਜੀਆਂ ਹੋਸੀ ਸਾਰ॥
ਨਕੀ ਵਢੀ ਲਾਇਤਬਾਰ॥ (ਪੰਨਾ 1288)

## ਹੈ ਕੋਈ ਮਾਈ ਦਾ ਲਾਲ!

# ਜਸਵੰਤ ਸਿੰਘ ਕੰਵਲ ਦੀ ਝੰਡੀ...

**ਸਾਹਿਤ ਰਤਨ ਜਸਵੰਤ ਸਿੰਘ ਕੰਵਲ 27 ਜੂਨ 2019 ਨੂੰ ਸੌ ਸਾਲਾਂ ਦਾ ਹੋ ਗਿਐ। ਉਸ ਨੇ ਅੱਸੀ ਸਾਲ ਲਿਖਣ ਤੇ ਸੌ ਸਾਲ ਜਿਉਂਦੇ ਰਹਿਣ ਦਾ ਰਿਕਾਰਡ ਰੱਖ ਦਿੱਤੈ। ਵਿਸ਼ਵ ਭਰ 'ਚ ਸ਼ਾਇਦ ਹੀ ਕੋਈ ਨਾਮੀ ਸਾਹਿਤਕਾਰ ਹੋਵੇ ਜਿਸ ਨੇ ਅੱਸੀ ਵਰ੍ਹੇ ਲਗਾਤਾਰ ਲਿਖਿਆ ਹੋਵੇ ਤੇ ਸੌ ਸਾਲ ਜੀਵਿਆ ਹੋਵੇ। ਬਰਨਾਰਡ ਸ਼ਾਅ, ਬਰਟਰੰਡ ਰੱਸਲ ਤੇ ਖੁਸ਼ਵੰਤ ਸਿੰਘ ਜਿਹੇ ਨਾਮੀ ਲੇਖਕ ਸੈਂਚਰੀ ਮਾਰਦੇ ਮਾਰਦੇ ਰਹਿ ਗਏ। ਆਖਰ ਇਹ ਸੈਂਚਰੀ ਇਕ ਪੰਜਾਬੀ ਲੇਖਕ ਦੇ ਹਿੱਸੇ ਆਈ। ਆਲੋਚਕ ਤੇ ਲੇਖਕ, ਸਭ ਮੰਨਦੇ ਹਨ ਕਿ ਕੰਵਲ ਨੇ ਪੰਜਾਬੀ ਦੇ ਸਭ ਤੋਂ ਵੱਧ ਪਾਠਕ ਪੈਦਾ ਕੀਤੇ ਹਨ।**

ਕੰਵਲ ਨੂੰ ਮੈਂ ਉਠਦਾ ਬੈਠਦਾ, ਤੁਰਦਾ ਫਿਰਦਾ, ਪੜ੍ਹਦਾ ਲਿਖਦਾ, ਬੋਲਦਾ ਚਲਦਾ, ਹਸਦਾ ਖੇਡਦਾ, ਮਸਤੀ ਮਾਰਦਾ, ਇਸ਼ਕ ਕਰਦਾ ਤੇ ਹੰਝੂ ਵਹਾਉਂਦਾ ਵੇਖਦਾ ਰਿਹਾਂ। 1967 ਤੋਂ ਉਹਨੂੰ ਅਨੇਕਾਂ ਰੰਗਾਂ ਤੇ ਰੌਆਂ 'ਚ ਵੇਖਿਆ। ਕਦੇ ਖੇੜੇ 'ਚ ਖਿੜਦਾ, ਕਦੇ ਉਦਾਸੀ 'ਚ ਭੁਰਦਾ; ਕਦੇ ਕਾਨਫਰੰਸਾਂ 'ਤੇ ਜਾਂਦਾ, ਕਦੇ ਸਾਹਿਤ ਸਭਾਵਾਂ 'ਚ ਬੋਲਦਾ; ਕਦੇ ਕੋਟ ਪੈਂਟ ਪਾਏ ਹੁੰਦੇ, ਕਦੇ ਲੁੰਗੀ ਲਾਈ ਹੁੰਦੀ; ਕਦੇ ਮੰਡਾਸਾ ਮਾਰਦਾ, ਕਦੇ ਪੋਚਵੀਂ ਪੱਗ ਬੰਨ੍ਹਦਾ; ਕਦੇ ਸਿਰ ਨਿੱਘਾ ਰੱਖਣ ਲਈ ਲੋਈ ਵਲ੍ਹੇਟੀ ਹੁੰਦੀ। ਕਦੇ ਉਸ ਨੇ ਨੰਗੇ ਸਿਰ 'ਤੇ ਪਰਨਾ ਵਲ੍ਹੇਟਿਆ ਹੁੰਦਾ; ਕਦੇ ਕੰਬਲੀ ਦੀ ਬੁੱਕਲ, ਕਦੇ ਖੇਸ ਦੀ ਬੁੱਕਲ। ਕਦੇ ਧੂਣੀ ਰਮਾਉਂਦਾ, ਕਦੇ ਧੁੱਪ ਸੇਕਦਾ। ਕਦੇ ਵੱਟ ਬੰਨੇ, ਕਦੇ ਟਾਹਲੀ ਦੀ ਛਾਂਵੇਂ। ਕਦੇ ਪੱਬਾਂ ਭਾਰ ਬੈਠਾ ਤੇ ਕਦੇ ਵਰਾਂਡੇ 'ਚ ਝੂਲਾ ਝੂਲਦਾ। ਕਦੇ ਨਿਆਣਿਆਂ ਨਾਲ ਕੌਡਾਂ ਖੇਡਦਾ ਤੇ ਉਨ੍ਹਾਂ ਦੇ ਬੋਦਿਆਂ ਨੂੰ ਵੱਟ ਦਿੰਦਾ। ਕਦੇ ਅੰਦਰਲੇ ਘਰ, ਕਦੇ ਬਾਹਰਲੀ ਕੋਠੀ। ਕਦੇ ਤਾਸ਼ ਖੇਡਦਾ, ਕਦੇ ਸ਼ਤਰੰਜ। ਕਦੇ ਡਾਕਘਰ ਤੇ ਕਦੇ ਢੁੱਡੀਕੇ

ਪ੍ਰਿੰ. ਸਰਵਣ ਸਿੰਘ
ਫੋਨ: 905-799-1661

ਦੀ ਫਿਰਨੀ 'ਤੇ। 'ਕੇਰਾਂ ਢੁੱਡੀਕੇ ਦੇ ਖੇਡ ਮੇਲੇ ਵਿਚ ਕਬੱਡੀ ਦੇ ਮੈਚ ਖਿਡਾਉਂਦਿਆਂ ਉਹ ਥੱਕ ਕੇ ਬਹਿ ਗਿਆ। ਦਿਨ ਛਿਪਣ ਦੇ ਨੇੜੇ ਸੀ। ਅਸੀਂ ਇਕ ਮੈਚ ਹੋਰ ਖਿਡਾਉਣਾ ਸੀ। ਮੈਨੂੰ ਮੌਕੇ ਦੀ ਔੜੀ, "ਉਠੋ, ਲਓ ਫੜੋ ਵਿਸਲ। ਹੈਗੀ ਆ ਬਾਹਰੋਂ ਆਈ ਸ਼ੀਵਾਸ ਰੀਗਲ। ਲਾਹਦੂੰ ਥਕੇਵਾਂ।" ਖੁਸ਼ ਹੋਇਆ ਕਹਿੰਦਾ, "ਮਾਰਾਂ ਫੇਰ ਛਾਲ?"

ਮੈਂ ਕਿਹਾ, "ਮਾਰ ਲਓ, ਪਰ ਮਾਰਿਓ ਬਚ ਕੇ, ਮੈਂ ਚੱਕਣਾ ਨ੍ਹੀਂ!"

"ਓਏ ਤੂੰ ਨ੍ਹੀਂ ਚੱਕੇਂਗਾ ਤਾਂ ਹੋਰ ਕੌਣ ਚੱਕੂ?" ਏਨੀ ਮੇਰ ਸੀ ਉਹਨੂੰ ਮੇਰੇ 'ਤੇ।

1967 ਵਿਚ ਉਹਨੇ ਹੀ ਮੈਨੂੰ ਦਿੱਲੀ ਦੇ ਖਾਲਸਾ ਕਾਲਜ ਤੋਂ ਪੱਟਿਆ ਸੀ, ਵਰਨਾ ਮੈਂ ਦਿੱਲੀ 'ਚ ਦਿਲ ਲਾਈ ਰੱਖਣਾ ਸੀ। ਉਦੋਂ ਦਿੱਲੀ ਤੋਂ ਪਿੰਡਾਂ ਵੱਲ ਕੋਈ ਘੱਟ ਹੀ ਪਰਤਦਾ ਸੀ। ਕਈ ਵਾਰ ਮੈਂ ਖੁਦ ਹੈਰਾਨ ਹੁੰਨਾਂ ਕਿ ਮੈਂ ਕਿਵੇਂ ਪਰਤ ਪਿਆ? ਅਸਲ ਵਿਚ ਕੰਵਲ ਦਾ ਮਿਹਣਾ ਦਿਲ 'ਚ ਵੱਜਾ ਸੀ, ਅਖੇ ਪਿੰਡਾਂ ਦਿਆਂ ਪੜ੍ਹਿਆਂ ਨੇ ਜੇ ਸ਼ਹਿਰਾਂ ਦੀ ਅੰਗੂਰੀ ਚਰਨੀ ਐਂ ਤਾਂ ਤੁਹਾਨੂੰ ਪੜ੍ਹਾਉਣ ਦਾ ਕੀ ਫਾਇਦਾ? ਕੰਵਲ ਦੇ ਆਖੇ ਮੈਂ ਕਰੀਬ ਤੀਹ ਸਾਲ ਢੁੱਡੀਕੇ ਦੇ ਲਾਲਾ ਲਾਜਪਤ ਰਾਏ ਕਾਲਜ ਵਿਚ ਪੜ੍ਹਾਇਆ ਤੇ ਵੀਹ ਸਾਲ ਉਸ ਦਾ ਗੁਆਂਢੀ ਬਣਿਆ ਰਿਹਾ। ਕਾਲਜ ਸਰਕਾਰੀ ਹੋ ਜਾਣ 'ਤੇ ਵੀ ਬਦਲੀ ਦੇ ਚੱਕਰ ਵਿਚ ਨਹੀਂ ਪਿਆ। ਢੁੱਡੀਕੇ ਰਹਿਣ ਕਾਰਨ ਬਹੁਤੇ ਬੰਦੇ ਮੈਨੂੰ ਢੁੱਡੀਕੇ ਦਾ ਹੀ ਸਮਝਦੇ ਹਨ ਜਦ ਕਿ ਮੇਰਾ ਆਪਣਾ ਪਿੰਡ ਚਕਰ ਉਥੋਂ ਵੀਹ ਕਿਲੋਮੀਟਰ ਹੈ।

24 ਜੂਨ 1967 ਦਾ ਦਿਨ ਸੀ। ਲਾਲਾ ਲਾਜਪਤ ਰਾਏ ਜਨਮ ਸਥਾਨ ਯਾਦਗਾਰ, ਜਿਸ ਨੂੰ ਪਿੰਡ ਵਾਲੇ 'ਲਾਲੇ ਦੀ ਜਗ੍ਹਾ' ਕਹਿੰਦੇ ਹਨ, ਲੈਕਚਰਾਰਾਂ ਦੀ ਇੰਟਰਵਿਊ ਹੋਈ। ਚੋਣ ਕਮੇਟੀ ਵਿਚ ਲਾਲਾ ਜੀ ਦਾ ਸਾਥੀ ਲਾਲਾ ਮੋਹਨ ਲਾਲ, ਪ੍ਰਧਾਨ ਕਾਲਜ ਕਮੇਟੀ, ਪ੍ਰਿੰ. ਐਲ. ਰਾਮਾਚੰਦਰਨ, ਸਕੱਤਰ ਸੱਤਪਾਲ ਗਰੋਵਰ, ਜਸਵੰਤ ਸਿੰਘ ਕੰਵਲ ਤੇ ਚੂਹੜਚੱਕ ਦਾ ਜਥੇਦਾਰ ਭਜਨ ਸਿੰਘ ਸਿੱਧੂ ਬੈਠੇ ਸਨ। ਉਹ ਸ਼੍ਰੋਮਣੀ ਕਮੇਟੀ ਦਾ ਮੈਂਬਰ ਸੀ। ਜਥੇਦਾਰ ਹਰੇਕ ਨੂੰ ਇਕੋ ਸਵਾਲ ਪੁੱਛਦਾ, "ਸੱਚੋ ਸੱਚ ਦੱਸ, ਸ਼ਰਾਬ ਪੀ ਲੈਨਾਂ?" ਹਰੇਕ ਈ ਕਹਿ ਦਿੰਦਾ, "ਨਹੀਂ ਜੀ, ਮੈਂ ਤਾਂ ਕਦੇ ਨਹੀਂ ਪੀਤੀ।" ਇਹ ਗੱਲ ਇੰਟਰਵਿਊ ਦੇ ਕੇ ਆਇਆ ਉਮੀਦਵਾਰ ਹੋਰਨਾਂ ਨੂੰ ਆ ਦੱਸਦਾ।

ਮੇਰੀ ਵਾਰੀ ਆਈ ਤਾਂ ਜਥੇਦਾਰ ਨੇ ਪੁੱਛਿਆ, "ਥੋਡੇ ਪਿੰਡ ਸਿੱਧੂ ਹੈਗੇ?" ਮੈਂ ਕਿਹਾ, "ਹਾਂ ਜੀ ਹੈਗੇ।" ਫਿਰ ਪੁੱਛਣ ਲੱਗਾ, "ਤੂੰ ਕਿਨ੍ਹਾਂ 'ਚੋਂ ਐਂ?" ਕਿਉਂਕਿ ਮੇਰੇ ਨਾਂ ਨਾਲ ਗੋਤ ਨਹੀਂ ਸੀ ਲੱਗਾ ਹੋਇਆ, ਇਸ ਲਈ ਜਥੇਦਾਰ ਤਸੱਲੀ ਕਰਨੀ ਚਾਹੁੰਦਾ ਸੀ ਕਿ ਇਹ ਭਾਈ ਕਿਨ੍ਹਾਂ 'ਚੋਂ ਐ? ਮੈਂ ਆਖਿਆ, "ਮੈਂ ਸੰਧੂਆਂ 'ਚੋਂ ਆਂ।"

ਉਸ ਨੇ ਫਿਰ ਉਹੀ ਸ਼ਰਾਬ ਪੀਣ ਵਾਲਾ ਸੁਆਲ ਪੁੱਛਿਆ। ਮੈਂ ਮਚਲਾ ਬਣਦਿਆਂ ਕਿਹਾ, "ਮੈਨੂੰ ਤੁਹਾਡੇ ਸੁਆਲ ਦੀ ਸਮਝ ਨਹੀਂ ਆਈ।"

ਹਫਤਾ ਪਹਿਲਾਂ ਮੈਂ ਪਊਆ ਪੀ ਕੇ ਫੈਂਟਰ ਮਾਰ ਬੈਠਾ ਸਾਂ ਤੇ ਇਕ ਮਣ ਦੀ ਥਾਂ ਨੌਂ ਮਣ ਪੀ ਬੀ 18 ਕਣਕ ਦਾ ਬੀਜ ਲੈ ਆਇਆ ਸਾਂ। ਪਊਏ ਨੇ ਮੈਥੋਂ ਵੱਡੀ ਮੱਲ ਮਰਵਾ ਦਿੱਤੀ ਸੀ ਜਿਸ ਨਾਲ ਘਰ ਦੀ ਵਿੱਤੀ ਹਾਲਤ ਸੁਧਰ ਜਾਣੀ ਸੀ। ਪੀਤੀ 'ਤੇ ਪਰਦਾ ਕਿਵੇਂ ਪਾਉਂਦਾ? ਕੰਵਲ ਨੇ ਵਿਚੋਂ ਈ ਕਿਹਾ, "ਚਲੋ ਛੱਡੋ, ਕੋਈ ਹੋਰ ਸੁਆਲ ਪੁੱਛੋ।"

ਪਰ ਜਥੇਦਾਰ ਨੇ ਖੰਘੂਰਾ ਮਾਰ ਕੇ ਫਿਰ ਉਹੀ ਸੁਆਲ ਕੀਤਾ, "ਕਾਕਾ, ਤੂੰ ਜੱਟਾਂ ਦਾ ਮੁੰਡੈਂ। ਮੈਂ ਪੁੱਛਦਾਂ, ਘੁੱਟ ਪੀ ਵੀ ਲੈਨੈਂ?"

ਮੈਨੂੰ ਲੱਗਾ, ਇਹ ਭਾਈ ਓਸੇ ਦੇ ਹੱਕ 'ਚ ਭੁਗਤੂ ਜਿਹੜਾ ਇਹਨੂੰ ਪਿਆਊ। ਮੈਂ ਮੁਸਕਰਾ ਕੇ ਕਿਹਾ, "ਜਦੋਂ ਆਖੋਗੇ ਪ੍ਰੋਗਰਾਮ ਬਣਾ ਲਵਾਂਗੇ। ਬਾਕੀ ਕੰਵਲ ਸਾਹਿਬ ਨਾਲ ਸਲਾਹ ਕਰ ਲਿਓ।"

ਕੰਵਲ ਨੇ ਤਾੜੀ ਮਾਰ ਦਿੱਤੀ, "ਕਿਉਂ ਭਜਨ ਸਿਆਂ, ਹੋਰ ਵੀ ਕੁਛ ਪੁੱਛਣੈ?"

ਮੈਂ ਝੂਠ ਬੋਲਣੋਂ ਵੀ ਬਚ ਗਿਆ ਤੇ ਸੱਚੀ ਗੱਲ ਵੀ ਨਾ ਦੱਸੀ। ਮੇਰੀ ਚੋਣ ਹੋ ਗਈ।


8 ਜੁਲਾਈ 1967 ਨੂੰ ਮੈਂ ਢੁੱਡੀਕੇ ਕਾਲਜ 'ਚ ਪੜ੍ਹਾਉਣ ਲੱਗਾ ਤਾਂ ਕੰਵਲ ਜੁਆਨਾਂ ਵਰਗਾ ਸੀ। ਦਾੜ੍ਹੀ ਪੂਰੀ ਕਾਲੀ ਸੀ। ਕਾਲਜ ਚਲਾਉਣ ਵਿਚ ਪ੍ਰੋ. ਪ੍ਰੀਤਮ ਸਿੰਘ ਉਹਦਾ ਸਲਾਹਕਾਰ ਸੀ ਜਿਸ ਨੇ ਸਲਾਹ ਦਿੱਤੀ ਸੀ ਕਿ ਪੇਂਡੂ ਕਾਲਜ ਚਲਦਾ ਰੱਖਣ ਲਈ ਸਟਾਫ ਪੇਂਡੂ ਪਿਛੋਕੜ ਦਾ ਰੱਖਿਓ। ਸ਼ਹਿਰੀਆਂ ਨੇ ਪਿੰਡ ਵਿਚ ਨਹੀਂ ਟਿਕਣਾ। ਅਗਸਤ ਵਿਚ ਕੰਵਲ ਨੇ ਮਲਾਇਆ ਨੂੰ ਉਡਾਰੀ ਮਾਰੀ ਤਾਂ ਮੈਂ ਮੁੜ ਦਿੱਲੀ ਨੂੰ ਉਡਾਰੀ ਮਾਰ ਗਿਆ। ਉਹ ਢੁੱਡੀਕੇ ਮੁੜਿਆ ਤਾਂ ਮੈਨੂੰ ਮਿਲਣ ਲਈ ਸੱਦਿਆ। ਪੈਂਦੀ ਸੱਟੇ ਮਿਹਣਾ ਮਾਰਿਆ, "ਜੇ ਪਿੰਡਾਂ ਦੇ ਪੜ੍ਹਿਆਂ ਨੇ ਸ਼ਹਿਰਾਂ ਦੀ ਅੰਗੂਰੀ ਚਰਨੀ ਐਂ ਤਾਂ ਤੁਹਾਨੂੰ ਪੜ੍ਹਾਉਣਾ ਕਾਹਨੂੰ ਸੀ? ਜਾਓ ਚਰੋ ਸ਼ਹਿਰਾਂ ਦੀ ਅੰਗੂਰੀ! ਪਿੰਡਾਂ ਨਾਲ ਤੁਹਾਨੂੰ ਕੀ?" ਮਿਹਣਾ ਸਿੱਧਾ ਮੇਰੇ ਸੀਨੇ 'ਚ ਵੱਜਾ ਤੇ ਮੈਂ ਦਿੱਲੀ ਦੀ ਪੱਕੀ ਨੌਕਰੀ ਤੋਂ ਅਸਤੀਫਾ ਦੇ ਕੇ ਫਿਰ ਢੁੱਡੀਕੇ ਆ ਲੱਗਾ।

ਉਨ੍ਹੀਂ ਦਿਨੀਂ ਕੰਵਲ ਕੋਲ ਬਲਰਾਜ ਸਾਹਨੀ ਆਉਂਦਾ ਹੁੰਦਾ ਸੀ। ਬਲਰਾਜ ਸਾਹਨੀ ਕੋਲ ਛੋਟਾ ਟਾਈਪ ਰਾਈਟਰ ਹੁੰਦਾ ਸੀ ਜਿਸ ਉਤੇ ਉਸ ਨੇ ਆਪਣੇ ਦੋ ਸਫਰਨਾਮੇ ਕੰਵਲ ਦੇ ਘਰ ਤੇ ਬਾਹਰਲੀ ਕੋਠੜੀ ਵਿਚ ਬੈਠ ਕੇ ਟਾਈਪ ਕੀਤੇ। ਬਲਰਾਜ ਸਾਹਨੀ ਦੀ ਗੁਰਮੁਖੀ ਦੀ ਹੱਥ ਲਿਖਤ ਵੀ ਸੋਹਣੀ ਸੀ ਜੋ ਉਸ ਦੀਆਂ ਚਿੱਠੀਆਂ ਤੋਂ ਵੇਖੀ ਸੀ। ਉਸ ਦੇ ਰੂਸੀ ਸਫਰਨਾਮੇ ਨੂੰ ਸੋਵੀਅਤ ਦੇਸ਼ ਦਾ ਨਹਿਰੂ ਪੁਰਸਕਾਰ ਮਿਲਿਆ ਤਾਂ ਉਸ ਨੇ ਮਿਲੇ ਪੈਸੇ ਢੁੱਡੀਕੇ ਕਾਲਜ ਨੂੰ ਦਾਨ ਕਰ ਦਿੱਤੇ, ਜੋ ਕਾਲਜ ਦੀ ਦਾਨ ਸ਼ਿਲਾ 'ਤੇ ਉਕੱਰੇ ਹੋਏ ਹਨ।

ਬਲਰਾਜ ਸਾਹਨੀ 60ਵਿਆਂ ਦੇ ਸ਼ੁਰੂ ਵਿਚ ਪੰਜਾਬ ਆਇਆ ਤਾਂ ਕੰਵਲ ਨੂੰ ਬਿਨਾ ਦੱਸੇ ਪਿੰਡ ਢੁੱਡੀਕੇ ਆ ਗਿਆ। ਕੰਵਲ ਉਦੋਂ ਲੁਧਿਆਣੇ ਗਿਆ ਹੋਇਆ ਸੀ। ਉਹ ਮੁੜਿਆ ਤਾਂ ਉਨ੍ਹਾਂ ਦਾ ਮੇਲ ਖੇਤਾਂ ਵਿਚ ਹੋਇਆ ਸੀ। ਬਲਰਾਜ ਨਾਲ ਉਹਦੀ ਫਿਲਮੀ ਟੀਮ ਵੀ ਸੀ। ਕੰਵਲ ਨਾਲ ਉਹਦੀ ਦੋਸਤੀ ਹੋ ਗਈ। ਉਸ ਨੇ ਫਿਲਮੀ ਟੀਮ ਵਾਪਸ ਮੁੰਬਈ ਭੇਜ ਦਿੱਤੀ ਤੇ ਆਪ ਕੰਵਲ ਦੇ ਘਰ ਡੇਰਾ ਲਾ ਲਿਆ। ਉਹ ਪਿੰਡ ਦੀਆਂ ਸੱਥਾਂ 'ਚ ਜਾਂਦਾ ਤੇ ਖੇਤਾਂ 'ਚ ਹਾਲੀਆਂ ਪਾਲੀਆਂ ਨੂੰ ਮਿਲਦਾ। ਇਕ ਵਾਰ ਉਹ ਮਾੜੀ ਮੁਸਤਫਾ ਦਾ ਮੇਲਾ ਵੇਖਣ ਗਿਆ। ਕੰਵਲ ਦਾ ਭਤੀਜਾ ਧੰਨਾ ਨਾਲ ਸੀ। ਬਾਘੇ ਪੁਰਾਣੇ ਤੋਂ ਉਨ੍ਹਾਂ ਨੇ ਪੰਜਾਂ ਰੁਪਈਆਂ 'ਚ ਸਾਲਮ ਟਾਂਗਾ ਕੀਤਾ। ਟਾਂਗੇ ਵਾਲੇ ਨੇ ਬਲਰਾਜ ਸਾਹਨੀ ਨੂੰ ਫਿਲਮੀ ਐਕਟਰ ਵਜੋਂ ਪਛਾਣ ਲਿਆ। ਬਲਰਾਜ ਨੇ ਪੱਗ ਦੇ ਲੜ ਨਾਲ ਮੂੰਹ ਢਕ ਕੇ ਟਾਂਗੇ ਵਾਲੇ ਨੂੰ ਕਿਹਾ, "ਤੂੰ ਕਿਸੇ ਨੂੰ ਮੇਰੀ ਪਛਾਣ ਨਾ ਦੱਸੀਂ, ਤੈਨੂੰ ਪੰਜ ਰੁਪਏ ਹੋਰ ਮਿਲਣਗੇ।"

ਮੇਲੇ ਵਿਚ ਉਹ ਮੂੰਹ ਢਕ ਕੇ ਫਿਰਦਾ ਰਿਹਾ। ਇਕ ਗਾਉਣ ਸੁਣਿਆ। ਧੰਨੇ ਨੇ ਬਥੇਰਾ ਕਿਹਾ ਬਈ ਅਖਾੜੇ ਦੇ ਬਹੁਤਾ ਅੰਦਰ ਨਾ ਜਾਓ। ਪਰ ਉਹ ਗਾਉਣ ਵਾਲਿਆਂ ਦੇ ਅਸਲੋਂ ਕੋਲ ਚਲਾ ਗਿਆ। ਉਥੇ ਸ਼ਰਾਬੀ ਸ਼ਰਾਬ ਪੀਈ ਜਾਣ। ਕੋਈ ਕਹੇ ਹੀਰ ਸੁਣਨੀ ਐਂ ਕੋਈ ਕਹੇ ਮਿਰਜ਼ਾ। ਗਾਉਣ ਵਾਲੇ ਕੀਹਦੀ ਮੰਨਦੇ? ਬਲਰਾਜ ਸਾਹਨੀ ਦੇ ਉਥੇ ਬੈਠਿਆਂ ਸ਼ਰਾਬੀਆਂ ਦੀ ਆਪਸ ਵਿਚ ਖੜਕ ਪਈ। ਡਾਂਗਾਂ ਚੱਲ ਪਈਆਂ ਤੇ ਧੰਨੇ ਹੋਰਾਂ ਨੇ ਬਲਰਾਜ ਸਾਹਨੀ ਨੂੰ ਮਸਾਂ ਭੀੜ 'ਚੋਂ ਕੱਢਿਆ।

ਇਕ ਵਾਰ ਉਹ ਤਲਵੰਡੀ ਸਾਬੋ ਦੀ ਵਿਸਾਖੀ ਵੇਖਣ ਗਏ। ਉਥੇ ਗੁਰੂ ਕਾਸ਼ੀ ਕਾਲਜ ਦੇ ਕੁਆਟਰਾਂ ਵਿਚ ਗੁਰਬਚਨ ਸਿੰਘ ਭੁੱਲਰ ਰਹਿੰਦਾ ਸੀ। ਉਹ ਦੱਸਦੈ ਕਿ ਬਲਰਾਜ ਦੇ ਭੋਥਾ ਲਾਇਆ ਤੇ ਕਲੀਆਂ ਵਾਲਾ ਕੁੜਤਾ ਪਾਇਆ ਹੋਇਆ ਸੀ।



*28 ਜਨਵਰੀ 2019 ਨੂੰ ਜਸਵੰਤ ਸਿੰਘ ਕੰਵਲ ਦੀ ਢੁੱਡੀਕੇ ਦੇ ਖੇਡ ਮੇਲੇ ਵਿਚ ਝੰਡੀ*

ਪਛਾਣ ਤੋਂ ਬਚਣ ਲਈ ਓਥੇ ਵੀ ਚਿਹਰਾ ਪੱਗ ਦੇ ਲੜ ਨਾਲ ਢਕਿਆ ਹੋਇਆ ਸੀ। ਬਲਰਾਜ ਢੁੱਡੀਕੇ ਦੇ ਘਰਾਂ ਵਿਚ ਆਮ ਚਲਾ ਜਾਂਦਾ ਸੀ ਤੇ ਲੱਸੀ ਪਾਣੀ ਪੀ ਆਉਂਦਾ ਸੀ। ਭੱਠੀ 'ਤੇ ਛੜਿਆਂ ਦੀਆਂ ਗੱਲ ਸੁਣਦਾ। ਧੰਨੇ ਨੂੰ ਦਾਰੂ ਪਹਿਲੀ ਵਾਰ ਬਲਰਾਜ ਸਾਹਨੀ ਨੇ ਹੀ ਪਿਆਈ ਸੀ। ਮੇਰਾ ਉਹਦੇ ਨਾਲ ਸਿਰਫ ਦੋ ਕੁ ਵਾਰ ਹੀ ਮੇਲ ਹੋ ਸਕਿਆ।

ਉਹਦੀ ਬੇਟੀ ਅੱਗ ਨਾਲ ਸੜ ਗਈ। ਹਸਪਤਾਲੋਂ ਛੁੱਟੀ ਮਿਲਦਿਆਂ ਬਲਰਾਜ ਉਸ ਨੂੰ ਢੁੱਡੀਕੇ ਲੈ ਆਇਆ, ਜਿਸ ਦੀ ਕੰਵਲ ਦੇ ਪਰਿਵਾਰ ਨੇ ਰੱਜ ਕੇ ਸੇਵਾ ਕੀਤੀ। ਬਲਰਾਜ ਸਾਹਨੀ ਦੇ ਜ਼ਰੀਏ ਪਹਿਲਵਾਨ ਦਾਰਾ ਸਿੰਘ ਵੀ ਕੰਵਲ ਦਾ ਦੋਸਤ ਬਣ ਗਿਆ, ਜਿਸ ਨੇ ਢੁੱਡੀਕੇ ਕਾਲਜ ਦੀ ਮਾਇਕ ਮਦਦ ਲਈ ਮੋਗੇ ਤੇ ਫਿਰੋਜ਼ਪੁਰ ਦੋ ਸ਼ੋਅ ਫਰੀ ਸਟਾਈਲ ਕੁਸ਼ਤੀਆਂ ਦੇ ਵਿਖਾਏ ਸਨ। ਉਦੋਂ ਅਸੀਂ ਵੀ ਪ੍ਰਬੰਧਕਾਂ ਵਿਚ ਸ਼ਾਮਲ ਸਾਂ।

ਬਲਰਾਜ ਸਾਹਨੀ ਦੇ ਪੁੱਤਰ ਪ੍ਰੀਕਸ਼ਤ ਸਾਹਨੀ ਨੇ ਬਾਪ ਨੂੰ ਦੱਸੇ ਬਿਨਾ ਵਿਆਹ ਕਰਵਾ ਲਿਆ। ਉਸ ਦੀ ਵਧਾਈ ਬਲਰਾਜ ਨੂੰ ਕੰਵਲ ਦੇ ਅੰਦਰਲੇ ਘਰ ਬੈਠਿਆਂ ਮਿਲੀ ਸੀ। ਕੰਵਲ ਖੁਦ ਡਾਕਖਾਨੇ ਗਿਆ ਸੀ ਤੇ ਉਹੀ ਪ੍ਰੀਕਸ਼ਤ ਦੇ ਵਿਆਹ ਦੀ ਵਧਾਈ ਲੈ ਕੇ ਆਇਆ, ਜੋ ਤਾਰ ਰਾਹੀਂ ਆਈ ਸੀ। ਬਲਰਾਜ ਸਾਹਨੀ ਦੀ ਮ੍ਰਿਤੂ ਉਤੇ ਕੰਵਲ ਦੇ ਘਰ ਸੱਥਰ ਵਿਛਿਆ ਰਿਹਾ। ਲੋਕ ਕਈ ਦਿਨ ਅਫਸੋਸ ਕਰਨ ਆਉਂਦੇ ਰਹੇ।

ਕਦੇ ਕਦੇ ਪੁੰਨਿਆਂ ਦੀ ਚੰਨ ਚਾਨਣੀ 'ਚ ਅਸੀਂ ਕਾਲਜ ਦੇ ਪ੍ਰੋਫੈਸਰ ਕੰਵਲ ਨਾਲ ਟਾਂਗੇ 'ਤੇ ਚੜ੍ਹ ਜਾਂਦੇ। ਸੁਰਮਈ ਸੜਕ ਉਤੇ ਘੋੜੇ ਦੇ ਪੌੜ ਖੜਕਦੇ। ਆਸੇ ਪਾਸੇ ਰੁੱਖ ਝੂਮਦੇ। ਚੂਹੜਚੱਕ ਲੰਘ ਕੇ ਸੂਏ ਦਾ ਪਾਣੀ ਲਿਸ਼ਕਦਾ ਦਿਸਦਾ। ਉਸ ਵਿਚ ਤਾਰੇ ਟਿਮਟਮਾਉਂਦੇ ਤੇ ਰਾਤ ਸ਼ਾਂ ਸ਼ਾਂ ਕਰਦੀ। ਕੰਵਲ ਕਹਿੰਦਾ, "ਆਪਾਂ ਓਥੇ ਮਹਿਫਿਲ ਲਾਵਾਂਗੇ ਜਿਥੇ ਪਾਣੀ 'ਚੋਂ ਚੰਦ ਦਿਸੇ।"

ਤੁਰਦੇ ਤੁਰਦੇ ਚੰਦ ਦਾ ਮੂੰਹ ਕਿਸੇ ਕੱਸੀ ਜਾਂ ਖਾਲ ਦੇ ਪਾਣੀ 'ਚੋਂ ਦਿਸਦਾ ਤਾਂ ਉਹਦੀ ਬੰਨੀ ਉਤੇ ਅਸੀਂ ਆਪੋ ਆਪਣੀਆਂ ਸਾਹਿਤਕ ਰਚਨਾਵਾਂ ਸੁਣਾਉਣ ਦੀ ਮਹਿਫਿਲ ਲਾ ਲੈਂਦੇ। ਪ੍ਰੋਫੈਸਰ ਆਪਸ ਵਿਚ ਉਲਝਦੇ ਤਾਂ ਕੰਵਲ ਕਹਿੰਦਾ, "ਕਰੋ ਚੁੱਪ ਓਏ, ਨਈਂ ਮੈਂ ਮਾਰਦਾਂ ਸੂਏ 'ਚ ਛਾਲ!"

ਕੋਠੀ 'ਚ ਬੀਅਰ ਪੀਂਦਿਆਂ 'ਕੇਰਾਂ ਕੰਵਲ ਨੇ ਮੇਰੇ ਕੋਲ ਭੇਤ ਖੋਲ੍ਹਿਆ, "ਮੈਨੂੰ ਲੋਕਾਂ ਨੇ ਜੁਆਨੀ ਚੜ੍ਹਦੇ ਨੂੰ ਈ ਗਿਆਨੀ ਕਹਿਣਾ ਸ਼ੁਰੂ ਕਰ'ਤਾ ਸੀ। ਊਂ ਮੈਂ ਗਿਆਨੀ ਗਿਊਨੀ ਕੋਈ ਨੀ ਸੀ। ਇਸ ਗਿਆਨੀਪੁਣੇ ਨੇ ਮੇਰੀਆਂ ਬਹੁਤ ਸਾਰੀਆਂ ਖੁਸ਼ੀਆਂ ਮਾਰ'ਤੀਆਂ। ਮੈਨੂੰ ਗਿਆਨੀ ਨਾ ਕਹਿੰਦੇ ਹੁੰਦੇ ਤਾਂ ਮੈਂ ਵੀ ਐਸ਼ਾਂ ਕਰਨੀਆਂ ਸੀ।"

ਨਾਲ ਦੇ ਕਮਰੇ 'ਚ ਡਾ. ਜਸਵੰਤ ਗਿੱਲ ਬੈਠੀ ਸੀ। ਮੈਂ ਮਨ 'ਚ ਕਿਹਾ, "ਘੱਟ ਤਾਂ ਕੰਵਲ ਸਾਹਿਬ ਆਪਾਂ ਗਿਆਨੀ ਬਣ ਕੇ ਵੀ ਨਹੀਂ ਗੁਜ਼ਾਰੀ!"

ਕੰਵਲ ਪਿੰਡ ਦਾ ਸਰਪੰਚ ਰਿਹੈ, ਸਾਹਿਤ ਸਭਾਵਾਂ ਦਾ ਪ੍ਰਧਾਨ ਅਤੇ ਸਾਧਾਂ ਤੇ ਵੈਲੀਆਂ ਦਾ ਸੰਗੀ ਸਾਥੀ। ਸਿਆਸੀ ਪਾਰਟੀਆਂ ਦੇ ਲੀਡਰਾਂ ਨੂੰ ਮਿਲਦਾ ਗਿਲਦਾ ਤੇ ਉਨ੍ਹਾਂ ਦੇ ਨਾਂ ਖੁੱਲ੍ਹੀਆਂ ਚਿੱਠੀਆਂ ਛਪਵਾਉਂਦਾ ਰਿਹੈ। ਕਦੇ ਚਿੱਠੀ ਦਾ ਨਾਂ ਜ਼ਫਰਨਾਮਾ, ਕਦੇ ਫਤਿਹਨਾਮਾ ਤੇ ਆਖਰ ਜਿੱਤਨਾਮਾ ਰੱਖਦਾ ਰਿਹੈ। ਖਿਝਦਾ ਰਿਹੈ, ਮੰਨਦਾ ਰਿਹੈ ਅਤੇ ਸਿਆਸੀ ਪਾਰਟੀਆਂ ਤੇ ਧੜਿਆਂ ਦਾ ਵਿਚੋਲਾ ਬਣਦਾ ਰਿਹੈ। ਸਣੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਤੇ ਕਦੇ ਹੋਰ ਸਾਧਾਂ ਸੰਤਾਂ ਨੂੰ ਮਿਲਦਾ ਰਿਹੈ। ਵਿਚੇ ਸੰਤ ਲੌਂਗੋਵਾਲ, ਵਿਚੇ ਬਾਦਲ, ਵਿਚੇ ਟੌਹੜਾ, ਤਲਵੰਡੀ, ਬਰਨਾਲਾ, ਬਲਵੰਤ ਸਿੰਘ, ਮਨਪ੍ਰੀਤ ਬਾਦਲ, ਜਗਮੀਤ ਬਰਾੜ ਤੇ ਵਿਚੇ ਬਲਵੰਤ ਸਿੰਘ ਰਾਮੂਵਾਲੀਆ। ਉਹ ਏਨਾ ਕੁਛ ਕਰਦਾ ਰਿਹੈ ਕਿ ਸਾਰੀਆਂ ਗੱਲਾਂ ਦੱਸ ਨਹੀਂ ਹੁੰਦੀਆਂ।

ਜਦੋਂ ਮੈਂ ਚੜ੍ਹਦੇ ਸਿਆਲ ਕੈਨੇਡਾ ਤੋਂ ਪੰਜਾਬ ਜਾਨਾਂ ਤਾਂ ਢੁੱਡੀਕੇ ਵੀ ਗੇੜਾ ਮਾਰਦਾਂ। ਇਕ ਵਾਰ 24 ਨਵੰਬਰ 2013 ਨੂੰ ਢੁੱਡੀਕੇ ਗਿਆ। ਕੰਵਲ ਦੀ ਕੋਠੀ ਨੂੰ ਤਾਜ਼ਾ ਰੰਗ ਕੀਤਾ ਹੋਇਆ ਸੀ। ਮੈਂ ਬਿਨਾ ਆਵਾਜ਼ ਦਿੱਤੇ ਕੋਠੀ ਅੰਦਰ ਜਾਣ ਦਾ ਆਦੀ ਰਿਹਾ ਹਾਂ। ਬਾਹਰਲਾ ਗੇਟ ਲੰਘ ਕੇ ਤੇ ਵਰਾਂਡੇ ਵਾਲੇ ਕਮਰੇ ਦਾ ਦਰਵਾਜ਼ਾ ਖੋਲ੍ਹ ਕੇ ਅੰਦਰ ਗਿਆ ਤਾਂ ਕੰਵਲ ਹੱਥ 'ਚ ਆਪਣਾ ਨਵਾਂ ਨਾਵਲ 'ਲੱਧਾ ਪਰੀ ਨੇ ਚੰਨ ਉਜਾੜ ਵਿਚੋਂ' ਪੜ੍ਹਦਾ ਮਿਲਿਆ। ਉਸ ਨੇ ਲੰਮੀਆਂ ਬਾਹਾਂ ਨਾਲ ਜੱਫੀ ਪਾਈ ਤੇ ਜੀ ਆਇਆਂ ਕਿਹਾ। ਕੁਛ ਹੈਰਾਨ ਵੀ ਹੋਇਆ ਕਿ ਚੁੱਪ ਕੀਤਾ ਕਿਧਰੋਂ ਆ ਨਿਕਲਿਆ!

ਮੈਂ ਕੈਨੇਡਾ ਤੋਂ ਲਿਆਂਦੀ ਸ਼ੀਵਾਸ ਰੀਗਲ ਆਪਣੇ ਮੁਰਸ਼ਦ ਨੂੰ ਭੇਟ ਕੀਤੀ ਤਾਂ ਬਾਈ ਕੰਵਲ ਨੇ ਧੰਨਭਾਗ ਕਹਿ ਕੇ ਪਹਿਲਾਂ ਸੀਨੇ ਲਾਈ ਤੇ ਫਿਰ ਮੱਥੇ ਨੂੰ ਛੁਹਾਈ। ਨਾਲ ਜ਼ਿੰਦਾਬਾਦ ਕਿਹਾ। ਇਹ ਉਸ ਦਾ ਮਖਸੂਸ ਅੰਦਾਜ਼ ਹੈ। ਉਸ ਨੇ ਦੱਸਿਆ ਕਿ ਇਕ ਬੋਤਲ ਨਾਲ ਉਸ ਦਾ ਮਹੀਨਾ ਨਿਕਲ ਜਾਂਦੈ। ਉਹ ਨਾਗਾ ਪਾ ਕੇ ਪੀਂਦੈ ਤੇ ਉਹ ਵੀ ਇਕ ਅੱਧਾ ਪੈੱਗ। ਉਹਨੂੰ ਸਾਲ 'ਚ ਬਾਰਾਂ ਬੰਦੇ ਵੀ ਬਾਹਰੋਂ ਮਿਲਣ ਆ ਜਾਣ ਤਾਂ ਉਹਦਾ ਸਾਲ ਸੌਖਾ ਲੰਘ ਸਕਦੈ।

ਅਸੀਂ ਕਿਤੇ ਵੀ ਹੋਈਏ ਸਾਨੂੰ ਇਕ ਦੂਜੇ ਦੀ ਬਿੜਕ ਰਹਿੰਦੀ ਹੈ ਤੇ ਸੁੱਖ ਸਾਂਦ ਦਾ ਪਤਾ ਲੱਗਦਾ ਰਹਿੰਦੈ। ਆਉਂਦੇ ਜਾਂਦੇ ਮਿਲ ਲਈਦੈ। ਨਾਲੇ ਮੈਂ ਕਿਹੜਾ ਢੁੱਡੀਕੇ ਉਚੇਚਾ ਜਾਣਾ ਹੁੰਦੈ। ਕੰਵਲ ਜਾਂਦਿਆਂ ਨਾ ਮਿਲਿਆ ਤਾਂ ਆਉਂਦਿਆਂ ਸਹੀ। ਬਾਹਰਲੀ ਕੋਠੀ ਜਿਹੜੀ ਕਦੇ ਡਾ. ਜਸਵੰਤ ਗਿੱਲ ਦੀ ਕੋਠੀ ਵੱਜਦੀ ਸੀ, ਹੁਣ ਕੰਵਲ ਦਾ ਬਾਹਰਲਾ ਘਰ ਹੈ। ਉਹ ਅੰਦਰਲੇ ਘਰ ਦੁਪਹਿਰ ਦੀ ਰੋਟੀ ਖਾਣ ਈ ਜਾਂਦੈ ਜਾਂ ਕਿਸੇ ਜ਼ਰੂਰੀ ਕੰਮ। ਰਾਤ ਦੀ ਰੋਟੀ ਉਹਦੀ ਬਾਹਰਲੇ ਘਰ ਆ ਜਾਂਦੀ ਹੈ। ਉਹਦਾ ਪੁੱਤਰ ਸਰਬਜੀਤ ਸਿੰਘ ਬਾਹਰਲੇ ਘਰ ਰੋਟੀ ਤੇ ਦੁੱਧ ਲੈ ਆਉਂਦੈ ਤੇ ਆਏ ਗਏ ਨੂੰ ਚਾਹ ਪਾਣੀ ਪਿਆ ਦਿੰਦੈ। ਉਹੀ ਕੰਵਲ ਸਾਹਿਬ ਨੂੰ ਕਾਰ ਉਤੇ ਗੇੜਾ ਕਢਾ ਲਿਆਉਂਦੈ। ਪਹਿਲਾਂ ਉਹ ਵਾਹੀ ਕਰਦਾ ਸੀ ਹੁਣ ਜ਼ਮੀਨ ਠੇਕੇ 'ਤੇ ਦੇ ਛੱਡੀ ਹੈ। ਕੰਵਲ ਨੂੰ ਆਪਣੇ ਬਾਪ ਦੀ ਜ਼ਮੀਨ 'ਚੋਂ ਹਿੱਸੇ ਬਹਿੰਦੀ ਤੇਰਾਂ ਘੁਮਾਂ ਆਈ ਸੀ। ਬਾਕੀ ਉਸ ਨੇ ਸਸਤੇ ਸਮੇਂ ਕਿਤਾਬਾਂ ਦੀ ਰਾਇਲਟੀ ਨਾਲ ਖਰੀਦੀ ਜਿਵੇਂ ਜਰਨੈਲ ਸਿੰਘ ਪਨਾਮੀਏ ਨੇ ਫੁੱਟਬਾਲ ਖੇਡ ਕੇ ਖਰੀਦੀ ਸੀ। ਹੁਣ ਉਹਦੇ ਪਰਿਵਾਰ ਪਾਸ ਪੱਚੀ ਕਿੱਲੇ ਜ਼ਮੀਨ ਹੈ।

ਅੱਜ ਕੱਲ੍ਹ ਉਹ ਸਵੇਰੇ ਚਾਹ ਦੇ ਕੱਪ ਨਾਲ ਇਕ ਆਂਡਾ ਤੇ ਦਸ ਬਾਰਾਂ ਬਦਾਮ ਖਾ ਕੇ ਪੜ੍ਹਨ ਲਿਖਣ ਵਿਚ ਜੁਟ ਜਾਂਦੈ। ਲਿਖਣ ਲਈ ਉਹਦਾ ਉਹੀ ਪੁਰਾਣਾ ਮੇਜ਼ ਹੈ ਤੇ ਉਹੀ ਪੁਰਾਣੀ ਕੁਰਸੀ। ਗਿਆਰਾਂ ਕੁ ਵਜੇ ਉਹ ਲੱਸੀ ਦਾ ਗਲਾਸ ਪੀਂਦੈ। ਬਾਰਾਂ ਇਕ ਵਜੇ ਦਾਲ/ਸਬਜ਼ੀ ਤੇ ਦਹੀ ਦੀ ਕੌਲੀ ਨਾਲ ਇਕ ਰੋਟੀ ਖਾਂਦੈ। ਇਕ ਰੋਟੀ ਰਾਤ ਦੀ। ਰੋਟੀ ਪਿਛੋਂ ਗੁੜ ਜਾਂ ਸ਼ੱਕਰ ਜ਼ਰੂਰੀ ਹੈ। ਆਮ ਤੌਰ 'ਤੇ ਅੱਧੀ ਰੋਟੀ ਖਾਂਦਾ ਹੀ ਸ਼ੱਕਰ ਘਿਉ ਨਾਲ ਹੈ। ਆਏ ਗਏ ਨਾਲ ਕੁਝ ਕੱਪ ਚਾਹ ਦੇ ਪੀਤੇ ਜਾਂਦੇ ਹਨ। ਦਵਾਈ ਉਹ ਖਾਸ ਨਹੀਂ ਲੈਂਦਾ, ਸਿਰਫ ਅੱਖਾਂ 'ਚ ਈ ਪੁਆਉਂਦੈ। ਜਿੰਦਣ ਮੈਂ ਕੰਵਲ ਨੂੰ ਮਿਲਣ ਗਿਆ ਸਰਬਜੀਤ ਨੇ ਦੁਆਈ ਮੇਰੇ ਬੈਠਿਆਂ ਪਾਈ। ਦੁਆਈ ਪੁਆ ਕੇ ਉਹ ਫਿਰ ਪੜ੍ਹਨ ਲਿਖਣ ਲੱਗ ਪਿਆ।

ਉਂਜ ਤਾਂ ਕੰਵਲ ਦੀ ਲਿਖਣ ਪ੍ਰਕਿਰਿਆ ਮੈਂ ਪਹਿਲਾਂ ਵੀ ਵੇਖੀ ਹੋਈ ਸੀ ਪਰ ਕੈਨੇਡਾ ਤੋਂ ਜਾ ਕੇ ਫਿਰ ਚੰਗੀ ਤਰ੍ਹਾਂ ਵੇਖੀ। ਮੈਂ ਕਿਸੇ ਸੱਜਣ ਮਿੱਤਰ ਦੀ ਕਿਤਾਬ ਦੇ ਮੁੱਖ ਬੰਦ ਵਜੋਂ ਕੰਵਲ ਸਾਹਿਬ ਤੋਂ ਇਕ ਦੋ ਸਫੇ ਲਿਖਵਾਉਣੇ ਸਨ। ਮੈਥੋਂ ਕਿਤਾਬ ਵਿਚਲੀਆਂ ਮੋਟੀਆਂ ਮੋਟੀਆਂ ਗੱਲਾਂ ਪੁੱਛ ਕੇ ਉਹ ਇਕ ਰੱਦੀ ਲਫਾਫੇ ਉਤੇ ਨੋਟ ਕਰੀ ਗਿਆ। ਫਿਰ ਕਹਿਣ ਲੱਗਾ, ਸਵੇਰੇ ਆ ਜਾਈਂ ਤੇ ਮੁੱਖ ਬੰਦ ਲੈ ਲਈਂ। ਸਵੇਰੇ ਗਿਆ ਤਾਂ ਸਿਰ ਉਤੇ ਲੋਈ ਵਲ੍ਹੇਟੀ ਲਿਖੀ ਜਾਵੇ। ਮੈਂ ਵਿਘਨ ਪਾਉਣ ਦੀ ਥਾਂ ਆਲਾ ਦੁਆਲਾ ਨੋਟ ਕਰਨ ਲੱਗਾ।

ਬਾਹਰਲਾ ਗੇਟ ਚਾਰ ਕੁ ਫੁੱਟ ਉਚਾ ਹੈ ਜੋ ਲੋਹੇ ਦੀਆਂ ਪੱਤੀਆਂ ਦਾ ਬਣਿਆ ਹੋਇਐ। ਸੱਜੇ ਖੱਬੇ ਰੁੱਖ ਬੂਟੇ ਹਨ ਜਿਨ੍ਹਾਂ 'ਚ ਦੋ ਸਰੂ ਵੀ ਹਨ। ਅਸ਼ੋਕ ਰੁੱਖ, ਤੂਤ, ਬਕੈਣਾਂ, ਨਿੰਮਾਂ ਤੇ ਟਾਹਲੀਆਂ ਹਨ ਤੇ ਕੋਠੀ ਅੰਦਰ ਵੱਡੇ ਪੱਤਿਆਂ ਵਾਲਾ ਸਾਗਵਾਨ ਦਾ ਦਰੱਖਤ ਹੈ। ਉਹਦਾ ਪੌਦਾ ਮੱਧ ਪ੍ਰਦੇਸ਼ ਤੋਂ ਲਿਆਂਦਾ ਗਿਆ ਸੀ। ਅੰਦਰਲੇ ਗੇਟ ਕੋਲ ਅੰਗੂਰਾਂ ਦੀ ਵੇਲ ਹੈ। ਫੁੱਲਾਂ ਦੇ ਕਈ ਬੂਟੇ ਹਨ। ਕੁਝ ਫੁੱਲ ਖਿੜੇ ਹੋਏ ਵੀ ਸਨ। ਲਾਲ, ਚਿੱਟੇ ਤੇ ਨੀਲੇ। ਕੰਵਲ ਦੀ ਵਿਚਾਰਧਾਰਾ ਵਰਗੇ। ਉਸ ਦੇ ਵਿਚਾਰਾਂ ਵਾਂਗ ਹੀ ਉਹਦੇ ਵਿਹੜੇ ਦੇ ਰੰਗ ਬਰੰਗੇ ਫੁੱਲ ਵੀ ਰੰਗ ਵਟਾਉਂਦੇ ਰਹਿੰਦੇ ਹਨ।

ਅੱਗੇ ਵਰਾਂਡੇ ਵਿਚ ਝੂਲਾ ਲਟਕਦਾ ਹੁੰਦਾ ਸੀ ਜੋ ਹੁਣ ਨਹੀਂ। ਮੋਰ ਵੀ ਨਹੀਂ ਸਨ। ਖੱਬੇ ਹੱਥ ਬਰਸੀਮ ਫੁੱਟ ਰਿਹਾ ਸੀ ਤੇ ਸੱਜੇ ਹੱਥ ਬਿਜਾਈ ਲਈ ਜ਼ਮੀਨ ਵਾਹੀ ਪਈ ਸੀ। ਜਦੋਂ ਅਸੀਂ ਮੱਝ ਰੱਖੀ ਸੀ ਤਾਂ ਇਸੇ ਖੇਤ 'ਚੋਂ ਪੱਠੇ ਵੱਢ ਲੈਂਦੇ ਸਾਂ। ਕੋਠੀ ਅੱਗੇ ਇੱਟਾਂ ਦਾ ਫਰਸ਼ ਤੇ ਸੱਜੇ ਹੱਥ ਭੋਰਾ ਸੀ। ਭੋਰੇ ਅੱਗੇ ਪੁਰਾਣਾ ਮੂੜ੍ਹਾ ਤੇ ਟੁੱਟੀ ਹੋਈ ਮੰਜੀ ਪਈ ਸੀ। ਸਪੱਸ਼ਟ ਸੀ ਕਿ ਹੁਣ ਕਦੇ ਭੋਰੇ ਦੀ ਵਰਤੋਂ ਨਹੀਂ ਹੋਈ। ਖੱਬੇ ਹੱਥ ਟਿਊਬਵੈੱਲ ਕੋਲ ਬਾਲਣ ਦੇ ਮੁੱਢ ਪਏ ਸਨ ਜੋ ਸੰਭਵ ਹੈ ਅੰਤਲੇ ਵੇਲੇ ਕੰਵਲ ਦੇ ਕੰਮ ਆਉਣ। ਰੁੱਖਾਂ ਦੀ ਛਾਂਗ ਛਗਾਈ ਦਾ ਬਾਲਣ ਵੀ ਬਹੁਤ ਪਿਆ ਸੀ। ਇਕ ਪਾਸੇ ਰਵਿਦਾਸੀਆਂ ਦੇ ਘਰ ਸਨ ਤੇ ਦੋਹ

(ਬਾਕੀ ਅਗਲੇ ਸਫੇ 'ਤੇ)

# ਕੀ ਅਸੀਂ ਗੁਰੂ ਦੇ ਪੁੱਤਰ ਹਾਂ, ਸਪੁੱਤਰ ਹਾਂ ਜਾਂ ਕਪੁੱਤਰ ਹਾਂ?

ਪਿਛਲੇ ਕੁਝ ਦਿਨਾਂ ਤੋਂ ਨਿਰੰਤਰ ਸੋਚ ਰਹੀ ਹਾਂ, ਅਸੀਂ ਲੋਕ ਕਿੰਨੇ ਬਦਲ ਗਏ ਹਾਂ! ਸਾਡੀ ਰਹਿਣੀ, ਬਹਿਣੀ, ਸਹਿਣੀ ਅਤੇ ਕਹਿਣੀ ਕਿੰਨੀ ਬਦਲ ਚੁਕੀ ਹੈ, ਕਦੀ ਸਾਨੂੰ ਕਥਨੀ ਅਤੇ ਕਰਨੀ ਦੇ ਪੂਰੇ ਆਖ ਕੇ ਸਤਿਕਾਰ ਦਿਤਾ ਜਾਂਦਾ ਸੀ, ਹੁਣ ਅਸੀਂ ਕੁਝ ਹੋਰ ਦੇ ਹੋਰ ਬਣ ਗਏ ਹਾਂ। ਕਿਉਂ? ਕਿਨ੍ਹਾਂ ਮਜਬੂਰੀਆਂ ਕਰਕੇ ਅਸੀਂ ਪੂਰੇ ਤੋਂ ਅਧੂਰੇ ਬਣ ਗਏ ਹਾਂ?

ਘਰਾਂ ਪਰਿਵਾਰਾਂ ਵਿਚ, ਧਰਮ ਵਿਚ ਅਤੇ ਸਮਾਜ ਵਿਚ-ਹਰ ਥਾਂ ਸਾਡੇ ਦੋਗਲੇ, ਬਹਿਰੂਪੀਏ ਚਿਹਰੇ ਸ਼ਰੇਆਮ ਨਜ਼ਰ ਆ ਰਹੇ ਹਨ। ਸਾਡੇ ਪਹਿਰਾਵੇ ਹੋਰ ਹਨ ਅਤੇ ਕਰਮ ਹੋਰ ਹਨ, ਅੱਜ ਬਾਣਾ ਮੈਦਾਨ ਵਿਚ ਹੈ ਅਤੇ ਬਾਣੀ ਬਹੁਤ ਪਿਛੇ ਰਹਿ ਗਈ ਹੈ,

ਕਰੈ ਦੁਹਕਰਮ ਦਿਖਾਵੈ ਹੋਰ॥
ਰਾਮ ਕੀ ਦਰਗਹ ਬਾਧਾ ਚੋਰ॥

ਅੱਜ ਝੂਠ, ਬੇਈਮਾਨੀ ਅਤੇ ਧੋਖਾਧੜੀ ਦਾ ਹਰ ਥਾਂ ਬੋਲ ਬਾਲਾ ਹੈ, ਅੱਜ ਸੱਚ ਨੂੰ ਹਰ ਥਾਂ ਮਾਰ ਪੈ ਰਹੀ ਹੈ, ਝੂਠ ਅਤੇ ਕੁਫਰ ਦੇ ਰਾਜ ਵਿਚ ਸੱਚ ਸਫਾਈਆਂ ਤੇ ਗਵਾਹੀਆਂ ਦਿੰਦਾ ਹੀ ਮਰਨ ਕਿਨਾਰੇ ਪਹੁੰਚ ਜਾਂਦਾ ਹੈ ਅਤੇ



**ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**
**ਫੋਨ: 916-687-3536**

ਝੂਠ ਉਸ ਨੂੰ ਦਮ ਤੋੜਦਾ ਦੇਖ ਕਹਿਕਹੇ ਲਾਉਂਦਾ ਹੈ। ਮਾਇਆ, ਚੌਧਰ ਅਤੇ ਕੁਰਸੀ ਦੀ ਲਾਲਸਾ ਨੇ ਬੰਦੇ ਨੂੰ ਸ਼ੈਤਾਨ ਹੀ ਨਹੀਂ, ਹੈਵਾਨ ਵੀ ਬਣਾ ਦਿਤਾ ਹੈ।

ਪਿਛਲੇ ਕੁਝ ਸਮੇਂ ਵਿਚ ਜਿੰਨਾ ਰੌਲਾ ਧਰਮ ਦੇ ਨਾਂ 'ਤੇ ਪਿਆ ਹੈ, ਸ਼ਾਇਦ ਇੰਨਾ ਕਦੀ ਵੀ ਨਹੀਂ ਪਿਆ। ਹਾਂ, ਪਹਿਲਾ ਰੌਲਾ ਸੱਚਾ ਸੀ, ਉਸ ਵਿਚ ਭਰਪੂਰ ਸੱਚਾਈ ਵੀ ਸ਼ਾਮਲ ਸੀ, ਉਹ ਜਿਸਦਾ ਸੀ ਗੁਰੂ ਗ੍ਰੰਥ ਸਾਹਿਬ ਦੀ ਵਾਰ ਵਾਰ ਹੋਈ ਬੇਅਦਬੀ ਦੀ, ਪਰ ਸਿੱਟਾ ਕੀ ਨਿਕਲਿਆ? ਗੁਨਾਹਗਾਰ ਲੋਕ ਤਖਤਾਂ 'ਤੇ ਜਾ ਬੈਠੇ ਅਤੇ ਜਨਤਾ ਭਾਵ ਕੌਮ, ਕੁਝ ਕੁ ਗਿਣਤੀ ਦੇ ਲੋਕਾਂ ਨੂੰ ਛੱਡ ਕੇ ਅਰਾਮ ਨਾਲ ਘਰੀਂ ਬੈਠ ਗਈ ਹੈ। ਇਨ੍ਹਾਂ ਗੁਨਾਹਗਾਰਾਂ ਦੇ ਮਾਲਕ ਯਾਨਿ ਇਸ ਗੈਂਗ ਦੇ ਸਰਗਣੇ ਸ਼ਰੇਆਮ ਡਾਕਾ ਮਾਰ ਕੇ ਸਾਰੇ ਮੁਲਕ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਅਗਲੇ ਪੰਜ ਸਾਲਾਂ ਲਈ ਪੂਰੇ ਭਾਰਤ ਦੇ ਮਾਈ ਬਾਪ ਬਣ ਬੈਠੇ ਹਨ। ਹੁਣ ਇਨਸਾਫ ਕਿੱਥੇ! ਨਾ ਹੀ ਕਦੀ ਹੋਣ ਦੀ ਆਸ ਹੈ। ਪੰਜਾਬ ਅਤੇ ਇਸ ਦੀ ਵਾਰਿਸ ਸਿੱਖ ਕੌਮ ਦਾ ਤਾਂ ਸਭ ਕੁਝ ਸਮਝ ਤੋਂ ਬਾਹਰ ਹੋ ਚੁਕਾ ਹੈ, ਸਾਡੇ ਵਡੇਰਿਆਂ ਨੇ ਸਾਨੂੰ ਕੁਝ ਗੱਲਾਂ ਸਮਝਾਈਆਂ ਸਨ ਕਿ ਜੋ ਇਨਸਾਨ ਆਪਣੇ ਬਾਪ ਦੀ ਇੱਜਤ ਅਤੇ ਘਰ ਬਾਰ ਨੂੰ ਸੰਭਾਲ ਕੇ ਰੱਖਦਾ ਹੈ, ਉਹ ਪੁੱਤਰ ਹੁੰਦਾ ਹੈ; ਜੋ ਇਨਸਾਨ ਆਪਣੇ ਬਾਪ ਦੀ ਇੱਜਤ ਅਤੇ ਕੀਤੀ ਹੋਈ ਕਮਾਈ ਵਿਚ ਆਪਣੀ ਮਿਹਨਤ ਸਦਕਾ ਹੋਰ ਵਾਧਾ ਕਰਦਾ ਹੈ ਤੇ ਪਿਤਾ ਦੀ ਇੱਜਤ ਨੂੰ ਚਾਰ ਚੰਨ ਲਾਉਂਦਾ ਹੈ, ਉਹ ਸਪੁੱਤਰ ਹੁੰਦਾ ਹੈ, ਪਰ ਜੋ ਇਨਸਾਨ ਆਪਣੇ ਪਿਤਾ ਦੀ ਇੱਜਤ ਅਤੇ ਉਸ ਦੀ ਕੀਤੀ ਕਮਾਈ ਨੂੰ ਸੰਭਾਲਣ ਜਾਂ ਇਸ ਵਿਚ ਵਾਧਾ ਕਰਨ ਦੀ ਥਾਂ ਬਰਬਾਦ ਕਰ ਦਿੰਦਾ ਹੈ, ਉਹ ਨਾ ਪੁੱਤਰ ਹੈ, ਨਾ ਸਪੁੱਤਰ, ਉਹ ਕਪੁੱਤਰ ਅਖਵਾਉਂਦਾ ਹੈ।

ਸੋ ਜ਼ਰਾ ਕੁ ਸੋਚੀਏ ਕਿ ਅਸੀਂ ਕਿਸ ਸ਼੍ਰੇਣੀ ਵਿਚ ਖੜ੍ਹੇ ਹਾਂ ਜਾਂ ਪਹੁੰਚ ਚੁਕੇ ਹਾਂ? ਕੀ ਸਿੱਖ ਕੌਮ ਕਦੀ ਇਹ ਸੋਚਣ ਲਈ ਆਪਣੇ ਅੰਦਰ ਝਾਤੀ ਪਾਵੇਗੀ? ਕੀ ਸਿੱਖ ਕੌਮ ਕਦੀ ਇਹ ਸੋਚਣ ਲਈ ਇਕ ਥਾਂ ਜੁੜ ਬੈਠੇਗੀ ਕਿ ਜਿਸ ਗੁਰੂ ਦੀ ਅਸੀਂ ਔਲਾਦ ਸਦਾਉਂਦੇ ਹਾਂ ਅਤੇ ਜਿਸ ਦਾ ਅਸੀਂ ਬਾਣਾ ਪਾ ਕੇ ਵਿਚਰ ਰਹੇ ਹਾਂ, ਉਸ ਨੇ ਸਾਡੇ ਲਈ ਆਪਣਾ ਸਭ ਕੁਝ ਕਿਉਂ ਵਾਰ ਦਿਤਾ ਸੀ? ਕੀ ਅਸਲ ਵਿਚ ਅਸੀਂ ਸੱਚ ਮੁੱਚ ਉਹੀ ਕਰ ਰਹੇ ਹਾਂ, ਜੋ ਉਸ ਗੁਰੂ ਪਿਤਾ ਨੇ ਸਾਨੂੰ ਕਰਨ ਲਈ ਕਿਹਾ ਸੀ? ਤਾਂ ਸਾਡੀ ਅੰਤਰ ਆਤਮਾ ਕੁਰਲਾ ਉਠੇਗੀ ਅਤੇ ਦੁਹੱਥੜੀ ਪਿੱਟ ਪਿੱਟ ਕੇ ਆਖੇਗੀ, ਅਸੀਂ ਕਪੁੱਤਰ ਬਣ ਚੁਕੇ ਹਾਂ, ਅਸੀਂ ਉਸ ਸਰਬੰਸਦਾਨੀ ਗੁਰੂ ਪਿਤਾ ਤੋਂ ਬੇਮੁਖ ਹੋ ਚੁਕੇ ਹਾਂ, ਪਰਮਾਤਮਾ ਤੋਂ ਬੇਮੁਖ ਹੋ ਚੁਕੇ ਹਾਂ,

ਪਰਮੇਸਰ ਤੇ ਭੁਲਿਆਂ
ਵਿਆਪਨਿ ਸਭੇ ਰੋਗ॥

ਭਾਵ ਜਦੋਂ ਜੀਵ ਪਰਮੇਸ਼ਰ ਨੂੰ ਭੁਲ ਜਾਣਗੇ ਤਾਂ ਇਹੋ ਹਸ਼ਰ ਹੋਵੇਗਾ, ਜੋ ਸਾਡਾ ਹੋ ਰਿਹਾ ਹੈ। ਅੱਜ ਅਕਾਲ ਤਖਤ ਸਾਹਿਬ ਤੋਂ ਲੈ ਕੇ ਸਾਡਾ ਹਰ ਧਾਰਮਕ ਅਸਥਾਨ ਰਾਜਨੀਤੀ ਅਤੇ ਸਿਆਸਤ ਦਾ ਅਖਾੜਾ ਬਣ ਚੁਕਾ ਹੈ, ਅਸੀਂ ਆਪਣੇ ਸ਼ਬਦ ਗੁਰੂ ਅਤੇ ਪਰਮਾਤਮਾ-ਦੋਹਾਂ ਤੋਂ ਆਕੀ ਹੋ ਚੁਕੇ ਹਾਂ। ਸਾਨੂੰ ਚੌਧਰਾਂ ਦੀ ਲਤ ਲੱਗ ਚੁਕੀ ਹੈ, ਅਸੀਂ ਮਾਇਆ ਦੇ ਪਿਛੇ ਅੰਨੇ ਹੋ ਕੇ ਸਰਪਟ ਦੌੜ ਰਹੇ ਹਾਂ, ਕੁਰਸੀਆਂ ਦੀ ਲਾਲਸਾ ਵਿਚ ਪਾਗਲ ਹੋ ਚੁਕੇ ਹਾਂ, ਗੁਰਮੁਖ ਮਨਮੁਖ, ਗੁਰੂ ਵਲ ਸਾਡਾ ਮੂੰਹ ਨਹੀਂ, ਸਾਡੀ ਕੰਡ ਹੈ। ਅਸੀਂ ਮਨਮੁਖ ਬਣ ਚੁਕੇ ਹਾਂ, ਫਿਰ ਕਿਹੜਾ ਗੁਰੂ ਅਤੇ ਕਿਸ ਦਾ ਅਪਮਾਨ? 'ਸਾਨੂੰ ਕੀ?' ਵਾਲੀ ਨੌਬਤ ਬਣ ਚੁਕੀ ਹੈ। ਸਾਂਝੇ ਬਾਬੇ ਨੂੰ ਕੌਣ ਰੋਵੇ ਵਾਲੇ ਹਾਲਾਤ ਬਣ ਗਏ ਹਨ, ਪਰ ਕੌਮ ਅਜੇ ਵੀ ਜੈਕਾਰੇ ਛੱਡ ਰਹੀ ਹੈ, ਜਸ਼ਨ ਮਨਾ ਰਹੀ ਹੈ-ਜਿੱਤਾਂ ਦੇ ਜਸ਼ਨ, ਚੌਧਰਾਂ ਅਤੇ ਕੁਰਸੀਆਂ ਦੇ ਜਸ਼ਨ।

ਨਾ ਹੀ ਆਪਣੇ ਕੀਤੇ ਮਾੜੇ ਕਰਮਾਂ 'ਤੇ ਕਿਸੇ ਨੂੰ ਕੋਈ ਪਛਤਾਵਾ ਹੈ, ਨਾ ਹੀ ਸ਼ਰਮ ਹੈ, ਲੋਕ ਅਜੇ ਵੀ ਉਨ੍ਹਾਂ ਨੂੰ ਪੰਥ ਪੰਥ ਆਖ ਉਨ੍ਹਾਂ ਦੇ ਪੈਰਾਂ 'ਤੇ ਮੱਥੇ ਟੇਕ ਰਹੇ ਹਨ ਅਤੇ ਜੈ ਜੈ ਕਾਰ ਕਰ ਰਹੇ ਹਨ। ਨੱਬੇ ਸਾਲਾਂ ਤੋਂ ਵੱਧ ਦਾ ਬਜੁਰਗ ਨਾ ਗੁਰੂ ਤੋਂ ਡਰਦਾ ਹੈ, ਨਾ ਮੌਤ ਤੋਂ। ਚਾਰ ਬੰਦੇ ਸਹਾਰਾ ਦੇ ਕੇ ਖਿਚੀ ਫਿਰਦੇ ਹਨ, ਪਰ ਵੋਟਾਂ ਮੰਗਣੋਂ ਜ਼ਰਾ ਨਹੀਂ ਸੰਗਦਾ। ਜਦ ਆਪਣੇ ਪਰਿਵਾਰ ਲਈ ਖੈਰਾਤ ਮੰਗਣ ਜਾਂਦਾ ਹੈ ਤਾਂ ਸਹਾਰੇ ਤੋਂ ਬਿਨਾ ਵੀ ਤੁਰ ਲੈਂਦਾ ਹੈ। ਕੌਮ ਉਸੇ ਹੀ ਪਰਿਵਾਰ ਨੂੰ ਗੁਰੂ ਪਿਆਰੇ, ਗੁਰੂ ਦੁਲਾਰੇ, ਗੁਰੂ ਸਵਾਰੇ, ਫਖਰ-ਏ-ਕੌਮ, ਪੰਥ ਰਤਨ ਅਤੇ ਹੋਰ ਸਾਰਾ ਕੁਝ ਸਮਝੀ ਬੈਠੀ ਹੈ। ਸਤਿਗੁਰੂ ਤਾਂ ਆਖਦੇ ਹਨ,

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥
ਜੋ ਰਤੁ ਪੀਵਹਿ ਮਾਣਸਾ
ਤਿਨ ਕਿਉ ਨਿਰਮਲੁ ਚੀਤੁ॥

ਜੇ ਕੋਈ ਸੱਚ ਬੋਲਣ ਦੀ ਜੁਰਅਤ ਕਰਦਾ ਹੈ ਤਾਂ ਉਸ ਨੂੰ ਆਰ. ਐਸ. ਐਸ. ਦਾ ਪਿੱਠੂ ਗਰਦਾਨ ਕੇ ਜਾਂ ਤਾਂ ਉਸ ਦਾ ਮੂੰਹ ਬੰਦ ਕਰਵਾ ਦਿਤਾ ਜਾਂਦਾ ਹੈ, ਜਾਂ ਕੌਮ ਵਿਚੋਂ ਛੇਕ ਦਿਤਾ ਜਾਂਦਾ ਹੈ; ਪਰ ਜੋ ਮਾਣਸਾਂ ਦੀ ਰਤੁ ਪੀ ਕੇ ਦਿਨ ਦਿਹਾੜੇ ਦਹਾੜਦੇ ਫਿਰਦੇ ਹਨ, ਉਨ੍ਹਾਂ ਦਾ ਕੀ ਕਰੀਏ? ਹੁਣ ਤਾਂ ਇਕ ਸਿਸਟਮ ਜਿਹਾ ਬਣ ਗਿਆ ਹੈ ਕਿ ਕੁਝ ਕੁ ਡਾਂਗਾਂ ਵਾਲੇ ਬੰਦੇ ਮਿਲ ਕੇ ਆਪਸ ਵਿਚ ਇਹ ਮਤਾ ਪਕਾ ਲੈਂਦੇ ਹਨ ਕਿ ਆਹ ਦੋ ਸਾਲ ਮੇਰੀ ਚੌਧਰ, ਅਗਲੇ ਦੋ ਸਾਲ ਤੇਰੀ ਤੇ ਫਿਰ ਤੀਜੇ ਦੀ ਤੇ ਚੌਥੇ ਦੀ। ਇਵੇਂ ਹੀ ਸਰਕਾਰਾਂ ਦੀ ਕਾਰਗੁਜਾਰੀ ਹੈ, ਇਹੋ ਹੀ ਧਾਰਮਿਕ ਸੰਸਥਾਵਾਂ ਦੀ ਅਤੇ ਇਹੋ ਕੁਝ ਹੀ ਸਮਾਜਕ ਅਦਾਰਿਆਂ ਵਿਚ ਮਿਲੀਭੁਗਤ ਚੱਲ ਰਹੀ ਹੈ। ਜਿਸ ਦੀ ਡਾਂਗ ਚੱਲਦੀ ਹੈ, ਮੱਝ ਵੀ ਉਸੇ ਦੀ ਹੈ। ਕਾਨੂੰਨ! ਭਲਾ ਉਹ ਕਿਸ ਚੀਜ਼ ਦਾ ਨਾਂ ਹੈ ਜੀ? ਭਾਰਤ ਜਾਂ ਪੰਜਾਬ ਵਿਚ ਤਾਂ ਕਦੀ ਕਿਤੇ ਵੇਖਿਆ ਨਹੀਂ, ਹਾਂ ਕਿਤੇ ਅਚਾਨਕ ਕਿਸੇ ਨੂੰ ਰੱਬ ਦੀ ਮਾਰ ਪੈ ਜਾਵੇ ਤਾਂ ਉਹ ਗੱਲ ਵੱਖਰੀ ਹੈ, ਪਰ ਕਾਨੂੰਨ ਦਾ ਜੋ ਹਾਸੋ ਹੀਣਾ ਤਮਾਸ਼ਾ ਭਾਰਤ ਜਾਂ ਪੰਜਾਬ ਵਿਚ ਵੇਖਣ ਨੂੰ ਮਿਲਦਾ ਹੈ, ਉਸ ਦੀ ਤਾਂ ਕਿਤੇ ਮਿਸਾਲ ਹੀ ਨਹੀਂ ਮਿਲਦੀ।

ਸ਼ਬਦ ਗੁਰੂ ਦੀ ਬੇਅਦਬੀ ਨੂੰ ਲੈ ਕੇ ਜੋ 'ਸਿਟ' ਬਣੀ ਸੀ, ਉਹ ਵੀ ਖੇਰੂੰ ਖੇਰੂੰ ਹੋਣ ਨੂੰ ਪਈ ਫਿਰਦੀ ਹੈ। ਜਿਨ੍ਹਾਂ ਕੋਲ ਪੈਸਾ ਹੈ, ਚੌਧਰ ਹੈ, ਹਕੂਮਤ ਹੈ-ਉਹ ਤਾਂ ਲੋਕਾਂ ਦੀਆਂ ਵੋਟਾਂ ਦੇ ਸਿਰ 'ਤੇ ਰੱਬ ਨੂੰ ਜੇਬ ਵਿਚ ਪਾਈ ਫਿਰਦੇ ਹਨ; ਵਿਚਾਰੀ 'ਸਿਟ' ਕਿਸ ਖੇਤ ਦੀ ਮੂਲੀ ਹੈ। ਸਾਡੀ ਜਨਤਾ ਤਾਂ ਹੋਰ ਵੀ ਮਹਾਨ ਹੈ, ਪਹਿਲਾਂ ਸ਼ਰਾਬ ਪੀ ਕੇ ਪੈਸੇ ਲੈ ਕੇ ਵੋਟਾਂ ਪਾ ਆਉਂਦੀ ਹੈ, ਫਿਰ ਪੂਰੇ ਪੰਜ ਸਾਲ ਕੀਰਨੇ ਪਾਉਂਦੀ ਹੈ। ਇਹ ਇਕੋ ਪਰਿਵਾਰ ਹੀ ਪੰਥ ਹੈ ਅਤੇ ਗੁਰੂ ਵੀ ਇਸੇ ਪਰਿਵਾਰ ਕੋਲ ਵੱਸਦਾ ਹੈ। ਜਦ ਤਕ ਇਹ ਭਰਮ ਭੁਲੇਖਾ ਲੋਕਾਂ ਦੇ ਅੰਦਰੋਂ ਦੂਰ ਨਹੀਂ ਹੋਣਾ, ਉਦੋਂ ਤਕ ਨਾ ਧਰਮ ਦਾ ਕੁਝ ਬਣਨਾ ਹੈ, ਨਾ ਹੀ ਸਮਾਜ ਦਾ; ਅਤੇ ਨਾ ਹੀ ਪੰਜਾਬ ਦਾ।

ਜਿਸ ਮੁਲਕ ਦਾ ਪ੍ਰਧਾਨ ਮੰਤਰੀ ਕੇਦਾਰ ਨਾਥ ਦੀ ਗੁਫਾ ਵਿਚ ਇਕ ਰਾਤ ਕੱਟ ਕੇ ਚੋਣਾਂ ਜਿੱਤ ਜਾਂਦਾ ਹੋਵੇ, ਜਿਸ ਮੁਲਕ ਵਿਚ ਹਾਰੇ ਹੋਏ ਉਮੀਦਵਾਰ ਮੰਤਰੀ ਬਣਾਏ ਜਾਂਦੇ ਹੋਣ, ਜਿਸ ਮੁਲਕ ਵਿਚ ਧਰਮ ਦੇ ਨਾਂ 'ਤੇ ਪਰਜਾ ਦਾ ਖੂਨ ਪੀਤਾ ਜਾਂਦਾ ਹੋਵੇ, ਜਿਸ ਕੌਮ ਵਿਚ ਸਹਿਜਧਾਰੀ ਸਿੱਖਾਂ ਦਾ ਚੜ੍ਹਾਵਾ ਤਾਂ ਝੋਲੀਆਂ ਅੱਡ ਕੇ ਲੈ ਲਿਆ ਜਾਂਦਾ ਹੋਵੇ, ਪਰ ਵੋਟਾਂ ਵੇਲੇ ਉਨ੍ਹਾਂ ਨੂੰ ਧੱਕੇ ਮਾਰ ਕੇ ਬਾਹਰ ਕੱਢ ਦਿਤਾ ਜਾਂਦਾ ਹੋਵੇ, ਉਸ ਮੁਲਕ ਦੇ ਲੋਕਾਂ ਦਾ ਕੀ ਹਸ਼ਰ ਹੋਣ ਵਾਲਾ ਹੈ? ਹਰ ਕੋਈ ਜਾਣਦਾ ਹੈ, ਅੰਜਾਮ ਸਾਹਮਣੇ ਹੈ। ਕਿਸੇ ਹੋਰ ਧਰਮ ਦਾ ਕੋਈ ਬੰਦਾ ਸਿੰਘ ਸਜ ਜਾਵੇ ਤਾਂ ਸਾਰੀ ਕੌਮ ਜੈ ਜੈ ਕਾਰ ਕਰ ਉਠਦੀ ਹੈ, ਪਰ ਸਿੱਖ ਕੌਮ ਦੇ ਆਪਣੇ ਸਾਰੇ ਨੌਜਵਾਨ ਪਤਿਤ ਹੋ ਜਾਣ ਤਾਂ ਕਿਸੇ ਨੂੰ ਕੋਈ ਪ੍ਰਵਾਹ ਨਹੀਂ, ਸਾਡੀ ਕੌਮ ਦੇ ਧਾਰਮਿਕ ਆਗੂ, ਜਿਨ੍ਹਾਂ ਦੇ ਹੁਕਮ 'ਤੇ ਕਦੀ ਤਖਤ ਹਿਲ ਜਾਂਦੇ ਸਨ, ਉਹ ਵਿਚਾਰੇ ਆਪਣੀਆਂ ਕੁਰਸੀਆਂ ਬਚਾਉਣ ਲਈ ਗੁਰੂ ਨੂੰ ਭੁਲ ਕੇ ਭਿਜੀਆਂ ਬਿੱਲੀਆਂ ਵਾਂਗ ਆਪਣੇ ਮਾਲਕਾਂ ਵਲ ਵੇਖਦੇ ਰਹਿੰਦੇ ਨੇ ਕਿ ਸਾਨੂੰ ਦੱਸੋ ਕੀਹਦੇ ਲਈ ਫਤਵਾ ਜਾਰੀ ਕਰਨਾ ਹੈ? ਗੂੰਗੇ ਜਿਹੇ ਬਣ ਕੇ ਤੁਰੇ ਫਿਰਦੇ ਨੇ, ਪਰ ਜਦ ਬੋਲਦੇ ਨੇ, ਆਕਾ ਦੇ ਹੁਕਮ ਵਿਚ ਹੀ ਬੋਲਦੇ ਨੇ। ਮਜਾਲ ਐ, ਕਿਤੇ ਕੋਈ ਗਲਤੀ ਹੋ ਜਾਵੇ!

ਹਰ ਸਾਲ ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਿਸ਼ਾਹ ਦਾ ਸ਼ਹੀਦੀ ਦਿਹਾੜਾ ਅਤੇ ਸ਼ਹੀਦਾਂ ਦੀ ਯਾਦ ਵਿਚ ਸ਼ਹੀਦੀ ਹਫਤਾ ਅਕਾਲ ਤਖਤ ਸਾਹਿਬ ਦੇ ਵਿਹੜੇ ਵਿਚ ਮਨਾਇਆ ਜਾਂਦਾ ਹੈ ਤੇ ਹਰ ਸਾਲ ਉਹੋ ਹੀ ਪੁਰਾਣੇ ਗੋਲਕ ਚੋਰ ਅਤੇ ਚੌਧਰਾਂ ਦੇ ਭੁਖੇ ਆਪੋ ਵਿਚੀਂ ਤਲਵਾਰਾਂ ਲਹਿਰਾ ਕੇ ਆਪਣੀ ਹਉਮੈ ਦਾ ਜਲੂਸ ਸਾਰੇ ਜਗਤ ਨੂੰ ਦਿਖਾ ਜਾਂਦੇ ਹਨ। ਮਜਾਲ ਐ, ਕੋਈ ਇਕ ਧੜਾ ਵੀ ਗੁਰੂ ਨੂੰ ਸਮਰਪਿਤ ਹੋ ਜਾਵੇ! ਅਸੀਂ ਪੁੱਤਰਾਂ ਜਾਂ ਸਪੁੱਤਰਾਂ ਵਾਲਾ ਫਸਤਾ ਹੀ ਛੱਡ ਛੱਡਿਆ ਹੈ। ਗੁਰੂ ਨੇ ਜੋ ਸਿਖਿਆ ਦਿਤੀ ਸੀ, ਅਸੀਂ ਉਹ ਫੱਟੀ ਹੀ ਪੋਚ ਦਿਤੀ ਹੈ, ਆਪਣੇ ਹੰਕਾਰ ਅਤੇ ਹਉਮੈ ਨੂੰ ਇੰਨਾ ਉਚਾ ਲੈ ਗਏ ਹਾਂ ਕਿ ਸਾਡਾ ਹਾਲ ਕੁਝ ਇਸ ਤਰ੍ਹਾਂ ਦਾ ਹੋ ਚੁਕਾ ਹੈ,

ਕਬੀਰ ਬਾਂਸੁ ਬਡਾਈ ਬੂਡਿਆ
ਇਉ ਮਤ ਡੂਬਹੁ ਕੋਇ॥
ਚੰਦਨ ਕੈ ਨਿਕਟੇ ਬਸੈ
ਬਾਂਸੁ ਸੁਗੰਧੁ ਨ ਹੋਇ॥

ਅਸੀਂ ਤਮਾਸ਼ਾਈ ਬਣ ਕੇ ਰਹਿ ਗਏ ਹਾਂ ਅਤੇ ਦੁਨੀਆਂ ਨੂੰ ਤਮਾਸ਼ਾ ਦਿਖਾ ਰਹੇ ਹਾਂ, ਜਿਸ ਕੌਮ ਕੋਲ ਦੱਸ ਗੁਰੂ ਸਾਹਿਬਾਨ ਹੋਣ, ਜਿਸ ਕੌਮ ਕੋਲ ਸ਼ਬਦ ਗੁਰੂ, ਗੁਰੂ ਗ੍ਰੰਥ ਸਾਹਿਬ ਜੈਸਾ ਧੁਰ ਕੀ ਬਾਣੀ ਦਾ ਅਨਮੋਲ ਖਜਾਨਾ ਹੋਵੇ, ਉਸ ਕੌਮ ਦੇ ਆਗੂ ਅਤੇ ਲੀਡਰ ਇੰਨੇ ਬੇਈਮਾਨ ਤੇ ਕਪਟੀ ਹੋਣ ਤਾਂ ਪੁੱਤਰ ਜਾਂ ਸਪੁੱਤਰ ਕਿਥੋਂ ਲੱਭ ਕੇ ਲਿਆਈਏ? ਹਰ ਪਾਸੇ ਕਪੁੱਤਰ ਹੀ ਕਪੁੱਤਰ ਦਿਸਦੇ ਹਨ, ਅੱਜ ਕੌਮ ਵੀ ਹਨੇਰੇ ਵਿਚ ਭਟਕਦੀ ਆਪਮੁਹਾਰੀ ਫਿਰ ਰਹੀ ਹੈ, ਪਰ ਰਾਹ ਦੱਸੇਰਾ ਕੋਈ ਵੀ ਨਹੀਂ ਹੈ। ਸ਼ਬਦ ਗੁਰੂ ਦੀ ਬੇਅਦਬੀ ਨੂੰ ਲੈ ਕੇ ਜਿੰਨੀ ਸਿਆਸਤ ਕੀਤੀ ਗਈ ਹੈ, ਉਸ 'ਤੇ ਬਹੁਤ ਵਾਰੀ ਰੋਣਾ ਆਇਆ ਹੈ, ਹੋਰ ਵੀ ਬਥੇਰੇ ਗੁਰੂ ਪਿਆਰੇ ਹਨ, ਜੋ ਧਾਹੀਂ ਰੋਂਦੇ ਹਨ, ਪਰ ਜੋ ਲੋਕ ਗੁਰੂ ਦੇ ਨਾਂ 'ਤੇ ਸਿਆਸਤਾਂ ਕਰ ਰਹੇ ਹਨ, ਉਹ ਤਾਂ ਦਿੱਲੀ ਦਰਬਾਰ ਵਿਚ ਉਚੇ ਰੁਤਬੇ ਮਰਾਤਬੇ ਪਾ ਕੇ ਬੈਠ ਗਏ ਹਨ।

ਕਈ ਵੀਰ-ਭੈਣਾਂ ਸਵਾਲ ਵੀ ਕਰਦੇ ਹਨ ਕਿ ਇਨ੍ਹਾਂ ਬੇਈਮਾਨ ਲੀਡਰਾਂ ਨੂੰ ਰੱਬ ਦੀ ਮਾਰ ਕਿਉਂ ਨਹੀਂ ਪੈਂਦੀ, ਤਾਂ ਗੁਰੂ ਆਖਦੇ ਹਨ,

ਮੰਦਾ ਚੰਗਾ ਆਪਣਾ
ਆਪੇ ਹੀ ਕੀਤਾ ਪਾਵਣਾ॥

ਇਕ ਨਾ ਇਕ ਦਿਨ ਸਜ਼ਾਵਾਂ ਮਿਲਣਗੀਆਂ ਜ਼ਰੂਰ, ਰੱਬ ਦੇ ਘਰ ਦੇਰ ਤਾਂ ਹੈ ਪਰ ਹਨੇਰ ਨਹੀਂ,

ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ
ਨਾਨਕ ਭੇਦੁ ਨ ਭਾਈ॥

ਕਪੁੱਤਰ ਬਣ ਕੇ ਗੁਰੂ ਨੂੰ ਵੰਗਾਰ ਰਹੇ ਬੰਦਿਓ! ਗੁਰੂ ਹੀ ਰੱਬ ਹੈ ਅਤੇ ਰੱਬ ਹੀ ਗੁਰੂ ਹੈ, ਉਸ ਦੇ ਘਰੋਂ ਤੁਸੀਂ ਕਦੀ ਵੀ ਬਖਸ਼ੇ ਨਹੀਂ ਜਾਉਗੇ। ਰੱਬ ਦਾ ਵਾਸਤਾ ਜੇ, ਆਓ! ਜੇ ਸਪੁੱਤਰ ਨਹੀਂ ਤਾਂ ਪੁੱਤਰ ਹੀ ਬਣੀਏ।

## ਜਸਵੰਤ ਸਿੰਘ ਕੰਵਲ ਦੀ ਝੰਡੀ...

(ਪਿਛਲੇ ਸਫੇ ਦੀ ਬਾਕੀ)

ਪਾਸੀਂ ਜੱਟਾਂ ਦੇ। ਸੱਥ ਵਿਚ ਬੈਂਚ ਸਨ ਜਿਥੇ ਬਹਿ ਕੇ ਉਹ ਕਦੇ ਕਦੇ ਤਾਸ਼ ਜਾਂ ਸ਼ਤਰੰਜ ਖੇਡਦੈ।

ਮੈਂ ਆਲਾ ਦੁਆਲਾ ਨਿਹਾਰ ਰਿਹਾ ਸਾਂ ਤਦੇ ਬਾਹਰੋਂ ਹੋਕਾ ਸੁਣਿਆ, "ਗੰਢੇ ਪੰਜਾਹ ਰੁਪਏ, ਆਲੂ ਵੀਹ ਰੁਪਏ, ਗੋਭੀ ਪੱਚੀ ਰੁਪਏ ਕਿੱਲੋ।" ਇਹ ਆਵਾਜ਼ ਰੇੜ੍ਹੇ ਉਤੇ ਰੱਖੇ ਸਪੀਕਰ ਦੀ ਸੀ।

ਮੈਂ ਬਾਹਰਲੇ ਗੇਟ ਵਿਚੋਂ ਵੇਖਿਆ ਕੋਈ ਕਾਲਜੀਏਟ ਮੁੰਡਾ ਕਿਸੇ ਕੁੜੀ ਨੂੰ ਮੋਟਰ ਸਾਈਕਲ ਪਿੱਛੇ ਬਿਠਾਈ ਜਾਂਦਾ ਸੀ ਤੇ ਕੁੜੀ ਨੇ ਮੁੰਡੇ ਦੇ ਲੱਕ ਦੁਆਲੇ ਬਾਂਹ ਵਲੀ ਹੋਈ ਸੀ। ਇਹ ਉਹੀ ਜਗ੍ਹਾ ਸੀ ਜਿਥੇ 'ਪੂਰਨਮਾਸੀ' ਦੀ ਬਚਨੋ ਮੂੰਹ ਹਨ੍ਹੇਰੇ ਵੀ ਆਪਣੇ ਚਾਹਣ ਵਾਲੇ ਰੂਪ ਨੂੰ ਮਿਲਣੋਂ ਤ੍ਰਹਿੰਦੀ ਸੀ। ਸਮਾਂ ਬੜਾ ਬਦਲ ਗਿਆ ਸੀ। 1967 'ਚ ਢੁੱਡੀਕੇ ਦੀਆਂ ਬਹੁਆਂ ਮੈਥੋਂ ਵੀ ਘੁੰਡ ਕੱਢਦੀਆਂ ਸਨ। ਇਹ ਵੱਖਰੀ ਗੱਲ ਸੀ ਕਿ ਦੌਧਰ ਦੀ ਸੜਕ ਉਤੇ ਜਾ ਰਹੀਆਂ ਘਾਹ ਖੋਤਣ ਵਾਲੀਆਂ ਚਾਰ ਜਣੀਆਂ ਨੇ ਮੇਰੇ ਟੱਲੀ ਵਜਾਉਣ ਦੇ ਬਾਵਜੂਦ ਵੀ ਮੈਨੂੰ ਰਾਹ ਨਹੀਂ ਸੀ ਦਿੱਤਾ। ਮੈਂ ਸਾਈਕਲ ਕੱਚੇ ਲਾਹ ਕੇ ਲੰਘਣ ਲੱਗਾ ਤਾਂ ਇਕ ਜਣੀ ਨੇ ਮਸ਼ਕਰੀ ਕੀਤੀ ਸੀ, "ਇਆ, ਟੱਲੀ ਤਾਂ ਤੇਰੀ ਬੋਲਦੀ ਈ ਨੀ!"

ਮੇਰੀ ਤਾਂ ਟੱਲੀ ਬੰਦ ਹੋ ਗਈ ਸੀ ਪਰ ਉਨ੍ਹਾਂ ਦਾ ਹਾਸਾ ਟੱਲੀ ਵਾਂਗ ਟੁਣਕਦਾ ਰਿਹਾ ਸੀ!

ਬਾਹਰਲੇ ਰੌਲੇ ਰੱਪੇ ਤੋਂ ਨਿਰਲੇਪ ਕੰਵਲ ਅੰਦਰ ਬੈਠਾ ਲਿਖੀ ਜਾ ਰਿਹਾ ਸੀ। ਮੈਂ ਪੋਲੇ ਪੈਰੀਂ ਸਾਰੇ ਕਮਰਿਆਂ ਵਿਚ ਘੁੰਮਿਆ। ਕਿਤੇ ਬਾਬਾ ਫਰੀਦ ਦੀ ਫੋਟੋ, ਕਿਤੇ ਮੋਨਾ ਲੀਜ਼ਾ ਦੀ ਅਤੇ ਕਿਤੇ ਕੰਵਲ ਤੇ ਡਾ. ਜਸਵੰਤ ਗਿੱਲ ਦੀ। ਕਿਤੇ ਕਲਾ ਦੇ ਨਮੂਨੇ, ਕਿਤੇ ਕਿਤਾਬਾਂ ਦੀਆਂ ਅਲਮਾਰੀਆਂ। ਕਿਤੇ ਹਿਰਨ ਤੇ ਹਿਰਨੀ ਦਾ ਬੁੱਤ, ਕਿਤੇ ਇਨਾਮਾਂ ਸਨਮਾਨਾਂ ਦੀਆਂ ਨਿਸ਼ਾਨੀਆਂ। ਕਿਤੇ ਕੰਵਲ ਦੀ ਟਾਈ, ਕਿਤੇ ਬੈਲਟ ਤੇ ਕਿਤੇ ਜੁੱਤੀ। ਕਿਤੇ ਉੱਘੜ ਦੁੱਘੜ ਕਿਤਾਬਾਂ ਤੇ ਕਾਗਜ਼। ਬੈਠਕ ਵਿਚ ਸਾਦਾ ਸੋਫਾ, ਸਾਦੀਆਂ ਕੁਰਸੀਆਂ ਤੇ ਢਾਲਵਾਂ ਦੀਵਾਨ। ਇਸ ਕਮਰੇ ਵਿਚ ਬੜੀਆਂ ਵੱਡੀਆਂ ਹਸਤੀਆਂ ਆਉਂਦੀਆਂ ਤੇ ਬਹਿੰਦੀਆਂ ਰਹੀਆਂ, ਲੇਖਕ, ਕਲਾਕਾਰ, ਸਿਆਸਤਦਾਨ, ਸਾਧ ਸੰਤ, ਕਾਮਰੇਡ ਤੇ ਵਿਚੇ ਖਾੜਕੂ; ਵਿਚੇ ਮੰਤਰੀ ਤੇ ਮੁੱਖ ਮੰਤਰੀ। ਸਾਹਮਣੇ ਗੁਰੂ ਤੇਗ ਬਹਾਦਰ ਜੀ ਦੀ ਤਸਵੀਰ ਸੀ ਜਿਸ ਹੇਠ ਲਿਖਿਆ ਸੀ:

ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ॥
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗ ਪਾਨੀ॥

ਕੰਵਲ ਨੇ ਮੁੱਖ ਬੰਦ ਲਿਖ ਲਿਆ ਸੀ। ਮੈਂ ਕੋਲ ਗਿਆ ਤਾਂ ਪੜ੍ਹ ਕੇ ਸੁਣਾਉਣ ਲੱਗਾ। ਮੈਂ ਕਾਗਜ਼ ਉਤਲੀਆਂ ਸਤਰਾਂ ਗਿਣੀਆਂ ਜੋ 38 ਸਨ ਤੇ ਇਕ ਸਤਰ ਵਿਚ 18-19 ਲਫਜ਼ ਸਨ। ਕਾਗਜ਼ ਦਾ ਕੋਈ ਹਿੱਸਾ ਖਾਲੀ ਨਹੀਂ ਸੀ ਰਹਿਣ ਦਿੱਤਾ ਉਹਨੇ। ਲਿਖਾਈ ਮੋਤੀਆਂ ਵਾਂਗ ਚਿਣੀ ਪਈ ਸੀ। ਉਸ ਨੇ ਲਿਖਤ ਨੂੰ ਇਕ ਵਾਰ ਸੋਧਣਾ ਸੀ ਪਰ ਮੈਨੂੰ ਖੁੱਲ੍ਹ ਦੇ ਦਿੱਤੀ ਕਿ ਟਾਈਪ ਕਰਨ ਲੱਗਾ ਆਪੇ ਈ ਸੋਧ ਲਈਂ। ਮੁੱਖ ਬੰਦ ਮੈਨੂੰ ਸੌਂਪ ਕੇ ਉਹ ਕਿਸੇ ਕਾਲਜ ਦੀ ਮੈਡਮ ਵੱਲੋਂ ਪੁੱਛੇ ਸਵਾਲਾਂ ਦਾ ਉੱਤਰ ਲਿਖਣ ਲੱਗ ਪਿਆ। ਇਹ ਸਵਾਲ ਉਹਦੇ 1947 ਵਿਚ ਨਿਭਾਏ ਰੋਲ ਬਾਰੇ ਸਨ। ਇੰਜ ਲਿਖੀ ਪੜ੍ਹੀ ਜਾਣਾ ਅਜੇ ਵੀ ਉਸ ਦਾ ਨਿੱਤਨੇਮ ਹੈ।

(ਚਲਦਾ)

## ਕਾਵਿ ਜਗਤ

### ਬੁੱਤ ਕੌਮ

ਜਾਓ ਅੱਜ ਦੀ ਹਵਾ ਨੂੰ ਆਖ ਦਿਓ
ਉਹ ਸਾਡੇ ਪਾਸਿਓਂ ਲੰਘੇ ਨਾ,
ਦੇ ਤਾਜ਼ੇ ਸਾਹਾਂ ਦਾ ਲਾਲਚ ਸਾਨੂੰ
ਸਫਰਾਂ ਦੇ ਸੰਗ ਮੰਗੇ ਨਾ।
ਇਹ ਜਿਸਮ ਹੀ ਸਾਡੇ ਅੱਜ ਵਿਚ ਨੇ
ਸਾਹ ਅਜੇ ਵੀ ਕੱਲ੍ਹ ਵਿਚ ਅੜੇ ਹੋਏ,
ਸਾਡੀ ਨਾਲ ਭਵਿਖ ਦੇ ਕੱਚੀ ਹੈ
ਅਸੀਂ ਭੂਤ ਦੇ ਮੋਰੀਂ ਚੜ੍ਹੇ ਹੋਏ।

ਜਿੱਥੇ ਘਰ ਤੇ ਕਬਰ 'ਚ ਫਰਕ ਨਹੀਂ
ਉਥੇ ਕੀਮਤ ਕੀ ਸਵਾਸਾਂ ਦੀ?
ਬੁੱਤ ਹੋ ਜਾਈਏ ਬੁੱਤ ਕਰ ਦੇਈਏ
ਅਸੀਂ ਕੌਮ ਹਾਂ ਬੁੱਤ ਤਰਾਸ਼ਾਂ ਦੀ।
ਜਿਨ੍ਹਾਂ ਸੋਚ ਆਪਣੀ ਧਰਤੀ ਤੋਂ
ਅਰਸ਼ਾਂ ਦੇ ਪਾਰ ਦੌੜਾਈ ਸੀ।

ਜਿਨ੍ਹਾਂ ਭੇਤ ਬ੍ਰਹਿਮੰਡ ਦੇ ਖੋਜਣ ਲਈ
ਕੀਤੀ ਅਕਲ ਅਜਮਾਈ ਸੀ।
ਉਨ੍ਹਾਂ ਗੁਰੂਆਂ ਪੀਰਾਂ ਦੀ ਹਸਤੀ
ਅਸੀਂ ਮੂਰਤ ਮੂਰਤ ਕਰ ਦਿੱਤੀ,
ਕੱਢ ਸੁੱਟੀਆਂ ਸੋਚਾਂ ਗੋਸ਼ਟੀਆਂ
ਵਿਚ ਸ਼ਰਧਾ ਸ਼ਰਧਾ ਭਰ ਦਿੱਤੀ।
ਜਾ ਸਕੋਗੇ ਸੋਚ ਉਨ੍ਹਾਂ ਦੀ ਤੱਕ
ਲੰਘ ਲਾਸ਼ ਸਾਡੇ ਜਜ਼ਬਾਤਾਂ ਦੀ।
ਬੁੱਤ ਹੋ ਜਾਈਏ ਬੁੱਤ ਕਰ ਦੇਈਏ
ਅਸੀਂ ਕੌਮ ਹਾਂ ਬੁੱਤ ਤਰਾਸ਼ਾਂ ਦੀ।

ਜੋ ਵਾਂਗ ਹਵਾਵਾਂ ਵਗੇ ਸੀ
ਉਹ ਅਸੀਂ ਮਹਾਂਪੁਰਸ਼ ਪੱਥਰ ਕਰ'ਤੇ,
ਉਨ੍ਹਾਂ ਸਿਰ ਵਰਤਣ ਦੀ ਜਾਚ ਦੱਸੀ
ਅਸੀਂ ਬਹਿ ਗਏ ਪੈਰਾਂ ਨੂੰ ਫੜ ਕੇ।
ਅਸੀਂ ਸੁਣ ਕੇ ਰੂੜ੍ਹੀ ਕਰ ਦੇਈਏ
ਨਾ ਗੱਲ ਗਿਆਨ ਦੀ ਪੱਚ ਸਕੇ,
ਅਸੀਂ ਸੱਤ ਸਮੁੰਦਰ ਟੱਪ ਲਏ
ਨਾ ਇਕ ਵੀ ਰੂੜ੍ਹੀ ਟੱਪ ਸਕੇ।
ਸਾਡੇ ਗਿਰਦ ਹਿਮਾਲਾ ਤੋਂ ਉਚੀ ਕੰਧ
ਸਾਡੇ ਅੰਧ ਵਿਸ਼ਵਾਸ਼ਾਂ ਦੀ।
ਬੁੱਤ ਹੋ ਜਾਈਏ ਬੁੱਤ ਕਰ ਦੇਈਏ
ਅਸੀਂ ਕੌਮ ਹਾਂ ਬੁੱਤ ਤਰਾਸ਼ਾਂ ਦੀ।

ਅਸੀਂ ਲੜਨੋਂ ਮੁਨਕਰ ਹੋਏ ਜਦੋਂ
ਕੋਈ ਹਾਰ ਉਸ ਤੋਂ ਬੜੀ ਨਹੀਂ,
ਜੋ ਸੰਗ ਦਲੀਲ ਦੇ ਲੜਨੀ ਸੀ
ਅਸਾਂ ਉਹ ਲੜਾਈ ਲੜੀ ਨਹੀਂ।
ਬੱਸ ਤਾਹੀਓਂ ਇਕ ਭੜਾਸ ਜਿਹੀ
ਸਾਨੂੰ ਅੰਦਰੇ ਅੰਦਰ ਸਾੜ ਰਹੀ,
ਖਾ ਜਾਣ ਲਈ ਆਪਣਿਆਂ ਨੂੰ ਹੀ
ਹਰ ਸ਼ਖਸ ਦੀ ਅੱਖ ਹੈ ਤਾੜ ਰਹੀ।
ਦਿਲ ਪੱਥਰ ਅੱਗ ਉਗਲੱਛਦੇ ਨੇ
ਜਦ ਚੜ੍ਹਦੇ ਸਾਣ ਭੜਾਸਾਂ ਦੀ।
ਬੁੱਤ ਹੋ ਜਾਈਏ ਬੁੱਤ ਕਰ ਦੇਈਏ
ਅਸੀਂ ਕੌਮ ਹਾਂ ਬੁੱਤ ਤਰਾਸ਼ਾਂ ਦੀ।

ਅਸੀਂ ਬੁੱਤਾਂ ਅੱਗੇ ਬੁੱਤ ਹੋਏ
ਯੁੱਗ ਸਾਡੇ ਵਿਚੀਂ ਲੰਘਦੇ ਗਏ,
ਕਈ ਭਗਤ, ਸਰਾਭੇ ਤੇ ਗਦਰੀ
ਸਾਡੀ ਖਾਤਰ ਮੌਤ ਉਲੰਘਦੇ ਗਏ।
ਇਕ ਫਾਂਸੀ ਹਾਕਮ ਨੇ ਗੱਡੀ
ਇਕ ਫਾਂਸੀ ਅਸੀਂ ਚਲਾਉਂਦੇ ਗਏ।
ਉਨ੍ਹਾਂ ਫਾਂਸੀ ਚਾੜ੍ਹਿਆ ਜਿਸਮਾਂ ਨੂੰ
ਅਸੀਂ ਸੋਚ ਨੂੰ ਫਾਂਸੀ ਲਾਉਂਦੇ ਗਏ।
ਨਾ ਬਦਲੇ ਦੋ ਸੌ ਸਦੀਆਂ ਤੋਂ
ਕੀ ਕਰਨੇ ਓਂ ਗੱਲ ਧਰਵਾਸਾਂ ਦੀ।
ਬੁੱਤ ਹੋ ਜਾਈਏ ਬੁੱਤ ਕਰ ਦੇਈਏ
ਅਸੀਂ ਕੌਮ ਹਾਂ ਬੁੱਤ ਤਰਾਸ਼ਾਂ ਦੀ।

ਕਈ ਪੀਰ ਪੈਗੰਬਰ ਰਿਸ਼ੀ ਮੁਨੀ
ਸਾਡੇ ਹੱਠ ਦੇ ਸਾਹਮਣੇ ਆਏ-ਗਏ।
ਸਾਨੂੰ ਮੱਤ ਦੇਣੇ ਦੇ ਜ਼ੁਰਮ ਹੇਠ
ਉਹ ਬੁੱਤਾਂ ਵਿਚ ਪਥਰਾਏ ਗਏ।
ਦੱਸ ਤੂੰ ਕਿਸ ਬਾਗ ਦੀ ਮੂਲੀ ਏਂ
ਟਲ ਜਾ ਸ਼ਾਇਰਾ ਪਛਤਾਏਂਗਾ।
ਸਾਨੂੰ ਅਕਲਾਂ ਦਿੰਦਾ ਦਿੰਦਾ
ਤੂੰ ਖੁਦ ਅਕਲਹੀਣ ਹੋ ਜਾਏਂਗਾ।
ਨਾ ਸੋਚਾਂ-ਪਿੱਟਿਆ ਝੱਲ ਸਕਨੈਂ
ਤੂੰ ਮਾਰ ਕਿੱਸਿਆਂ ਤੇ ਬਾਤਾਂ ਦੀ।
ਬੁੱਤ ਹੋ ਜਾਈਏ ਬੁੱਤ ਕਰ ਦੇਈਏ
ਅਸੀਂ ਕੌਮ ਹਾਂ ਬੁੱਤ ਤਰਾਸ਼ਾਂ ਦੀ।

-ਡਾ. ਸੁਖਪਾਲ ਸੰਘੇੜਾ

---

### ਗਜ਼ਲ

ਘਰ ਘਰ ਵਿਚ ਹਨ੍ਹੇਰਾ ਹੈ।
ਕਿਹੋ ਜਿਹਾ ਸਵੇਰਾ ਹੈ।
ਦਿਨ ਦਫਤਰ ਵਿਚ ਕਟਦੇ ਹਾਂ
ਘਰ ਤਾਂ ਰੈਣ-ਬਸੇਰਾ ਹੈ।
ਰੂਹ ਦਾ ਜ਼ਿਕਰ ਨਾ ਕਰਿਆ ਕਰ
ਦੇਹ ਦਾ ਦੁੱਖ ਬਥੇਰਾ ਹੈ।
ਇਕੋ ਘਰ ਦੇ ਜੀਆਂ ਦਾ
ਵੱਖੋ ਵੱਖਰਾ ਘੇਰਾ ਹੈ।
ਏਥੇ ਕੁਝ ਵੀ ਆਪਣਾ ਨਹੀਂ
ਸਭ ਕੁਝ ਤੇਰਾ ਮੇਰਾ ਹੈ।
ਕੰਡਿਆਂ ਵਿਚ ਮੁਸਕੌਂਦੇ ਨੇ
ਫੁੱਲਾਂ ਦਾ ਹੀ ਜੇਰਾ ਹੈ।

-ਸੋਹਣ ਸਿੰਘ ਮੀਸ਼ਾ

ਕਹਾਣੀ

# ਕਾਸ਼ !

**ਦਿੱਲੀ ਦੇ ਮਰਹੂਮ ਲਿਖਾਰੀ ਦਰਸ਼ਨ ਸਿੰਘ ਨੇ ਪਿਛਲੀ ਉਮਰੇ, ਰਿਟਾਇਰਮੈਂਟ ਪਿਛੋਂ ਲਿਖਣਾ ਸ਼ੁਰੂ ਕੀਤਾ ਸੀ ਅਤੇ ਫਿਰ ਲਿਖਦੇ ਹੀ ਚਲੇ ਗਏ। ਸਾਲ-ਦਰ-ਸਾਲ ਉਨ੍ਹਾਂ ਦੇ ਨਾਵਲ ਤੇ ਹੋਰ ਰਚਨਾਵਾਂ ਛਪਣ ਲੱਗੀਆਂ, ਖੂਬ ਚਰਚਾ ਵੀ ਹੋਣ ਲੱਗੀ। ਉਨ੍ਹਾਂ ਦੀਆਂ ਰਚਨਾਵਾਂ ਦੀ ਸਭ ਤੋਂ ਵੱਧ ਚਰਚਾ ਭਾਸ਼ਾ ਅਤੇ ਦ੍ਰਿਸ਼ ਚਿਤਰਨ ਕਰਕੇ ਹੋਈ। ਇਸ ਕਹਾਣੀ ਵਿਚ ਵੀ ਇਹ ਰੰਗ ਦੇਖਣ ਵਾਲਾ ਹੈ। ਸਾਧਾਰਨ ਜਿਹੀ ਦਿਸਦੀ ਪਰ ਇਸ ਨਿਵੇਕਲੀ ਪਿਆਰ ਕਹਾਣੀ ਵਿਚ ਜਾਪਦਾ ਹੈ, ਜਿਵੇਂ ਮੁਹੱਬਤ ਦੇ ਬੱਦਲ ਹੁਣੇ ਹੀ ਵਰ੍ਹਨ ਲੱਗੇ ਹਨ। -ਸੰਪਾਦਕ**

ਸਵੇਰ ਤੋਂ ਹੀ ਬੱਦਲਵਾਈ ਸੀ। ਬੂੰਦਾਂ ਵੀ ਪਈਆਂ ਸਨ ਤੇ ਬੁਛਾੜਾਂ ਵੀ। ਫੇਰ ਵੀ ਮੇਰੇ ਮੂੰਹੋਂ ਕਾਸ਼! ਨਹੀਂ ਸੀ ਨਿਕਲਿਆ। ਪਾਸ਼ ਦੀ ਸਿੱਕ ਜਾਂ ਸਹਿਕ ਨਹੀਂ ਸੀ ਹੋਈ। ਨਾ ਹੀ ਕੋਈ ਕਲਵਲ ਮਹਿਸੂਸ ਹੋਈ ਸੀ। ਨਾ ਹੀ ਇਹ ਲੱਗਾ ਸੀ ਕਿ ਜ਼ਿੰਦਗੀ 'ਚ ਹੁਣ ਰਸ ਰੰਗ ਨਹੀਂ ਰਿਹਾ।

ਸਿਰਫ ਪੰਜ ਛੇ ਮਹੀਨੇ ਪਹਿਲੋਂ ਹੀ ਇੰਜ ਨਹੀਂ ਸੀ ਹੁੰਦਾ। ਉਦੋਂ ਜਦੋਂ ਵੀ ਬੱਦਲ ਆਉਂਦੇ, ਵਰ੍ਹਦੇ ਭਾਵੇਂ ਨਾ ਵਰ੍ਹਦੇ, ਮੈਂ ਕਹਿ ਉਠਦਾ, "ਕਾਸ਼! ਉਹ ਗੁਜ਼ਰੇ ਜ਼ਮਾਨੇ ਵਾਪਸ ਆ ਜਾਣ ਤੇ ਮੈਂ ਉਹ ਕੁਝ ਕਰ ਲਵਾਂ ਜੋ ਪਹਿਲੋਂ ਨਹੀਂ ਸਾਂ ਕਰ ਸਕਿਆ! ਤੇ ਫੇਰ ਮੈਂ ਸਾਰਾ ਸਮਾਂ ਬੇਚੈਨ ਰਹਿੰਦਾ। ਰਾਤਾਂ ਵੀ ਜਾਗ ਕੇ ਕੱਟਦਾ। ਵੈਰਾਗਿਆ ਜਾਂਦਾ।

ਪਾਸ਼ ਦਾ ਪੂਰਾ ਨਾਂ ਪ੍ਰਕਾਸ਼ ਸੀ। ਉਹ ਮੇਰੀ ਅਮਰੀਕਾ ਜਾ ਵਸੀ ਛੋਟੀ ਭੈਣ ਜੀਤੋ ਦੀ ਪਰਮ ਸਹੇਲੀ ਸੀ।



ਦਰਸ਼ਨ ਸਿੰਘ

ਪਾਸ਼ ਕੋਈ ਐਵੇਂ ਕੈਵੇਂ ਦੀ ਕੁੜੀ ਨਹੀਂ ਸੀ। ਬੜੀ ਸੁਹਣੀ ਸੀ। ਤਿੱਖੇ ਨਕਸ਼। ਗੋਰੀ ਚਿੱਟੀ। ਮੋਟੀਆਂ ਸੁਰਮਈ ਅੱਖਾਂ। ਲੰਮ-ਸਲੰਮੀ। ਕੁੰਡਲਾਏ ਵਾਲ। ਉਸ ਪੁਰਾਣੇ ਜ਼ਮਾਨੇ 'ਚ ਵੀ ਹੇਠੋਂ ਵਿਤਰੇ ਹੋਏ। ਹਰ ਕਿਸੇ ਨੂੰ ਖਿੱਚ ਪਾਉਂਦੀ ਸੀ, ਮੈਨੂੰ ਵੀ ਪਰ ਏਨੀ ਨਹੀਂ। ਮੈਨੂੰ ਉਦੋਂ ਬਹੁਤੀ ਖਿੱਚ ਓਸ ਕੁੜੀ ਦੀ ਹੁੰਦੀ ਸੀ, ਜਿਸ ਨਾਲ ਮੇਰੇ ਵਿਆਹ ਦੀ ਗੱਲ ਚੱਲ ਰਹੀ ਸੀ ਤੇ ਜਿਸ ਨਾਲ ਮੈਂ ਫਿਰ ਵਿਆਹਿਆ ਵੀ ਗਿਆ ਤੇ ਜਿਹੜੀ ਹੁਣ ਤਕ ਮੇਰੀ ਵਿਆਹੁਤਾ ਏ ਪਰ ਪਾਸ਼ ਨੂੰ ਮੇਰੀ ਬੜੀ ਖਿੱਚ ਸੀ। ਜਦੋਂ ਉਹ ਜੀਤੋ ਕੋਲ ਸਾਡੇ ਘਰ ਆਈ ਹੁੰਦੀ, ਮੇਰੇ ਵੱਲ ਸਧਰਾਈਆਂ ਨਜ਼ਰਾਂ ਨਾਲ ਦੇਖਦੀ ਰਹਿੰਦੀ। ਉਹਦੀ ਤੱਕਣੀ 'ਚ ਨਿੰਮ੍ਹਾ ਜਿਹਾ ਸੱਦਾ ਹੁੰਦਾ ਜੋ ਮੈਂ ਕਬੂਲ ਨਾ ਕਰਦਾ। ਉਹ ਨਿਰਾਸ਼ ਨਾ ਹੁੰਦੀ। ਕਦੀ-ਕਦੀ ਉਹਨੂੰ ਹੌਲ ਉਠਦਾ ਤੇ ਉਹ ਅਜਿਹਾ ਕੁਝ ਕਰ ਦਿਖਾਉਂਦੀ, ਜਿਹਦੇ ਨਾਲ ਸਪਸ਼ਟ ਹੋ ਜਾਂਦਾ ਕਿ ਉਹ ਚਾਹੁੰਦੀ ਕੀ ਏ।

ਇਹਨੂੰ ਮੌਕਾ-ਮੇਲ ਸਮਝੋ ਜਾਂ ਕੁਝ ਹੋਰ, ਉਦੋਂ ਬੱਦਲ ਛਾਏ ਹੁੰਦੇ, ਜਾਂ ਵਰ੍ਹਨ ਵਾਲੇ ਹੁੰਦੇ, ਜਾਂ ਵਰ੍ਹ ਰਹੇ ਹੁੰਦੇ ਤੇ ਜਾਂ ਵਰ੍ਹ ਚੁੱਕੇ ਹੁੰਦੇ। ਸ਼ਾਇਦ ਇਹ ਹੀ ਕਾਰਨ ਸੀ ਕਿ ਮੈਨੂੰ ਉਹਦੀ ਸਿੱਕ ਉਦੋਂ ਹੀ ਉਠਦੀ ਜਦੋਂ ਬੱਦਲਵਾਈ ਹੁੰਦੀ।

ਪਾਸ਼ ਨੂੰ ਹੌਲ ਤਾਂ ਕਈ ਵਾਰੀ ਉਠਦਾ ਪਰ ਤਾਂਘਣ, ਸਿੱਕਣ ਵੇਲੇ ਮੈਨੂੰ ਅਕਸਰ ਤਿੰਨ ਵਾਰਾਂ ਹੀ ਯਾਦ ਆਉਂਦੀਆਂ। ਏਨੀਆਂ ਗੂੜ੍ਹੀਆਂ ਕਿ ਮੈਂ ਉਨ੍ਹਾਂ 'ਚ ਡੁੱਬ ਜਾਂਦਾ ਤੇ ਸਭ ਕੁਝ ਨੂੰ ਫੇਰ ਸਗਵੇਂ ਦਾ ਸਗਵਾਂ ਹੁੰਦਾ ਮਹਿਸੂਸ ਕਰ ਲੈਂਦਾ।

---

ਪਹਿਲੀ ਵਾਰ ਇੰਜ ਹੋਇਆ, ਸ਼ਾਮ ਦਾ ਵੇਲਾ ਸੀ। ਪਾਸ਼ ਸਾਡੇ ਘਰ ਆਈ ਹੋਈ ਸੀ। ਉਹ, ਮੈਂ ਤੇ ਜੀਤੋ ਇਕੋ ਕਮਰੇ 'ਚ ਸਾਂ। ਬਾਲਕੋਨੀ ਵਾਲਾ ਬੂਹਾ ਖੁੱਲ੍ਹਾ ਸੀ ਤੇ ਬਾਹਰ ਪਏ ਫੁੱਲ ਬੂਟੇ, ਤੇ ਉੱਪਰ ਅਸਮਾਨ ਦਿੱਸਦਾ ਸੀ। ਸਾਵਣ ਮਹੀਨਾ ਹੀ ਹੋਵੇਗਾ। ਦੇਖਦਿਆਂ ਦੇਖਦਿਆਂ ਹੀ ਕਾਲੀਆਂ ਘਟਾਵਾਂ ਚੜ੍ਹ ਆਈਆਂ ਤੇ ਛਮਾ-ਛਮ ਵੱਸਣ ਲੱਗੀਆਂ। ਜਦੋਂ ਹੀ ਜੀਤੋ ਕੁਝ ਦੇਖਣ ਲਈ ਬਾਹਰ ਨਿਕਲੀ, ਪਾਸ਼ ਉਠੀ ਤੇ ਆ ਕੇ ਮੈਨੂੰ ਉਹਨੇ, ਪਿਛਿਓਂ ਜੱਫੀ ਪਾ ਲਈ, ਬੜੀ ਘੁੱਟ ਕੇ। ਮੈਂ ਪਾ ਲੈਣ ਦਿੱਤੀ। ਅੱਗੋਂ ਕੁਝ ਨਾ ਕੀਤਾ। ਇੰਜ ਜਿਵੇਂ ਮੈਨੂੰ ਕੁਝ ਨਾ ਹੋਇਆ ਹੋਵੇ। ਜਦੋਂ ਉਹਨੂੰ ਪਰਤ-ਆਉਂਦੀ ਜੀਤੋ ਦੀ ਚਾਪ ਸੁਣੀ, ਉਹਨੇ ਮੈਨੂੰ ਛੱਡ ਦਿੱਤਾ ਤੇ ਆਪਣੀ ਥਾਂ 'ਤੇ ਜਾ ਬੈਠੀ।

ਫੇਰ ਜਦੋਂ ਵੀ ਮੈਨੂੰ ਇਹ ਘਟਨਾ ਯਾਦ ਆਉਂਦੀ, ਤਾਂਘ ਹੁੰਦੀ ਤੇ ਮੈਂ ਆਪਣੇ ਆਪ ਨੂੰ ਕਹਿ ਉਠਦਾ, "ਕਾਸ਼! ਮੈਂ ਉਦੋਂ ਪਾਸ਼ ਨੂੰ ਅੱਗੋਂ ਘੁੱਟ ਲਿਆ ਹੁੰਦਾ। ਚੁੰਮ ਲਿਆ ਹੁੰਦਾ! ਜੇ ਇੰਜ ਕਰਦਾ ਤਾਂ ਅੱਜ ਮੇਰੀ ਜ਼ਿੰਦਗੀ ਹੋਰ ਹੁੰਦੀ!"

ਫੇਰ ਮੈਂ ਚਿਤਵਣ ਲੱਗਦਾ, ਇੰਜ ਜਿਵੇਂ ਮੈਂ ਪਾਸ਼ ਨੂੰ ਕਲਾਵੇ 'ਚ ਭਰ ਲਿਆ ਹੋਵੇ। ਘੁੱਟ ਲਿਆ ਹੋਵੇ। ਚੁੰਮ ਲਿਆ ਹੋਵੇ। ਤੇ ਫੇਰ ਮੈਂ ਬੇਚੈਨ ਹੋ ਜਾਂਦਾ। ਖੋਹਾਂ ਪੈਣ ਲੱਗਦੀਆਂ। ਚੈਨ ਉਦੋਂ ਹੀ ਪੈਂਦਾ, ਜਦੋਂ ਬੱਦਲ ਛਟ ਜਾਂਦੇ ਤੇ ਅਸਮਾਨ ਖਰਾ ਹੋ ਜਾਂਦਾ।

---

ਦੂਜੀ ਵਾਰ ਇੰਜ ਹੋਇਆ, ਜੀਤੋ ਦਾ ਜਨਮ ਦਿਨ ਸੀ। ਉਹਨੇ ਸਾਰੀਆਂ ਸਹੇਲੀਆਂ ਸੱਦੀਆਂ ਹੋਈਆਂ ਸਨ। ਪਾਸ਼ ਵੀ ਸੀ। ਦੂਰ ਬੈਠੀ ਮੇਰੇ ਨਾਲ ਨਜ਼ਰਾਂ ਮਿਲਾ ਰਹੀ ਸੀ। ਕਦੀ-ਕਦੀ ਮਾੜੀ ਜਿਹੀ ਅੱਖ ਵੀ ਮਾਰ ਲੈਂਦੀ।

ਬੱਦਲ ਸਵੇਰ ਤੋਂ ਹੀ ਅਸਮਾਨ ਮੱਲੀ ਬੈਠੇ ਸਨ। ਉਨ੍ਹਾਂ ਦੀ ਵੱਸਣ ਦੀ ਨੀਅਤ ਨਹੀਂ ਸੀ ਲੱਗਦੀ। ਫੇਰ ਚਾਣਚਕ ਹੀ ਉਨ੍ਹਾਂ ਨੂੰ ਕੁਝ ਹੋਇਆ, ਗੜ੍ਹਕੇ, ਗੱਜੇ ਤੇ ਵਰ੍ਹਨ ਲੱਗ ਪਏ। ਚੰਗੇ ਛੜਾਕੇ ਛੱਡੇ ਉਨ੍ਹਾਂ। ਫੇਰ ਉਵੇਂ ਹੀ ਅਚਾਨਕ ਅਲਸਾ ਜਿਹੇ ਗਏ ਤੇ ਮੀਟੇ ਗਏ। ਕਿਤੋਂ-ਕਿਤੋਂ ਉਨ੍ਹਾਂ ਦੀਆਂ ਟਾਕੀਆਂ ਲਹਿ ਗਈਆਂ ਤੇ ਵਿਰਲਾਂ 'ਚੋਂ ਸੂਰਜ ਝਾਕਣ ਲੱਗਾ। ਲਹਿੰਦੇ ਵੱਲ ਛੋਟੀ ਜਿਹੀ ਸਤਰੰਗੀ ਪੀਂਘ ਪੈ ਗਈ। ਕੁੜੀਆਂ ਨੂੰ ਚਾਅ ਚੜ੍ਹ ਗਿਆ ਤੇ ਦੇਖਣ ਲਈ ਬਾਹਰ ਬਾਲਕੋਨੀ ਨੂੰ ਭੱਜੀਆਂ। ਪਾਸ਼ ਬੈਠੀ ਰਹੀ। ਜਦੋਂ ਮੈਂ ਵੀ ਬਾਹਰ ਨਿਕਲਣ ਲੱਗਾ, ਪਾਸ਼ ਨੇ ਉਠ ਕੇ ਮੈਨੂੰ ਪਿਛੋਂ ਦੀ ਜੱਫੀ ਪਾ ਲਈ। ਕਮਰੇ 'ਚ ਸਿਰਫ ਅਸੀਂ ਹੀ ਸਾਂ। ਮੈਂ ਪਾ ਲੈਣ ਦਿੱਤੀ। ਉਹਨੇ ਮੈਨੂੰ ਚੁੰਮ ਵੀ ਲਿਆ। ਹੁੰਗਾਰਾ ਕੋਈ ਨਾ ਭਰਿਆ। ਉਹ ਮੇਰੇ ਨਾਲ ਹੀ ਲੱਗੀ ਰਹੀ। ਉਦੋਂ ਹੀ ਲੱਥੀ, ਜਦੋਂ ਕੁੜੀਆਂ ਅੰਦਰ ਆਉਣ ਲੱਗੀਆਂ।


ਜਦੋਂ ਵੀ ਮੈਂ ਇਹ ਘਟਨਾ ਚਿਤਵਦਾ ਤੇ ਉਹਨੂੰ ਫੇਰ ਆਪਣੇ ਆਪ ਨਾਲ ਘੁੱਟਦਾ ਮਹਿਸੂਸ ਕਰਦਾ, ਮੈਂ ਕਹਿੰਦਾ, "ਮਨਾ, ਤੂੰ ਵੀ ਕਿਉਂ ਨਾ ਉਹਨੂੰ ਆਪਣੇ ਆਪ ਨਾਲ ਘੁੱਟ ਲਿਆ? ਕਿਉਂ ਨਾ ਚੁੰਮ ਲਿਆ ਉਹਨੂੰ? ਕੀ ਫਰਕ ਪੈਂਦਾ? ਅਜੇ ਤੇਰੀ ਕੁੜਮਾਈ ਹੀ ਹੋਈ ਸੀ, ਵਿਆਹ ਤਾਂ ਨਹੀਂ ਸੀ ਹੋਇਆ? ਜੇ ਤੂੰ ਹੁੰਗਾਰਾ ਭਰਦਾ ਤਾਂ ਅੱਜ ਤੇਰੀ ਜ਼ਿੰਦਗੀ ਹੋਰ ਹੁੰਦੀ। ਤੇਰੇ ਆਕਾਸ਼ 'ਤੇ ਵੀ ਕੋਈ ਸਤਰੰਗੀ ਪੀਂਘ ਪਈ ਹੁੰਦੀ।"

ਜਦੋਂ ਬੇਚੈਨੀ ਬਹੁਤ ਵਧ ਜਾਂਦੀ ਤਾਂ ਮੈਂ ਆਪਣੇ ਆਪ ਨੂੰ ਸਮਝਾਉਂਦਾ, "ਓ ਛੱਡ ਯਾਰ। ਐਵੇਂ ਨਾ ਪਿਆ ਤੜਫ। ਪਾਸ਼ ਹੁਣ ਪਹਿਲਾਂ ਵਰਗੀ ਥੋੜ੍ਹੀ ਰਹਿ ਗਈ ਹੋਵੇਗੀ। ਢਲ ਗਈ ਹੋਵੇਗੀ। ਢਿਲਕ ਗਈ ਹੋਵੇਗੀ। ਭੁਰੜਾ ਗਈ ਹੋਵੇਗੀ। ਸਿਰ ਚਿੱਟਾ ਹੋ ਗਿਆ ਹੋਵੇਗਾ ਉਹਦਾ..."

ਇਹ ਸੁਣ ਮਨ ਨੂੰ ਪੂਰਾ ਤਾਂ ਨਹੀਂ, ਕੁਝ ਕੁ ਚੈਨ ਪੈ ਹੀ ਜਾਂਦਾ।

---

ਤੀਜੀ ਵਾਰ ਇੰਜ ਹੋਇਆ, ਮੀਂਹ ਸਵੇਰ ਤੋਂ ਹੀ ਪੈ ਰਿਹਾ ਸੀ। ਹਰ ਥਾਂ ਪਾਣੀ ਖੜ੍ਹਾ ਸੀ। ਜੀਤੋ ਤੇ ਮੈਂ ਬੈਠੇ ਗੱਲਾਂ ਕਰ ਰਹੇ ਸਾਂ। ਏਨੇ ਨੂੰ ਪਾਸ਼ ਅੰਦਰ ਆ ਵੜੀ। ਭਿੱਜੀ ਹੋਈ ਸੀ। ਫਿਰ ਵੀ ਕਸ਼ਿਸ਼ ਉਹਦੀ ਕਾਇਮ ਸੀ ਸਗੋਂ ਵੱਧ ਸੀ। ਕਾਹਲ



'ਚ ਲੱਗਦੀ ਸੀ। ਉਹਨੇ ਜੀਤੋ ਨੂੰ ਕਿਹਾ, ਤੂੰ ਜ਼ਰਾ ਬਾਹਰ ਜਾ। ਮੈਂ ਤੇਰੇ ਵੀਰ ਨਾਲ ਇਕ ਜ਼ਰੂਰੀ ਗੱਲ ਕਰਨੀ ਏ। ਉਹ ਬਾਹਰ ਚਲੀ ਗਈ।

ਪਾਸ਼ ਨੇ ਮੇਰੇ ਮੋਢੇ 'ਤੇ ਹੱਥ ਰੱਖਿਆ ਤੇ ਕਿਹਾ, "ਐਸ ਸ਼ਨਿੱਚਰਵਾਰ ਮੇਰਾ ਵਿਆਹ ਹੋ ਰਿਹੈ।"

"ਪਤੈ ਮੈਨੂੰ। ਏਸ ਮਹੀਨੇ ਦੇ ਅਖੀਰੀ ਐਤਵਾਰ ਮੇਰਾ ਵੀ ਹੋ ਰਿਹੈ। ਤੈਨੂੰ ਵੀ ਪਤਾ ਹੋਣੈਂ। ਜੀਤੋ ਨੇ ਦੱਸਿਆ ਹੋਣੈ ਤੈਨੂੰ।"

"ਕਹੋ ਤਾਂ ਇਹ ਦੋਵੇਂ ਵਿਆਹ ਰੋਕ ਦਈਏ।"

ਮੈਂ ਉਹਦਾ ਭਾਵ ਸਮਝ ਗਿਆ। ਮੈਂ ਉਹਨੂੰ ਟੋਕ ਦਿੱਤਾ, "ਛੱਡ ਇਹ ਰੋਕਣਾ-ਰੁਕਾਣਾ। ਹੁਣ ਹੋ ਜਾਣ ਦੇ ਜੋ ਹੋ ਰਿਹੈ। ਰੋਕਣ ਦਾ ਵਕਤ ਨਹੀਂ ਰਿਹਾ।"

"ਠੀਕ ਏ। ਫੇਰ ਨਾ ਕਹਿਣਾ।" ਉਹਨੇ ਮੈਨੂੰ ਛੇਤੀ ਨਾਲ ਘੁੱਟ ਕੇ ਜੱਫੀ ਪਾਈ, ਹੌਲੀ ਜਿਹੇ 'ਅਲਵਿਦਾ' ਕਿਹਾ ਤੇ ਬਾਹਰ ਨਿਕਲ ਗਈ।

ਮੈਨੂੰ ਜਦੋਂ ਵੀ ਇਹ ਘਟਨਾ ਯਾਦ ਆਉਂਦੀ, ਮੈਂ ਤੜਫ ਪੈਂਦਾ। ਆਪਣੇ ਆਪ ਨੂੰ ਕੋਸਦਾ, "ਕੀ ਹੋ ਗਿਆ ਸੀ ਤੈਨੂੰ? ਮੰਨ ਲੈਂਦਾ ਉਹਦੀ ਸਲਾਹ। ਵਿਆਹ ਤੇਰਾ ਹੋਣਾ ਸੀ, ਅਜੇ ਹੋਇਆ ਤਾਂ ਨਹੀਂ ਸੀ। ਵਿਆਹ ਰੋਕਣਾ ਕੋਈ ਮੁਸ਼ਕਿਲ ਸੀ? ਕਹਿ ਦਿੰਦੇ, ਜੋਤਸ਼ੀ ਨੇ ਕਿਹੈ, ਕੁੰਡਲੀਆਂ ਨਹੀਂ ਮਿਲਦੀਆਂ।"

ਮੈਨੂੰ ਫੇਰ ਬੜੀ ਬੇਚੈਨੀ ਹੋਣ ਲੱਗਦੀ। ਅਖੀਰ ਆਪਣੇ ਆਪ ਨੂੰ ਸਮਝਾਉਣਾ ਪੈਂਦਾ ਕਿ ਉਹ ਜ਼ਮਾਨਾ ਹੋਰ ਸੀ। ਹੁਣ ਪਾਸ਼ ਉਹ ਪਾਸ਼ ਨਹੀਂ ਰਹੀ ਹੋਵੇਗੀ। ਅੱਜ ਉਹਦੇ ਉਦਰੇਵੇਂ ਦਾ ਕੋਈ ਮਤਲਬ ਨਹੀਂ। ਇਸ ਤਰ੍ਹਾਂ ਦੋ ਚਾਰ ਵੇਰ ਕਹਿਣ ਪਿਛੋਂ ਮੈਨੂੰ ਕੁਝ ਠੰਢ ਪੈ ਜਾਂਦੀ।

ਪਾਸ਼ ਵਿਆਹੀ ਗਈ। ਮੈਂ ਵੀ ਵਿਆਹਿਆ ਗਿਆ। ਬੜੇ ਸਾਲ ਅਸੀਂ ਇਕ ਦੂਜੇ ਤੋਂ ਓਹਲੇ ਰਹੇ। ਫੇਰ ਕਦੀ-ਕਦੀ ਪਾਸ਼ ਦਾ ਫੋਨ ਆਉਣ ਲੱਗਾ। ਉਹ ਅਦਾ ਨਾਲ ਪੁੱਛਦੀ, "ਕਦੀ ਮਿਲਣ ਨੂੰ ਦਿਲ ਨਹੀਂ ਜੇ ਕਰਦਾ।" ਫੇਰ ਸਲਾਹ ਦਿੰਦੀ, "ਕਦੀ-ਕਦੀ ਮਿਲਿਆ ਕਰੋ। ਪੁਰਾਣੇ ਫੇਰ ਵੀ ਪੁਰਾਣੇ ਹੁੰਦੇ ਨੇ।" ਮੈਂ ਅੱਗੋਂ ਹੂੰ-ਹਾਂ ਕਰ ਛੱਡਦਾ। ਅਜੇ ਮੇਰੇ ਆਪਣੇ ਵਿਆਹ 'ਚ ਸੇਕ ਹੈ ਸੀ। ਸ਼ਾਇਦ ਉਹਦੇ ਵਿਆਹ 'ਚ ਨਾ ਰਿਹਾ ਹੋਵੇ।

ਬਾਅਦ 'ਚ ਜਦੋਂ ਮੇਰੇ ਵੀ ਸੇਕ ਨਾ ਰਿਹਾ, ਪਾਸ਼ ਨੂੰ ਮਿਲਣ 'ਤੇ ਦਿਲ ਕਰਨ ਲੱਗਾ ਪਰ ਕੋਈ ਸਬੱਬ ਨਾ ਬਣਿਆ। ਜਦੋਂ ਕਦੀ ਬੱਦਲ ਆਉਂਦੇ, ਪਾਸ਼ ਦੀ ਸਿੱਕ ਹੋਣ ਲੱਗਦੀ। ਬੜੀ ਕਲਵਲ ਹੁੰਦੀ। ਕੁਝ ਚੈਨ ਪੈਂਦਾ, ਜਦੋਂ ਮੈਂ ਆਪਣੇ ਆਪ ਨੂੰ ਇਹ ਕਹਿ ਕੇ ਸਮਝਾਉਂਦਾ ਕਿ ਹੁਣ ਪਾਸ਼ ਏਡੀ ਮਿਲਣ ਵਾਲੀ ਚੀਜ਼ ਨਹੀਂ ਰਹਿ ਗਈ ਹੋਣੀ। ਸ਼ਕਲ ਸੂਰਤ ਵਿਗੜ ਗਈ ਹੋਊ ਉਹਦੀ। ਪੰਜੀ ਸਾਲ ਹੋ ਗਏ ਨੇ, ਸਾਡੇ ਉਨ੍ਹਾਂ ਪਹਿਲੇ ਵਕਤਾਂ ਨੂੰ।

ਇਸ ਤਰ੍ਹਾਂ ਮਿਲਣ ਦਾ ਸਬੱਬ ਬਣ ਗਿਆ। ਜੀਤੋ ਅਮਰੀਕਾ ਤੋਂ ਆਈ ਹੋਈ ਸੀ। ਸਾਡੇ ਕੋਲ ਨਹੀਂ, ਸਾਡੇ ਸ਼ਹਿਰ ਹੀ ਆਪਣੇ ਸਹੁਰੇ ਘਰ ਠਹਿਰੀ ਸੀ। ਪਾਸ਼ ਨੂੰ ਵੀ ਖਬਰ ਹੋ ਗਈ। ਉਹਨੇ ਮੈਨੂੰ ਫੋਨ ਕੀਤਾ, "ਨਿਮੋਹਿਓ, ਮੈਂ ਤੁਹਾਡੀ ਭੈਣ ਨੂੰ ਮਿਲਣ ਜਾ ਰਹੀ ਹਾਂ। ਸ਼ਾਮੀਂ ਚਾਰ ਵਜੇ। ਓਥੇ ਆ ਜਾਣਾ। ਮੁੱਦਤਾਂ ਹੋ ਗਈਆਂ ਨੇ..."

ਮੈਨੂੰ ਸ਼ੌਕ ਚੜ੍ਹ ਗਿਆ। ਮੈਂ ਪਤਨੀ ਨੂੰ ਘਰ ਹੀ ਛੱਡ, ਪੂਰੇ ਚਾਰ ਵਜੇ ਸ਼ਾਮੀਂ ਜੀਤੋ ਦੇ ਸਹੁਰੇ ਘਰ ਪਹੁੰਚ ਗਿਆ।

ਰੱਬੋਂ ਉਸ ਦਿਨ ਵੀ ਬੱਦਲ ਸਨ ਪਰ ਏਨੇ ਕਾਲੇ ਤੇ ਘੁਲੇ ਹੋਏ ਨਹੀਂ ਸਨ। ਵਰ੍ਹਨ ਵਾਲੇ ਨਹੀਂ ਸਨ ਲੱਗਦੇ।

ਪਾਸ਼ ਅਜੇ ਨਹੀਂ ਸੀ ਆਈ ਹੋਈ। ਛੇਤੀ ਹੀ ਉਹ ਵੀ ਪਹੁੰਚ ਗਈ।

ਉਹਨੂੰ ਦੇਖ ਮੈਂ ਹੈਰਾਨ ਰਹਿ ਗਿਆ। ਉਹ ਢਲੀ ਹੋਈ ਉਕਾ ਨਹੀਂ ਸੀ। ਨਾ ਭੁਰੜਾਈ ਹੋਈ। ਕੁਝ ਵੱਡੀ ਜ਼ਰੂਰ ਸੀ ਪਰ ਬਿਲਕੁਲ ਪਹਿਲੋਂ ਵਰਗੀ ਲੱਗਦੀ ਸੀ ਸਗੋਂ ਪਹਿਲਾਂ ਤੋਂ ਵੀ ਸੋਹਣੀ। ਵਾਲ ਨਵੇਂ ਅੰਦਾਜ਼ ਵਿਚ ਬਣੇ ਹੋਏ। ਕਾਲੇ। ਵਿਚ ਵਿਚ ਭੂਰੀਆਂ ਫਾਂਟਾਂ ਭਾਹਾਂ ਮਾਰਦੀਆਂ। ਸਜ-ਧਜ ਕਮਾਲ ਦੀ। ਲਿਸ਼ਕ ਪੁਸ਼ਕ ਵੀ। ਮੈਂ ਦੇਖਦਾ ਰਹਿ ਗਿਆ।

ਉਹਦੀਆਂ ਨਜ਼ਰਾਂ ਵੀ ਮੇਰੇ 'ਤੇ ਸਨ। ਟੱਕ ਲਾਈ ਬੈਠੀ ਸੀ। ਫੇਰ ਬੋਲ ਪਈ, "ਹਾਇ ਵੇ ਰੱਬਾ! ਤੁਹਾਨੂੰ ਕੀ ਹੋ ਗਿਐ। ਕਿੰਨੇ ਬਦਲ ਗਏ ਹੋ। ਬਿਮਾਰ ਰਹੇ ਹੋ।"

ਮੈਥੋਂ ਪਹਿਲੋਂ ਜੀਤੋ ਬੋਲ ਪਈ, "ਨੀ ਸੁਭ-ਸੁਭ ਬੋਲ। ਵੀਰ ਜੀ ਥੋੜ੍ਹੇ ਕੀਤਿਆਂ ਬਿਮਾਰ ਨਹੀਂ ਹੁੰਦੇ। ਬਿਲਕੁਲ ਠੀਕ ਨੇ।"

"ਨਹੀਂ ਨਹੀਂ, ਬੜੇ ਬਦਲ ਗਏ ਨੇ। ਆਪਣੇ ਵੱਡੇ ਭਰਾ ਲੱਗਦੇ ਨੇ। ਨਹੀਂ, ਨਹੀਂ!" ਪਾਸ਼ ਅੜੀ ਰਹੀ।

ਉਹਦੀ ਆਵਾਜ਼ ਵਿਚ ਚਾਅ ਨਹੀਂ ਸੀ ਰਿਹਾ। ਚੁੱਪ ਕਰ ਗਈ। ਨਜ਼ਰ ਨੀਵੀਂ ਪਾ ਲਈ ਉਹਨੇ। ਕੁਝ ਚਿਰ ਇੰਜ ਹੀ ਰਿਹਾ।

ਜੀਤੋ ਸਿਆਣੀ ਸੀ। ਸਾਨੂੰ ਮੌਕਾ ਦੇਣ ਲਈ ਉਹ ਅਛੋਪਲੇ ਹੀ ਬਾਹਰ ਚਲੀ ਗਈ।

ਮੈਂ ਪਾਸ਼ ਵੱਲ ਦੇਖ ਰਿਹਾ ਸਾਂ। ਸੋਚਦਾ ਸਾਂ, ਪਾਸ਼ ਉਠੇਗੀ ਤੇ ਮੈਨੂੰ ਜੱਫੀ ਪਾ ਲਵੇਗੀ। ਉਹ ਨਾ ਉਠੀ। ਮੈਂ ਸੋਚਿਆ, ਮੈਂ ਆਪ ਹੀ ਕਿਉਂ ਨਾ ਜਾ ਕੇ ਜੱਫੀ ਪਾ ਲਵਾਂ ਪਰ ਮੈਥੋਂ ਵੀ ਉਠ ਨਾ ਹੋਇਆ।

ਅਖੀਰ ਪਾਸ਼ ਨੇ ਨਜ਼ਰ ਉਪਰ ਕੀਤੀ ਤੇ ਬੋਲੀ, "ਤੁਸੀਂ ਉਹ ਨਹੀਂ ਰਹੇ...ਬਦਲ ਗਏ ਹੋ ਬਹੁਤ।"

"ਨਹੀਂ ਪਾਸ਼", ਮੈਥੋਂ ਟੋਕਿਆ ਗਿਆ, "ਮੈਂ ਨਹੀਂ ਬਦਲਿਆ, ਬਦਲ ਤੂੰ ਗਈ ਏਂ।"

ਪਾਸ਼ ਨੇ ਨਾਂਹ-ਕਰਦਾ ਸਿਰ ਹਿਲਾਇਆ ਤੇ ਨਜ਼ਰ ਫੇਰ ਨੀਵੀਂ ਪਾ ਲਈ। ਮੈਨੂੰ ਲੱਗਾ, ਜਿਵੇਂ ਉਹਨੂੰ ਮੇਰੀ ਹੋਂਦ ਦਾ ਅਹਿਸਾਸ ਹੀ ਨਹੀਂ ਸੀ ਰਿਹਾ।

ਮੈਂ ਉਠਿਆ ਤੇ ਬਾਹਰ ਨਿਕਲ ਗਿਆ। ਜੀਤੋ ਨੂੰ ਦੱਸੇ ਬਿਨਾ ਘਰ ਨੂੰ ਹੋ ਪਿਆ। ਮੀਂਹ ਵਰ੍ਹਨ ਲੱਗ ਪਿਆ ਸੀ। ਮੈਂ ਪਰਵਾਹ ਨਾ ਕੀਤੀ। ਭਿੱਜ ਗਿਆ। ਹੋਰ ਭਿੱਜ ਜਾਣ ਦਿੱਤਾ। ਰਾਹ 'ਚ ਆਪਣੇ ਆਪ ਨੂੰ ਸਮਝਾਉਂਦਾ ਆਇਆ, "ਸੁਣ ਭਾਈ! ਢਲੀ ਪਾਸ਼ ਨਹੀਂ, ਤੂੰ ਢਲਿਆ ਏਂ। ਭੁਰੜਾਈ ਪਾਸ਼ ਨਹੀਂ, ਤੂੰ ਭੁਰੜਾਇਆ ਏਂ। ਐਵੇਂ ਨਾ ਤੜਫਦਾ ਰਿਹਾ ਕਰ।" ਉਹ ਦਿਨ ਤੇ ਇਹ ਦਿਨ, ਮੇਰੇ ਮੂੰਹੋਂ ਕਾਸ਼! ਨਹੀਂ ਨਿਕਲਿਆ।

# ਮਿੰਨੀ ਕਹਾਣੀਆਂ

## ਬੈਂਗਣ

ਗੱਲ 1993 ਦੀ ਹੈ। ਮੈਂ ਉਦੋਂ ਸਿਆਟਲ ਵਿਚ ਨਵਾਂ ਨਵਾਂ ਟੈਕਸੀ ਚਲਾਉਣ ਲੱਗਾ ਸਾਂ। ਇੱਕ ਦਿਨ ਸਵਾਰੀ ਲਾਹ ਕੇ ਵਾਪਸ ਟੈਕਸੀ ਸਟੈਂਡ 'ਤੇ ਆਇਆ ਹੀ ਸਾਂ ਕਿ ਦੂਰੋਂ ਹੀ ਜੱਸਾ ਉਚੀ ਅਵਾਜ਼ ਵਿਚ ਬੋਲਿਆ, "ਅੱਜ ਕੀ ਲਿਆਂਦਾ ਓਏ?" ਜੱਸਾ ਕਿਉਂਕਿ ਪੁਰਾਣਾ ਟੈਕਸੀ ਚਲਾਉਂਦਾ ਸੀ, ਇਸ ਕਰਕੇ ਉਸ ਦੀ ਅਵਾਜ਼ ਵਿਚ ਉਸਤਾਦਾਂ ਵਾਲਾ ਰੋਅਬ ਵੀ ਸੀ।

"ਬੈਂਗਣ।" ਮੈਂ ਮਨ ਵਿਚ ਬਿਨਾ ਕੋਈ ਸ਼ਰਾਰਤ ਸੋਚੇ ਤੁਰੰਤ ਜਵਾਬ ਦਿੱਤਾ।

"ਚੱਲ ਫਿਰ ਇਕੱਠੇ ਬੈਠ ਕੇ ਖਾਨੇ ਆਂ।" ਜੱਸਾ ਬੋਲਿਆ।

ਮੈਂ ਉਸ ਦੇ ਕਹਿਣ ਦਾ ਮਤਲਬ ਝੱਟ ਸਮਝ ਗਿਆ। ਜੱਸੇ ਦਾ ਪਰਿਵਾਰ ਅਜੇ ਇੰਡੀਆ ਹੀ ਸੀ, ਉਹ ਤਿੰਨ ਮੁੰਡੇ ਇਕੱਠੇ ਰਹਿੰਦੇ ਸਨ ਅਤੇ ਦਾਲ ਰੋਟੀ ਬਣਾਉਣ ਦੀ ਸਮੱਸਿਆ ਸੀ। ਬਹੁਤੇ ਟੈਕਸੀਆਂ ਵਾਲੇ ਛੜੇ ਹੀ ਸਨ ਅਤੇ ਵਿਆਹੇ ਵਰਿਆਂ ਬਾਰੇ ਸੋਚਦੇ ਸਨ ਕਿ ਉਨ੍ਹਾਂ ਦੇ ਘਰ ਵਾਲੀਆਂ ਵਧੀਆ ਦਾਲ ਸਬਜ਼ੀ ਨਾਲ ਰੋਟੀ ਬੰਨ ਕੇ ਤੋਰਦੀਆਂ ਹਨ, ਪਰ ਮੇਰੀ ਘਰ ਵਾਲੀ ਨੇ ਸਵੇਰ ਨੂੰ ਆਪ ਵੀ ਕੰਮ 'ਤੇ ਜਾਣਾ ਹੁੰਦਾ ਸੀ ਅਤੇ ਮੈਨੂੰ ਟੈਕਸੀ ਵਿਚ ਦਾਲ ਸਬਜ਼ੀ ਦਾ ਖਿਲਾਰਾ ਪਾਉਣਾ ਪਸੰਦ ਵੀ ਨਹੀਂ ਸੀ। ਮੈਂ ਤਕਰੀਬਨ ਸੈਂਡਵਿਚ ਹੀ ਲੈ ਕੇ ਆਉਂਦਾ ਸੀ ਅਤੇ ਦਾਲ ਰੋਟੀ ਵਾਲੇ ਆਹੂ ਘਰ ਜਾ ਕੇ ਲਾਹ ਲੈਂਦਾ ਸੀ।

ਜੱਸਾ ਦਾਲ ਅਤੇ ਚੌਲਾਂ ਵਾਲੇ ਡੱਬੇ ਲੈ ਕੇ ਮੇਰੇ ਨਾਲ ਵਾਲੀ ਸੀਟ ਉਤੇ ਬੈਠ ਗਿਆ ਅਤੇ ਮੈਂ ਉਸ ਤੋਂ ਦਾਲ ਚੌਲ ਲੈ ਕੇ ਖਾਣੇ ਸ਼ੁਰੂ ਕਰ ਦਿੱਤੇ। ਮੈਨੂੰ ਪਤਾ ਸੀ ਕਿ ਉਹ ਦਾਲ ਚੌਲ ਬਹੁਤ ਸਵਾਦ ਬਣਾਉਂਦੇ ਹਨ। ਉਸ ਸਮੇਂ ਤੱਕ ਮੇਰੇ ਦਿਮਾਗ ਵਿਚ ਇੱਕ ਸ਼ਰਾਰਤ ਆ ਚੁਕੀ ਸੀ।

"ਬੈਂਗਣ ਕਿਥੇ ਆ?" ਜੱਸੇ ਨੇ ਸਵਾਲ ਕੀਤਾ। ਮੈਂ ਬਟਨ ਦੱਬ ਕੇ ਕਾਰ ਦਾ ਟਰੰਕ ਖੋਲ੍ਹ ਦਿੱਤਾ। ਜੱਸਾ ਮੇਰਾ ਇਸ਼ਾਰਾ ਸਮਝ ਗਿਆ ਅਤੇ ਉਤਰ ਕੇ ਗੱਡੀ ਦੇ ਪਿਛੇ ਚਲਾ ਗਿਆ।

"ਮੈਂ ਖਾਣ ਲਈ ਪੁਛਿਆ ਸੀ।" ਜੱਸਾ ਟਰੰਕ ਵਿਚੋਂ ਬੈਂਗਣਾਂ ਵਾਲਾ ਲਿਫਾਫਾ ਚੁਕਦਿਆਂ ਹੀ ਪੂਰੇ ਗੁੱਸੇ ਵਿਚ ਬੋਲਿਆ।

"ਇਹ ਵੀ ਖਾਣ ਵਾਲੇ ਹੀ ਆ, ਹੋਰ ਕਿਹੜਾ ਡੈਕੋਰੇਸ਼ਨ ਵਾਲੇ ਆ।" ਮੈਂ ਚੌਲ ਖਾਂਦੇ ਨੇ ਸਹਿਜ ਭਾਅ ਜਵਾਬ ਦਿੱਤਾ। ਅਸਲ ਵਿਚ ਮੈਂ ਚੀਨੀਆਂ ਦੇ ਬਜ਼ਾਰ ਵਿਚ ਸਵਾਰੀ ਲਾਹੁਣ ਗਿਆ ਸੀ ਅਤੇ ਦੁਕਾਨ ਮੂਹਰੇ ਲਿਸ਼ਕਦੇ ਬੈਂਗਣ ਪਏ ਦੇਖ ਕੇ ਕੁਝ ਖਰੀਦ ਲਿਆਇਆ ਸੀ।

"ਲਗਦਾ ਖਾਣ ਵਾਲੇ ਹੀ ਆ ਦਾ, ਕੱਚੇ ਬੈਂਗਣਾਂ ਨੂੰ ਮੈਂ ਕੀ ਕਰਾਂ?" ਜੱਸਾ ਬੁੜ ਬੁੜ ਕਰਦਾ ਮੇਰੇ ਨਾਲ ਵਾਲੀ ਸੀਟ 'ਤੇ ਬੈਠ ਗਿਆ। ਉਦੋਂ ਤੱਕ ਮੈਂ ਉਸ ਦੇ ਦਾਲ-ਚੌਲ ਅੱਧੇ ਕੁ ਨੇੜੇ ਕਰ ਦਿੱਤੇ ਸਨ। ਮੈਂ ਉਸ ਨੂੰ ਆਪਣੇ ਲਈ ਲਿਆਂਦਾ ਸੈਂਡਵਿਚ ਫੜਾ ਦਿੱਤਾ। ਜੱਸਾ ਕਦੀ ਮੇਰੇ ਮੂੰਹ ਵੱਲ ਵੇਖਦਾ ਅਤੇ ਕਦੀ ਸੈਂਡਵਿਚ ਵੱਲ। ਹੁਣ ਉਸ ਦਾ ਗੁੱਸਾ ਥੋੜਾ ਥੋੜਾ ਹਾਸੇ ਵਿਚ ਬਦਲ ਚੁਕਾ ਸੀ।

*-ਬਲਿਹਾਰ ਸਿੰਘ ਲੇਹਲ*
*ਫੋਨ: 206-244-4663*

## ਕਾਂ, ਕਾਂ ਹੀ ਰਹਿਣ

ਪੁਲਿਸ ਹਿਰਾਸਤ ਵਿਚ ਹੋਈ ਨੌਜਵਾਨ ਦੀ ਮੌਤ ਨੇ ਸਾਰਾ ਇਲਾਕਾ ਹਿਲਾ ਕੇ ਰੱਖ ਦਿੱਤਾ ਸੀ। ਮਾਂ-ਪਿਉ, ਰਿਸ਼ਤੇਦਾਰਾਂ ਅਤੇ ਆਮ ਲੋਕਾਂ ਵਿਚ ਇਸ ਘਿਨਾਉਣੀ ਹਰਕਤ ਪ੍ਰਤੀ ਬੜਾ ਰੋਸ ਸੀ। ਇਨਸਾਫ ਲਈ ਲਗਾਤਾਰ ਧਰਨੇ ਦੇਣ ਦਾ ਪ੍ਰੋਗਰਾਮ ਸੀ, ਪਰ ਧਰਨੇ ਵਿਚਲੀ ਹਾਜ਼ਰੀ ਬੜੀ ਘੱਟ ਹੁੰਦੀ। ਇੱਕ ਦਿਨ ਧਰਨੇ ਵਾਲੀ ਥਾਂ ਇੱਕ ਕਾਂ ਬਿਜਲੀ ਦੀਆਂ ਤਾਰਾਂ ਨਾਲ ਲੱਗ ਕੇ ਮਰ ਗਿਆ। ਨਾਲ ਦੀ ਨਾਲ ਸੈਂਕੜੇ ਕਾਂ ਇਕੱਠੇ ਹੋ ਕਾਂਵਾਂਰੌਲੀ ਪਾਉਣ ਲੱਗੇ। ਦੁਖੀ ਹਾਲਤ ਵਿਚ ਇਹ ਸ਼ੋਰ ਬੜਾ ਚੁਭਵਾਂ ਲੱਗ ਰਿਹਾ ਸੀ।

ਮਰਨ ਵਾਲੇ ਨੌਜਵਾਨ ਦੇ ਰਿਸ਼ਤੇਦਾਰ ਬਜੁਰਗ ਨੇ ਨੇੜੇ ਬੈਠੇ ਮੁੰਡੇ ਨੂੰ ਮੋਇਆ ਕਾਂ ਦੂਰ ਸੁੱਟਣ ਲਈ ਆਖਿਆ। ਜਿਉਂ ਹੀ ਉਹ ਨੌਜਵਾਨ ਮੋਇਆ ਕਾਂ ਚੁੱਕਣ ਲਈ ਨੇੜੇ ਗਿਆ ਤਾਂ ਕਾਂਵਾਂ ਨੇ ਤਰਥੱਲੀ ਮਚਾ ਦਿੱਤੀ ਅਤੇ ਨੌਜਵਾਨ 'ਤੇ ਝਪਟਣ ਲੱਗੇ। ਬੜੀ ਮੁਸ਼ਕਿਲ ਨਾਲ ਨੌਜਵਾਨ ਨੇ ਕਾਂਵਾਂ ਤੋਂ ਜਾਨ ਛੁਡਾਈ।

"ਇਨ੍ਹਾਂ ਜਾਨਵਰਾਂ ਵਿਚ ਆਪਣੀ ਨਸਲ ਲਈ ਕਿੰਨਾ ਲਗਾਓ ਆ।" ਬੈਠਿਆਂ ਵਿਚੋਂ ਇੱਕ ਨੇ ਕਿਹਾ।

"ਇਹ ਸਾਡੇ ਵਾਂਗੂੰ ਪਾਰਟੀਆਂ ਵਿਚ ਨਹੀਂ ਵੰਡੇ। ਸਾਡੇ ਵਿਚੋਂ ਕੁਝ ਸੱਤਾ ਧਿਰ ਨਾਲ ਹੋਣ ਕਰਕੇ ਨਹੀਂ ਆਏ; ਕੁਝ ਕਹਿੰਦੇ, ਇਹ ਦੂਜੀ ਪਾਰਟੀ ਵੱਲੋਂ ਸ਼ੁਰੂ ਹੋਇਆ। ਮਨੁੱਖ ਲਈ ਮਨੁੱਖਤਾ ਦੂਰ ਰਹਿ ਗਈ ਹੈ।" ਇੱਕ ਸਿਆਣੀ ਉਮਰ ਦੇ ਬੰਦੇ ਨੇ ਘੱਟ ਗਿਣਤੀ ਤੋਂ ਦੁਖੀ ਹੋ ਕਿਹਾ।

"ਇਨਸਾਨ ਨੂੰ ਧਰਤੀ ਦਾ ਸ੍ਰੇਸ਼ਟ ਪ੍ਰਾਣੀ ਮੰਨਦੇ ਹਾਂ, ਪਰ ਆਪਣੀ ਨਸਲ ਨਾਲ ਇਸ ਦਾ ਵਤੀਰਾ ਸਭ ਤੋਂ ਮਾੜਾ ਹੈ। ਇਹ ਮੌਤ ਹੀ ਦੇਖ ਲਵੋ।" ਇੱਕ ਹੋਰ ਨੇ ਨਿਰਾਸ਼ਾ ਵਿਚ ਸਿਰ ਮਾਰਿਆ।

"ਚੰਗਾ ਕਾਂ, ਕਾਂ ਹੀ ਰਹਿਣ, ਇਨਸਾਨ ਵਰਗੇ ਨਾ ਬਣਨ।" ਉਸ ਬਜੁਰਗ ਦੇ ਦੁਖੀ ਦਿਲ ਵਿਚੋਂ ਹੂਕ ਨਿਕਲੀ।

*-ਗੁਰਮੀਤ ਸਿੰਘ ਮਰਾੜ੍ਹ*
*ਫੋਨ: 91-95014-00397*

# ਮੁਸਲਮਾਨ ਹੋਣ ਦਾ ਝੋਰਾ ਅਤੇ ਤਸੱਲੀ

**ਭਾਰਤ ਵਿਚ ਹਿੰਦੂਤਵੀ ਤਾਕਤਾਂ ਦੀ ਚੜ੍ਹਤ ਤੋਂ ਬਾਅਦ ਘੱਟ ਗਿਣਤੀਆਂ, ਖਾਸ ਕਰਕੇ ਮੁਸਲਮਾਨਾਂ ਬਾਰੇ ਕਈ ਕੁਝ ਨਿਤ ਦਿਨ ਸਾਹਮਣੇ ਆ ਰਿਹਾ ਹੈ। ਉਨ੍ਹਾਂ ਦੀ ਦੇਸ਼ ਭਗਤੀ ਦੀ ਅਜ਼ਮਾਇਸ਼ ਕੀਤੀ ਜਾ ਰਹੀ ਹੈ ਅਤੇ ਜਿਸ ਤਰ੍ਹਾਂ ਦਾ ਪ੍ਰਚਾਰ ਉਨ੍ਹਾਂ ਬਾਰੇ ਕੀਤਾ ਜਾ ਰਿਹਾ ਹੈ, ਉਸ ਤੋਂ ਇਹ ਭਾਈਚਾਰਾ ਇਕ ਤਰ੍ਹਾਂ ਦੇ ਖੌਫ ਵਿਚੋਂ ਲੰਘ ਰਿਹਾ ਹੈ। ਅਜਿਹੇ ਮਾਹੌਲ ਵਿਚ ਲੇਖਕ ਰਖਸ਼ੰਦਾ ਜਲੀਲ ਵਰਗੀਆਂ ਹਸਤੀਆਂ ਵੀ ਹਨ, ਜੋ 'ਬੱਟ ਯੂ ਡੋਂਟ ਲੁੱਕ ਲਾਈਕ ਏ ਮੁਸਲਿਮ' ਵਰਗੀ ਅਹਿਮ ਕਿਤਾਬ ਨਾਲ ਹਾਜ਼ਰੀ ਲੁਆਉਂਦੀਆਂ ਹਨ। ਸੀਨੀਅਰ ਪੱਤਰਕਾਰ ਸੁਰਿੰਦਰ ਸਿੰਘ ਤੇਜ ਨੇ ਇਸ ਕਿਤਾਬ ਬਾਰੇ ਟਿੱਪਣੀ ਆਪਣੇ ਇਸ ਲੇਖ ਵਿਚ ਕੀਤੀ ਹੈ। ਇਸ ਦੇ ਨਾਲ ਹੀ ਅਸੀਂ ਆਪਣੇ ਪਾਠਕਾਂ ਲਈ ਇਸੇ ਕਿਤਾਬ ਦਾ ਇਕ ਕਾਂਡ ਛਾਪ ਰਹੇ ਹਾਂ। -ਸੰਪਾਦਕ**

ਨੋਬੇਲ ਪੁਰਸਕਾਰ ਜੇਤੂ ਸਾਹਿਤਕਾਰ ਵੀ. ਐਸ. ਨਾਇਪਾਲ ਆਪਣੀ ਉਮਰ ਦੇ ਆਖਰੀ ਸਾਢੇ ਤਿੰਨ ਦਹਾਕਿਆਂ ਦੌਰਾਨ ਇਸ ਸੋਚ 'ਤੇ ਕਾਇਮ ਰਿਹਾ ਕਿ ਦੁਨੀਆਂ ਭਰ ਵਿਚ ਵਧ ਰਹੇ ਕੱਟੜਵਾਦ ਦੀ ਵਜ੍ਹਾ ਇਸਲਾਮ ਹੈ। ਨਾਇਪਾਲ ਅਨੁਸਾਰ, "ਇਹ ਮਜ਼ਹਬ ਆਪਣੇ ਮੁਰੀਦਾਂ ਨੂੰ ਆਪੋ-ਆਪਣੀ ਧਰਤੀ ਦੀ ਤਹਿਜ਼ੀਬ, ਰਸਮੋ ਰਿਵਾਜ, ਪਰੰਪਰਾਵਾਂ ਤੇ ਇਤਿਹਾਸ ਭੁਲਾ ਕੇ ਸਿਰਫ ਅਰਬ ਜਗਤ (ਖਾਸ ਕਰਕੇ ਸਾਊਦੀ ਅਰਬ) ਨੂੰ ਆਪਣਾ ਵਤਨ ਤੇ ਆਪਣਾ ਅਸਲ ਘਰ ਮੰਨਣ, ਅਰਬੀ ਤਹਿਜ਼ੀਬ ਨੂੰ ਹੀ ਆਪਣੀ ਤਹਿਜ਼ੀਬ ਸਮਝਣ ਅਤੇ ਉਥੋਂ ਦੇ ਇਤਿਹਾਸ ਨੂੰ ਹੀ ਆਪਣੇ ਅਸਲ ਇਤਿਹਾਸ ਵਜੋਂ ਅਪਨਾਉਣ ਲਈ ਮਜਬੂਰ ਕਰਦਾ ਹੈ। ਇਸਲਾਮ ਵਲੋਂ ਅਜਿਹਾ ਕੀਤਾ ਜਾਣਾ ਮਜ਼ਹਬਾਂ ਤੇ ਸਭਿਅਤਾਵਾਂ ਦੇ ਟਕਰਾਅ ਦੀ ਵਜ੍ਹਾ ਬਣ ਰਿਹਾ ਹੈ।"

**ਸੁਰਿੰਦਰ ਸਿੰਘ ਤੇਜ**

ਇਰਾਨ ਤੋਂ ਲੈ ਕੇ ਇੰਡੋਨੇਸ਼ੀਆ ਤਕ ਪੈਂਦੇ ਇਸਲਾਮੀ ਮੁਲਕਾਂ ਦੇ ਸਫਰ ਨਾਲ ਜੁੜੇ ਤਜਰਬਿਆਂ ਤੇ ਚਰਚਾਵਾਂ ਉਤੇ ਆਧਾਰਿਤ ਦੋ ਕਿਤਾਬਾਂ 'ਅਮੰਗ ਦਿ ਬਿਲੀਵਰਜ਼' ਅਤੇ 'ਬਿਯੌਂਡ ਬਿਲੀਫ' ਰਾਹੀਂ ਨਾਇਪਾਲ ਨੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਕਿ ਇਸਲਾਮ, ਮੁਕਾਮੀ ਤਹਿਜ਼ੀਬਾਂ, ਮੁਕਾਮੀ ਪਹਿਰਾਵਿਆਂ, ਮੁਕਾਮੀ ਖਾਣ-ਪੀਣ ਅਤੇ ਮੁਕਾਮੀ ਵਫਾਦਾਰੀਆਂ ਦਾ ਪਹਿਲਾਂ ਵੀ ਖਾਤਮਾ ਕਰਦਾ ਆਇਆ ਹੈ ਅਤੇ ਹੁਣ ਵੀ ਕਰ ਰਿਹਾ ਹੈ। ਇਹ ਸਭ ਕੁਝ ਕਰਨ ਲਈ ਹਰ ਪ੍ਰਕਾਰ ਦੇ ਸਭਿਅਕ ਜਾਂ ਗੈਰ-ਸਭਿਅਕ ਹਥਕੰਡੇ ਵਰਤੇ ਜਾ ਰਹੇ ਹਨ। ਇਨ੍ਹਾਂ ਦੇ ਵਿਰੋਧ ਨੂੰ ਹਿੰਸਕ ਢੰਗਾਂ ਨਾਲ ਦਬਾਇਆ ਜਾਂਦਾ ਰਿਹਾ ਹੈ। ਅਜਿਹੀ ਇਸਲਾਮਪ੍ਰਸਤੀ ਜਵਾਬੀ ਹਿੰਸਾ ਅਤੇ (ਇਸ ਮਜ਼ਹਬ ਪ੍ਰਤੀ) ਨਫਰਤ ਨੂੰ ਜਨਮ ਦਿੰਦੀ ਆਈ ਹੈ ਅਤੇ ਅਜੋਕੇ ਸਮੇਂ ਵਿਚ ਸਮੁੱਚੀ ਦੁਨੀਆਂ 'ਚ ਟਕਰਾਅ, ਜਬਰ ਤੇ ਇੰਤਹਾਪਸੰਦੀ ਦੀ ਜੜ੍ਹ ਬਣੀ ਹੋਈ ਹੈ।

ਨਾਇਪਾਲ ਅਤੇ ਉਸ ਵਰਗੇ ਹੋਰ ਵਿਚਾਰਵਾਨਾਂ ਦੇ ਵਿਚਾਰਾਂ ਤੇ ਦਲੀਲਾਂ ਦਾ ਮੁਸਲਿਮ ਤੇ ਗੈਰ-ਮੁਸਲਿਮ ਦਾਨਿਸ਼ਵਰਾਂ ਵਲੋਂ ਬਾਵਜ਼ਨ ਤੇ ਬਾਦਲੀਲ ਵਿਰੋਧ ਕੀਤਾ ਜਾਂਦਾ ਰਿਹਾ ਹੈ। ਅਜਿਹੇ ਦਾਨਿਸ਼ਵਰਾਂ ਦਾ ਮੁੱਖ ਤਰਕ ਇਹੋ ਰਿਹਾ ਹੈ ਕਿ ਇਸਲਾਮ ਕਿਸੇ ਵੀ ਤਰ੍ਹਾਂ ਟਕਰਾਅਵਾਦੀ ਧਰਮ ਨਹੀਂ। ਇਸ ਦਾ ਸਰੂਪ ਤੇ ਸੁਭਾਅ ਸਮਨਵੈਅਵਾਦੀ ਹੈ, ਜੋ ਅਨੇਕਤਾ 'ਚ ਏਕਤਾ ਦੇ ਸਿਧਾਂਤ ਨੂੰ ਪੂਰੀ ਮਾਨਤਾ ਦਿੰਦਾ ਹੈ। ਇਸ ਦੇ ਇਸ ਖਾਸੇ ਵਲ ਤਵੱਜੋ ਦੇਣ ਦੀ ਥਾਂ ਇਸ ਦੇ



ਵਿਗਾੜਾਂ ਨੂੰ ਵਿਧੀਵਤ ਢੰਗ ਨਾਲ ਲਗਾਤਾਰ ਉਛਾਲਿਆ ਜਾਂਦਾ ਆ ਰਿਹਾ ਹੈ; ਤੇ ਅਜਿਹੀ ਅਲਾਮਤ ਤੋਂ ਭਾਰਤ ਵੀ ਮੁਕਤ ਨਹੀਂ ਹੈ।


ਰਖਸ਼ੰਦਾ ਜਲੀਲ ਦੀ ਕਿਤਾਬ 'ਬੱਟ ਯੂ ਡੋਂਟ ਲੁੱਕ ਲਾਈਕ ਏ ਮੁਸਲਿਮ' ਵੀ ਉਪਰੋਕਤ ਤਰਕ ਦੀ ਤਸਦੀਕ ਕਰਦੀ ਹੈ। ਇਹ ਭਾਰਤੀ ਮੁਸਲਿਮ ਭਾਈਚਾਰੇ ਦੀ ਮੌਜੂਦਾ ਵੇਦਨਾ ਤੇ ਵਿਥਿਆ ਨੂੰ ਭਾਰਤੀ ਬਹੁਲਵਾਦੀ ਤੇ ਬਹੁ-ਧਰਮੀ ਸਭਿਅਤਾ ਵਿਚ ਆਏ ਨਿਘਾਰਾਂ ਦੇ ਪ੍ਰਸੰਗ ਵਿਚ ਪੇਸ਼ ਕਰਦੀ ਹੈ। ਨਾਲ ਹੀ ਇਹ ਮੁਸਲਿਮ ਭਾਈਚਾਰੇ ਨੂੰ ਆਪਣੀ ਜਹਾਲਤ ਅਤੇ ਪਿਛਾਖੜੀ ਸੋਚ ਤਿਆਗਣ ਦੀ ਪ੍ਰੇਰਨਾ ਦਿੰਦੀ ਹੈ।

ਰਖਸ਼ੰਦਾ ਜਲੀਲ ਦੀ ਰਾਏ ਹੈ ਕਿ ਭਾਰਤੀ ਵਸੋਂ ਦਾ 14.5 ਫੀਸਦ ਹਿੱਸਾ ਹੋਣ ਸਦਕਾ ਮੁਸਲਮਾਨ, ਰਾਸ਼ਟਰ-ਉਸਾਰੀ ਵਿਚ ਵੱਧ ਅਹਿਮ, ਵੱਧ ਨਿੱਗਰ ਯੋਗਦਾਨ ਪਾ ਸਕਦੇ ਹਨ। ਅਜਿਹਾ ਕਰਨ ਵਾਸਤੇ ਉਨ੍ਹਾਂ ਨੂੰ ਬੇਚਾਰਗੀ ਦਾ ਅਹਿਸਾਸ ਤਿਆਗਣਾ ਹੋਵੇਗਾ ਅਤੇ ਹੁਕਮਰਾਨਾਂ ਦੀਆਂ ਮਿਹਰਬਾਨੀਆਂ ਉਤੇ ਨਿਰਭਰ ਰਹਿਣ ਦੀ ਥਾਂ ਆਪਣੀ ਸਮਰੱਥਾ, ਆਪਣੀ ਕਾਬਲੀਅਤ ਉਤੇ ਟੇਕ ਰੱਖਣ ਦੀ ਕਲਾ ਸਿੱਖਣੀ ਪਵੇਗੀ। ਉਸ ਦਾ ਇਹ ਵੀ ਯਕੀਨ ਹੈ ਕਿ ਮਜ਼ਹਬੀ ਅਕੀਦਿਆਂ ਨੂੰ ਤਿਆਗੇ ਬਿਨਾ ਆਧੁਨਿਕਤਾ ਦਾ ਪੱਲਾ ਫੜਨਾ ਭਾਰਤ ਵਿਚ ਅਜੇ ਵੀ ਬਹੁਤ ਆਸਾਨ ਹੈ ਅਤੇ ਮੁਸਲਿਮ ਭਾਈਚਾਰੇ ਨੂੰ ਇਸ ਪੱਖੋਂ ਹੋਰ ਝਿਜਕ ਨਹੀਂ ਦਿਖਾਉਣੀ ਚਾਹੀਦੀ।

ਰਖਸ਼ੰਦਾ ਅਕਾਦਮੀਸ਼ਨ, ਲੇਖਕ ਤੇ ਅਦਬੀ ਇਤਿਹਾਸਕਾਰ ਹੈ। ਉਹ ਉਰਦੂ ਸ਼ਾਇਰੀ ਤੇ ਵਾਰਤਕ ਦੀ ਬਿਹਤਰੀਨ ਤਰਜਮਾਕਾਰ ਵੀ ਹੈ ਅਤੇ ਵੀਹ ਤੋਂ ਵੱਧ ਕਿਤਾਬਾਂ ਲਿਖ ਚੁਕੀ ਹੈ। ਇਸ ਤੋਂ ਇਲਾਵਾ ਹਿੰਦੀ-ਉਰਦੂ ਅਦਬ ਤੇ ਤਹਿਜ਼ੀਬ ਦੀ ਮਕਬੂਲੀਅਤ ਲਈ ਸਰਗਰਮ ਸੰਸਥਾ 'ਹਿੰਦੋਸਤਾਨੀ ਆਵਾਜ਼' ਦੀ ਉਹ ਰੂਹੇ-ਰਵਾਂ ਵੀ ਹੈ। ਉਸ ਦੀ ਤਾਜ਼ਾਤਰੀਨ ਕਿਤਾਬ 40 ਲੇਖਾਂ ਉਤੇ ਆਧਾਰਤ ਹੈ। ਇਨ੍ਹਾਂ ਨੂੰ ਚਾਰ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲਾ ਭਾਗ ਸ਼ਨਾਖਤ ਤੇ ਵਜੂਦ ਦੀ ਸਿਆਸਤ ਨਾਲ ਸਬੰਧਤ ਹੈ। ਦੂਜਾ ਹਿੰਦੋਸਤਾਨੀ ਤਹਿਜ਼ੀਬ ਦੇ ਸਰੋਤ ਬਿਆਨ ਕਰਦਾ ਹੈ। ਤੀਜਾ ਮੁਸਲਿਮ ਅਦਬ ਤੇ ਅਦੀਬਾਂ ਦੀ ਭਾਰਤੀ ਸਭਿਅਤਾ ਨੂੰ ਦੇਣ ਬਾਰੇ ਹੈ। ਚੌਥਾ ਇਸਲਾਮ ਅੰਦਰ ਮੌਜੂਦ ਬਹੁਲਤਾਵਾਦੀ ਆਯਾਮਾਂ ਦੀਆਂ ਝਲਕਾਂ ਪੇਸ਼ ਕਰਦਾ ਹੈ।

ਰਖਸ਼ੰਦਾ ਮੁਸਲਿਮ ਭਾਈਚਾਰੇ ਦੀ ਹਸਤੀ ਨੂੰ ਖਾਸ ਕਿਸਮ ਦੇ ਲਿਬਾਸ ਤੇ ਖਾਣ-ਪੀਣ ਤਕ ਹੀ ਸੀਮਤ ਕਰਨ ਦੇ ਹੱਕ ਵਿਚ ਨਹੀਂ ਪਰ ਉਹ ਇਨ੍ਹਾਂ ਪਛਾਣ-ਚਿੰਨ੍ਹਾਂ ਨੂੰ ਪੂਰੀ ਤਰ੍ਹਾਂ ਤਰਕ ਕੀਤੇ ਜਾਣ ਦੀ ਵੀ ਮੁੱਦਈ ਨਹੀਂ। ਉਹ ਸ਼ਨਾਖਤ ਤੇ ਸ਼ਾਨ ਦੇ ਸਮਤੋਲ ਦੀ ਪੈਰਵੀਕਾਰ ਹੈ। ਉਹ ਦੱਖਣੀ ਦਿੱਲੀ ਦੇ ਪੌਸ਼ ਇਲਾਕਿਆਂ ਵਿਚ ਵੀ ਮਕਾਨਾਂ-ਸਕੂਲਾਂ ਜਾਂ ਹੋਰ ਸਹੂਲਤਾਂ ਦੇ ਮਾਮਲੇ ਵਿਚ ਮੁਸਲਿਮ ਭਾਈਚਾਰੇ ਨਾਲ ਹੁੰਦੇ ਸਿੱਧੇ-ਅਸਿੱਧੇ ਵਿਤਕਰਿਆਂ ਖਿਲਾਫ ਰੋਹ ਪ੍ਰਗਟ ਕਰਦੀ ਹੈ ਪਰ ਨਾਲ ਹੀ ਆਪਣੇ ਭਾਈਚਾਰੇ ਨੂੰ ਵੀ ਹਾਸ਼ੀਏ 'ਤੇ ਜਾਣ ਵਾਲੀ ਬਿਰਤੀ ਤੋਂ ਬਾਹਰ ਆਉਣ ਲਈ ਹਲੂਣਦੀ ਹੈ। ਉਹ ਭਾਰਤੀ ਸਾਹਿਤ ਦੀ ਅਮੀਰੀ ਵਿਚ ਉਰਦੂ ਅਦਬ ਦੇ ਬਹੁਮੁੱਲੇ ਯੋਗਦਾਨ ਦਾ ਜ਼ਿਕਰ ਫਖ਼ਰ ਨਾਲ ਕਰਦੀ ਹੈ। ਨਾਲ ਹੀ ਉਰਦੂ ਅਦਬ ਦੇ ਸੁਲ੍ਹਾਕੁਲ ਕਿਰਦਾਰ ਦੇ ਨਜ਼ਾਰੇ ਵੀ ਪੇਸ਼ ਕਰਦੀ ਹੈ। ਉਰਦੂ ਰਾਮਾਇਣਾਂ ਬਾਰੇ ਉਸ ਦਾ ਲੇਖ ਕਮਾਲ ਦਾ ਹੈ। ਇਹੀ ਕਮਾਲ 'ਚੁਪਕੇ ਚੁਪਕੇ ਰਾਤ ਦਿਨ ਆਂਸੂ ਬਹਾਨਾ ਯਾਦ ਹੈ' ਲਿਖਣ ਵਾਲੇ ਸ਼ਾਇਰ ਹਸਰਤ ਮੋਹਾਨੀ ਦੇ ਕ੍ਰਿਸ਼ਨ-ਪ੍ਰੇਮ ਸਬੰਧੀ ਲੇਖ ਵਿਚੋਂ ਵੀ ਨਜ਼ਰ ਆਉਂਦਾ ਹੈ।

ਮੁਸਲਿਮ ਭਾਈਚਾਰੇ ਨੂੰ ਦਰਪੇਸ਼ ਦਿੱਕਤਾਂ ਤੇ ਵਿਤਕਰਿਆਂ ਅਤੇ ਇਸ ਨੂੰ ਹਾਸ਼ੀਏ ਵੱਲ ਧੱਕਣ ਦੇ ਨਿਰੰਤਰ ਯਤਨਾਂ ਦੇ ਖੁਲਾਸੇ ਪੇਸ਼ ਕਰਨ ਦੇ ਬਾਵਜੂਦ ਰਖਸ਼ੰਦਾ ਜਲੀਲ ਦੀ ਕਿਤਾਬ ਆਸ਼ਾਵਾਦ ਦਾ ਪੱਲਾ ਨਹੀਂ ਛੱਡਦੀ। ਇਹੋ ਤੱਤ ਇਸ ਕਿਤਾਬ ਨੂੰ ਰੂਹ-ਅਫਜ਼ਾਈ ਬਖਸ਼ਦਾ ਹੈ। ਉਰਦੂ ਦੇ ਭਵਿਖ




ਬਾਰੇ ਉਸ ਦਾ ਇਕ ਖ਼ੂਬਸੂਰਤ ਫਿਕਰਾ ਇਸੇ ਸੋਚ ਦੀ ਤਰਜਮਾਨੀ ਕਰਦਾ ਹੈ, "ਦੁਸ਼ਵਾਰੀਆਂ ਦੇ ਬਾਵਜੂਦ ਉਰਦੂ ਨਾ ਸਿਰਫ ਜ਼ਿੰਦਾ ਰਹੀ ਹੈ ਸਗੋਂ ਵਕਤ ਦੀ ਹਮਰਾਹ ਵੀ ਸਾਬਤ ਹੋਈ ਹੈ। ਇਸੇ ਲਈ ਇਹ ਅੱਜ ਵੀ ਹਿੰਦੋਸਤਾਨ ਦੇ ਜਿਸਮ ਤੇ ਰੂਹ ਦੀ ਜ਼ੁਬਾਨ ਹੈ।" ਕਿਤਾਬ ਸੱਚਮੁੱਚ ਪੜ੍ਹਨਯੋਗ ਹੈ।

### 'ਬੱਟ ਯੂ ਡੋਂਟ ਲੁੱਕ ਲਾਈਕ ਏ ਮੁਸਲਿਮ' ਦਾ ਇਕ ਕਾਂਡ

# ਰਾਮ-ਏ-ਹਿੰਦ ਦੀ ਦਾਸਤਾਨ

ਮੇਰੀ ਅੰਮੀ ਨੂੰ ਅਜੇ ਵੀ ਲਖਨਊ ਵਿਚ ਰਾਮ ਲੀਲ੍ਹਾ ਦੀਆਂ ਉਹ ਝਾਕੀਆਂ ਯਾਦ ਹਨ, ਜਿਨ੍ਹਾਂ ਵਿਚ ਅਦਾਕਾਰ ਖ਼ੂਬਸੂਰਤ ਹਿੰਦੋਸਤਾਨੀ ਬੋਲਦਿਆਂ ਵਿਚ-ਵਿਚ ਉਰਦੂ ਦੇ ਸ਼ਿਅਰ ਵੀ ਪੇਸ਼ ਕਰਦੇ ਸਨ। ਜਦੋਂ ਮੇਰਾ ਬਾਲਪਨ ਆਇਆ, ਉਦੋਂ ਤਕ ਉਰਦੂ, ਮੁਸਲਮਾਨ ਬਣ ਗਈ ਅਤੇ ਹਿੰਦੀ ਹਿੰਦੂ। ਇਸ ਜੰਗ ਵਿਚ ਹਲਾਕਤ ਹਿੰਦੋਸਤਾਨੀ ਦੀ ਹੋ ਗਈ। ਰਾਮ ਲੀਲ੍ਹਾ ਵਿਚੋਂ ਸੈਕੂਲਰ ਤੱਤ ਹਾਸ਼ੀਏ 'ਤੇ ਧੱਕ ਦਿੱਤੇ ਗਏ। ਇਹ ਭਾਵੇਂ ਮੁਹੱਲੇ ਤੇ ਗੁਆਂਢ ਦੇ ਇਲਾਕਿਆਂ ਦਾ ਸਰਬ-ਸਾਂਝਾ ਜਸ਼ਨ ਅਜੇ ਵੀ ਬਣੀ ਰਹੀ, ਫਿਰ ਵੀ ਇਸ ਦਾ ਕਿਰਦਾਰ ਧਾਰਮਿਕ ਉਤਸਵ ਵਾਲਾ ਵੱਧ ਬਣ ਗਿਆ।

ਫਿਰ ਜਦੋਂ ਮੈਂ ਆਪਣੇ ਬੱਚਿਆਂ ਨੂੰ ਰਾਮ ਲੀਲ੍ਹਾ ਪੰਡਾਲਾਂ ਵਿਚ ਲਿਜਾਣਾ ਸ਼ੁਰੂ ਕੀਤਾ, ਉਦੋਂ ਤਕ ਇਸ ਉਤੇ ਬੌਲੀਵੁੱਡ ਪੂਰੀ ਤਰ੍ਹਾਂ ਹਾਵੀ ਹੋ ਚੁੱਕਾ ਸੀ। ਵਿਸ਼ਾ-ਵਸਤੂ ਦੀ ਸਾਦਗੀ ਦੀ ਥਾਂ ਚਕਾਚੌਂਧ ਅਤੇ ਫਿਲਮਨੁਮਾ ਨਜ਼ਾਰਿਆਂ ਨੇ ਲੈ

**ਰਖਸ਼ੰਦਾ ਜਲੀਲ**

ਲਈ ਤੇ ਸੰਵਾਦ ਜਾਂ ਤਾਂ ਕੰਨ-ਪਾੜਵੇਂ ਸੰਗੀਤ ਵਿਚ ਸੁਣਾਈ ਹੀ ਨਹੀਂ ਸਨ ਦਿੰਦੇ, ਅਤੇ ਜੇ ਸੁਣਾਈ ਦਿੰਦੇ ਸਨ ਤਾਂ ਮਾੜੀਆਂ ਹਿੰਦੀ ਫਿਲਮਾਂ ਤੋਂ ਪ੍ਰੇਰਿਤ ਜਾਪਦੇ ਸਨ। ਪੁਰਾਣੇ ਪਾਰਸੀ ਥੀਏਟਰ ਵਾਲੇ ਪ੍ਰਭਾਵ, ਲਹਿਰੀਏਦਾਰ ਹਿੰਦੋਸਤਾਨੀ ਡਾਇਲਾਗ, ਉਰਦੂ ਸ਼ਾਇਰੀ ਦੀ ਸ਼ਾਨੋ ਸ਼ੌਕਤ, ਇਹ ਸਾਰੇ ਤੱਤ ਅਜੋਕੀ ਰਾਮ ਲੀਲ੍ਹਾ ਵਿਚੋਂ ਗਾਇਬ ਹੋ ਗਏ।

ਜਦੋਂ ਵੀ ਦੁਸਹਿਰਾ ਆਉਂਦਾ ਹੈ ਤਾਂ ਮੈਨੂੰ ਉਰਦੂ ਰਾਮਾਇਣ ਦੇ ਉਹ ਹਵਾਲੇ ਯਾਦ ਆਉਣੇ ਸ਼ੁਰੂ ਹੋ ਜਾਂਦੇ ਹਨ, ਜੋ ਮੈਂ ਬਚਪਨ ਵਿਚ ਸੁਣੇ ਸਨ। ਖਾਸ ਤੌਰ 'ਤੇ ਬ੍ਰਿਜ ਨਾਰਾਇਣ ਚਕਬਸਤ ਦੀ ਰਚੀ ਰਾਮਾਇਣ ਦੇ ਹਵਾਲੇ, ਜੋ ਮੇਰੇ ਵਡੇਰੇ ਪਰਿਵਾਰ ਦੇ ਵਡੇਰੇ ਜੀਆਂ ਨੂੰ ਜ਼ੁਬਾਨੀ ਯਾਦ ਸਨ।

ਮੈਨੂੰ ਯਾਦ ਹੈ, ਮੇਰੇ ਦਾਦਾ ਜਾਨ, ਭਗਵਾਨ ਰਾਮ ਦੇ ਬਨਵਾਸ ਲਈ ਜਾਣ ਸਮੇਂ ਰਾਜਾ ਦਸ਼ਰਥ ਤੋਂ ਰੁਖਸਤ ਲੈਣ ਦੇ ਦ੍ਰਿਸ਼ ਨੂੰ ਸੋਜ਼-ਭਰੀ ਆਵਾਜ਼ ਵਿਚ ਇਉਂ ਸੁਣਾਇਆ ਕਰਦੇ ਸਨ:

ਰੁਖਸਤ ਹੁਆ ਵੋਹ ਬਾਪ ਸੇ
ਲੇਕਰ ਖ਼ੁਦਾ ਕਾ ਨਾਮ,
ਰਾਹ-ਏ-ਵਫ਼ਾ ਕੀ ਮੰਜ਼ਿਲ-ਏ,
ਅੱਵਲ ਹੂਈ ਤਮਾਮ।

ਪੁੱਤਰ ਦੇ ਬਨਵਾਸ 'ਤੇ ਜਾਣ ਵੇਲੇ ਮਾਤਾ ਕੌਸ਼ੱਲਿਆ ਦੇ ਸੀਨੇ ਵਿਚੋਂ ਨਿਕਲੀ ਹੂਕ ਨੂੰ ਜਿਸ ਜ਼ੁਬਾਨ ਵਿਚ ਉਤਾਰਿਆ ਜਾ ਸਕਦਾ ਸੀ, ਉਹ ਸਿਰਫ ਹਿੰਦੋਸਤਾਨ ਦੇ ਹਿਰਦੇ ਵਿਚੋਂ ਨਿਕਲੀ ਜ਼ੁਬਾਨ ਹੀ ਹੋ ਸਕਦੀ ਸੀ:

ਕਿਸ ਤਰਹਾ ਬਨ ਮੇਂ
ਆਂਖੋਂ ਕੇ ਤਾਰੇ ਕੋ ਭੇਜ ਦੂੰ
ਜੋਗੀ ਬਨਾ ਕੇ ਰਾਜ-ਦੁਲਾਰੇ ਕੋ ਭੇਜ ਦੂੰ...।

ਉਰਦੂ ਵਿਚ ਰਾਮਾਇਣ ਦੀਆਂ ਕਿਤਾਬਾਂ ਜਾਂ ਪੋਥੀਆਂ ਪਿਛਲੀਆਂ ਕੁਝ ਸਦੀਆਂ ਤੋਂ ਸਾਡੇ ਸਾਹਮਣੇ ਆਉਂਦੀਆਂ ਰਹੀਆਂ ਹਨ। ਇਹ ਕਿਤਾਬਾਂ ਕਾਵਿ ਦੇ ਰੂਪ ਵਿਚ ਵੀ ਹਨ ਅਤੇ ਵਾਰਤਕ ਦੇ ਰੂਪ ਵਿਚ ਵੀ। ਰਾਮਾਇਣ ਦੇ ਵੱਖ ਵੱਖ ਰੂਪਾਂ ਦੇ ਉਰਦੂ ਰੂਪਾਂਤਰਣ ਤੇ ਲਿਪੀਅੰਤਰਣ ਵੀ ਸਮੇਂ-ਸਮੇਂ ਛਪਦੇ ਆਏ ਹਨ। ਮਰਹੂਮ ਅਲੀ ਜਾਵਾਦ ਜ਼ੈਦੀ ਵੱਲੋਂ ਕੀਤੇ ਗਏ ਵਿਆਪਕ ਅਧਿਐਨ ਅਨੁਸਾਰ ਉਰਦੂ ਵਿਚ 'ਰਾਮ ਕਥਨ' ਨਾਲ ਸਬੰਧਿਤ 300 ਤੋਂ ਵੱਧ ਕਿਤਾਬਾਂ ਛਪ ਚੁੱਕੀਆਂ ਹਨ। ਇਨ੍ਹਾਂ ਵਿਚ ਬਹੁਤ ਸਾਰੀਆਂ ਸਿਰਫ ਅਵਧ ਖਿੱਤੇ 'ਚ ਹੀ ਵਜੂਦ ਵਿਚ ਆਈਆਂ। ਇਨ੍ਹਾਂ ਵਿਚ ਕਈਆਂ ਦੀ ਸ਼ੈਲੀ ਮਰਸੀਆ-ਗੋਈ ਵਾਲੀ ਸੀ, ਜਿਸ ਨੂੰ ਅਨੀਸ ਤੇ ਦਾਬੀਰ ਨੇ ਮਕਬੂਲ ਬਣਾਇਆ। ਰਾਮਾਇਣ ਨੂੰ ਉਰਦੂ ਕਿਤਾਬ ਦੇ ਰੂਪ ਵਿਚ ਪਹਿਲੀ ਵਾਰ 1860 ਵਿਚ ਨਵਲ ਕਿਸ਼ੋਰ ਪ੍ਰੈਸ ਨੇ ਛਾਪਿਆ। ਇਹ ਤਰਜਮਾ ਮੁਨਸ਼ੀ ਜਗਨ ਨਾਥ ਖੁਸ਼ਤਰ ਨੇ ਕੀਤਾ ਸੀ। 'ਬਿਸਮਿੱਲ੍ਹਾ ਇਰ ਰਹਿਮਾਨ ਇਰ ਰਹੀਮ' ਨਾਲ ਅਰੰਭ ਹੁੰਦੀ ਇਹ ਜਿਲਦ, ਜੋ ਬਾਅਦ ਵਿਚ 'ਖੁਸ਼ਤਰ ਰਾਮਾਇਣ' ਦੇ ਨਾਮ ਨਾਲ ਮਸ਼ਹੂਰ ਹੋਈ, ਰਾਮ ਕਥਾ ਨੂੰ ਸਲੀਕੇਦਾਰ ਸ਼ੈਲੀ ਵਿਚ 'ਅੱਖੋਂ ਦੇਖਾ ਹਾਲ' ਦੇ ਰੂਪ ਵਿਚ ਬਿਆਨ ਕਰਦੀ ਹੈ।

'ਖੁਸ਼ਤਰ ਰਾਮਾਇਣ' ਤੋਂ ਬਾਅਦ ਜੋਗੇਸ਼ਵਰ ਨਾਥ ਬੇਤਾਬ ਬਰੇਲਵੀ ਦੀ ਲਿਖੀ ਉਰਦੂ ਰਾਮਾਇਣ 'ਅਮਰ ਕਹਾਨੀ' ਦੇ ਸਿਰਲੇਖ ਹੇਠ ਛਪੀ। ਇਸ ਤੋਂ ਬਾਅਦ ਦਰਜਨਾਂ ਹੋਰ ਰਾਮਾਇਣਾਂ ਕਿਤਾਬਾਂ ਦੇ ਰੂਪ ਵਿਚ ਪ੍ਰਕਾਸ਼ਿਤ ਹੋਈਆਂ। ਇਨ੍ਹਾਂ ਦੇ ਨਾਮ ਲੇਖਕ ਦੇ ਨਾਮ ਜਾਂ ਤਖੱਲਸ ਵਾਲੇ ਰਹੇ ਜਿਵੇਂ 'ਉਲਫਤ ਕੀ ਰਾਮਾਇਣ' ਜਾਂ 'ਰਹਿਮਤ ਕੀ ਰਾਮਾਇਣ'। ਬੇਤਾਬ ਬਰੇਲਵੀ ਵਾਲੀ ਰਾਮਾਇਣ 'ਤੇ ਗੰਗਾ-ਜਮੁਨਾ ਪੱਟੀ ਵਾਲਾ ਭਾਸ਼ਾਈ ਰੰਗ ਭਾਰੂ ਸੀ, ਜਿਸ ਦੀ ਮਿਸਾਲ 'ਸ਼ਕਤੀ ਬਾਣ' ਦੇ ਬਿਰਤਾਂਤ ਦੇ ਰੂਪ ਵਿਚ ਪੇਸ਼ ਹੈ:

ਰਹਿ ਰਹਿ ਕੇ ਦੇ ਰਹੇ ਥੇ
ਦੁਹਾਈ ਹਜ਼ੂਰ ਕੀ,
ਖਮ ਹੋ ਗਈ ਥੀ ਜੰਗ ਮੇਂ
ਗਰਦਨ ਗਰੂਰ ਕੀ।

ਇਸੇ ਤਰ੍ਹਾਂ ਇਕ ਹੋਰ ਲੇਖਕ ਹਕੀਮ ਵਾਇਸਰਾਏ ਵਾਹਮੀ, ਜਿਸ ਦਾ ਨਾਮ ਹੀ ਆਪਣੇ ਆਪ ਵਿਚ ਬੇਮਿਸਾਲ ਹੈ, ਲਿਖਦਾ ਹੈ:

ਰਾਮ ਨੇ ਸੁਗ੍ਰੀਵ ਕੋ
ਆਗੇ ਬੈਠਾ ਕਰ ਯੂੰ ਕਹਾ,
ਭਰਤ ਸੇ ਬੜ੍ਹ ਕਰ ਤੁਮਹੇ
ਮੈਂ ਚਾਹਤਾ ਹੂੰ ਭਾਈ ਜਾਨ।

ਇਸੇ ਤਰ੍ਹਾਂ 1914 ਵਿਚ ਸ਼ਾਇਰ ਉਫੁਕ ਵਲੋਂ ਪ੍ਰਕਾਸ਼ਿਤ 'ਯਕ-ਕਾਫੀਆ ਰਾਮਾਇਣ' ਨਿਵੇਕਲੀ ਰਚਨਾ ਹੈ, ਜਿਸ ਦਾ ਹਰ ਕਾਫੀਆ, ਹਰ ਬੰਦ 'ਨੂਨ' (ਨ) ਨਾਲ ਮੁੱਕਦਾ ਹੈ। ਇਕ ਮਿਸਾਲ ਪੇਸ਼ ਹੈ:

ਜਬ ਖ਼ੁਮਾਰ ਅਲੂਦਾ ਦੇਖੀ
ਚਸ਼ਮ-ਏ-ਮਿਹਰ-ਏ-ਆਸਮਾਨ,
ਰਾਮ ਨੇ ਭੇਜੀ ਬਰਾਇ ਜੰਗ
ਫੌਜ-ਏ-ਜਾਨਿਸਤਾਨ।

ਉਫੁਕ ਨੇ ਹੀ ਉਰਦੂ ਵਿਚ ਲੰਮਾ ਨਾਟਕ 'ਰਾਮ ਨਾਟਕ' ਲਿਖਿਆ ਜਿਸ ਵਿਚ ਸਟੇਜ ਉਤੇ ਦਿੱਤੀਆਂ ਜਾਣ ਵਾਲੀਆਂ ਹਰ ਤਰ੍ਹਾਂ ਦੀਆਂ ਹਦਾਇਤਾਂ ਵੀ ਦਰਜ ਹਨ। ਇਸ ਨਾਟਕ ਦਾ ਕਾਵਿਮਈ ਸੰਵਾਦ ਹੈ:

ਅਜੋਧਾ ਕੋ ਮਾਤਮ-ਸਰਾ ਕਰ ਦੀਆ,
ਭਾਰਤ ਕੋ ਕਦਮ ਸੇ ਜੁਦਾ ਕਰ ਦੀਆ।

ਭਗਵਾਨ ਕ੍ਰਿਸ਼ਨ ਦੀ ਕ੍ਰਿਸ਼ਮਈ ਹਸਤੀ ਜਾਂ ਰਾਮਾਇਣ ਦੀਆਂ ਘਟਨਾਵਾਂ ਤੋਂ ਪ੍ਰੇਰਿਤ ਬਹੁਤ ਸਾਰੀਆਂ ਰਚਨਾਵਾਂ ਉਰਦੂ ਵਿਚ ਮੌਜੂਦ ਹਨ। ਇਨ੍ਹਾਂ ਵਿਚ ਅੱਲਾਮਾ ਇਕਬਾਲ ਦੀ ਲੰਬੀ ਨਜ਼ਮ 'ਰਾਮ' ਸ਼ਾਮਲ ਹੈ, ਜਿਸ ਦਾ ਅਹਿਮ ਬੰਦ ਹੈ:

ਲਬਰੇਜ਼ ਹੈ ਸ਼ਰਾਬ-ਏ-ਹਕੀਕਤ ਸੇ
ਜਾਮ-ਏ-ਹਿੰਦ
ਸਭ ਫਲਸਫੀ ਹੈਂ ਖ਼ਿੱਤਾ-ਏ-ਮਗਰਿਬ ਕੇ
ਰਾਮ-ਏ-ਹਿੰਦ...
ਹੈ ਰਾਮ ਕੇ ਵਜੂਦ ਪੇ ਹਿੰਦੋਸਤਾਂ ਕੋ ਨਾਜ਼
ਅਹਿਲ-ਏ-ਨਜ਼ਰ ਸਮਝਤੇ ਹੈਂ
ਇਸ ਕੋ ਇਮਾਮ-ਏ-ਹਿੰਦ...।

ਇਸੇ ਤਰ੍ਹਾਂ ਦੇ ਹੀ ਖਿਆਲ ਪੇਸ਼ ਕਰਦੇ ਹਨ ਸਾਗਰ ਨਿਜ਼ਾਮੀ ਦੇ ਚੰਦ ਸ਼ਿਅਰ:

ਜਿਸ ਕਾ ਦਿਲ ਥਾ ਏਕ ਸ਼ਮਾ-ਏ
ਤਾਕ-ਏ ਐਵਾਨ-ਏ ਹਯਾਤ
ਰੂਹ ਜਿਸ ਕੀ ਆਫਤਾਬ-ਏ
ਸੁਬਹਾ-ਏ ਇਰਫਾਨ-ਏ ਹਯਾਤ...
ਜ਼ਿੰਦਗੀ ਕੀ ਰੂਹ ਥਾ,
ਰੂਹਾਨੀਅਤ ਕੀ ਸ਼ਾਨ ਥਾ
ਵੋਹ ਮੁਜੱਸਿਮ ਰੂਪ ਮੇਂ
ਇਨਸਾਨ ਕੇ ਇਰਫਾਨ ਥਾ...।

ਹੁਣ ਜਦੋਂ ਉਰਦੂ 'ਮੁਸਲਿਮ' ਜ਼ੁਬਾਨ ਦੇ ਠੱਪੇ ਤੋਂ ਮੁਕਤ ਹੋ ਰਹੀ ਹੈ ਅਤੇ ਲੋਕਾਂ ਦੀ ਜ਼ੁਬਾਨ ਵਾਲਾ ਰੁਤਬਾ ਹਾਸਲ ਕਰਨ ਵੱਲ ਮੁੜ ਕਦਮ ਪੁੱਟ ਰਹੀ ਹੈ ਤਾਂ ਜਾਪਦਾ ਹੈ ਕਿ ਮਨਜ਼ੂਮ ਰਾਮਾਇਣਾਂ ਅਤੇ ਉਫੁਕ ਦੇ 'ਰਾਮ ਨਾਟਕ' ਦੀ ਪੇਸ਼ਕਾਰੀ ਵੱਲ ਵੀ ਕਦਮ ਚੁੱਕੇ ਜਾਣੇ ਚਾਹੀਦੇ ਹਨ। ਇਹ ਰਚਨਾਵਾਂ ਮੁਸਲਿਮ ਤੇ ਗੈਰ-ਮੁਸਲਿਮ ਰਚਨਾਕਾਰਾਂ ਵਲੋਂ ਉਸ ਜ਼ਮਾਨੇ ਵਿਚ ਰਚੀਆਂ ਗਈਆਂ ਸਨ, ਜਦੋਂ ਸਰਬ-ਧਰਮ ਸਦਭਾਵ ਤੇ ਬਹੁਲਵਾਦ, ਕਦੇ-ਕਦਾਈਂ ਵਾਪਰਨ ਵਾਲਾ ਵਰਤਾਰਾ ਨਾ ਹੋ ਕੇ ਜ਼ਿੰਦਗੀ ਦੇ ਨੇਮ ਸਨ। ਇਨ੍ਹਾਂ ਨੂੰ ਮਹਿਜ਼ ਫਿਰਕੇਦਾਰਾਨਾ ਰਵਾਦਾਰੀ ਤੇ ਸਦਭਾਵ ਦੇ ਨਾਂ 'ਤੇ ਹੀ ਸੁਰਜੀਤ ਨਹੀਂ ਕੀਤਾ ਜਾਣਾ ਚਾਹੀਦਾ ਸਗੋਂ ਇਨ੍ਹਾਂ ਦੀ ਕਾਵਿਕ ਮਹੱਤਤਾ ਤੇ ਲੱਜ਼ਤ ਦਾ ਵੀ ਪੂਰਾ ਮੁੱਲ ਪੈਣਾ ਚਾਹੀਦਾ ਹੈ।

###

# ਵੀਰ ਗਾਥਾ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਇੱਕ ਪਰਿਭਾਸ਼ਾ ਅਨੁਸਾਰ ਵੀਰ ਜਾਂ ਬੀਰ-ਗਾਥਾ ਉਹ ਕਾਵਿ ਰਚਨਾ ਹੈ, ਜਿਸ ਵਿਚ ਕਿਸੇ ਬਹਾਦਰ, ਸੂਰਬੀਰ, ਯੋਧੇ ਦਾ ਮਾਣਮੱਤਾ ਕਾਰਨਾਮਾ ਪ੍ਰਸ਼ੰਸਾਤਮਕ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ। ਪੰਜਾਬੀ ਵਿਚ ਇਸ ਦੇ ਦੋ ਕਾਵਿ ਰੂਪ ਹਨ-ਵਾਰ ਤੇ ਜੰਗਨਾਮਾ। ਪਰ ਜਿਵੇਂ ਤੁਸੀਂ ਜਾਣਦੇ ਹੋ, ਆਪਾਂ ਬਾਤ ਪਾਉਂਦੇ ਹਾਂ ਸ਼ਬਦਾਂ ਦੀ। ਸੋ, ਅੱਜ ਅਸੀਂ ਵੀਰ ਸ਼ਬਦ ਦੀ ਗਾਥਾ ਸੁਣਾਉਣੀ ਹੈ। ਪੰਜਾਬੀ ਵਿਚ ਇਸ ਵੀਰ ਦਾ ਸਭ ਤੋਂ ਨੇੜਲਾ ਸਮਾਨਾਰਥਕ ਸ਼ਬਦ ਹੈ, 'ਬਹਾਦਰ' ਅਤੇ ਹੋਰ ਹਨ-ਸੂਰਬੀਰ, ਸੂਰਮਾ, ਯੋਧਾ; ਸਾਹਸੀ, ਬਲਵਾਨ ਕੁਝ ਦੂਰ ਚਲੇ ਜਾਣਗੇ। ਗੁਰੂ ਨਾਨਕ ਦੇਵ ਦੇ ਵਾਕ ਤੋਂ ਅਰੰਭ ਕਰਦੇ ਹਾਂ, "ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ॥" ਵੀਰ ਦਾ ਇੱਕ ਰੁਪਾਂਤਰ ਬੀਰ ਹੈ, ਜੋ ਪੰਜਾਬੀ ਸਮੇਤ ਕਈ ਹੋਰ ਭਾਰਤੀ ਆਰਿਆਈ ਭਾਸ਼ਾਵਾਂ ਵਿਚ ਖੂਬ ਪ੍ਰਚਲਿਤ ਹੈ, "ਜਿਨ ਜਾਨਿਆ ਸੇਈ ਤਰੇ ਸੇ ਸੂਰੇ ਸੇ ਬੀਰ॥" (ਗੁਰੂ ਅਰਜਨ ਦੇਵ)

ਵਾਰਸ ਸ਼ਾਹ ਕਹਿੰਦਾ ਹੈ,
ਬੁਰਾ ਬੋਲਦੀ ਜਿਹਤੀ ਜੋਗੀਆਂ ਨੂੰ
ਸਿਰ ਮੁੰਨ ਕੇ ਗਧੇ ਚੜ੍ਹਾਵਨੇ ਹਾਂ।
ਜੈਂਦੇ ਨਾਲ ਮੁਦਪੜਾ ਠੀਕ ਹੋਵੇ
ਉਹਨੂੰ ਬੀਰ ਬੇਤਾਲ ਭਛਾਵਨੇ ਹਾਂ।

ਸ਼ਾਹ ਮੁਹੰਮਦ ਦੇ ਸ਼ਬਦ ਹਨ,
ਸੰਧਾਵਾਲੀਆਂ ਜੇਹੀ ਨਾ ਕਿਸੇ ਕੀਤੀ
ਤੇਗਾਂ ਵਿਚ ਦਰਬਾਰ ਦੇ ਮਾਰੀਆਂ ਨੀਂ।
ਸ਼ਾਹ ਮੁਹੰਮਦਾ ਮੁਏ ਨੀ ਬੀਰ ਬਣਕੇ
ਜਾਨਾਂ ਕੀਤੀਆਂ ਨਹੀਂ ਪਿਆਰੀਆਂ ਨੀਂ।

ਵੀਰ/ਬੀਰ ਸ਼ਬਦ ਭਾਵੇਂ ਬਹੁਤਾ ਸਰੀਰਕ ਬਹਾਦਰੀ ਲਈ ਹੀ ਵਰਤਿਆ ਜਾਂਦਾ ਹੈ, ਪਰ ਇਸ ਵਿਚ ਆਤਮਕ, ਆਚਰਨਕ ਅਤੇ ਮਾਨਸਕ ਬਲ ਦੇ ਭਾਵ ਹਨ। ਦੇਖਿਆ ਜਾਵੇ ਤਾਂ ਸਰੀਰਕ ਤੌਰ 'ਤੇ ਬਹਾਦਰ ਵੀ ਉਹੀ ਹੁੰਦਾ ਹੈ, ਜਿਸ ਵਿਚ ਆਤਮਕ ਕਰੜਾਈ ਅਤੇ ਅਨੁਸ਼ਾਸਨ ਹੋਵੇ; ਕਮਜ਼ੋਰ ਆਦਮੀ ਵੀ ਵੀਰ ਹੋ ਸਕਦਾ ਹੈ ਤੇ ਦੂਜੇ ਪਾਸੇ ਤਕੜਾ ਆਦਮੀ ਵੀ ਡਰਪੋਕ ਹੋ ਸਕਦਾ ਹੈ। ਵਾਰਸ ਦੀ ਇਸ ਟੂਕ ਵਿਚ ਬੇਤਾਲ ਨੂੰ ਬੀਰ ਕਿਹਾ ਗਿਆ ਹੈ, ਕਿਉਂਕਿ ਉਸ ਵਿਚ ਜਿੰਨ ਭੂਤ ਕੱਢਣ ਦੀ ਸ਼ਕਤੀ ਹੈ। ਭਗਤ ਕਬੀਰ ਨੇ ਕੁਲੀਨ ਵਿਅਕਤੀ ਲਈ ਇਸ ਸ਼ਬਦ ਦੀ ਵਰਤੋਂ ਕੀਤੀ ਹੈ, "ਸਤੀ ਪੁਕਾਰੈ ਚਿਹ ਚੜੀ ਸੁਨੁਹੋ ਬੀਰ ਮਸਾਨ॥" ਗੁਰਬਾਣੀ ਤੇ ਹੋਰ ਸਾਹਿਤ ਵਿਚ ਜਿਨ੍ਹਾਂ ਬਵੰਜਾ ਵੀਰਾਂ ਪ੍ਰਤੀ ਸੰਕੇਤ ਆਉਂਦਾ ਹੈ, ਉਨ੍ਹਾਂ ਦਾ ਪੁਰਾਣਾਂ ਵਿਚ ਜ਼ਿਕਰ ਹੈ ਤੇ ਉਹ ਕਈ ਸ਼ਕਤੀਆਂ ਨਾਲ ਸੰਪੰਨ ਹਨ ਜਿਵੇਂ ਹਨੂਮਾਨ, ਭੈਰਵ। ਤਾਂਤਰਿਕ ਵਿਚ, ਮੰਨਿਆ ਜਾਂਦਾ ਹੈ ਕਿ ਵੀਰ ਸਾਧਨਾ ਕਰਨ ਨਾਲ ਅਜਿਹੇ ਵੀਰਾਂ ਦੀ ਸ਼ਕਤੀ ਹਾਸਿਲ ਕੀਤੀ ਜਾ ਸਕਦੀ ਹੈ।


ਸਾਡੀਆਂ ਭਾਸ਼ਾਵਾਂ ਵਿਚ ਵੀਰ/ਬੀਰ ਸ਼ਬਦ ਭਰਾ ਲਈ ਵੀ ਵਰਤਿਆ ਜਾਂਦਾ ਹੈ, ਖਾਸ ਤੌਰ 'ਤੇ ਸੰਬੋਧਨ ਵਜੋਂ। ਸਪੱਸ਼ਟ ਹੈ ਕਿ ਭਰਾ ਭੈਣ ਲਈ ਇੱਕ ਸ਼ਕਤੀਵਰ ਪੁਰਖ ਹੈ, ਜੋ ਰਵਾਇਤੀ ਤੌਰ 'ਤੇ ਉਸ ਦੀ ਰੱਖਿਆ ਕਰਦਾ ਹੈ। ਗੁਰੂ ਨਾਨਕ ਦੇ ਇਨ੍ਹਾਂ ਵਾਕਾਂ ਤੋਂ ਵੀਰ ਸ਼ਬਦ ਦੀ ਭਰਾ ਦੇ ਅਰਥਾਂ ਵਿਚ ਵਰਤੋਂ ਉਜਾਗਰ ਹੁੰਦੀ ਹੈ, "ਜੇ ਗੁਣ ਹੋਨਿ ਤ ਕਟੀਅਨਿ ਸੇ ਭਾਈ ਸੇ ਵੀਰ॥" ਇਸ ਤੁਕ ਵਿਚ ਤਾਂ ਭਰਾਵਾਂ ਦੇ ਨਾਲ ਹੋਰ ਸਾਕ ਸਬੰਧੀਆਂ ਲਈ ਵੀ ਵੀਰ ਦੀ ਵਰਤੋਂ ਹੋਈ ਹੈ, "ਜਾਨੀ ਘਤਿ ਚਲਾਇਆ ਲਿਖਿਆ ਆਇਆ ਰੁੰਨੇ ਵੀਰ ਸਬਾਏ॥" ਕਿਹਾ ਜਾ ਸਕਦਾ ਹੈ ਕਿ ਜੋ ਵੀ ਨਿਤਾਣੇ ਮਨੁੱਖ ਨੂੰ ਸ਼ਕਤੀ ਦਿੰਦਾ ਹੈ, ਉਹ ਉਸ ਦਾ ਵੀਰ ਹੈ ਅਤੇ ਭਰਾ, ਪਤੀ, ਸਖੀ, ਸਹੇਲੀ ਹੋਰ ਸਬੰਧੀ, ਮਿੱਤਰ ਹੀ ਮਨੁੱਖ ਦੇ ਸਭ ਤੋਂ ਨੇੜੇ ਹੁੰਦੇ ਹਨ, ਜੋ ਉਸ ਕੋਲ ਵੀਰ ਬਣ ਕੇ ਬਹੁੜਦੇ ਹਨ। ਭਰਾ ਦੇ ਅਰਥਾਂ ਵਿਚ ਕੁਝ ਹੋਰ ਟੂਕਾਂ ਵਾਚਦੇ ਹਾਂ। ਰਾਂਝੇ ਦੇ ਭਰਾ ਚੂਚਕ ਨੂੰ ਚਿੱਠੀ ਲਿਖਦੇ ਹਨ,

ਤੁਸੀਂ ਘਲ ਦੇਹੋ ਤਾਂ ਅਹਿਸਾਨ ਹੋਵੇ
ਨਹੀਂ ਚਲ ਮੇਲਾ ਅਸੀਂ ਆਵਨੇ ਹਾਂ।
ਗਲ ਪਲੜਾ ਪਾਏ ਕੇ ਵੀਰ ਸਭੇ
ਅਸੀਂ ਰੁਠੜਾ ਵੀਰ ਮਨਾਵਨੇ ਹਾਂ।
ਅਸਾਂ ਆਇਆਂ ਨੂੰ ਤੁਸੀਂ ਜੇ ਨਾ ਮੋੜੋ
ਤਦੋਂ ਪਏ ਪਕਾ ਪਕਾਵਨੇ ਹਾਂ।
ਨਾਲ ਭਾਈਆਂ ਪਿੰਡ ਦੇ ਪੈਂਚ ਸਾਰੇ
ਵਾਰਸ ਸ਼ਾਹ ਨੂੰ ਨਾਲ ਲਿਆਵਨੇ ਹਾਂ।

ਮੁਹੰਮਦ ਬਖਸ਼ 'ਸੈਫਲ ਮਲੂਕ' ਵਿਚ ਲਿਖਦਾ ਹੈ,

ਭੈਣਾਂ ਵਿਹਤੀ ਸੀਸ ਗੁੰਦਾਵਣ
ਸੋਂਵਣ ਵੀਰ ਖੜਾ ਕੇ।
ਵੀਰ ਵੀਰੇ ਗੱਲ ਪੁੱਛਦਾ ਨਾਹੀਂ
ਮਰਨ ਲੱਗੇ ਨੂੰ ਜਾ ਕੇ।
---
ਵੀਰੇ ਕੋਲੋਂ ਵੀਰ ਕੋਹਾਵਣ
ਬੁਰੇ ਰੰਨਾਂ ਦੇ ਕਾਰੇ।
ਹੱਥੀਂ ਜ਼ਹਿਰ ਪਿਲਾਇ ਖਪਾਵਣ
ਖਾਵੰਦ ਯਾਰ ਪਿਆਰੇ।

ਵੀਰ ਸ਼ਬਦ ਮੁਢਲੇ ਤੌਰ 'ਤੇ ਸੰਸਕ੍ਰਿਤ ਦਾ ਹੈ ਤੇ ਇਸ ਵਿਚ ਇਸ ਦਾ ਰੂਪ ਵੀ ਇਹੋ ਹੈ। ਰਿਗ ਵੇਦ ਵਿਚ ਇਹ ਸ਼ਬਦ ਮਨੁੱਖ, ਨਾਇਕ, ਪੁੱਤਰ ਦੇ ਅਰਥਾਂ ਵਿਚ ਵਰਤਿਆ ਗਿਆ ਹੈ ਅਤੇ ਅਥਰਵ ਵੇਦ ਵਿਚ ਕਿਸੇ ਵੀ ਜਾਨਵਰ ਦੇ ਨਰ ਲਈ ਵੀਰ ਸ਼ਬਦ ਆਇਆ ਹੈ। ਸੰਸਕ੍ਰਿਤ ਵਿਚ ਇਸ ਦੇ ਮਿਲਦੇ ਹੋਰ ਅਰਥ ਹਨ: ਤਾਕਤਵਰ, ਬਲਵਾਨ; ਸ੍ਰੇਸ਼ਟ; ਕਾਵਿ ਵਿਚ ਵੀਰ ਭਾਵਨਾ ਜਾਂ ਰਸ (ਇਸ ਦੀਆਂ ਚਾਰ ਕੋਟੀਆਂ ਹਨ-ਦਾਨਵੀਰ, ਧਰਮਵੀਰ, ਦਇਆਵੀਰ, ਯੁਧਵੀਰ)। ਅੱਜ ਕਲ੍ਹ ਇਹ ਸ਼ਬਦ ਵਿਅਕਤੀ ਨਾਂਵਾਂ ਵਜੋਂ ਵੀ ਵਰਤੇ ਜਾਂਦੇ ਹਨ। ਖਾਸ ਨਾਂਵਾਂ ਵਿਚ ਇਸ ਸ਼ਬਦ ਦੀ ਵਰਤੋਂ ਇਥੋਂ ਹੀ ਸ਼ੁਰੂ ਹੁੰਦੀ ਹੈ। ਹੋਰ ਦੇਖੋ- ਰਘੁਵੀਰ, ਸਤਿਵੀਰ, ਕਰਨਬੀਰ, ਹਰਬੀਰ, ਬਲਬੀਰ, ਲਖਬੀਰ, ਗੁਰਬੀਰ, ਰਣਬੀਰ, ਸੁਖਬੀਰ ਆਦਿ। ਇਸ ਤੋਂ ਇਲਾਵਾ ਪਤੀ, ਪਵਿੱਤਰ ਅਗਨੀ, ਅਭਿਨੇਤਾ, ਲੋਹਾ, ਚਰਗਾਹ, ਕੁਝ ਬਨਸਪਤੀਆਂ ਦੇ ਨਾਂਵਾਂ ਲਈ ਵੀ ਵੀਰ ਸ਼ਬਦ ਵਰਤਿਆ ਮਿਲਦਾ ਹੈ। ਸਪੱਸ਼ਟ ਹੈ ਕਿ ਸਭ ਵਿਚ ਕਿਸੇ ਪ੍ਰਕਾਰ ਦੀ ਸ਼ਕਤੀ ਜਾਂ ਗੁਣ ਦੀ ਬਹੁਤਾਤ ਨੂੰ ਪ੍ਰਤੀਤ ਕੀਤਾ ਗਿਆ ਹੈ। ਜੈਨ ਧਰਮ ਦੇ ਚੌਵੀਵੇਂ ਤੀਰਥੰਕਰ ਨੂੰ ਮਹਾਂਵੀਰ ਦੀ ਉਪਾਧੀ ਮਿਲੀ ਹੈ। ਜੈਨ ਗ੍ਰੰਥਾਂ ਵਿਚ ਉਨ੍ਹਾਂ ਲਈ ਵਰਧਮਾਨ, ਵੀਰ, ਅਤਿਵੀਰ ਨਾਂ ਵੀ ਉਪਲਬਧ ਹਨ।



ਕਈ ਆਧੁਨਿਕ ਭਾਰਤੀ ਆਰਿਆਈ ਭਾਸ਼ਾਵਾਂ ਵਿਚ ਵੀਰ ਜਾਂ ਇਸ ਦੇ ਕਿਸੇ ਭੇਦ ਦੇ ਇਹ ਅਰਥ ਮਿਲਦੇ ਹਨ: ਊਠਾਂ, ਭੇਡਾਂ, ਬੱਕਰੀਆਂ ਦੇ ਨਰ ਅਰਥਾਤ ਊਠ, ਭੇਡੂ, ਬੱਕਰਾ; ਮੁੰਡਾ; ਮਰਦ; ਖਾਵੰਦ; ਭਰਾ; ਨਾਇਕ। ਕੁਝ ਸੰਯੁਕਤ ਸ਼ਬਦਾਂ ਵਿਚ ਵੀਰ ਘਟਕ ਆਉਂਦਾ ਹੈ: ਵੀਰ ਵਹੁਟੀ, ਵੀਰਵਾਰ, ਬੀਰਬੱਲੀਆਂ ਆਦਿ। ਵੀਰ ਵਹੁਟੀ ਸ਼ਬਦ ਦੀ ਵਿਆਖਿਆ ਗ. ਸ. ਰਿਆਲ ਨੇ ਇਸ ਤਰ੍ਹਾਂ ਕੀਤੀ ਹੈ, "ਇਕ ਨੰਨਾ ਜਿਹਾ ਲਾਲ ਰੰਗ ਦਾ ਮਖਮਲੀ ਕੀਟ, ਜੋ ਬਾਰਸ਼ ਪਿਛੋਂ ਪੈਦਾ ਹੁੰਦਾ ਹੈ; ਮੂਲ ਅਰਥ (ਬਾਰਸ਼ ਦੇ ਦੇਵਤਾ) 'ਇੰਦਰ ਦੀ ਵਹੁਟੀ' ਇਸ ਵਿਚਾਰ ਤੋਂ ਕਿ ਵੀਰ ਅਰਥਾਤ 'ਸੂਰਮਾ ਜਾਂ ਯੋਧਾ' ਇੰਦਰ ਦੀ ਇੱਕ ਉਪਾਧੀ ਹੈ।" ਸੰਸਕ੍ਰਿਤ ਵਿਚ ਵੀਰ ਵਹੁਟੀ ਲਈ ਇੰਦਰ ਵਧੂ ਸ਼ਬਦ ਹੈ। ਸਾਡੇ ਇਲਾਕੇ ਵਿਚ ਇਸ ਦਾ ਵਿਗਾੜ ਰੂਪ 'ਚੀਜ਼-ਵਹੁਟੀ' ਵੀ ਚਲਦਾ ਹੈ। ਵਿਅਕਤੀ ਨਾਂ 'ਬੀਰ ਦਵਿੰਦਰ' ਪਿਛੇ ਵੀ ਏਹੀ ਭਾਵ ਹੈ।

ਵੀਰਵਾਰ ਸ਼ਬਦ ਵੀ ਇੰਦਰ ਨੂੰ ਸਮਰਪਿਤ ਦਿਨ ਹੈ, ਇਸ ਦ੍ਰਿਸ਼ਟੀ ਤੋਂ ਕਿ ਵੀਰ ਅਰਥਾਤ ਸੂਰਮਾ ਇੰਦਰ ਦੀ ਇੱਕ ਉਪਾਧੀ ਹੈ (ਇਸ ਸ਼ਬਦ ਬਾਰੇ ਹੋਰ ਚਰਚਾ ਹਫਤੇ ਦੇ ਦਿਨਾਂ ਦੇ ਨਾਂਵਾਂ ਬਾਰੇ ਸ਼ੁਰੂ ਕੀਤੀ ਜਾਣ ਵਾਲੀ ਲੜੀ ਵਿਚ ਕੀਤੀ ਜਾਵੇਗੀ)। ਮਰਦਾਂ ਦੇ ਕੰਨਾਂ ਵਿਚ ਪਾਉਣ ਵਾਲੀਆਂ ਮੋਤੀ ਜੜਾਊ ਨੱਤੀਆਂ ਨੂੰ ਬੀਰ-ਬੱਲੀ ਆਖਦੇ ਹਨ, 'ਮਾਮੇ ਕੰਨੀਂ-ਬੱਲੀਆਂ, ਭਣੇਵਾਂ ਆਕੜਿਆ ਫਿਰੇ।' ਇਸ ਦਾ ਸੰਸਕ੍ਰਿਤ ਰੂਪ ਹੈ, ਵੀਰ-ਵੱਲਯਾ ਅਰਥਾਤ ਸੂਰਮੇ ਦੇ ਕੰਨਾਂ ਦਾ ਗਹਿਣਾ। ਧਿਆਨ ਰਹੇ, ਬੱਲੀ ਸ਼ਬਦ ਵਾਲੀ ਦਾ ਹੀ ਰੁਪਾਂਤਰ ਹੈ। ਵੀਰ ਦੇਵਤਿਆਂ ਦੇ ਸਮੂਹ ਦੀ ਪੂਜਾ ਕਰਨ ਵਾਲੇ ਨੂੰ ਵੀਰਾਰਧ ਕਿਹਾ ਜਾਂਦਾ ਹੈ (ਵੀਰ+ਅਰਾਧਣਾ), ਵਾਰਸ ਦੀ 'ਇੱਕ ਹੀਰ' ਵਿਚ ਇਹ ਸ਼ਬਦ ਦੇਖੋ,

ਇੱਕ ਵਾਂਗ ਬਸਾਤੀਆਂ ਕੱਢ ਲਾਟੂ
ਵੀਰਾਰਾਧ ਦੀ ਨਾਫ ਵਿਖਾਉਂਦੀਆਂ ਨੇ।
ਇੱਕ ਤਾੜੀਆਂ ਮਾਰਦੀਆਂ ਨੱਚਦੀਆਂ ਨੇ
ਇੱਕ ਹੱਸਦੀਆਂ ਘੋੜੀਆਂ ਗਾਉਂਦੀਆਂ ਨੇ।

ਭਾਈ ਗੁਰਦਾਸ ਨੇ ਇਹ ਸ਼ਬਦ ਵਰਤਿਆ ਹੈ, 'ਤੰਤੁ ਮੰਤੁ ਪਾਖੰਡ ਕਿਸੈ ਵੀਰਾਰਾਧ ਦਿਸੰਤਰੁ ਦਿਸੈ।' ਕੁਝ ਜੱਟ ਭਾਈਚਾਰਿਆਂ ਵਿਚ ਪਤਨੀ ਨੂੰ ਬੀਰਬਾਨੀ ਕਹਿਣ ਦਾ ਰਿਵਾਜ ਹੈ। ਵੀਰਜ ਸ਼ਬਦ ਵੀ ਵੀਰ ਨਾਲ ਹੀ ਜਾ ਜੁੜਦਾ ਹੈ। ਸੰਸਕ੍ਰਿਤ ਵਿਚ ਇਸ ਦਾ ਰੂਪ ਹੈ, ਵੀਰਯ ਅਤੇ ਅਰਥ ਹਨ-ਮਰਦਊਪੁਣਾ, ਮਰਦਾਨਗੀ, ਬਲ, ਵੀਰਤਾ, ਪਰਾਕ੍ਰਮ, ਬਹਾਦਰੀ; ਮਣੀ, ਸ਼ੁਕ੍ਰ ਆਦਿ।

ਮੋਨੀਅਰ-ਵਿਲੀਅਮਜ਼ ਨੇ ਦੋ ਧਾਤੂਆਂ ਵੱਲ ਸੰਕੇਤ ਕੀਤਾ ਹੈ, ਜੋ ਵੀਰ ਸ਼ਬਦ ਦੇ ਨਿਰਮਾਤਾ ਹੋ ਸਕਦੇ ਹਨ। ਇੱਕ ਹੈ, 'ਅਜ' ਜਿਸ ਦਾ ਬਦਲਵਾਂ ਰੂਪ 'ਵੀ' ਹੈ। ਇਸ ਵਿਚ ਚੱਲਣ ਦੇ ਭਾਵ ਹਨ। ਕਈ ਵਿਦਵਾਨ ਇਸ ਨੂੰ 'ਵਰਿ' ਧਾਤੂ ਨਾਲ ਜੋੜਦੇ ਹਨ, ਜਿਸ ਵਿਚ ਵਲਣ, ਢਕਣ ਦੇ ਭਾਵ ਹਨ। ਇਸ ਤੋਂ ਬਣੇ ਵਾਰ ਸ਼ਬਦ ਤੋਂ ਵੀਰ ਸ਼ਬਦ ਬਣੇ ਹੋਣ ਦੀ ਸੰਭਾਵਨਾ ਹੈ। ਇਹ ਮਸਲਾ ਅਜੇ ਉਲਝਿਆ ਪਿਆ ਹੈ।

ਅਸੀਂ ਇਸ ਸ਼ਬਦ ਦੇ ਹੋਰ ਹਿੰਦ-ਯੂਰਪੀ ਪਸਾਰ ਬਾਰੇ ਗੱਲ ਛੇੜਦੇ ਹਾਂ। ਵਿਦਵਾਨਾਂ ਨੇ ਇਸ ਦਾ ਭਾਰੋਪੀ ਮੂਲ 'wi-ro' ਮਿਥਿਆ ਹੈ, ਜਿਸ ਵਿਚ ਮਰਦ, ਮਨੁੱਖ, ਪੁਰਸ਼ ਦੇ ਭਾਵ ਹਨ। ਕਈ ਭਾਰੋਪੀ ਭਾਸ਼ਾਵਾਂ ਜਿਵੇਂ ਲਾਤੀਨੀ, ਵੈਲਸ਼, ਆਇਰਿਸ਼, ਗੋਥਿਕ, ਲਿਥੂਏਨੀਅਨ, ਪੁਰਾਣੀ ਅੰਗਰੇਜ਼ੀ ਅਤੇ ਅਵੇਸਤਾ ਵਿਚ ਇਸ ਤੋਂ ਬਣੇ ਸ਼ਬਦ ਮਿਲਦੇ ਹਨ। ਕੁਝ ਜਾਣੇ-ਪਛਾਣੇ ਅੰਗਰੇਜ਼ੀ ਸ਼ਬਦ ਵਾਚਦੇ ਹਾਂ। ਅਛਾਈ, ਚੰਗਿਆਈ ਦੇ ਅਰਥਾਂ ਵਾਲਾ ਅੰਗਰੇਜ਼ੀ ਸ਼ਬਦ ਹੈ, Virtue. ਇਹ ਅੰਤਿਮ ਤੌਰ 'ਤੇ ਲਾਤੀਨੀ ਸ਼ਬਦ Virtus ਤੋਂ ਪੁਰਾਣੀ ਫਰਾਂਸੀਸੀ ਰਾਹੀਂ ਅੰਗਰੇਜ਼ੀ ਵਿਚ ਪੁੱਜਾ। ਲਾਤੀਨੀ ਦੇ ਇਸ ਸ਼ਬਦ ਵਿਚ ਸਦਾਚਾਰ, ਆਚਰਣ, ਚੰਗਿਆਈ, ਮਰਦਾਨਗੀ, ਬਹਾਦਰੀ, ਸੂਰਮਗਤੀ, ਸ੍ਰੇਸ਼ਟਤਾ, ਉਤਮਤਾ ਆਦਿ ਦੇ ਭਾਵ ਸਨ। ਅੱਜ ਵੀ ਵਰਚੂ ਸ਼ਬਦ ਲਗਭਗ ਇਹੀ ਅਰਥ ਦਿੰਦਾ ਹੈ। ਪਾਠਕ ਇਸ ਸ਼ਬਦ ਦਾ ਸਾਡੇ ਵੀਰਤਾ ਸ਼ਬਦ ਨਾਲ ਰੂਪ ਅਤੇ ਅਰਥ ਪੱਖੋਂ ਟਾਕਰਾ ਕਰਨ। ਇਸਤਰੀਆਂ ਦੇ ਪ੍ਰਸੰਗ ਵਿਚ ਇਸ ਦਾ ਅਰਥ ਨਾਰੀ ਦਾ ਸਤੀਤਵ ਵੀ ਹੋ ਗਿਆ ਹੈ।

ਅੰਗਰੇਜ਼ੀ ਸ਼ਬਦ Virile ਵਿਚ ਮਰਦਾਨਗੀ, ਨਰਤਾ, ਬਹਾਦਰੀ ਦੇ ਭਾਵ ਹਨ। ਇਹ ਸ਼ਬਦ ਵੀ ਲਾਤੀਨੀ ਦੇ Viril (ਮਰਦਾਨਾ) ਤੋਂ ਫਰਾਂਸੀਸੀ ਰਾਹੀਂ ਅੰਗਰੇਜ਼ੀ ਵਿਚ ਗਿਆ। ਪੁਰਖ ਦੇ ਜਣਨ ਅੰਗ ਨੂੰ Virile Member ਵੀ ਕਿਹਾ ਜਾਣ ਲੱਗਾ ਹੈ। ਅੰਗਰੇਜ਼ੀ Virago ਦਾ ਅਰਥ ਹੈ, ਮਰਦਾਵੀਂ ਲੜਕੀ, ਮਾਹੀ ਮੁੰਡਾ ਅਰਥਾਤ ਚੰਡੀ ਰੂਪ ਇਸਤਰੀ। ਲਾਤੀਨੀ ਵਿਚ ਵੀ ਇਸ ਦਾ ਇਹੋ ਰੂਪ ਸੀ ਤੇ ਅਰਥ ਸੀ ਵੀਰਾਂਗਣ। ਇਕ ਹੋਰ ਸ਼ਬਦ ਹੈ, Virtuoso ਜਿਸ ਦਾ ਅਰਥ ਹੈ-ਵਿਦਵਾਨ, ਉਸਤਾਦ, ਮਾਹਰ। ਇਹ ਇਤਾਲਵੀ ਤੋਂ ਅੰਗਰੇਜ਼ੀ ਵਿਚ ਗਿਆ। ਇਤਾਲਵੀ ਵਿਚ ਇਸ ਸ਼ਬਦ ਦਾ ਅਰਥ ਸੀ, ਕੁਸ਼ਲ, ਮਾਹਰ, ਵਿਦਵਾਨ ਆਦਿ। ਇਤਾਲਵੀ ਵਿਚ ਇਹ ਸ਼ਬਦ ਲਾਤੀਨੀ ਤੋਂ ਗਿਆ, ਜਿਸ ਵਿਚ ਇਸ ਦਾ ਅਰਥ ਸੀ, ਕੁਸ਼ਲ, ਸੰਗੀਤ ਆਦਿ ਦਾ ਮਾਹਰ, ਹੁਨਰੀ। ਅੰਤਿਮ ਰੂਪ ਵਿਚ ਇਹ ਸ਼ਬਦ ਮਰਦਾਨਗੀ ਦੇ ਭਾਵਾਂ ਨਾਲ ਹੀ ਜਾ ਜੁੜਦਾ ਹੈ, ਮਰਦਾਨਗੀ, ਜੋ ਕਿਸੇ ਖਾਸ ਕਿੱਤੇ ਦੇ ਮਾਹਰ ਹੋਣ ਤੱਕ ਸੀਮਿਤ ਹੋ ਗਈ। ਕੰਮ 'ਤੇ ਕੁਝ ਔਰਤਾਂ ਵਿਚ ਘਿਰਿਆ ਸਾਂ। ਉਨ੍ਹਾਂ ਤੋਂ ਸਾਰਾ ਜ਼ੋਰ ਲਾਉਣ 'ਤੇ ਵੀ ਬੋਤਲ ਦਾ ਡੱਟ ਨਹੀਂ ਸੀ ਖੁਲ੍ਹਦਾ, ਮੈਂ ਝੱਟ ਖੋਲ੍ਹ ਦਿੱਤਾ, ਕਹਿੰਦੀਆਂ, "Oh you are man."

ਦੁਨੀਆਂ ਦੇ ਅਰਥਾਂ ਵਾਲਾ ਅੰਗਰੇਜ਼ੀ ਸ਼ਬਦ World ਵੀ ਇਥੇ ਢੁਕਦਾ ਹੈ। ਪੁਰਾਣੀ ਅੰਗਰੇਜ਼ੀ ਵਿਚ ਇਸ ਸ਼ਬਦ ਦਾ ਅਰਥ ਸੀ-ਮਨੁੱਖੀ ਹੋਂਦ, ਜੀਵਨ, ਮਨੁਖ ਦੇ ਝੰਜਟ। ਅਸੀਂ ਇਸ ਨੂੰ ਦੁਨੀਆਂਦਾਰੀ, ਸੰਸਾਰਕ ਝਮੇਲੇ ਕਹਿ ਸਕਦੇ ਹਾਂ। ਇਸ ਸ਼ਬਦ ਵਿਚ ਮੁੱਢਲ, ਮਨੁਖਜਾਤੀ, ਇਨਸਾਨੀਅਤ ਦੇ ਭਾਵ ਵੀ ਸਮੋਏ ਹੋਏ ਹਨ; ਪਰ ਇਹ ਸ਼ਬਦ ਲਾਤੀਨੀ ਵਲੋਂ ਨਹੀਂ ਆਇਆ ਸਗੋਂ ਜਰਮੈਨਿਕ ਅਸਲੇ ਦਾ ਹੈ। ਪਰਾਕ-ਜਰਮੈਨਿਕ ਵਿਚ ਇਸ ਦਾ ਰੂਪ ਸੀ, Weraldi. ਇਸ ਵਿਚ ਪੁਰਖ ਦੇ ਅਰਥਾਂ ਵਾਲਾ Wer ਤਾਂ ਸਪੱਸ਼ਟ ਝਲਕਦਾ ਹੈ, ਪਿਛੇ ਲੱਗੇ ਪਿਛੇਤਰ ald ਦਾ ਅਰਥ ਹੈ, ਉਮਰ, ਆਯੂ। ਸੋ, ਇਸ ਦਾ ਸ਼ਾਬਦਿਕ ਅਰਥ ਬਣਿਆ, ਮਨੁੱਖ ਦੀ ਆਯੂ, ਅਉਧ। ਧਿਆਨ ਦਿਉ, ਮਨੁੱਖ ਦੀ ਅਉਧ ਵਿਚ ਸੰਸਾਰਕ ਝਮੇਲੇ, ਦੁਨੀਆਂਦਾਰੀ ਦੇ ਭਾਵ ਸਹਿਜੇ ਹੀ ਆ ਜਾਂਦੇ ਹਨ। ਅਸੀਂ ਇਸ ਨੂੰ ਇਸ ਤਰ੍ਹਾਂ ਸਮਝ ਸਕਦੇ ਹਾਂ: ਕਾਹਦਾ ਹੈ ਮਨੁੱਖ ਦਾ ਜੀਣਾ, ਕਾਹਦੀ ਹੈ ਇਹ ਦੁਨੀਆਂ। ਇਸ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਗਈ ਹੈ: ਮੁਢਲੇ ਤੌਰ 'ਤੇ ਧਰਤੀ ਉਪਰਲਾ ਜੀਵਨ, ਇਹ ਲੋਕ (ਮਰਨ ਉਪਰੰਤ ਜੀਵਨ ਦੇ ਟਾਕਰੇ ਉਹਾ ਦੇ ਟਾਕਰੇ ਈਹਾ)। ਇਸ ਤੋਂ ਭਾਵ ਉਤਪੰਨ ਹੋਇਆ ਜਾਣਿਆ ਜਾਂਦਾ ਸੰਸਾਰ ਤੇ ਆਖਰ ਪਦਾਰਥਕ ਜਗਤ, ਦਿਸਦਾ ਪਸਾਰਾ, ਸ੍ਰਿਸ਼ਟੀ ਆਦਿ।

# ਪ੍ਰਧਾਨ ਮੰਤਰੀ ਦਾ ਪੈਂਤੜਾ, ਵਿਰੋਧੀ ਧਿਰ ਦਾ ਇਮਤਿਹਾਨ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲੋਕ ਸਭਾ ਸਮਾਗਮ ਦੇ ਪਹਿਲੇ ਦਿਨ ਵਿਰੋਧੀ ਧਿਰ ਨੂੰ ਵੱਡਿਆ ਕੇ ਸਹਿਯੋਗ ਦੀ ਮੰਗ ਕੀਤੀ ਹੈ। ਪ੍ਰਧਾਨ ਮੰਤਰੀ ਦਾ ਨਵਾਂ ਪੈਂਤੜਾ ਵਿਰੋਧੀ ਧਿਰ ਲਈ ਪ੍ਰੀਖਿਆ ਦੀ ਘੜੀ ਹੈ। ਲੋਕ ਸਭਾ ਚੋਣਾਂ ਦੇ ਨਤੀਜੇ ਆਉਣ ਤੋਂ ਪਹਿਲਾਂ ਅਸੀਂ ਤੇ ਸਾਡੇ ਵਰਗੇ ਹੋਰ ਕਈਆਂ ਨੇ ਸੋਚਿਆ ਸੀ ਕਿ ਇਸ ਵਾਰ ਲਮਕਵੀਂ ਸੰਸਦ ਬਣੇਗੀ, ਜਿਸ ਦਾ ਆਮ ਜਨਤਾ ਨੂੰ ਚੋਖਾ ਲਾਭ ਹੋ ਸਕਦਾ ਹੈ। ਅਜਿਹੀ ਸੰਸਦ ਰਾਜ ਕਰਨ ਵਾਲਿਆਂ ਤੇ ਕਰਾਉਣ ਵਾਲਿਆਂ ਨੂੰ ਚੇਤਨ ਰੱਖਦੀ ਹੈ ਅਤੇ ਮਨਮਰਜ਼ੀ ਕਰਨ ਤੋਂ ਰੋਕਦੀ ਹੈ, ਪਰ ਵੋਟਰਾਂ ਨੇ ਸਾਬਤ ਕਰ ਦਿੱਤਾ ਹੈ ਕਿ ਲੋਕ ਕੰਮ ਨਹੀਂ ਵੇਖਦੇ ਰੌਲੇ ਰੱਪੇ ਦੇ ਮੱਦਾਹ ਹੁੰਦੇ ਹਨ।

ਆਪਣੇ ਬਹੁਤ ਨੇੜੇ ਦਾ ਪ੍ਰਮਾਣ ਦੇਣਾ ਹੋਵੇ ਤਾਂ ਲੋਕ ਸਭਾ ਹਲਕਾ ਗੁਰਦਾਸਪੁਰ ਦੀ ਗੱਲ ਕਰਾਂਗੇ। ਇਥੇ ਕਾਂਗਰਸੀ ਉਮੀਦਵਾਰ ਸੁਨੀਲ ਜਾਖੜ ਨੇ ਸੰਨੀ ਦਿਉਲ ਦਾ ਟਾਕਰਾ ਕਰਨਾ ਸੀ। ਸੁਨੀਲ ਅਨੁਭਵੀ ਸਿਆਸਤਦਾਨ ਬਲਰਾਮ ਜਾਖੜ ਦਾ ਬੇਟਾ ਹੈ ਤੇ ਪੰਜਾਬ ਕਾਂਗਰਸ ਦਾ ਪ੍ਰਧਾਨ। ਸੰਨੀ ਦਿਉਲ ਫਿਲਮੀ ਹਸਤੀ ਧਰਮਿੰਦਰ ਦਾ ਬੇਟਾ ਹੈ ਤੇ ਪੰਜਾਬ ਤੋਂ ਹਜ਼ਾਰਾਂ ਮੀਲ ਦੂਰ ਵਾਲੀ ਫਿਲਮੀ ਦੁਨੀਆਂ ਦਾ ਅਭਿਨੇਤਾ। ਸੁਨੀਲ ਜਾਖੜ ਨੇ ਆਪਣੇ ਰਾਜ ਦੀ ਕਾਂਗਰਸ ਇਕਾਈ ਦੀ ਏਨੀ ਚੰਗੀ ਅਗਵਾਈ ਕੀਤੀ ਹੈ ਕਿ ਇਸ ਨੂੰ ਭਾਜਪਾ ਦੀ ਹੂੰਝਾ ਫੇਰੂ ਜਿੱਤ ਦੀ ਲਪੇਟ 'ਚ ਨਹੀਂ ਆਉਣ ਦਿੱਤਾ।

ਸੰਨੀ ਦਿਉਲ ਨੂੰ ਗੁਰਦਾਸਪੁਰੀਆਂ ਨੇ ਚੋਣ ਪ੍ਰਚਾਰ ਦੇ ਗਿਣੇ ਮਿੱਥੇ ਦਿਨਾਂ ਤੋਂ ਬਿਨਾ ਕਦੀ ਨਹੀਂ ਤੱਕਿਆ। ਉਹ ਮੁੰਬਈ ਬੈਠਾ ਇਥੋਂ ਦੇ ਲੋਕਾਂ ਦੇ ਦੁੱਖ ਸੁੱਖ ਦਾ ਕਿਵੇਂ, ਕਦੋਂ ਤੇ ਕਿੰਨਾ ਕੁ ਭਾਈਵਾਲ ਬਣੇਗਾ, ਸਿਆਣੇ ਲੋਕਾਂ ਨੇ ਤੱਕਿਆ ਨਹੀਂ ਸੀ। ਫੇਰ ਵੀ ਅਭਿਨੇਤਾ ਜਿੱਤ ਗਿਆ ਤੇ ਕੰਮ ਆਉਣ ਵਾਲਾ ਹਾਰ ਗਿਆ। ਸਾਰੇ ਦੇਸ਼ ਦੀ ਤਸਵੀਰ ਗੁਰਦਾਸਪੁਰ ਦੇ ਸ਼ੀਸ਼ੇ 'ਚੋਂ ਪ੍ਰਤੱਖ ਹੈ।

ਭਾਰਤੀ ਜਨਤਾ ਦੇ ਮਸਲੇ ਕੀ ਹਨ ਤੇ ਉਨ੍ਹਾਂ ਦਾ ਜੇਤੂ ਸਰਕਾਰ ਕੀ ਹੱਲ ਕਰਦੀ ਹੈ, ਸਮੇਂ ਨੇ ਦੱਸਣਾ ਹੈ। ਲੋਕ ਸਭਾ ਦੇ ਨਵੇਂ ਇਜਲਾਸ ਵਿਚ ਪ੍ਰਧਾਨ ਮੰਤਰੀ ਨੇ ਵਿਰੋਧੀ ਧਿਰ ਤੋਂ ਸਹਿਯੋਗ ਦੀ ਮੰਗ ਕੀਤੀ ਹੈ। ਉਸ ਤੋਂ ਜਿਸ ਨੂੰ ਚੋਣ ਪ੍ਰਚਾਰ ਦੇ ਦਿਨਾਂ ਵਿਚ ਉਹ 'ਮਹਾ ਗਠਬੰਧਨ' ਦੀ ਥਾਂ 'ਮਹਾ ਮਿਲਾਵਟੀ' ਕਹਿੰਦਾ ਰਿਹਾ ਹੈ।

ਵਿਰੋਧੀ ਧਿਰ ਪ੍ਰਧਾਨ ਮੰਤਰੀ ਦੀ ਪਿਛਲੀ ਪਾਰੀ ਵਿਚ ਉਸ ਦੇ ਅਮਲਾਂ ਨੂੰ ਸਿਧੇ ਰਾਹ ਤੋਰਨ ਵਿਚ ਬੁਰੀ ਤਰ੍ਹਾਂ ਅਸਫਲ ਰਹੀ ਹੈ। ਹੁਣ ਦੀ ਵਾਰ ਵਿਰੋਧੀ ਧਿਰ ਨੂੰ ਸੁਚੇਤ ਹੋਵੇ ਦੀ ਲੋੜ ਹੈ ਤਾਂ ਕਿ ਉਹ ਉਸਾਰੂ ਯੋਗਦਾਨ ਰਾਹੀਂ ਭਾਰੀ ਬਹੁਮਤ ਵਾਲੀ ਸਰਕਾਰ ਨੂੰ ਮਨਮਰਜ਼ੀ ਕਰਨ ਤੋਂ ਬਚਾਵੇ। ਇਹਦੇ ਲਈ ਜ਼ਰੂਰੀ ਹੈ ਕਿ ਵਿਰੋਧੀ ਧਿਰ ਸਰਕਾਰ ਦੇ ਕੰਮਕਾਜ ਦੀ ਨਿੰਦਾ ਕਰਨ ਦੀ ਥਾਂ ਸਰਕਾਰ ਨਾਲ ਸਹਿਮਤੀ ਤੇ ਅਸਹਿਮਤੀ ਵਾਲੇ ਮੁੱਦਿਆਂ ਦਾ ਨਿਖੇੜ ਕਰਕੇ ਸੁਚਾਰੂ ਰਣਨੀਤੀ ਅਪਨਾਵੇ।

ਮੁੱਖ ਗੱਲ ਇਹ ਕਿ ਮੋਦੀ ਸਰਕਾਰ ਵਲੋਂ ਅਪਨਾਈ ਜਾ ਰਹੀ ਨੀਤੀ ਅਤੇ ਅਮਲਾਂ ਦਾ ਵਿਸ਼ਲੇਸ਼ਣ ਕਰਕੇ ਸਰਕਾਰ ਨੂੰ ਝੂਠੇ ਤੇ ਗਲਤ ਮਾਰਗ 'ਤੇ ਤੁਰਨ ਤੋਂ ਰੋਕੇ। 'ਚੌਕੀਦਾਰ ਚੋਰ ਹੈ' ਵਰਗੀ ਟਿੱਪਣੀ ਤੋਂ ਗੁਰੇਜ਼ ਕਰੇ। ਸਰਕਾਰ ਵਲੋਂ ਉਲੀਕੇ ਜਾ ਰਹੇ ਪ੍ਰੋਗਰਾਮ ਤੇ ਨੀਤੀਆਂ ਦਾ ਮੁਖੌਟਾ ਲਾਹ ਕੇ ਨਵੀਂ ਨੀਤੀ ਦੀ ਸਫਲਤਾ ਜਾਂ ਅਸਫਲਤਾ ਦਾ ਵਿਸ਼ਲੇਸ਼ਣ ਕਰੇ ਤੇ ਸਰਕਾਰ ਨੂੰ ਚੇਤੰਨ ਤੇ ਸੁਚੇਤ ਰਹਿਣ ਲਈ ਵੰਗਾਰੇ। ਵਿਰੋਧੀ ਨੇਤਾਵਾਂ ਦੇ ਦੌਰੇ ਸ਼ਹਿਰਾਂ ਤੇ ਕਸਬਿਆਂ ਤੱਕ ਹੀ ਸੀਮਤ ਨਾ ਰਹਿਣ, ਪਿੰਡ ਪਿੰਡ ਤੇ ਘਰ ਘਰ ਫੈਲਣੇ ਜ਼ਰੂਰੀ ਹਨ। ਪਿੰਡਾਂ ਵਿਚ ਵਿਦਿਆ ਪ੍ਰਾਪਤ ਬੇਰੁਜ਼ਗਾਰ ਨੌਜਵਾਨਾਂ ਦੀ ਨਿਸ਼ਾਨਦੇਹੀ ਕਰਕੇ ਲੋੜੀਂਦੇ ਵਸੀਲੇ ਜੁਟਾ ਕੇ ਹੌਸਲਾ ਅਫ਼ਜ਼ਾਈ ਦੇਣ ਦੀ ਲੋੜ ਹੈ।

ਇਹ ਕਾਰਜ ਹੈ ਤਾਂ ਕਠਿਨ ਪਰ ਸਿਖਲਾਈ ਪ੍ਰਾਪਤ ਨੌਜਵਾਨਾਂ ਦੀ ਪਹੁੰਚ ਤੋਂ ਬਾਹਰ ਨਹੀਂ। ਇਸ ਵਿਚ ਵਿਰੋਧੀ ਧਿਰ ਦੇ ਨੌਜਵਾਨਾਂ ਦੀ ਹੀ ਮਹਿਮਾ ਨਹੀਂ, ਦੇਸ਼ ਤੇ ਦੇਸ਼ਵਾਸੀਆਂ ਦਾ ਵੀ ਭਲਾ ਹੈ। ਦੇਸ਼ ਦੀ ਛੜੱਪੇ ਮਾਰ ਕੇ ਵਧ ਰਹੀ ਵੱਸੋਂ ਦੇ ਸਨਮੁੱਖ ਵੋਟਾਂ ਬਟੋਰਨ ਦੇ ਪੈਂਤੜਿਆਂ ਦੀ ਨਹੀਂ, ਅਮਲ ਦੀ ਲੋੜ ਹੈ।

ਵਿਰੋਧੀ ਧਿਰ ਨੇ ਸਰਕਾਰ ਨੂੰ ਅਮਲ ਦੇ ਰਾਹ ਤੋਰਨਾ ਹੈ।

**ਹਰੀਆਂ ਲੱਕੜਾਂ, ਅੱਗ ਦੇ ਭਾਂਬੜ:** ਪਿਛਲੇ ਹਫਤੇ ਹਿਮਾਚਲ ਦੇ ਧਰਮਪੁਰ ਸਬਾਥੂ ਮਾਰਗ 'ਤੇ ਜੰਗਲ ਦੀ ਭਿਆਨਕ ਅੱਗ ਵੇਖਣ ਨੂੰ ਮਿਲੀ। ਸੁੱਕਾ ਘਾਹ ਫੂਸ ਤੇ ਜੜੀ ਬੂਟੀ ਤਾਂ ਪਹਿਲੇ ਵਿਚ ਆਉਣੇ ਹੀ ਸਨ, ਪਰ ਚੀੜ੍ਹ (ਦਿਆਰ) ਦੀਆਂ ਹਰੀਆਂ ਕਰੂੰਬਲਾਂ ਤੇ ਮੋਟੇ ਮੁੱਢ ਵੀ ਫੂਕੇ ਜਾ ਰਹੇ ਸਨ। ਇਸ ਤਰ੍ਹਾਂ ਦੀ ਅੱਗ ਮੈਂ 1947 ਵਿਚ ਮੁਸਲਮਾਨਾਂ ਦੇ ਉਚੇ ਪਿੰਡਾਂ ਨੂੰ ਲੱਗੀ ਤੱਕੀ ਸੀ। ਉਨ੍ਹਾਂ ਨੂੰ ਅੱਗ ਲਾਉਣ ਵਾਲੇ ਹਿੰਦੂ-ਸਿੱਖ ਲੁਟੇਰੇ ਸਨ, ਜੋ ਮੁਸਲਮਾਨਾਂ ਦੇ ਘਰਾਂ ਨੂੰ ਲੁੱਟ ਕੇ ਤੇ ਮੁਸਲਮਾਨ ਵੱਸੋਂ ਨੂੰ ਵੱਢ ਟੁੱਕ ਕੇ ਉਨ੍ਹਾਂ ਦੇ ਘਰਾਂ ਨੂੰ ਲਕੜਾਂ 'ਤੇ ਤੇਲ ਪਾ ਕੇ ਸਾੜ ਰਹੇ ਸਨ।

ਧਰਮਪੁਰ ਦਾ ਕਾਰਾ ਕਿਸੇ ਮਜ਼ਹਬੀ ਜਨੂੰਨ ਦੀ ਉਪਜ ਨਹੀਂ, ਸਗੋਂ ਕੁਦਰਤ ਦੀ ਕਰੋਪੀ ਸੀ। ਜੇ ਫਰਕ ਸੀ ਤਾਂ ਇਹ ਕਿ ਇਹ ਵਾਸੀਆਂ ਦੇ ਘਰਾਂ ਤੋਂ ਹਟਵੀਂ ਸੀ। ਦਿਲਚਸਪ ਗੱਲ ਇਹ ਕਿ ਇਥੇ ਸੁੱਕੀਆਂ ਲੱਕੜਾਂ ਤੇ ਤੇਲ ਦੀ ਲੋੜ ਨਹੀਂ ਸੀ। ਚੀੜ੍ਹ ਦੇ ਬਿਰਖਾਂ ਦਾ ਤੇਲ (ਬਰੋਜ਼ਾ) ਆਪਣੇ ਆਪ ਹੀ ਅੱਗ ਨੂੰ 'ਵਾਜਾਂ ਮਾਰ ਰਿਹਾ ਸੀ। ਅੱਗ ਬੁਝਣ ਪਿੱਛੋਂ ਪਤਾ ਲੱਗਾ ਕਿ ਇਥੋਂ ਦੇ ਲੋਕ ਤਾਂ ਮੁਰਦੇ ਦਾ ਦਾਹ ਸਸਕਾਰ ਵੀ ਚੀੜ੍ਹ ਦੀਆਂ ਹਰੀਆਂ ਲੱਕੜਾਂ ਤੇ ਟਹਿਣੀਆਂ ਨਾਲ ਕਰਦੇ ਹਨ। ਉਨ੍ਹਾਂ ਨੂੰ ਅੱਗ ਛੇਤੀ ਪੈਂਦੀ ਹੈ, ਬਰੋਜ਼ੇ ਦੀ ਸੁੱਚਤਾ ਕਾਰਨ।

**ਅੰਤਿਕਾ: ਬਸ਼ੀਰ ਮੁਨੱਜ਼ਰ**

ਛੱਤਰੀ ਤਾਣ ਕੇ ਬਚ ਜਾਂਦੇ ਹਾਂ
ਮੀਂਹ ਦੀਆਂ ਕਣੀਆਂ ਕੋਲੋਂ,
ਪੱਥਰਾਂ ਦੀ ਵਾਛੜ ਤੋਂ ਕੀਕੂੰ
ਜਾਨ ਦੀ ਖੈਰ ਮਨਾਈਏ!

# ਇਕ ਸੀ ਕੁਲਦੀਪ ਕੌਰ...


ਗੁਜ਼ਰੇ ਜ਼ਮਾਨੇ ਦੀਆਂ ਬਿਹਤਰੀਨ ਅਦਾਕਾਰਾਵਾਂ ਵਿਚੋਂ ਇਕ ਨਾਮ ਕੁਲਦੀਪ ਕੌਰ ਦਾ ਹੈ ਜੋ ਪਹਿਲਾਂ ਨਾਇਕਾ ਅਤੇ ਫਿਰ ਖਲਨਾਇਕਾ ਬਣ ਕੇ ਸ਼ੋਹਰਤ ਦੇ ਸਿਖਰ 'ਤੇ ਅੱਪੜੀ। ਫਿਲਮਾਂ ਵਿਚ ਜਿਥੇ ਫਿਲਮ ਦੀ ਮੁੱਖ ਅਦਾਕਾਰਾ ਦਾ ਕਿਰਦਾਰ ਸ਼ਰੀਫਾਨਾ ਦਿਖਾਇਆ ਜਾਂਦਾ ਸੀ, ਉਥੇ ਉਸ ਦੇ ਉਲਟ ਕੁਲਦੀਪ ਕੌਰ ਦਾ ਕਿਰਦਾਰ ਚਾਲਾਕ ਔਰਤ ਦਾ ਹੁੰਦਾ ਸੀ ਜੋ ਫਿਲਮ ਦੇ ਹੀਰੋ ਨੂੰ ਦਿਲਫਰੇਬ ਅਦਾਵਾਂ ਦੇ ਜਾਲ ਵਿਚ ਫਸਾ ਲੈਂਦੀ ਸੀ। ਇਹ ਫਨ ਕੁਲਦੀਪ ਕੌਰ ਦੇ ਕੋਲ ਹੀ ਸੀ ਜਿਸ ਨੇ ਉਸ ਨੂੰ ਪੁਖਤਾ ਪਛਾਣ ਦਿੱਤੀ। ਉਂਜ, ਉਹ ਬੇਹੱਦ ਸ਼ਰਮਾਕਲ ਤੇ ਖੂਬਸੂਰਤ ਦਿਖ ਵਾਲੀ ਪੰਜਾਬਣ ਸੀ।

ਕੁਲਦੀਪ ਕੌਰ ਦੀ ਪੈਦਾਇਸ਼ 23 ਅਕਤੂਬਰ 1925 ਨੂੰ ਜ਼ਿਲ੍ਹਾ ਅੰਬਾਲਾ ਦੀ ਤਹਿਸੀਲ ਰੋਪੜ ਦੇ ਪਿੰਡ ਭਰਤਗੜ੍ਹ ਦੇ ਖੁਸ਼ਹਾਲ ਜੱਟ ਸਿੱਖ ਪਰਿਵਾਰ ਵਿਚ ਹੋਈ ਸੀ। ਕੁਲਦੀਪ ਨੇ ਸਰ ਗੰਗਾ ਰਾਮ ਹਾਈ ਸਕੂਲ, ਲਾਹੌਰ ਤੋਂ ਦਸਵੀਂ ਪਾਸ ਕੀਤੀ। ਬਾਲ ਉਮਰੇ ਹੀ ਉਸ ਨੂੰ ਸੰਗੀਤ ਅਤੇ ਨ੍ਰਿਤ-ਕਲਾ ਨਾਲ ਉਲਫਤ ਹੋ ਗਈ। ਇਹੀ ਸ਼ੌਕ ਉਸ ਨੂੰ ਫਿਲਮਾਂ ਵੱਲ ਖਿੱਚ ਲਿਆਇਆ।

ਕੁਲਦੀਪ ਕੌਰ ਦਾ ਵਿਆਹ 14 ਸਾਲਾਂ ਦੀ ਉਮਰੇ ਮਹਿੰਦਰ ਸਿੰਘ ਸਿੱਧੂ ਉਰਫ ਮਹਿੰਦਰ ਸਿੰਘ ਪੋਪਾ ਨਾਲ ਹੋਇਆ ਜੋ ਸ਼ੇਰੇ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਜਾਂਬਾਜ਼ ਫੌਜੀ ਕਮਾਂਡਰ ਜਨਰਲ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਦਾ ਪੜਪੋਤਾ ਸੀ। ਵਿਆਹ ਉਸ ਲਈ ਬੜਾ ਤਲਖ ਤਜਰਬਾ ਸੀ। ਜ਼ਮਾਨੇ ਨੇ ਕੁਲਦੀਪ ਕੌਰ ਨੂੰ ਆਪਣੇ ਸਹੁਰੇ ਪਿੰਡ ਅਟਾਰੀ (ਜ਼ਿਲ੍ਹਾ ਅੰਮ੍ਰਿਤਸਰ) ਤੋਂ ਹਿਜਰਤ ਲਈ ਮਜਬੂਰ ਕਰ ਦਿੱਤਾ ਅਤੇ ਲਾਹੌਰ ਲੈ ਆਂਦਾ।

ਲਾਹੌਰ ਵਿਚ ਕੁਲਦੀਪ ਨੇ ਸੁਬ੍ਹਾ ਦੀਆਂ ਰੌਣਕਾਂ ਅਤੇ ਸ਼ਾਮ ਦੀਆਂ ਰੰਗੀਨੀਆਂ ਦੇਖੀਆਂ ਪਰ ਜ਼ਿੰਦਗੀ ਇੰਨੀ ਸਿੱਧੀ ਨਹੀਂ ਸੀ। ਜਿਸ ਬੰਦੇ ਨਾਲ ਉਸ ਦਾ ਵਿਆਹ ਹੋਇਆ, ਉਹ ਉਸ ਦੇ ਪਿਓ ਦੀ ਉਮਰ ਦਾ ਸੀ। ਇਸ ਦਰਦਨਾਕ ਵਾਕਿਆ ਨੇ ਉਸ ਨੂੰ ਅੰਦਰ ਤੀਕ ਝੰਜੋੜ ਕੇ ਰੱਖ ਦਿੱਤਾ। ਜਿਵੇਂ-ਕਿਵੇਂ ਉਸ ਨੇ ਆਪਣੇ-ਆਪ ਨੂੰ ਸੰਭਾਲਿਆ ਤਾਂ ਉਸ ਨੇ ਇਸ ਕੌੜੀ ਸਚਾਈ ਨੂੰ ਸਹਿਣ ਕਰਨ ਦਾ ਫੈਸਲਾ ਕੀਤਾ ਪਰ 16 ਸਾਲ ਦੀ ਉਮਰ ਵਿਚ ਇਕ ਪੁੱਤ ਨੂੰ ਜਨਮ ਦੇਣ 'ਤੇ ਵੀ ਉਹ ਆਪਣੇ ਬੁੱਢੇ ਅਤੇ ਆਵਾਰਾ ਪਤੀ ਨੂੰ ਬੰਨ੍ਹ ਕੇ ਨਾ ਰੱਖ ਸਕੀ। ਉਹ ਅੱਵਲ ਦਰਜੇ ਦਾ ਈਰਖਾਲੂ ਸੀ। ਉਸ ਦੀ ਸ਼ੱਕ ਕਰਨ ਦੀ ਆਦਤ ਬਿਮਾਰੀ ਦੀ ਹੱਦ ਤਕ ਸੀ। ਉਹ ਰਹਿ-ਰਹਿ ਕੇ ਕੁਲਦੀਪ ਕੌਰ ਦੀ ਖੂਬਸੂਰਤੀ ਨੂੰ ਦੋਸ਼ ਦਿੰਦਾ ਸੀ। ਉਸ ਦੀ ਸ਼ਿਕਾਇਤ ਸੀ ਕਿ ਜਿਥੇ ਕਿਤੇ ਵੀ ਉਹ ਕੁਲਦੀਪ ਕੌਰ ਨੂੰ ਨਾਲ ਲੈ ਕੇ ਜਾਂਦਾ ਸੀ, ਲੋਕ ਕੁਲਦੀਪ ਕੌਰ ਨੂੰ ਘੇਰ ਲੈਂਦੇ ਸਨ ਅਤੇ ਉਸ ਨੂੰ ਕੋਈ ਵੀ ਨਹੀਂ ਸਿਆਣਦਾ ਸੀ। ਤੰਗ ਆ ਕੇ ਇਕ ਦਿਨ ਕੁਲਦੀਪ ਕੌਰ ਤੇਜ਼ਾਬ ਨਾਲ ਆਪਣੀ ਗੱਲ੍ਹ ਸਾੜਨ ਦੀ ਕੋਸ਼ਿਸ਼ ਕਰ ਬੈਠੀ।

ਤੇਜ਼ਾਬ ਨਾਲ ਕੁਲਦੀਪ ਕੌਰ ਦੀ ਗੱਲ੍ਹ 'ਤੇ ਦਾਗ ਪੈ ਗਿਆ ਪਰ ਮਗਰੋਂ ਇਹੀ ਦਾਗ ਫਿਲਮਸਾਜ਼ਾਂ ਦੀ ਨਜ਼ਰ 'ਚ ਖੂਬਸੂਰਤੀ ਦਾ ਚਿੰਨ੍ਹ ਬਣ ਗਿਆ। ਉਸ ਨੂੰ ਫਿਲਮੀ ਦੁਨੀਆ ਵਿਚ ਪ੍ਰਵੇਸ਼ ਮਿਲ ਗਿਆ। ਇਥੇ ਦੌਲਤ ਅਤੇ ਸ਼ੋਹਰਤ ਤਾਂ ਉਸ ਨੇ ਖੂਬ ਕਮਾਈ ਪਰ ਸੁਖ ਫਿਰ ਵੀ ਨਸੀਬ ਨਹੀਂ ਹੋਇਆ। ਉਹ ਆਪਣੇ ਦਿਲ ਦੀਆਂ ਗਹਿਰਾਈਆਂ ਤਕ ਇਕੱਲੀ ਸੀ। ਉਸ ਦੀ ਜ਼ਿੰਦਗੀ ਵਿਚ ਕੁਝ ਪਲ ਅਜਿਹੇ ਵੀ ਆਏ ਜਦੋਂ ਉਸ ਨੂੰ ਆਪਣੀ ਮੰਜ਼ਿਲ ਕਰੀਬ ਜਾਪਣ ਲੱਗੀ ਪਰ ਹਰ ਵਾਰ ਉਹ ਮ੍ਰਿਗਤ੍ਰਿਸ਼ਨਾ ਹੀ ਨਿਕਲੀ। ਸਕੂਨ ਦੀ ਤਲਾਸ਼ ਉਸ ਨੂੰ ਜਿਸ ਇਨਸਾਨ ਕੋਲ ਲੈ ਕੇ ਗਏ, ਉਹ ਅਦਾਕਾਰ ਪ੍ਰਾਣ ਸੀ ਪਰ ਇਹ ਸਾਥ ਬਹੁਤੀ ਦੇਰ ਨਾ ਰਿਹਾ।





ਅਦਾਕਾਰਾ ਕੁਲਦੀਪ ਕੌਰ: ਦੋ ਅੰਦਾਜ਼।

ਪ੍ਰਾਣ ਤੋਂ ਬਾਅਦ ਜੋ ਦੂਜਾ ਬੰਦਾ ਕੁਲਦੀਪ ਕੌਰ ਦੀ ਜ਼ਿੰਦਗੀ ਵਿਚ ਆਇਆ, ਉਹ ਸੀ ਸਿਆਲਕੋਟੀਆ ਗੱਭਰੂ ਸ਼ਿਆਮ ਜੋ ਉਸ ਦੌਰ ਦੀਆਂ ਫਿਲਮਾਂ ਦਾ ਸੁਪਰ ਸਟਾਰ ਸੀ। ਕੁਲਦੀਪ ਕੌਰ ਦੇ ਉਜਾੜ ਜੀਵਨ ਵਿਚ ਬਹਾਰਾਂ ਆ ਗਈਆਂ। ਫਿਲਮ ਹਿਦਾਇਤਕਾਰ ਰਮੇਸ਼ ਸਹਿਗਲ ਅਤੇ ਕੁਝ ਹੋਰ ਬੰਦੇ ਵੀ ਉਸ ਦੀ ਜ਼ਿੰਦਗੀ ਵਿਚ ਆਏ ਪਰ ਉਹ ਨਜ਼ਰਾਂ ਦਾ ਧੋਖਾ ਹੀ ਨਿਕਲੇ। ਰਮੇਸ਼ ਸਹਿਗਲ ਦੀ ਮੌਤ ਤੋਂ ਬਾਅਦ ਉਸ ਦੀ ਜ਼ਿੰਦਗੀ 'ਚ ਨਿਰਮਾਤਾ ਆਰ.ਐਨ. ਜੌਲੀ ਦੀ ਆਮਦ ਹੋਈ। ਅਗਲੇ ਪੜਾਅ 'ਤੇ ਕੁਲਦੀਪ ਕੌਰ ਨੇ ਰੂਪ ਕੇ. ਸ਼ੋਰੀ ਨੂੰ ਆਪਣਾ ਰਸਤਾ ਰੋਕੀ ਦੇਖਿਆ।

ਉਂਜ, ਕਾਨੂੰਨੀ ਤੌਰ 'ਤੇ ਕੁਲਦੀਪ ਕੌਰ ਹੁਣ ਵੀ ਮਹਿੰਦਰ ਸਿੰਘ ਸਿੱਧੂ ਦੀ ਸ਼ਰੀਕ-ਏ-ਹਿਆਤ ਸੀ। ਉਸ ਨੇ ਤਲਾਕ ਨਹੀਂ ਲਿਆ ਸੀ। ਅਸਲ ਵਿਚ ਉਹ ਆਪਣੇ ਪੁੱਤਰ ਨੂੰ ਪਿਤਾ ਦੇ ਪਿਆਰ ਅਤੇ ਜਾਇਦਾਦ ਤੋਂ ਵਿਰਵਾ ਨਹੀਂ ਰੱਖਣਾ ਚਾਹੁੰਦੀ ਸੀ। ਉਹ ਆਪਣੇ ਜ਼ਮਾਨੇ ਦੀ ਸਭ ਤੋਂ ਵੱਧ ਮਿਹਨਤਾਨਾ ਲੈਣ ਵਾਲੀ ਖਲਨਾਇਕਾ ਸੀ ਅਤੇ ਫਿਲਮਸਾਜ਼ ਉਸ ਨੂੰ ਬੇਹੱਦ ਅਦਬ-ਸਤਿਕਾਰ ਦਿੰਦੇ ਸਨ। ਆਪਣਾ ਕੰਮ ਉਹ ਪੂਰੀ ਮਿਹਨਤ, ਲਗਨ ਅਤੇ ਇਮਾਨਦਾਰੀ ਨਾਲ ਕਰਦੀ ਸੀ। ਉਹ ਵਕਤ ਦੀ ਬੜੀ ਪਾਬੰਦ ਸੀ ਅਤੇ ਆਪਣਾ ਵਾਅਦਾ ਨਿਭਾਉਣ ਲਈ ਵੀ ਮਸ਼ਹੂਰ ਸੀ।

1947 ਵਿਚ ਦੇਸ਼ ਵੰਡ ਤੋਂ ਬਾਅਦ ਕੁਲਦੀਪ ਬੰਬਈ ਆਣ ਵੱਸੀ। ਉਸ ਦੀ ਪਹਿਲੀ ਪੰਜਾਬੀ ਫਿਲਮ ਰੂਪ ਕੇ. ਸ਼ੋਰੀ ਨਿਰਦੇਸ਼ਿਤ 'ਚਮਨ' (1948) ਸੀ ਜੋ ਲਾਹੌਰ ਵਿਚ 1947 ਵਿਚ 'ਡਾਕਟਰ ਚਮਨ' ਦੇ ਨਾਮ ਨਾਲ ਬਣਨੀ ਸ਼ੁਰੂ ਹੋਈ ਸੀ। ਇਸ ਫਿਲਮ 'ਚ ਕੁਲਦੀਪ ਕੌਰ ਨੇ ਕੋਠੇ ਵਾਲੀ ਨਰਤਕੀ 'ਪਾਰੋ' ਦਾ ਕਿਰਦਾਰ ਅਦਾ ਕੀਤਾ। ਫਿਲਮ ਦਾ ਗੀਤ 'ਸਾਰੀ ਰਾਤ ਤੇਰਾ ਤੱਕਣੀ ਆਂ ਰਾਹ ਤਾਰਿਆਂ ਤੋਂ ਪੁੱਛ ਚੰਨ ਵੇ' (ਪੁਸ਼ਪਾ ਚੋਪੜਾ) ਬਹੁਤ ਮਸ਼ਹੂਰ ਹੋਇਆ। 6 ਅਗਸਤ 1948 ਨੂੰ ਰਤਨ ਸਿਨਮਾ, ਲਾਹੌਰ ਤੇ ਅੰਮ੍ਰਿਤਸਰ 'ਚ ਰਿਲੀਜ਼ ਇਹ ਆਜ਼ਾਦ ਭਾਰਤ ਦੀ ਪਹਿਲੀ ਬਲਾਕ-ਬਸਟਰ ਫਿਲਮ ਬਣੀ।

ਕੁਲਦੀਪ ਕੌਰ ਦੀ ਦੂਜੀ ਪੰਜਾਬੀ ਫਿਲਮ 'ਛਈ' (1950) ਸੀ। ਫਿਲਮ 'ਮਦਾਰੀ' (1950), 'ਲਾਰਾ ਲੱਪਾ' (1953) ਅਤੇ 'ਅਸ਼ਟੱਲੀ' (1954) ਵਿਚ ਉਸ ਨੇ ਦੂਜੀ ਹੀਰੋਇਨ ਵਜੋਂ ਆਪਣੇ ਫਨ ਦੀ ਨੁਮਾਇਸ਼ ਕੀਤੀ। 'ਨਿੱਕੀ' (1958) ਵਿਚ ਉਸ ਨੇ ਸੋਹਣੀ ਪੇਸ਼ਕਾਰੀ ਕੀਤੀ। ਉਸ ਦੀ 6ਵੀਂ ਅਤੇ ਆਖਰੀ ਪੰਜਾਬੀ ਫਿਲਮ 'ਯਮਲਾ ਜੱਟ' (1960) ਸੀ। ਇਸ ਫਿਲਮ ਦੀ ਰਿਲੀਜ਼ ਤੋਂ ਬਾਅਦ ਕੁਲਦੀਪ ਕੌਰ ਦੀ ਮੌਤ ਹੋ ਗਈ।

ਉਸ ਦੀ ਪਹਿਲੀ ਹਿੰਦੀ ਫਿਲਮ 'ਗ੍ਰਹਿਸਥੀ' (1948) ਸੀ। ਸਾਲ 1960 ਤੱਕ ਉਸ ਨੇ 75 ਤੋਂ ਉਪਰ ਹਿੰਦੀ ਫਿਲਮਾਂ ਵਿਚ ਕੰਮ ਕੀਤਾ। ਇਨ੍ਹਾਂ ਵਿਚ 'ਜ਼ਿੱਦੀ', 'ਮਾਂ ਕਾ ਦਿਲ', 'ਲਾਹੌਰ', 'ਮੀਨਾ ਬਾਜ਼ਾਰ', 'ਆਧੀ ਰਾਤ', 'ਛੋਟੀ ਭਾਬੀ', 'ਅਫਸਾਨਾ', 'ਘੁੰਗਰੂ', 'ਬੈਜੂ ਬਾਵਰਾ', 'ਅਨਾਰਕਲੀ', 'ਸੰਗਦਿਲ', 'ਦੁਨੀਆ ਗੋਲ ਹੈ', 'ਨੀਲਮਣੀ', 'ਸਨ ਆਫ ਸਿੰਦਬਾਦ', 'ਪਿਆਰ ਕੀ ਰਾਹੇਂ' ਅਹਿਮ ਹਨ। ਕੁਲਦੀਪ ਕੌਰ 1960 ਵਿਚ ਕਾਫੀ ਮੋਟੀ ਹੋ ਗਈ ਸੀ। ਇਸ ਸਾਲ ਉਸ ਦੀਆਂ 5 ਫਿਲਮਾਂ ਨੁਮਾਇਸ਼ ਹੋਈਆਂ। 'ਹਨੀਮੂਨ' ਉਸ ਦੀ ਆਖਰੀ ਹਿੰਦੀ ਫਿਲਮ ਸੀ।

ਅਖੀਰ ਟੈਟਨਸ ਦੀ ਬਿਮਾਰੀ ਦੀ ਜਕੜ ਵਿਚ ਆ ਕੇ ਉਹ 3 ਫਰਵਰੀ 1960 ਨੂੰ 35 ਸਾਲਾਂ ਦੀ ਜਵਾਨ ਉਮਰੇ ਚਲ ਵਸੀ। ਛੋਟੀ ਜਿਹੀ ਅਣਗਹਿਲੀ ਹੀ ਉਸ ਦੀ ਮੌਤ ਦਾ ਕਾਰਨ ਬਣ ਗਈ। ਉਹ ਸ਼ਿਰਡੀ (ਮਹਾਰਾਸ਼ਟਰ) ਵਿਖੇ ਗਈ ਸੀ। ਉਥੇ ਉਸ ਦੇ ਪੈਰ ਵਿਚ ਬੇਰੀ ਦਾ ਕੰਡਾ ਚੁਭ ਗਿਆ। ਉਸ ਨੇ ਸੁਭਾਵਿਕ ਹੀ ਇਸ ਨੂੰ ਖਿੱਚ ਕੇ ਬਾਹਰ ਕੱਢ ਦਿੱਤਾ ਪਰ ਤੁਰੰਤ ਕੋਈ ਡਾਕਟਰੀ ਸਹਾਇਤਾ ਨਾ ਲਈ। ਕੁਝ ਦਿਨ ਬਾਅਦ ਉਸ ਦੇ ਸਰੀਰ ਵਿਚ ਜ਼ਹਿਰ ਫੈਲ ਗਈ ਅਤੇ ਟੈਟਨਸ ਨੇ ਘੇਰਾ ਪਾ ਲਿਆ।

-ਮਨਦੀਪ ਸਿੰਘ ਸਿੱਧੂ




ਕੁਲਦੀਪ ਕੌਰ ਦੀ ਪਹਿਲੀ ਫਿਲਮ 'ਚਮਨ' ਦਾ ਪੋਸਟਰ।




ਕੁਲਦੀਪ ਕੌਰ ਦੀ ਹਿੰਦੀ ਫਿਲਮ 'ਗ੍ਰਹਿਸਥੀ' ਦਾ ਪੋਸਟਰ।




ਫਿਲਮ 'ਰਾਖੀ' ਵਿਚ ਪ੍ਰਾਣ ਅਤੇ ਕੁਲਦੀਪ ਕੌਰ।

# 'ਜੱਦੀ ਸਰਦਾਰ' ਮੇਰੀ ਜ਼ਿੰਦਗੀ ਦੀ ਅਹਿਮ ਫਿਲਮ ਹੈ-ਸਿੱਪੀ ਗਿੱਲ

ਆਪਣੇ ਗੀਤਾਂ ਨੂੰ ਲੈ ਕੇ ਚਰਚਾ 'ਚ ਰਹਿਣ ਵਾਲਾ ਗਾਇਕ ਤੇ ਗੀਤਕਾਰ ਸਿੱਪੀ ਗਿੱਲ ਪੰਜਾਬੀ ਮਨੋਰੰਜਨ ਜਗਤ ਵਿਚ ਇੱਕ ਖਾਸ ਮੁਕਾਮ ਰੱਖਦਾ ਹੈ। ਉਸ ਦੇ ਪ੍ਰਸ਼ੰਸਕਾ ਦੀ ਇੱਕ ਲੰਮੀ ਕਤਾਰ ਹੈ। ਪੰਜਾਬੀ ਗਾਇਕੀ ਦੇ ਨਾਲ ਨਾਲ ਹੁਣ ਉਹ ਪੰਜਾਬੀ ਫਿਲਮ ਇੰਡਸਟਰੀ 'ਚ ਵੀ ਸਰਗਰਮ ਹੈ। ਉਹ ਆਪਣੀ ਨਵੀਂ ਫਿਲਮ 'ਜੱਦੀ ਸਰਦਾਰ' ਲੈ ਕੇ ਆ ਰਿਹਾ ਹੈ, ਜਿਸ 'ਚ ਦਰਸ਼ਕ ਉਸ ਨੂੰ ਇੱਕ ਵੱਖਰੇ ਤੇ ਹਟਵੇਂ ਕਿਰਦਾਰ 'ਚ ਵੇਖਣਗੇ।

ਮੋਗਾ ਦੇ ਪਿੰਡ ਰੋਲੀ ਦੇ ਜੰਮਪਲ ਸਿੱਪੀ ਗਿੱਲ ਨੇ ਬਾਰਵੀਂ ਜਮਾਤ ਪਾਸ ਕਰਦਿਆਂ ਹੀ ਗਾਇਕੀ ਨੂੰ ਆਪਣਾ ਕੈਰੀਅਰ ਬਣਾ ਲਿਆ ਸੀ। ਗ੍ਰੈਜੂਏਸ਼ਨ ਪਿਛੋਂ ਉਹ ਪੱਕੇ ਪੈਰੀ ਇਸ ਖੇਤਰ ਨਾਲ ਜੁੜ ਗਿਆ। ਗਾਇਕੀ ਦੀ ਬਾਕਾਇਦਾ ਤਾਲੀਮ ਹਾਸਲ ਕਰਨ ਤੋਂ ਬਾਅਦ ਇਸ ਖੇਤਰ ਨਾਲ ਜੁੜੇ ਸਿੱਪੀ ਦਾ ਪਹਿਲਾ ਗੀਤ 'ਯਾਦ' ਸੀ, ਪਰ ਉਸ ਦੀ ਅਸਲ ਪਛਾਣ 2007 'ਚ ਬਣੀ। ਦਰਜਨ ਤੋਂ ਵੱਧ ਹਿੱਟ ਗੀਤਾਂ ਦਾ ਗਾਇਕ ਸਿੱਪੀ ਗਿੱਲ ਬੱਬੂ ਮਾਨ ਦੀ ਗਾਇਕੀ ਤੋਂ ਪ੍ਰਭਾਵਿਤ ਹੈ। ਉਸ ਦਾ ਗੀਤ 'ਕਬੂਤਰੀ' ਇਸ ਗੱਲ ਦੀ ਮਿਸਾਲ ਵੀ ਬਣਿਆ ਸੀ।

ਪੰਜਾਬੀ ਗਾਇਕੀ 'ਚ ਨਵੀਆਂ ਪੈੜਾਂ ਪਾ ਰਿਹਾ ਸਿੱਪੀ ਗਿੱਲ ਹੁਣ ਆਪਣੇ ਹਰ ਗੀਤ ਨਾਲ ਆਪਣੇ ਪ੍ਰਸ਼ੰਸਕਾ ਦੀ ਕਤਾਰ ਵੱਡੀ ਕਰਦਾ ਜਾ ਰਿਹਾ ਹੈ। ਉਹ ਸਾਲ 2013 ਵਿਚ ਪੰਜਾਬੀ ਫਿਲਮ 'ਜੱਟ ਬੁਆਇਜ਼ ਪੁੱਤ ਜੱਟਾਂ ਦੇ' ਨਾਲ ਬਤੌਰ ਹੀਰੋ ਪੰਜਾਬੀ ਸਿਨੇਮੇ ਨਾਲ ਜੁੜਿਆ ਅਤੇ ਫਿਲਮ 'ਟਾਈਗਰ' ਜ਼ਰੀਏ ਆਪਣੀ ਅਦਾਕਾਰੀ ਦਾ ਲੋਹਾ ਮੰਨਵਾਇਆ। ਉਸ ਦੀਆਂ ਦੋ ਫਿਲਮਾਂ 'ਰੰਗਰੂਟ' ਤੇ 'ਗਦਰੀ ਯੋਧੇ' ਹਾਲੇ ਤੱਕ ਰਿਲੀਜ਼ ਨਹੀਂ ਹੋਈਆਂ, ਪਰ ਫਿਲਮ 'ਗਦਰੀ ਯੋਧੇ' ਵਿਚ



ਦਰਸ਼ਕ ਛੇਤੀ ਹੀ ਉਸ ਨੂੰ ਪੱਗੜੀਧਾਰੀ ਸਰਦਾਰ ਦੇ ਰੂਪ 'ਚ ਵੇਖਣਗੇ।

ਫਿਲਮ 'ਜੱਦੀ ਸਰਦਾਰ' ਬਾਰੇ ਗੱਲ ਕਰਦਿਆਂ ਸਿੱਪੀ ਗਿੱਲ ਨੇ ਦੱਸਿਆ ਕਿ ਇਸ ਦੀ ਸ਼ੁਰੂਆਤ ਉਸ ਦੇ ਯਤਨਾਂ ਸਦਕਾ ਹੀ ਹੋ ਸਕੀ ਹੈ। 'ਸੋਫਟ ਦਿਲ ਪ੍ਰੋਡਕਸ਼ਨ' ਦੇ ਬੈਨਰ ਹੇਠ ਬਣੀ ਨਿਰਮਾਤਾ ਬਲਜੀਤ ਸਿੰਘ ਜੌਹਲ ਅਤੇ ਨਿਰਦੇਸ਼ਕ ਮਨਭਾਵਨ ਸਿੰਘ ਦੀ ਇਸ ਫਿਲਮ ਦੀ ਕਹਾਣੀ ਧੀਰਜ ਤੇ ਕਰਨ ਸੰਧੂ ਨੇ ਲਿਖੀ ਹੈ। ਉਸ ਨੇ ਇਸ ਫਿਲਮ ਦੀ ਕਹਾਣੀ ਕਈ ਸਾਲ ਪਹਿਲਾਂ ਸੁਣੀ ਸੀ। ਜਦੋਂ ਉਸ ਨੇ ਇਸ ਕਹਾਣੀ ਨੂੰ ਫਿਲਮ ਦੇ ਨਿਰਮਾਤਾ ਬਲਜੀਤ ਸਿੰਘ ਜੌਹਲ ਨਾਲ ਸਾਂਝਾ ਕੀਤਾ ਤਾਂ ਉਨ੍ਹਾਂ ਇਸ 'ਤੇ ਫਿਲਮ ਬਣਾਉਣ ਲਈ ਝੱਟ ਹਾਂ ਕਰ ਦਿੱਤੀ। ਫਿਲਮ 'ਚ ਪੰਜਾਬੀ ਗਾਇਕ ਦਿਲਪ੍ਰੀਤ ਢਿੱਲੋਂ, ਸਾਵਨ ਰੁਪਵਾਲੀ, ਹੌਬੀ ਧਾਲੀਵਾਲ, ਗੁੱਗੂ ਗਿੱਲ, ਯਾਦ ਗਰੇਵਾਲ, ਅਮਨ ਕੋਤਿਸ਼, ਸਤਵੰਤ ਕੌਰ, ਅਨੀਤਾ ਦੇਵਗਣ ਸਮੇਤ ਕਈ ਹੋਰ ਨਾਮੀ ਚਿਹਰਿਆਂ ਨੇ ਅਹਿਮ ਭੂਮਿਕਾ ਨਿਭਾਈ ਹੈ।

ਸਿੱਪੀ ਮੁਤਾਬਕ ਇਹ ਫਿਲਮ ਪੰਜਾਬ ਦੇ ਪੇਂਡੂ ਸੱਭਿਆਚਾਰ ਨਾਲ ਜੁੜੀ ਇੱਕ ਰੁਮਾਂਟਿਕ, ਐਕਸ਼ਨ ਤੇ ਪਰਿਵਾਰਕ ਡਰਾਮਾ ਫਿਲਮ ਹੈ, ਜੋ ਹਰ ਉਮਰ ਦੇ ਵਰਗ ਦੇ ਦਰਸ਼ਕਾਂ ਨੂੰ ਪਸੰਦ ਆਵੇਗੀ। ਇਹ ਫਿਲਮ ਰਿਸ਼ਤਿਆਂ ਅਤੇ ਇਸ ਵਿਚ ਪੈਂਦੀਆਂ ਦਰਾਰਾਂ ਨੂੰ ਵੀ ਬਿਆਨ ਕਰੇਗੀ। ਸਿੱਪੀ ਦਾ ਕਹਿਣਾ ਹੈ ਕਿ ਉਹ ਇਸ ਤਰ੍ਹਾਂ ਦੇ ਵਿਸ਼ਿਆਂ ਵਾਲੀਆਂ ਫਿਲਮਾਂ ਲਈ ਹਮੇਸ਼ਾ ਤਿਆਰ ਹੈ। ਉਹ ਐਕਸ਼ਨ ਫਿਲਮਾਂ ਦਾ ਸ਼ੌਕੀਨ ਹੈ ਅਤੇ ਦਰਸ਼ਕ ਉਸ ਨੂੰ ਭਵਿੱਖ ਵਿਚ ਐਕਸ਼ਨ ਫਿਲਮਾਂ 'ਚ ਹੀ ਦੇਖਣਗੇ।

-ਸਾਕਾ ਨੰਗਲ
ਫੋਨ: 91-70094-76970

# Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

**One of the Fastest Growing City in America and Best School System...**



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

**Manjit Singh Nagra**
*Realtor/Broker*
**Cell: 317-750-1900**
6979 Hillsdale Court
Indianapolis, Indiana 46250

**Gurdeep (Garry) Chhokar**
Realtor/Broker
**Cell: 317-500-1247**

Star Alliance BROKERAGE



**We do all type of Home and Commercial Loan. Same day loan approval...**

---


# US Business Brokers Inc.

## American Financing Group LLC

101 W 22nd St, Suite 111, Lombard, IL 60148
23280 Pacific Highway South, Suite 307, Kent, WA 98032

ਬਿਜਨਸ ਵੇਚਣ ਤੇ ਖਰੀਦਣ ਅਤੇ ਫਾਇਨਾਂਸ ਕਰਵਾਉਣ ਲਈ ਸੰਪਰਕ ਕਰੋ









## Financing - Loans

- We do all kinds of SBA & Conventional loans.
- We are specialized in Gas Stations, Liquor Stores, Hotels, Convenience Stores, Motels, Apartment Buildings, Strip Plazas, Commercial Buildings, Food Franchise.
- Purchase/Refinance
- Lowest Rates (With or Without Real Estate)
- Best Possible Mortgage Solutions For You...

AMERICAN AFG FINANCING GROUP LLC

**Contact us for any Financing Need Nationwide.**

- FAST APPROVAL • QUICK CLOSINGS • SBA 504 & 7A
- CONVENTIONAL LOANS • HOTELS, MOTELS
- GAS STATIONS, TRUCK STOPS • INDUSTRIAL CLIENT
- SUBWAY, DUNKIN DONUTS
- LIQUOR STORES, C-STORES, CAR WASH

*Contact us Buy or Sell business*

**AJ Sandhu (MBA)**
*Managing Broker/Realtor/Consultant*
*Licensed in IL, IN, WA*

**916-995-0783 (Cell)**
**425-529-6283 (Cell)**

*630-206-2467 (Fax)*
www.ubbchicago.com aj@ubbchicago.com